Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

CA DRE# 00966763

Moving to Indiana?
Contact Ray Dhaliwal @ 317-993-4987

Ray Dhaliwal
Real Estate Broker
for Free Consultation!!!
Listing and Selling Homes
in Indianapolis Area.
Good relations with all the well reputed
leading Builders in the Area.
CENTURY 21 SCHEETZ
RAYD@C21Scheetz.com

COVERED CALIFORNIA
Certified Insurance Agent
Global Green
INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Second Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 01, January 2, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਛੱਬੀ ਜਨਵਰੀ ਨੇ ਮੋਦੀ ਨੂੰ 'ਵਖਤ' ਪਾਇਆ

## ਕਿਸਾਨ ਜਥੇਬੰਦੀਆਂ ਦੀ ਰਣਨੀਤੀ ਨੇ ਸਰਕਾਰ ਨੂੰ ਤ੍ਰੇਲੀਆਂ ਲਿਆਂਦੀਆਂ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਛਿੜਿਆ ਕਿਸਾਨੀ ਸੰਘਰਸ਼ ਨਿਰਣਾਇਕ ਮੋੜ ਵੱਲ ਤੁਰ ਪਿਆ ਜਾਪਦਾ ਹੈ। ਕਿਸਾਨ ਜਥੇਬੰਦੀਆਂ ਦੀ ਰਣਨੀਤੀ ਅੱਗੇ ਕੇਂਦਰ ਸਰਕਾਰ ਦਾ ਹਰ ਦਾਅ ਪੁੱਠਾ ਪੈ ਰਿਹਾ ਹੈ। ਜਥੇਬੰਦੀਆਂ ਦੀ ਰਣਨੀਤੀ ਹੁਣ 26 ਜਨਵਰੀ ਦੇ ਗਣਤੰਤਰ ਦਿਵਸ ਦੁਆਲੇ ਘੁੰਮਣ ਲੱਗੀ ਹੈ, ਜਿਸ ਪਿੱਛੋਂ ਸਰਕਾਰ ਨੂੰ ਵੀ ਹੱਥਾਂ-ਪੈਰਾਂ ਦੀ ਪੈ ਗਈ ਹੈ। ਭਾਵੇਂ ਕਿਸਾਨ ਜਥੇਬੰਦੀਆਂ ਨੇ '26' ਦੀ ਰਣਨੀਤੀ ਬਾਰੇ ਖੁੱਲ੍ਹ ਕੇ ਐਲਾਨ ਨਹੀਂ ਕੀਤਾ ਪਰ ਇਹ ਜ਼ਰੂਰ ਆਖ ਦਿੱਤਾ ਹੈ ਕਿ ਕਿਸਾਨ ਇਕ ਲੱਖ ਟਰੈਕਟਰਾਂ ਅੱਗੇ ਤਿਰੰਗੇ ਬੰਨ੍ਹ ਕੇ ਗਣਤੰਤਰ ਦਿਵਸ ਦੀ ਪਰੇਡ ਵਿਚ ਪਹੁੰਚਣਗੇ।

ਸਰਕਾਰ ਤੱਕ ਵੀ ਇਸ ਰਣਨੀਤੀ ਦੀ ਸੂਹ ਪੁੱਜੀ ਹੈ ਜਿਸ ਪਿੱਛੋਂ ਇਹ ਤੈਅ ਹੈ ਕਿ 26 ਜਨਵਰੀ ਨੂੰ ਪਹਿਲਾਂ ਮਸਲੇ ਦਾ ਹੱਲ ਕਰਨ ਦੇ ਸਿਵਾਏ ਸਰਕਾਰ ਕੋਲ ਹੋਰ ਕੋਈ ਚਾਰਾ ਨਹੀਂ, ਕਿਉਂਕਿ ਇਸ ਸਮਾਗਮ ਵਿਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਸਮੇਤ ਵੱਡੀ ਗਿਣਤੀ ਦੇਸ਼ਾਂ ਤੋਂ ਮਹਿਮਾਨ ਪੁੱਜ ਰਹੇ ਹਨ। ਸਰਕਾਰ ਹੁਣ ਤੱਕ ਇਹੀ ਦਾਅਵਾ ਕਰ ਰਹੀ ਹੈ ਕਿ ਇਹ ਅੰਦੋਲਨ ਕੁਝ ਮੁੱਠੀ ਭਰ ਸ਼ਰਾਰਤੀ ਲੋਕਾਂ ਦਾ ਹੈ ਪਰ ਕੇਂਦਰ ਨੂੰ ਪੋਲ ਖੁੱਲ੍ਹਣ ਦਾ ਡਰ ਹੈ। ਦੱਸ ਦਈਏ ਕਿ ਸਰਕਾਰ ਨੇ ਹੁਣ ਤੱਕ ਇਸ ਸੰਘਰਸ਼ ਨੂੰ ਖਦੇੜਨ ਲਈ ਹਰ ਹੀਲਾ ਵਰਤਿਆ ਹੈ। ਕਾਨੂੰਨਾਂ ਦੇ ਹੱਕ ਵਿਚ ਖੁੱਲ੍ਹ ਕੇ ਪ੍ਰਚਾਰ ਵੀ ਕੀਤਾ ਹੈ ਪਰ ਕਿਸਾਨਾਂ ਦੀ ਰਣਨੀਤੀ ਅੱਗੇ ਸਰਕਾਰ ਦਾ ਕੋਈ ਵੀ ਦਾਅ ਫਿੱਟ ਨਹੀਂ ਬੈਠਿਆ।

ਇਸੇ ਹਫਤੇ ਕਿਸਾਨਾਂ ਨੂੰ ਸੰਤੁਸ਼ਟ ਰੱਖਣ ਲਈ ਉਨ੍ਹਾਂ ਦੇ ਖਾਤਿਆਂ ਵਿਚ ਸਿੱਧੇ ਪੈਸੇ ਪਹੁੰਚਾਉਣ ਤੋਂ ਲੈ ਕੇ ਮੁਫਤ ਅਨਾਜ ਵੰਡਣ ਤੱਕ ਦੀਆਂ ਜੁਗਤਾਂ ਕੰਮ ਨਹੀਂ ਆ ਰਹੀਆਂ। ਕਿਸਾਨਾਂ ਦੇ ਸਬਰ ਤੇ ਜ਼ਾਬਤੇ ਕਾਰਨ ਸਰਕਾਰ ਦਾ ਸੁਪਰੀਮ ਕੋਰਟ ਰਾਹੀਂ ਹੱਲ ਵਾਲਾ ਫਾਰਮੂਲਾ ਵੀ ਕੰਮ ਨਾ ਆਇਆ ਤੇ ਅਦਾਲਤ ਨੂੰ ਆਖਣਾ ਪਿਆ ਕਿ ਸ਼ਾਂਤਮਈ ਅੰਦੋਲਨ ਜਥੇਬੰਦੀਆਂ ਦਾ ਹੱਕ ਹੈ। ਪ੍ਰਧਾਨ ਮੰਤਰੀ ਦੀ ਤਾਜ਼ਾ 'ਮਨ ਕੀ ਬਾਤ' ਪ੍ਰੋਗਰਾਮ ਵਿਚ ਕਿਸਾਨ ਸੰਘਰਸ਼ ਦਾ ਜ਼ਿਕਰ ਨਾ ਕਰਨਾ ਵੀ ਇਹੀ ਇਸ਼ਾਰਾ ਕਰਦਾ ਹੈ ਕਿ ਸਰਕਾਰ ਹੁਣ ਕਾਨੂੰਨਾਂ ਬਾਰੇ ਲੋਕਾਂ ਨੂੰ 'ਜਾਗਰੂਕ' ਕਰਨ ਵਾਲੀ

(ਬਾਕੀ ਸਫਾ 6 ਉਤੇ)



### ਸਰਕਾਰ ਦੀ ਜ਼ਮੀਨ ਬਾਰੇ ਰਣਨੀਤੀ

ਨਰਿੰਦਰ ਮੋਦੀ ਦੀ ਸਰਕਾਰ ਖਿਲਾਫ ਪਹਿਲਾ ਕਿਸਾਨ ਅੰਦੋਲਨ ਉਦੋਂ ਹੋਇਆ ਸੀ ਜਦੋਂ 2014 ਵਿਚ ਸੱਤਾ ਵਿਚ ਆਉਣ ਤੋਂ ਤੁਰਤ ਬਾਅਦ ਉਨ੍ਹਾਂ ਨੇ ਆਰਡੀਨੈਂਸ ਲਿਆ ਕੇ ਕਾਰਪੋਰੇਟਰਾਂ ਦੀ ਵਰਤੋਂ ਲਈ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਐਕਵਾਇਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀ ਸੀ। ਇਸ ਦਾ ਜ਼ਬਰਦਸਤ ਵਿਰੋਧ ਹੋਇਆ ਸੀ ਅਤੇ ਮੋਦੀ ਨੂੰ ਇਕ ਤੋਂ ਬਾਅਦ ਇਕ ਤਿੰਨ ਆਰਡੀਨੈਂਸ ਲਿਆਉਣ ਤੋਂ ਬਾਅਦ ਗੱਲ ਠੰਢੇ ਬਸਤੇ ਵਿਚ ਪਾਉਣੀ ਪਈ ਸੀ। ਉਸ ਸਮੇਂ ਅਜਿਹਾ ਲੱਗ ਰਿਹਾ ਸੀ ਕਿ ਜਿਵੇਂ ਉਹ ਕਿਸਾਨਾਂ ਦੇ ਅੱਗੇ ਝੁਕ ਗਏ ਹਨ, ਪਰ ਅੱਜ ਜਾਪਦਾ ਹੈ ਕਿ ਜੇਕਰ ਉਸ ਸਮੇਂ ਉਨ੍ਹਾਂ ਕੋਲ ਸੰਸਦ ਦੇ ਦੋਵਾਂ ਸਦਨਾਂ ਵਿਚ ਆਰਡੀਨੈਂਸ ਨੂੰ ਕਾਨੂੰਨ ਬਣਾਉਣ ਯੋਗ ਬਹੁਮਤ ਹੁੰਦਾ ਤਾਂ ਉਹ ਕਦਮ ਵਾਪਸ ਨਾ ਖਿੱਚਦੇ ਅਤੇ ਜ਼ਮੀਨ ਐਕਵਾਇਰ ਐਕਟ ਉਦੋਂ ਹੀ ਪਾਸ ਹੋ ਜਾਂਦਾ। ਇਸ ਵਾਰ ਉਨ੍ਹਾਂ ਕੋਲ ਆਰਡੀਨੈਂਸ ਨੂੰ ਐਕਟ ਵਿਚ ਬਦਲਣ ਦੀ ਸੰਸਦੀ ਸਮਰੱਥਾ ਸੀ, ਇਸ ਲਈ ਉਨ੍ਹਾਂ ਨੇ ਇਕ ਨਹੀਂ ਸਗੋਂ ਤਿੰਨ ਕਾਨੂੰਨ ਬਣਾ ਦਿੱਤੇ ਹਨ।

# ਭਾਰਤੀ ਸਿਆਸਤ ਵਿਚ ਨਵੀਂ ਸਫਬੰਦੀ ਸ਼ੁਰੂ

**ਚੰਡੀਗੜ੍ਹ:** ਕਿਸਾਨ ਅੰਦੋਲਨ ਅਤੇ ਭਾਜਪਾ ਵੱਲੋਂ ਪੈਦਾ ਕੀਤੇ ਸਿਆਸੀ ਹਾਲਾਤ ਪਿੱਛੋਂ ਭਾਰਤ ਦੀ ਰਾਜਨੀਤੀ ਵਿਚ ਨਵੀਂ ਸਫਬੰਦੀ ਸ਼ੁਰੂ ਹੋ ਗਈ ਹੈ। ਭਾਰਤ ਦੀ ਤਕਰੀਬਨ ਹਰ ਸਿਆਸੀ ਧਿਰ ਹੁਣ ਭਾਜਪਾ ਦਾ ਤੋੜ ਲੱਭਣ ਲਈ ਹਰ ਹੀਲਾ ਵਰਤਣ ਲਈ ਤਿਆਰ ਬਰ ਤਿਆਰ ਜਾਪਣਾ ਲੱਗੀ ਹੈ।

ਇਸ ਵਿਚਾਲੇ ਸਭ ਤੋਂ ਵੱਧ ਚਰਚਾ ਸਿਆਸੀ ਧਿਰਾਂ ਵੱਲੋਂ ਕੌਮੀ ਜਮਹੂਰੀ ਗੱਠਜੋੜ (ਯੂ.ਪੀ.ਏ) ਦੀ ਓਟ ਲੈਣ ਦੀ ਹੋ ਰਹੀ ਹੈ। ਇਥੋਂ ਤੱਕ ਕਿ ਅਕਾਲੀ ਦਲ ਬਾਦਲ ਵੀ ਇਸ ਦੀ ਸੰਭਾਵਨਾ ਦੀ ਗੱਲ ਕਰਨ ਲੱਗਾ ਹੈ। ਸ਼ਿਵ ਸੈਨਾ ਨੇ ਸਾਰੀਆਂ ਭਾਜਪਾ ਵਿਰੋਧੀ ਧਿਰਾਂ ਨੂੰ ਹੁਣ ਯੂ.ਪੀ.ਏ. ਗੱਠਜੋੜ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ। ਸ਼ਿਵ ਸੈਨਾ ਦਾ ਤਰਕ ਹੈ ਕਿ ਕਾਂਗਰਸ ਦੀ ਅਗਵਾਈ ਵਾਲੇ ਮੌਜੂਦਾ ਯੂ.ਪੀ.ਏ. ਦੀ ਹਾਲਤ ਕਿਸੇ ਐਨ.ਜੀ.ਓ. (ਗੈਰ ਸਰਕਾਰੀ ਸੰਗਠਨ) ਵਰਗੀ ਹੋ ਗਈ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੇਸ਼ ਵਿਚ ਤਾਨਾਸ਼ਾਹੀ ਰੁਝਾਨਾਂ ਖਿਲਾਫ ਦੇਸ਼ ਵਿਆਪਕੀ ਇਕਜੁਟ ਲਹਿਰ ਚਲਾਉਣ ਦਾ ਸੱਦਾ ਦਿੱਤਾ ਅਤੇ ਆਖਿਆ ਕਿ ਦੇਸ਼ ਵਿਚ ਅਸਲ ਸੰਘੀ ਢਾਂਚਾ ਸਥਾਪਤ ਕਰਨ ਲਈ ਅਜਿਹੀ ਮੁਹਿੰਮ ਜ਼ਰੂਰੀ ਹੈ। ਅਕਾਲੀ ਦਲ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਚੇਅਰਪਰਸਨ ਮਮਤਾ ਬੈਨਰਜੀ ਨਾਲ ਵੀ ਇਕਜੁੱਟਤਾ ਪ੍ਰਗਟਾਈ ਹੈ। ਅਸਲ ਵਿਚ, ਇਸ ਸਮੇਂ ਸਭ ਤੋਂ ਵੱਧ ਖਤਰਾ ਭਾਜਪਾ ਦੀਆਂ ਭਾਈਵਾਲ ਸਿਆਸੀ ਧਿਰਾਂ ਮਹਿਸੂਸ ਕਰ ਰਹੀ ਹੈ। ਭਾਜਪਾ ਇਕ-ਇਕ ਕਰਕੇ ਆਪਣੇ ਭਾਈਵਾਲਾਂ ਦੀ ਸਿਆਸੀ ਹੋਂਦ ਖਤਮ ਕਰਨ ਵਿਚ ਜੁਟੀ ਹੋਈ ਹੈ।

ਦੇਸ਼ ਵਿਚ 1996 ਦੀਆਂ ਲੋਕ ਸਭਾ ਚੋਣਾਂ ਸਮੇਂ ਵਿਚਾਰਧਾਰਕ ਵਖਰੇਵਿਆਂ ਕਾਰਨ ਕੋਈ ਵੀ ਸਿਆਸੀ ਧਿਰ ਭਾਰਤੀ ਜਨਤਾ ਪਾਰਟੀ ਨਾਲ ਸਹਿਯੋਗ ਕਰਨ ਲਈ ਤਿਆਰ ਨਹੀਂ ਸੀ। ਸ਼੍ਰੋਮਣੀ ਅਕਾਲੀ ਦਲ ਪਹਿਲੀ ਸਿਆਸੀ ਪਾਰਟੀ ਸੀ ਜਿਸ ਨੇ ਤਤਕਾਲੀ ਭਾਜਪਾ ਸਰਕਾਰ ਦੀ ਬਿਨਾਂ ਸ਼ਰਤ ਹਮਾਇਤ ਕਰਨ ਦਾ ਐਲਾਨ ਕੀਤਾ ਸੀ। ਲਗਭਗ ਇਕੋ ਜਿਹੀ ਵਿਚਾਰਧਾਰਾ ਵਾਲੀ ਸ਼ਿਵ ਸੈਨਾ ਦੂਸਰੀ ਖੇਤਰੀ ਪਾਰਟੀ ਸੀ ਜਿਸ ਨੇ ਭਾਜਪਾ ਨਾਲ ਸਾਂਝ ਪਾਈ। ਇਸ ਤੋਂ ਪਿੱਛੋਂ ਬਹੁਤ ਸਾਰੀਆਂ ਧਰਮ ਨਿਰਪੱਖ ਕਹਾਉਣ ਵਾਲੀਆਂ ਪਾਰਟੀਆਂ ਗੱਠਜੋੜ ਦਾ ਹਿੱਸਾ ਬਣ ਲੱਗੀਆਂ। ਕੌਮੀ ਜਮਹੂਰੀ ਗੱਠਜੋੜ ਵਿਚ ਜਨਤਾ ਦਲ, ਨੈਸ਼ਨਲ ਕਾਨਫਰੰਸ, ਪੀ.ਡੀ.ਪੀ. ਸਮੇਤ ਹੋਰ ਅਨੇਕ ਪਾਰਟੀਆਂ ਨੇ ਸਮੇਂ ਸਮੇਂ 'ਤੇ ਸਾਂਝ ਪਾਈ। ਜਿਵੇਂ ਹੀ ਭਾਜਪਾ ਦੀ ਸਿਆਸੀ ਤਾਕਤ ਵਧਦੀ ਗਈ ਤਾਂ ਗੱਠਜੋੜ ਦੀਆਂ ਕਈ ਭਾਈਵਾਲ ਪਾਰਟੀਆਂ ਅਸਹਿਜ ਮਹਿਸੂਸ ਕਰਨ ਲੱਗੀਆਂ ਹਨ। ਅਰੁਣਾਚਲ ਪ੍ਰਦੇਸ਼ ਅੰਦਰ ਜਨਤਾ ਦਲ (ਯੂਨਾਈਟਡ) ਦੇ ਸੱਤ ਵਿਚੋਂ ਛੇ ਵਿਧਾਇਕਾਂ ਨੂੰ ਦਲ-ਬਦਲੀ ਕਰਵਾ ਕੇ ਭਾਜਪਾ ਵਿਚ ਸ਼ਾਮਲ ਕਰਵਾ ਲੈਣ ਨਾਲ ਦੋਵਾਂ ਸਹਿਯੋਗੀਆਂ ਦੇ ਸਬੰਧਾਂ ਵਿਚ ਤਰੇੜਾਂ ਦਿਖਾਈ ਦੇਣ ਲੱਗੀਆਂ ਹਨ। ਅਜਿਹੀਆਂ ਰਣਨੀਤੀਆਂ ਨੇ ਬਿਹਾਰ ਵਿਚ ਭਾਜਪਾ ਦੀ ਭਾਈਵਾਲੀ ਵਾਲੀ ਜਨਤਾ ਦਲ (ਯੂ) ਸਰਕਾਰ ਦਾ ਵੀ ਫਿਕਰ ਵਧਾ ਦਿੱਤਾ ਹੈ ਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਵਿਰੋਧੀ ਧਿਰਾਂ ਨਾਲ ਹੁਣ ਤੋਂ ਸੰਪਰਕ ਰੱਖਣ ਦੀ ਸਲਾਹ ਮਿਲ ਗਈ ਹੈ।

Harmit Toor
Your Realtor® For Life!

Broker Associate
BRE Lic.# 01462579
NMLS ID 358820
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

**ਸਫਰ ਜਾਰੀ ਹੈ...22ਵੇਂ ਸਾਲ 'ਚ (ਪਹਿਲੀ ਜਨਵਰੀ 2000-2021)**

# ਅਦਾਰਾ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ, ਸਮੂਹ ਸਟਾਫ, ਕਾਲਮਨਵੀਸਾਂ ਤੇ ਸ਼ੁਭ ਚਿੰਤਕਾਂ ਵਲੋਂ

## ਆਪਣੇ ਹੱਕ-ਹਕੂਕਾਂ ਲਈ ਅਤੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਬੇਬਾਕੀ ਨਾਲ ਸੰਘਰਸ਼ ਕਰ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਿਆਂ ਸਮੂਹ ਭਾਈਚਾਰੇ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਸਾਲ 2021 ਮੁਬਾਰਕ

## ਸ਼ਾਲਾ ! ਨਵਾਂ ਸਾਲ ਸਭ ਲਈ ਖੁਸ਼ੀਆਂ ਖੇੜਿਆਂ ਭਰਿਆ ਆਵੇ ਅਤੇ ਰੱਬ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇ।

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ*

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

**Published simultaneously from Chicago, California & New York.**

Ph: 847-359-0746

*e-mail: punjabtimes1@sbcglobal.net, website: www.punjabtimesusa.com*

# ਕਿਸਾਨਾਂ ਨੇ ਥਾਲੀਆਂ ਖੜਕਾ ਕੇ ਕੀਤਾ 'ਮਨ ਕੀ ਬਾਤ' ਦਾ ਵਿਰੋਧ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਰਾਜ ਮਾਰਗਾਂ 'ਤੇ ਕਿਸਾਨਾਂ ਵੱਲੋਂ ਤਿੰਨਾਂ ਖੇਤੀਬਾੜੀ ਕਾਨੂੰਨਾਂ ਖਿਲਾਫ ਦਿੱਤੇ ਜਾ ਰਹੇ ਧਰਨਿਆਂ ਦੌਰਾਨ ਹਜ਼ਾਰਾਂ ਕਿਸਾਨਾਂ, ਨੌਜਵਾਨਾਂ ਤੇ ਮਜ਼ਦੂਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਕਾਸ਼ਵਾਣੀ ਤੋਂ ਪ੍ਰਸਾਰਿਤ ਹੁੰਦੇ ਮਹੀਨਾਵਾਰ ਪ੍ਰੋਗਰਾਮ 'ਮਨ ਕੀ ਬਾਤ' ਦਾ ਥਾਲੀਆਂ ਖੜਕਾ ਕੇ ਵਿਰੋਧ ਕੀਤਾ।

ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਵੀ ਉਕਤ ਪ੍ਰੋਗਰਾਮ ਦਾ ਥਾਲੀਆਂ, ਪੀਪੇ, ਡਰੰਮ ਦੇ ਵੱਡੇ ਢੱਕਣ ਖੜਕਾ ਕੇ ਤਿੰਨਾਂ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਗਿਆ ਹੈ। ਸਿੰਘੂ, ਟਿਕਰੀ, ਗਾਜ਼ੀਪੁਰ ਤੇ ਪਲਵਲ ਦੇ ਧਰਨਿਆਂ 'ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤੇ ਐਲਾਨ ਮੁਤਾਬਕ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਰਮਪਿਤ ਧਾਰਮਿਕ ਸਮਾਗਮ ਕਰਵਾਏ ਗਏ। ਇਸ ਮੌਕੇ ਦੋ ਮਿੰਟ ਦਾ ਮੌਨ ਧਾਰ ਕੇ ਨਿੱਕੀਆਂ ਜਿੰਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਿੰਘੂ ਧਰਨੇ 'ਤੇ ਦੋ ਦਿਨ 27 ਤੇ 28 ਦਸੰਬਰ ਨੂੰ ਭੁੱਖ ਹੜਤਾਲ ਮੁਲਤਵੀ ਕੀਤੀ ਗਈ ਤੇ ਸਿਰਫ ਧਾਰਮਿਕ ਸਮਾਗਮ ਕਰਨ ਦਾ ਫੈਸਲਾ ਕੀਤਾ ਗਿਆ। ਗਾਜ਼ੀਪੁਰ, ਟਿਕਰੀ ਤੇ ਪਲਵਲ 'ਚ ਲੜੀਵਾਰ ਭੁੱਖ ਹੜਤਾਲ ਜਾਰੀ ਰਹੀ।



ਪ੍ਰਧਾਨ ਮੰਤਰੀ ਦਾ 'ਮਨ ਕੀ ਬਾਤ' ਪ੍ਰੋਗਰਾਮ ਜਿਵੇਂ ਹੀ ਸ਼ੁਰੂ ਹੋਇਆ ਤਾਂ ਸਿੰਘੂ 'ਚ ਕਿਸਾਨਾਂ ਨੇ ਕੇ.ਐਫ.ਸੀ. ਤੋਂ ਪਿੱਛੇ ਕੌਮੀ ਮਾਰਗ-1 'ਤੇ ਥਾਲੀਆਂ ਖੜਕਾ ਕੇ ਉਸੇ ਤਰਜ਼ 'ਤੇ ਖੇਤੀ ਬਿੱਲਾਂ ਦਾ ਵਿਰੋਧ ਕੀਤਾ ਜਿਵੇਂ ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਕਰੋਨਾ ਯੋਧਿਆਂ ਲਈ ਥਾਲੀਆਂ ਖੜਕਾਉਣ ਦਾ ਸੱਦਾ ਦਿੱਤਾ ਸੀ। ਆਲ ਇੰਡੀਆ ਸੰਘਰਸ਼ ਤਾਲਮੇਲ ਕਮੇਟੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਦੀ ਨਿੰਦਾ ਕੀਤੀ ਗਈ ਹੈ।

ਕਿਸਾਨ ਆਗੂ ਸਤਨਾਮ ਸਿੰਘ ਸਾਹਨੀ ਨੇ ਦੱਸਿਆ ਕਿ ਮੋਰਚੇ ਵੱਲੋਂ ਦਿੱਤੇ ਸੱਦੇ ਮੁਤਾਬਕ ਹਰ ਧਰਨੇ ਉਪਰ ਥਾਲੀਆਂ ਖੜਕਾਈਆਂ ਗਈਆਂ ਹਨ। ਟਿਕਰੀ ਤੇ ਗਾਜ਼ੀਪੁਰ, ਪਲਵਲ, ਸ਼ਾਹਜਹਾਂਪੁਰ ਧਰਨਿਆਂ 'ਤੇ ਰੋਸ ਵਜੋਂ ਥਾਲੀਆਂ ਖੜਕਾਈਆਂ ਗਈਆਂ। ਸ੍ਰੀ ਸਾਹਨੀ ਨੇ ਕਿਹਾ ਕਿ ਕੇਂਦਰ ਸਰਕਾਰ ਇਕ ਲੱਖ ਕਰੋੜ ਰੁਪਏ ਪਿੰਡਾਂ ਵਿਚ ਕਾਰਪੋਰੇਟ ਤੇ ਵਿਦੇਸ਼ੀ ਕੰਪਨੀਆਂ ਦੇ ਨਿਵੇਸ਼ 'ਤੇ ਖਰਚ ਕਰਨ ਜਾ ਰਹੀ ਹੈ। ਇਹ ਖੁਦ ਹੀ ਬਰਬਾਦੀ ਦਾ ਰਾਹ ਹੈ ਨਾ ਕਿ 'ਆਤਮਨਿਰਭਰਤਾ' ਦਾ।

## ਕਿਸਾਨਾਂ ਪ੍ਰਤੀ ਮੋਦੀ ਹਕੂਮਤ ਬੇਰਹਿਮ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕੜਾਕੇ ਦੀ ਠੰਢ ਵਿਚ ਸ਼ਾਂਤੀਪੂਰਵਕ ਰੋਸ ਪ੍ਰਗਟਾ ਰਹੇ ਕਿਸਾਨਾਂ ਪ੍ਰਤੀ ਢਿੱਲਮੱਠ ਤੇ ਬੇਰਹਿਮੀ ਵਾਲਾ ਰਵੱਈਆ ਅਪਣਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਸਰਕਾਰ ਪਿਛਲੇ ਸੰਸਦੀ ਇਜਲਾਸ ਵਿਚ ਜਬਰੀ ਪਾਸ ਕਰਵਾਏ ਗਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਆਵਾਜ਼ ਚੁੱਕਣ 'ਤੇ ਕਿਸਾਨਾਂ ਨੂੰ ਸਜ਼ਾ ਦੇਣਾ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਕੇਂਦਰ ਨੇ ਅਜਿਹੀ ਨੀਤੀ ਅਪਣਾਈ ਹੋਈ ਹੈ ਜਿਸ ਨਾਲ ਕਿਸਾਨ ਥੱਕ ਜਾਣ। ਗੱਲਬਾਤ ਦਾ ਸ਼ਗੂਫਾ ਛੱਡਣ ਦਾ ਮਕਸਦ ਸਿਰਫ ਕਿਸਾਨਾਂ ਨੂੰ ਬਦਨਾਮ ਕਰਨਾ ਅਤੇ ਇਹ ਪ੍ਰਭਾਵ ਦੇਣਾ ਹੈ ਕਿ ਉਹ ਅੜੀਅਲ ਹਨ।

# ਦੋ ਕਰੋੜ ਕਿਸਾਨਾਂ ਦੇ ਦਸਤਖਤਾਂ ਵਾਲਾ ਪੱਤਰ ਰਾਸ਼ਟਰਪਤੀ ਨੂੰ ਸੌਂਪਿਆ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਸਰਕਾਰ 'ਤੇ ਹਮਲੇ ਤੇਜ ਕਰਦਿਆਂ ਕਾਂਗਰਸ ਨੇ ਪਾਰਟੀ ਹੈੱਡਕੁਆਰਟਰ ਦੇ ਬਾਹਰ ਜੋਰਦਾਰ ਮੁਜਾਹਰਾ ਕੀਤਾ। ਰਾਸ਼ਟਰਪਤੀ ਭਵਨ ਵੱਲ ਮਾਰਚ ਕੱਢਣ ਤੋਂ ਰੋਕੇ ਜਾਣ 'ਤੇ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਪਾਰਟੀ ਦੇ ਸੰਸਦ ਮੈਂਬਰ ਦਫਤਰ ਦੇ ਬਾਹਰ ਧਰਨੇ 'ਤੇ ਬੈਠ ਗਏ ਜਿਨ੍ਹਾਂ ਨੂੰ ਪੁਲਿਸ ਨੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਹਿਰਾਸਤ 'ਚ ਲੈ ਲਿਆ।

ਕਾਂਗਰਸ ਨੇ ਪਾਰਟੀ ਦਫਤਰ ਅਕਬਰ ਰੋਡ ਤੋਂ ਰਾਸ਼ਟਰਪਤੀ ਭਵਨ ਤੱਕ ਰੋਸ ਮਾਰਚ ਕੱਢਣ ਦੀ ਯੋਜਨਾ ਬਣਾਈ ਸੀ ਜਿਥੇ ਕਾਂਗਰਸ ਆਗੂਆਂ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨਾਲ ਮੁਲਾਕਾਤ ਕਰਕੇ ਦੋ ਕਰੋੜ ਕਿਸਾਨਾਂ ਦੇ ਦਸਤਖਤਾਂ ਵਾਲਾ ਮੰਗ ਪੱਤਰ ਸੌਂਪਣਾ ਸੀ। ਦਿੱਲੀ ਪੁਲਿਸ ਨੇ ਕਾਂਗਰਸ ਦਫਤਰ ਸਮੇਤ ਰਾਸ਼ਟਰਪਤੀ ਭਵਨ ਦੇ ਆਲੇ-ਦੁਆਲੇ ਧਾਰਾ 144 ਲਾਈ ਹੋਈ ਸੀ ਜਿਸ ਕਾਰਨ ਵਿਰੋਧ ਕਰ ਰਹੇ ਕਾਂਗਰਸ ਆਗੂਆਂ ਨੂੰ ਹਿਰਾਸਤ 'ਚ ਲੈ ਕੇ ਮੰਦਿਰ ਮਾਰਗ ਪੁਲਿਸ ਸਟੇਸ਼ਨ ਲਿਜਾਇਆ ਗਿਆ।

ਇਸ ਦੌਰਾਨ ਰਾਹੁਲ ਗਾਂਧੀ, ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਗੁਲਾਮ ਨਬੀ ਆਜਾਦ ਅਤੇ ਲੋਕ ਸਭਾ 'ਚ ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਕੇ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਕੀਤੀ।

ਬਾਅਦ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਕਿਹਾ, "ਅਸੀਂ ਰਾਸ਼ਟਰਪਤੀ ਨੂੰ ਦੱਸਿਆ ਕਿ ਕਾਨੂੰਨ ਕਿਸਾਨ ਵਿਰੋਧੀ ਹਨ ਅਤੇ ਇਨ੍ਹਾਂ ਨਾਲ ਕਿਸਾਨਾਂ ਤੇ ਕਿਰਤੀਆਂ ਨੂੰ ਨੁਕਸਾਨ ਸਹਿਣਾ ਪਵੇਗਾ। ਸਰਕਾਰ ਆਖ ਰਹੀ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਹੱਕ 'ਚ ਹਨ ਪਰ ਮੁਲਕ ਦੇਖ ਰਿਹਾ ਹੈ ਕਿ ਕਿਸਾਨ ਇਨ੍ਹਾਂ ਕਾਨੂੰਨਾਂ ਖਿਲਾਫ ਹਨ। ਕਿਸਾਨ ਉਦੋਂ ਤੱਕ ਨਹੀਂ ਪਰਤਣਗੇ ਜਦੋਂ ਤੱਕ ਕਿ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਨਹੀਂ ਲੈ ਲਿਆ ਜਾਂਦਾ ਹੈ। ਸਰਕਾਰ ਨੂੰ ਸੰਸਦ ਦਾ ਸਾਂਝਾ ਇਜਲਾਸ ਸੱਦ ਕੇ ਇਹ ਕਾਲੇ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ।" ਕਾਂਗਰਸ ਆਗੂ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵੀ ਕਿਸਾਨਾਂ ਨਾਲ ਖੜ੍ਹੀਆਂ ਹਨ। 'ਕਾਨੂੰਨ ਜਿਸ ਢੰਗ ਨਾਲ ਬਿਨਾਂ ਬਹਿਸ ਅਤੇ ਵਿਚਾਰ ਵਟਾਂਦਰੇ ਦੇ ਪਾਸ ਕੀਤੇ ਗਏ ਹਨ, ਉਹ ਵਾਪਸ ਲਏ ਜਾਣ ਦੀ ਲੋੜ ਹੈ।' ਇਸ ਤੋਂ ਪਹਿਲਾਂ ਪ੍ਰਿਯੰਕਾ ਗਾਂਧੀ ਵਾਡਰਾ ਨੇ ਦੋਸ਼ ਲਾਇਆ ਕਿ ਸਰਕਾਰ ਅੰਦੋਲਨਕਾਰੀ ਕਿਸਾਨਾਂ ਨੂੰ ਬਦਨਾਮ ਕਰਨ ਲਈ ਉਨ੍ਹਾਂ ਦਾ ਅਕਸ ਵਿਗਾੜ ਕੇ ਵੱਡਾ ਪਾਪ ਕਰ ਰਹੀ ਹੈ। 'ਜੇ ਸਰਕਾਰ ਕਿਸਾਨਾਂ ਦੇ ਅੰਦੋਲਨ ਨੂੰ ਦੇਸ਼ਧ੍ਰੋਹ ਕਰਾਰ ਦੇ ਰਹੀ ਹੈ ਤਾਂ ਇਹ ਪਾਪ ਹੈ।'

## ਕੈਦੀਆਂ ਵੱਲੋਂ ਕਿਸਾਨਾਂ ਦੇ ਹੱਕ 'ਚ ਭੁੱਖ ਹੜਤਾਲ

**ਕਲਕੱਤਾ:** ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਇਕਜੁਟਤਾ ਪ੍ਰਗਟਾਉਂਦਿਆਂ ਕਲਕੱਤਾ ਦੀ ਜੇਲ੍ਹ ਵਿਚ ਬੰਦ 10 ਸਿਆਸੀ ਕੈਦੀਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ।

ਦਮਦਮ ਕੇਂਦਰੀ ਜੇਲ੍ਹ ਤੋਂ ਜਾਰੀ ਬਿਆਨ ਵਿਚ ਪ੍ਰਦਰਸ਼ਨਕਾਰੀਆਂ ਨੇ ਨਵੇਂ ਖੇਤੀ ਕਾਨੂੰਨਾਂ ਨੂੰ ਕਿਸਾਨ ਵਿਰੋਧੀ ਕਰਾਰ ਦਿੱਤਾ ਅਤੇ ਦੋਸ਼ ਲਗਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕੋਵਿਡ-19 ਮਹਾਮਾਰੀ ਦਾ ਫਾਇਦਾ ਚੁੱਕਦਿਆਂ ਇਹ ਕਾਨੂੰਨ ਬਣਾਏ ਹਨ। ਪ੍ਰਦਰਸ਼ਨਕਾਰੀਆਂ ਨੇ ਕੇਂਦਰ ਸਰਕਾਰ ਦੇ ਉਸ ਦਾਅਵੇ ਦੀ ਵੀ ਨਿਖੇਧੀ ਕੀਤੀ, ਜਿਸ ਵਿਚ ਨਵੇਂ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ ਫਾਇਦੇਮੰਦ ਦੱਸਿਆ ਗਿਆ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City



Moving to Indiana?
Contact Ray Dhaliwal @ 317-993-4987

Ray Dhaliwal
Real Estate Broker
for Free Consultation!!!
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.
CENTURY 21 SCHEETZ RAYD@C21Scheetz.com

# ਖੇਤੀ ਕਾਨੂੰਨ: ਪੰਜਾਬੀਆਂ ਦੇ ਜਜ਼ਬੇ ਨੇ ਪੂਰੇ ਮੁਲਕ ਵਿਚ ਭਰਿਆ ਜੋਸ਼

**ਨਵੀਂ ਦਿੱਲੀ:** ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਦੇ ਕਿਸਾਨਾਂ ਤੋਂ ਬਾਅਦ ਹੁਣ ਮਹਾਰਾਸ਼ਟਰ ਅਤੇ ਹੋਰ ਸੂਬਿਆਂ ਦੇ ਕਿਸਾਨ ਵੀ ਦਿੱਲੀ ਪੁੱਜ ਗਏ ਹਨ। ਜਿਕਰਯੋਗ ਹੈ ਕਿ ਕੁਝ ਸਿਆਸੀ ਧਿਰਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਸੀ ਕਿ ਸਿਰਫ ਦੋ ਰਾਜਾਂ ਦੇ ਕਿਸਾਨਾਂ ਵੱਲੋਂ ਹੀ ਤਿੰਨਾਂ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਦੱਸਿਆ ਕਿ ਮਹਾਰਾਸ਼ਟਰ ਦੇ ਕਿਸਾਨ ਟਿਕਰੀ ਵਿਖੇ ਪਹਿਲੇ ਜਥੇ ਦੇ ਰੂਪ ਵਿਚ ਪਹੁੰਚੇ ਹਨ।

ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਇਸ ਕੌਮੀ ਅੰਦੋਲਨ 'ਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਗਿਆ। ਮਹਾਰਾਸ਼ਟਰ ਦੇ 21 ਜਿਲ੍ਹਿਆਂ ਦੇ ਇਹ ਕਿਸਾਨ ਨਾਸਿਕ ਤੋਂ ਚੱਲੇ ਸਨ। ਉਨ੍ਹਾਂ ਦੱਸਿਆ ਕਿ ਰਾਜਸਥਾਨ ਤੋਂ ਵੀ ਕਿਸਾਨਾਂ ਨੇ ਦਿੱਲੀ ਵੱਲ ਕੂਚ ਕਰ ਦਿੱਤਾ ਹੈ। ਟਿਕਰੀ ਦਾ ਧਰਨਾ ਹੁਣ ਸਭ ਤੋਂ ਜ਼ਿਆਦਾ ਇਕੱਠ ਵਾਲੀ ਥਾਂ ਬਣ ਗਿਆ ਹੈ। ਗਾਜ਼ੀਪੁਰ ਬਾਰਡਰ ਤੋਂ ਕਿਸਾਨ ਆਗੂ ਹਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਉੱਤਰਾਖੰਡ, ਉਤਰ ਪ੍ਰਦੇਸ਼ ਦੇ ਹੋਰਨਾਂ ਹਿੱਸਿਆਂ ਤੋਂ ਵੀ ਕਿਸਾਨਾਂ ਦਾ ਧਰਨੇ ਵਿਚ ਟਰੈਕਟਰ-ਟਰਾਲੀਆਂ ਸਮੇਤ ਪਹੁੰਚਣ ਦਾ ਸਿਲਸਿਲਾ ਜਾਰੀ ਹੈ। ਸਿੰਘੂ ਧਰਨੇ ਵਿਚ ਵੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਕਿਸਾਨ ਸ਼ਾਮਲ ਹੋਣ ਲੱਗੇ ਹਨ। ਵੇਰਵਿਆਂ ਮੁਤਾਬਕ ਰਾਜਸਥਾਨ ਤੋਂ ਦਿੱਲੀ ਲਈ ਤੁਰੇ ਕਰੀਬ ਦੋ ਹਜਾਰ ਕਿਸਾਨ ਹਰਿਆਣਾ-ਰਾਜਸਥਾਨ ਬਾਰਡਰ ਉਤੇ ਪਹੁੰਚ ਗਏ ਹਨ। ਕਿਸਾਨਾਂ ਨੂੰ ਹਰਿਆਣਾ ਵਿਚ ਦਾਖਲ ਹੋਣ ਤੋਂ ਰੋਕਣ ਲਈ ਹਰਿਆਣਾ ਪੁਲਿਸ ਵੱਡੀ ਗਿਣਤੀ ਵਿਚ ਤਾਇਨਾਤ ਕੀਤੀ ਗਈ ਹੈ। ਇਸ ਤੋਂ ਇਲਾਵਾ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਤੇ ਬੈਰੀਕੇਡਿੰਗ ਵੀ ਕੀਤੀ ਗਈ ਹੈ। ਹੱਦ ਉਤੇ ਕਿਸਾਨ ਹੋਰਨਾਂ ਕਿਸਾਨ ਸੰਗਠਨਾਂ ਦੀ ਉਡੀਕ ਕਰ ਰਹੇ ਹਨ ਤਾਂ ਕਿ ਦਿੱਲੀ ਵੱਲ ਵਧਿਆ ਜਾ ਸਕੇ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਝੰਡੇ ਹੇਠ ਪੰਜਾਬ ਦੇ ਪੰਜ ਜਿਲ੍ਹਿਆਂ ਸੰਗਰੂਰ, ਬਰਨਾਲਾ, ਲੁਧਿਆਣਾ, ਬਰਨਾਲਾ ਤੇ ਮਾਨਸਾ ਨਾਲ ਸਬੰਧਤ ਕਰੀਬ 15 ਹਜ਼ਾਰ ਕਿਸਾਨਾਂ ਦਾ ਵੱਡਾ ਕਾਫਲਾ ਸੈਂਕੜੇ ਵਾਹਨਾਂ ਰਾਹੀਂ ਖਨੌਰੀ ਬਾਰਡਰ ਤੋਂ ਦਿੱਲੀ ਮੋਰਚੇ 'ਚ ਸ਼ਾਮਲ ਹੋਣ ਲਈ ਪੁੱਜਿਆ। ਖਨੌਰੀ ਬਾਰਡਰ 'ਤੇ ਦਿੱਲੀ ਕੂਚ ਕਰਨ ਵਾਲੇ ਕਿਸਾਨਾਂ, ਕਿਸਾਨ ਬੀਬੀਆਂ, ਬੱਚਿਆਂ ਅਤੇ ਨੌਜਵਾਨਾਂ ਦਾ ਹੜ੍ਹ ਆਇਆ ਹੋਇਆ ਸੀ ਜੋ ਕਿ ਟਰੈਕਟਰ-ਟਰਾਲੀਆਂ, ਬੱਸਾਂ, ਟਰੱਕਾਂ, ਜੀਪਾਂ, ਟੈਂਪੂਆਂ ਤੇ ਹੋਰ ਵਾਹਨਾਂ 'ਚ ਸਵਾਰ ਸਨ। ਸੰਘਣੀ ਧੁੰਦ ਅਤੇ ਠੰਢ ਦੀ ਪ੍ਰਵਾਹ ਨਾ ਕਰਦਿਆਂ ਹਜ਼ਾਰਾਂ ਕਿਸਾਨ ਵੱਖ ਵੱਖ ਸਾਧਨਾਂ ਰਾਹੀਂ ਖਨੌਰੀ ਬਾਰਡਰ 'ਤੇ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ।

ਉਧਰ, ਪੰਜਾਬ ਭਰ ਵਿਚ ਕਿਸਾਨਾਂ ਨੇ ਖੇਤੀ ਕਾਨੂੰਨਾਂ ਵਿਰੁਧ ਚੱਲਦਾ ਸੰਘਰਸ਼ ਤੇਜ਼ ਕਰ ਦਿੱਤਾ ਹੈ। ਸੂਬੇ ਵਿਚ ਕਿਸਾਨਾਂ ਨੇ ਇਕਮੁਠਤਾ ਦਾ ਪ੍ਰਗਟਾਵਾ ਕਰਦਿਆਂ ਭਾਜਪਾ ਆਗੂਆਂ ਦਾ ਘਿਰਾਓ ਕੀਤਾ। ਮਾਝਾ, ਮਾਲਵਾ ਅਤੇ ਦੋਆਬਾ ਤਿੰਨਾਂ ਖਿੱਤਿਆਂ ਦੇ ਕਿਸਾਨਾਂ ਨੇ ਇਕੋ ਸੁਰ ਸੱਤਾਧਾਰੀ ਪਾਰਟੀ ਦੇ ਆਗੂਆਂ ਖਿਲਾਫ ਸੰਘਰਸ਼ ਤੇਜ਼ ਕਰਨ ਦਾ ਸੱਦਾ ਵੀ ਦਿੱਤਾ। ਉਧਰ, ਕਿਸਾਨਾਂ ਵੱਲੋਂ ਪਿਛਲੇ ਤਿੰਨ ਮਹੀਨਿਆਂ ਤੋਂ ਕੀਤਾ ਟੋਲ ਪਲਾਜ਼ਿਆਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ, ਭਾਜਪਾ ਆਗੂਆਂ ਦੇ ਘਰਾਂ, ਪੈਟਰੋਲ ਪੰਪਾਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਅਤੇ ਸ਼ਾਪਿੰਗ ਮਾਲਜ਼ ਦਾ ਘਿਰਾਓ ਜਾਰੀ ਰੱਖਿਆ ਗਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਦਾ ਦੱਸਣਾ ਹੈ ਕਿ ਸੂਬੇ ਵਿਚ ਤਕਰੀਬਨ 200 ਥਾਵਾਂ 'ਤੇ ਕਿਸਾਨਾਂ ਵੱਲੋਂ ਪ੍ਰਦਰਸ਼ਨ ਕੀਤੇ ਗਏ।

## ਠੰਢ ਵਿਚ ਵੀ ਕਿਸਾਨਾਂ ਦੇ ਹੌਂਸਲੇ ਬੁਲੰਦ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ-ਮਜਦੂਰ ਸੰਘਰਸ਼ ਕਮੇਟੀ ਦਾ ਜੰਡਿਆਲਾ ਗੁਰੂ ਰੇਲਵੇ ਸਟੇਸ਼ਨ ਦੇ ਬਾਹਰ ਲੱਗਾ ਧਰਨਾ ਕੜਾਕੇ ਦੀ ਠੰਢ ਦੇ ਬਾਵਜੂਦ ਜਾਰੀ ਹੈ। ਇਸ ਦੌਰਾਨ ਸੰਬੋਧਨ ਕਰਦਿਆਂ ਗੁਰਬਚਨ ਸਿੰਘ ਚੱਬਾ, ਹਰਪ੍ਰੀਤ ਸਿੰਘ ਸਿੱਧਵਾਂ, ਜਰਮਨਜੀਤ ਸਿੰਘ ਬੰਡਾਲਾ ਤੇ ਰੇਸ਼ਮ ਸਿੰਘ ਘੁਰਕਵਿੰਡ ਨੇ ਕਿਹਾ ਇਹ ਸੰਘਰਸ਼ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨੀ ਸੰਘਰਸ਼ ਨੂੰ ਲਮਕਾਉਣ ਲਈ ਚਿੱਠੀ-ਪੱਤਰ ਦਾ ਸਹਾਰਾ ਲੈ ਕੇ ਕਈ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ ਅਤੇ ਘੋਲ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਮੋਦੀ ਸਰਕਾਰ ਆਪਣੇ ਚੋਣ ਵਾਅਦਿਆਂ ਤੋਂ ਲਗਾਤਾਰ ਮੁੱਕਰਦੀ ਆ ਰਹੀ ਹੈ ਜਿਸ ਕਾਰਨ ਕਿਸਾਨਾਂ, ਵਪਾਰੀਆਂ ਤੇ ਆਮ ਵਰਗ ਦਾ ਮੋਦੀ ਸਰਕਾਰ ਤੋਂ ਵਿਸ਼ਵਾਸ ਉਠ ਚੁੱਕਿਆ ਹੈ।

## ਕਿਸਾਨਾਂ ਦੇ ਹੱਕ 'ਚ ਨਿੱਤਰੀ ਗਰੈਂਡ ਮਰਾਠਾ ਫਾਊਂਡੇਸਨ

**ਨਵੀਂ ਦਿੱਲੀ:** ਮਹਾਰਾਸ਼ਟਰ ਤੇ ਉਤਰੀ ਰਾਜਾਂ ਦੇ ਕਿਸਾਨ ਭਾਈਚਾਰੇ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਕੰਮ ਕਰ ਰਹੀ ਸੰਸਥਾ ਗਰੈਂਡ ਮਰਾਠਾ ਫਾਊਂਡੇਸਨ ਨੇ ਖੇਤੀ ਕਾਨੂੰਨਾਂ ਖਿਲਾਫ ਡਟੇ ਕਿਸਾਨਾਂ ਦੀ ਹਮਾਇਤ ਕੀਤੀ ਹੈ। ਫਾਊਂਡੇਸਨ ਨੇ ਦਿੱਲੀ ਦੇ ਸਰਹੱਦੀ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਕਿਸਾਨਾਂ ਨੂੰ ਭੋਜਨ, ਕੰਬਲ ਤੇ ਤੰਬੂ ਲਈ ਤਰਪਾਲ ਦਾਨ ਕੀਤੀ। ਫਿਲਹਾਲ ਇਹ ਸਹਾਇਤਾ ਸਿੰਘੂ ਸਰਹੱਦ 'ਤੇ ਦਿੱਤ ਗਈ ਹੈ, ਜਲਦੀ ਹੀ ਗਾਜੀਪੁਰ ਸਰਹੱਦ ਅਤੇ ਹੋਰ ਹਿੱਸੇ ਕਵਰ ਕੀਤੇ ਜਾਣਗੇ। ਕਿਸਾਨਾਂ ਨਾਲ ਇਕਜੁੱਟਤਾ ਜ਼ਾਹਰ ਕਰਨ ਲਈ ਫਾਊਂਡੇਸ਼ਨ ਨੇ ਵੱਡੀਆਂ ਕਿਸਾਨ ਸੰਸਥਾਵਾਂ ਤੇ ਭਾਰਤੀ ਕਿਸਾਨ ਯੂਨੀਅਨਾਂ ਨੂੰ ਹਮਾਇਤ ਦਿੱਤੀ ਹੈ।

# ਪੰਜਾਬੀਆਂ ਨੂੰ ਮਹਿੰਗੀ ਬਿਜਲੀ ਦਾ ਇਕ ਹੋਰ ਝਟਕਾ ਦੇਣ ਦੀ ਤਿਆਰੀ

**ਚੰਡੀਗੜ੍ਹ:** ਪਾਵਰਕਾਮ ਵਲੋਂ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਤੋਂ 8 ਫੀਸਦੀ ਬਿਜਲੀ ਮਹਿੰਗੀ ਕਰਨ ਦੀ ਮੰਗੀ ਗਈ ਮਨਜ਼ੂਰੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਆਉਂਦੇ ਦਿਨਾਂ ਵਿਚ ਬਿਜਲੀ ਦਰਾਂ ਵਿਚ ਹੋਰ ਵਾਧਾ ਕਰਨ ਦੀ ਤਿਆਰੀ ਹੈ। ਇਸ ਨਾਲ 50 ਪੈਸੇ ਪ੍ਰਤੀ ਯੂਨਿਟ ਦਾ ਖਰਚਾ ਹੋਰ ਵਧ ਜਾਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਪਾਵਰਕਾਮ ਵਲੋਂ ਹਰ ਸਾਲ ਆਪਣੇ ਸਾਲਾਨਾ ਖਰਚੇ ਚਲਾਉਣ ਲਈ ਲੋੜੀਂਦਾ ਮਾਲੀਆ ਪੂਰਾ ਕਰਨ ਅਤੇ ਘਾਟੇ ਦੀ ਭਰਪਾਈ ਕਰਨ ਲਈ ਪਟੀਸ਼ਨ ਕਮਿਸ਼ਨ ਕੋਲ ਦਾਖਲ ਕੀਤੀ ਜਾਂਦੀ ਹੈ।

ਪਾਵਰਕਾਮ ਨੇ ਅਗਲੇ ਵਿੱਤੀ ਵਰ੍ਹੇ ਵਿਚ 8 ਫੀਸਦੀ ਬਿਜਲੀ ਮਹਿੰਗੀ ਕਰਨ ਦੇ ਨਾਲ ਖੇਤੀ ਵਰਗ ਲਈ 15 ਫੀਸਦੀ ਬਿਜਲੀ ਮਹਿੰਗੀ ਕਰਨ ਦੀ ਮਨਜ਼ੂਰੀ ਮੰਗੀ ਹੈ। ਪਾਵਰਕਾਮ ਦਾ ਤਰਕ ਹੈ ਕਿ ਅਗਲੇ ਵਿੱਤੀ ਵਰ੍ਹੇ ਵਿਚ ਆਪਣੇ ਖਰਚੇ ਚਲਾਉਣ ਲਈ ਉਸ ਨੂੰ 37000 ਕਰੋੜ ਦੀ ਲੋੜ ਹੋਵੇਗੀ। ਪਾਵਰਕਾਮ ਦਾ ਕਹਿਣਾ ਸੀ ਕਿ ਖੇਤੀ ਖੇਤਰ ਲਈ 4.50 ਰੁਪਏ ਪ੍ਰਤੀ ਯੂਨਿਟ ਬਿਜਲੀ ਦੀ ਕੀਮਤ ਦੀ ਦਰ ਕਾਫੀ ਘੱਟ ਹੈ। ਸੂਬਾ ਸਰਕਾਰ ਵਲੋਂ ਖੇਤੀ ਖੇਤਰ ਸਮੇਤ ਹੋਰ ਵਰਗਾਂ ਨੂੰ ਤਕਰੀਬਨ 10,000 ਕਰੋੜ ਦੀ ਮੁਫਤ ਬਿਜਲੀ ਦਿੱਤੀ ਜਾਂਦੀ ਹੈ। ਹਾਲਾਂਕਿ ਪਾਵਰਕਾਮ ਨੇ ਖੇਤੀ ਖੇਤਰ ਲਈ ਵੀ 15 ਫੀਸਦੀ ਮਹਿੰਗੀ ਬਿਜਲੀ ਕਰਨ ਦੀ ਤਜਵੀਜ਼ ਭੇਜੀ ਹੈ। ਜੇ ਅਜਿਹਾ ਹੁੰਦਾ ਹੈ ਤਾਂ ਸਰਕਾਰ ਵਲੋਂ ਅਦਾ ਕੀਤੀ ਜਾਣ ਵਾਲੀ ਸਬਸਿਡੀ ਦੀ ਰਕਮ 13,000 ਕਰੋੜ ਤੋਂ ਵੀ ਵਧ ਜਾਏਗੀ।

ਪਾਵਰਕਾਮ ਦੀ ਹਾਲਤ ਇਸ ਕਰਕੇ ਵੀ ਨਿੱਘਰਦੀ ਜਾ ਰਹੀ ਹੈ ਕਿ ਸਰਕਾਰ ਵਲੋਂ ਸਬਸਿਡੀ ਦੀ ਅਦਾਇਗੀ ਵਿਚ ਲਗਾਤਾਰ ਦੇਰੀ ਕੀਤੀ ਜਾਂਦੀ ਰਹੀ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਹੋਏ ਬਿਜਲੀ ਸਮਝੌਤਿਆਂ ਅਧੀਨ ਰਾਜਪੁਰਾ, ਤਲਵੰਡੀ ਸਾਬੋ ਅਤੇ ਗੋਇੰਦਵਾਲ ਸਾਹਿਬ ਦੇ ਨਿੱਜੀ ਪਾਵਰ ਪਲਾਂਟਾਂ ਨੂੰ ਸਥਾਈ ਖਰਚੇ ਦੇ ਰੂਪ ਵਿਚ ਅਦਾਇਗੀ ਕੀਤੀ ਜਾਂਦੀ ਹੈ। ਇਹ ਰਕਮ ਇਨ੍ਹਾਂ ਨਿੱਜੀ ਕੰਪਨੀਆਂ ਤੋਂ ਖਰੀਦੀ ਬਿਜਲੀ ਦੇ ਮੁੱਲ ਤੋਂ ਅਲੱਗ ਹੈ।


ਪੰਜਾਬ ਵਿਚ ਹੋਈਆਂ ਪਿਛਲੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਆਪਣੀ ਸਰਕਾਰ ਬਣਨ ਉਤੇ ਇਕ ਮਹੀਨੇ ਦੇ ਅੰਦਰ-ਅੰਦਰ ਘਰੇਲੂ ਬਿਜਲੀ 5 ਰੁਪਏ ਪ੍ਰਤੀ ਯੂਨਿਟ ਦੇਣ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਨੂੰ ਬਣਿਆਂ 4 ਸਾਲ ਦੇ ਲਗਭਗ ਹੋਣ ਵਾਲੇ ਹਨ। ਘਰੇਲੂ ਬਿਜਲੀ ਦੀਆਂ ਦਰਾਂ ਵਾਅਦੇ ਦੇ ਬਾਵਜੂਦ 5 ਰੁਪਏ ਯੂਨਿਟ ਦੀ ਥਾਂ ਉਤੇ 8 ਰੁਪਏ ਪ੍ਰਤੀ ਯੂਨਿਟ ਹੋ ਗਈਆਂ ਹਨ। ਦੂਸਰੇ ਪਾਸੇ ਹਾਲਤ ਇਹ ਹੈ ਕਿ ਸਰਕਾਰ ਵਲੋਂ ਬਠਿੰਡੇ ਦਾ ਥਰਮਲ ਪਲਾਂਟ ਨਾ ਸਿਰਫ ਬੰਦ ਹੀ ਕਰ ਦਿੱਤਾ ਗਿਆ, ਉਸ ਦੀਆਂ ਚਿਮਨੀਆਂ ਤੱਕ ਵੀ ਤੋੜੀਆਂ ਜਾ ਰਹੀਆਂ ਹਨ। ਸਰਕਾਰ ਵਲੋਂ ਰੋਪੜ ਅਤੇ ਲਹਿਰਾ ਮੁਹੱਬਤ ਦੇ ਥਰਮਲ ਪਲਾਂਟ ਵੀ ਲਗਭਗ ਬੰਦ ਹੀ ਕਰ ਦਿੱਤੇ ਗਏ ਹਨ। ਸਰਕਾਰੀ ਪਲਾਂਟਾਂ ਤੋਂ ਪੈਦਾ ਕੀਤੀ ਜਾਣ ਵਾਲੀ ਸਸਤੇ ਮੁੱਲ ਦੀ ਥਰਮਲ ਤੇ ਪਣਬਿਜਲੀ ਸੁਪਨਾ ਹੀ ਬਣਦੀ ਜਾ ਰਹੀ ਹੈ। ਪੰਜਾਬ ਸਰਕਾਰ ਆਪਣਾ ਵਾਅਦਾ ਪੂਰਾ ਨਹੀਂ ਕਰ ਸਕੀ ਕਿਉਂਕਿ ਆਪਣੇ ਤੋਂ ਪਹਿਲੀ ਸਰਕਾਰ ਵਲੋਂ ਕੀਤੇ ਨਿੱਜੀ ਬਿਜਲੀ ਕੰਪਨੀਆਂ ਨਾਲ ਕਰਾਰਾਂ ਨੂੰ ਉਸ ਨੇ ਕਾਇਮ ਰੱਖਿਆ ਹੈ।


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Business Immigration & Worksite Compliance
ਬਿੰਜਨੈਸ ਇੱਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੱਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English


## ਭਾਜਪਾ ਆਗੂਆਂ 'ਚ ਅਸਤੀਫਿਆਂ ਦੀ ਝੜੀ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਖਿਲਾਫ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਵਿਚ ਅਸਤੀਫਿਆਂ ਤੋਂ ਦੌਰ ਸ਼ੁਰੂ ਹੋ ਗਿਆ ਹੈ। ਸਾਬਕਾ ਮੈਂਬਰ ਪਾਰਲੀਮੈਂਟ ਅਤੇ ਭਾਜਪਾ ਆਗੂ ਹਰਿੰਦਰ ਸਿੰਘ ਖਾਲਸਾ ਨੇ ਖੇਤੀ ਕਾਨੂੰਨਾਂ ਵਿਰੁੱਧ ਕਿਸਾਨੀ ਘੋਲ ਦਾ ਸਮਰਥਨ ਕਰਦਿਆਂ ਭਾਜਪਾ ਨੂੰ ਸਦਾ ਲਈ ਅਲਵਿਦਾ ਆਖ ਦਿੱਤਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਹਾਈਕਮਾਂਡ ਨੇ ਸਥਾਨਕ ਆਗੂਆਂ ਦੀ ਗੱਲ ਨਹੀਂ ਸੁਣੀ। ਇਸ ਤੋਂ ਇਲਾਵਾ ਪੰਜਾਬ ਸੂਬਾਈ ਕਾਰਜਕਾਰਨੀ ਦੇ ਮੈਂਬਰ ਤੇ ਸੀਨੀਅਰ ਵਕੀਲ ਕਿਸ਼ਨ ਸਿੰਘ ਰਾਜਪੁਰਾ ਨੇ ਪਾਰਟੀ ਦੀ ਕਾਰਜਕਾਰਨੀ ਅਤੇ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ। ਪਾਰਟੀ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਨੂੰ ਆਪਣਾ ਅਸਤੀਫਾ ਭੇਜਣ ਦੀ ਪੁਸ਼ਟੀ ਕਰਦਿਆਂ ਐਡਵੋਕੇਟ ਕਿਸ਼ਨ ਸਿੰਘ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਪ੍ਰਤੀ ਨਾਰਾਜਗੀ ਜਾਹਰ ਕਰਦਿਆਂ ਆਖਿਆ ਕਿ ਉਨ੍ਹਾਂ ਖੇਤੀ ਕਾਨੂੰਨ ਰੱਦ ਨਾ ਕੀਤੇ ਜਾਣ 'ਤੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ।

ਇਸੇ ਤਰ੍ਹਾਂ ਭਾਜਪਾ ਦੇ ਜਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਿੰਘ ਖਲਿਆਣ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਕਿਸਾਨ ਸੰਘਰਸ਼ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ। ਇਥੇ ਪਿੰਡ ਚਚਰਾੜੀ ਲਾਗੇ ਕਿਸਾਨ ਯੂਨੀਅਨ ਵੱਲੋਂ ਲਗਾਏ ਗਏ ਲੰਗਰ ਮੌਕੇ ਉਨ੍ਹਾਂ ਕਿਹਾ ਕਿ ਉਹ ਪਿਛਲੇ 3 ਮਹੀਨਿਆਂ ਤੋਂ ਬੜੇ ਭਰੇ ਮਨ ਨਾਲ ਆਪਣਾ ਸਮਾਂ ਕੱਢ ਰਹੇ ਸਨ ਤੇ ਅੱਜ ਉਨ੍ਹਾਂ ਕਿਸਾਨਾਂ ਨਾਲ ਖੜ੍ਹੇ ਹੋਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਕੀ ਅਹੁਦੇ ਬਾਅਦ ਵਿਚ ਆਉਂਦੇ ਹਨ, ਪਹਿਲਾਂ ਉਹ ਕਿਸਾਨ ਹਨ।

ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਤੇ ਸਰਪੰਚ ਗੁਰਬਿੰਦਰ ਸਿੰਘ ਈਸੜੂ ਨੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਵਿਰੁੱਧ ਅਤੇ ਕਿਸਾਨਾਂ ਦੇ ਹੱਕ ਵਿਚ ਪਾਰਟੀ ਅਹੁਦੇ ਅਤੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਨਾਲ ਸ਼ਰੇਆਮ ਧੱਕੇਸਾਹੀ ਕਰ ਰਹੀ ਹੈ।


Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
Ph: (408) 737-7100
Fax: (408)737-7102 www.homeopathicvibes.com

We sell and ship homeopathic remedies through out North America.

# ਨਵੇਂ ਸਾਲ 2021 ਦੀ ਆਮਦ ਦੀ ਸਮੂਹ ਸੰਗਤਾਂ ਨੂੰ

# ਲੱਖ ਲੱਖ ਵਧਾਈ ਹੋਵੇ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਕੌਮ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਅਤੇ ਕਿਰਤੀਆਂ-ਕਿਸਾਨਾਂ ਦੇ ਸੰਘਰਸ਼ ਨੂੰ ਸਮਰਪਿਤ

## ਗੁਰਦੁਆਰਾ ਸੈਨ ਹੋਜ਼ੇ

ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਦੇ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ।

## ਅਖੰਡ ਪਾਠ ਸਾਹਿਬ ਦੇ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ

*30 ਦਸੰਬਰ 2020 (ਬੁੱਧਵਾਰ)*

ਭੋਗ ਸ੍ਰੀ ਅਖੰਡ ਪਾਠ

*ਪਹਿਲੀ ਜਨਵਰੀ 2021 (ਸ਼ੁੱਕਰਵਾਰ)*

**ਇਸ ਮੌਕੇ ਛੋਲੇ ਪੂਰੀਆਂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ**




*ਕਿਰਤੀ-ਕਿਸਾਨ ਸੰਘਰਸ਼ ਦੀ ਪੂਰਨ ਹਮਾਇਤ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਇਸ ਸੰਘਰਸ਼ ਨੂੰ ਸਫਲਤਾ ਮਿਲੇ ਅਤੇ ਆਪਣੇ ਹੱਕ-ਹਕੂਕਾਂ ਲਈ ਪੂਰੇ ਭਾਰਤ 'ਚੋਂ ਆ ਕੇ ਦਿੱਲੀ ਵਿਖੇ ਧਰਨੇ ਉਤੇ ਬੈਠੇ ਮਿਹਨਤਕਸ਼ ਲੋਕਾਂ ਨੂੰ ਇਨਸਾਫ ਮਿਲੇ।*



ਨਵਾਂ ਸਾਲ ਕੁਲ ਲੋਕਾਈ ਲਈ ਖੁਸ਼ੀਆਂ ਭਰਿਆ ਚੜ੍ਹੇ ਅਤੇ ਸਭਨਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣ।

ਗੁਰੂ ਪੰਥ ਦੇ ਨਿਮਾਣੇ ਸੇਵਕ

GB Entertainment

Raja Sweets & Catering

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

A & I Watsonville, CA

# A & I Transport Inc.

123 E Lee Rd Watsonville, CA Ph: 831-763-7805

GAKHAL GROUP

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਿਜਦਾ

**ਫਤਹਿਗੜ੍ਹ ਸਾਹਿਬ:** ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਜੀਤ ਸਿੰਘ ਤੇ ਜੁਝਾਰ, ਜ਼ੋਰਾਵਰ ਸਿੰਘ, ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਸਿੱਜਦਾ ਕੀਤਾ ਗਿਆ। ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਯਾਦ ਵਿਚ ਸ੍ਰੀ ਫਤਹਿਗੜ੍ਹ ਸਾਹਿਬ ਦੀ ਇਤਿਹਾਸਕ ਪਾਵਨ ਧਰਤੀ ਉਤੇ ਲੱਗੀ ਤਿੰਨ ਦਿਨਾਂ ਸਹੀਦੀ ਸਿੰਘ ਸਭਾ ਦੇ ਅਖੀਰਲੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਸਮੁੱਚੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਤੱਕ ਸਜਾਏ ਅਲੌਕਿਕ ਨਗਰ ਕੀਰਤਨ ਦੀ ਅਰਦਾਸ ਉਪਰੰਤ ਧਾਰਮਿਕ ਰਵਾਇਤਾਂ ਅਨੁਸਾਰ ਰਸਮੀ ਤੌਰ ਉਤੇ ਸਹੀਦੀ ਜੋੜ ਮੇਲ ਦੀ ਸਮਾਪਤੀ ਹੋਈ। ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸੰਗਤੀ ਰੂਪ 'ਚ ਸ੍ਰੀ ਜਪੁਜੀ ਸਾਹਿਬ ਬਾਣੀ ਦੇ ਜਾਪ ਉਪਰੰਤ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਵਲੋਂ ਅਰਦਾਸ ਕਰਨ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਵਲੋਂ ਹੁਕਮਨਾਮਾ ਲੈਣ ਬਾਅਦ ਪੂਰੇ ਖਾਲਸਾਈ ਰੂਪ 'ਚ ਰੰਗਿਆ ਨਗਰ ਕੀਰਤਨ ਆਰੰਭ ਹੋਇਆ। ਨਗਰ ਕੀਰਤਨ ਵਿਚ ਦੇਸ਼-ਵਿਦੇਸ਼ ਤੋਂ ਪੁੱਜੇ ਸਰਧਾਲੂਆਂ ਦੀ ਸਰਧਾ ਦੀ ਭਾਵਨਾ ਦਾ ਅਲੌਕਿਕ ਨਜ਼ਾਰਾ ਉਸ ਵੇਲੇ ਵੇਖਿਆਂ ਹੀ ਬਣਦਾ ਸੀ, ਜਦੋਂ ਕੜਾਕੇ ਦੀ ਠੰਢ 'ਚ ਸਰਧਾਲੂ ਨੰਗੇ ਪੈਰੀਂ ਨਗਰ ਕੀਰਤਨ 'ਚ ਸ਼ਾਮਲ ਹੋ ਕੇ ਸ਼ਹੀਦਾਂ ਨੂੰ ਸਰਧਾ ਦੇ ਫੁਲ ਭੇਟ ਕਰਨ ਲਈ ਉਮੜ ਪਏ। ਪਾਲਕੀ ਸਾਹਿਬ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਣ ਵੇਲੇ ਸੰਗਤ ਫੁੱਲਾਂ ਦੀ ਵਰਖਾ ਕਰ ਰਹੀ ਸੀ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਬੋਲੇ ਸੋ ਨਿਹਾਲ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਆਕਾਸ਼ ਗੂੰਜ ਰਿਹਾ ਸੀ। ਪਾਲਕੀ ਸਾਹਿਬ ਦੇ ਅੱਗੇ ਨਗਰ ਕੀਰਤਨ 'ਚ ਅਸਤਰਾਂ ਤੇ ਸ਼ਸਤਰਾਂ ਨਾਲ ਸਜੇ ਨਿਹੰਗ ਸਿੰਘਾਂ ਦੀਆਂ ਗੱਤਕਾ ਪਾਰਟੀਆਂ, ਰਾਗੀ ਜਥੇ, ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ, ਵੱਖ-ਵੱਖ ਸਕੂਲਾਂ, ਕਾਲਜਾਂ, ਅਕੈਡਮੀਆਂ ਦੇ ਵਿਦਿਆਰਥੀ ਤੇ ਗੱਤਕਾ ਪਾਰਟੀਆਂ ਦੇ ਨਾਲ ਨਾਲ ਸੰਗਤ ਗੁਰੂ ਜੱਸ ਗਾਇਨ ਕਰ ਰਹੀ ਸੀ। ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਨਗਰ ਕੀਰਤਨ ਦੀ ਸਮਾਪਤੀ ਸਮੇਂ ਸਜਾਏ ਗੁਰਮਤਿ ਸਮਾਗਮ ਵਿਚ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਜੋੜਿਆ।

ਲਾਸਾਨੀ ਤੇ ਅਦੁੱਤੀ ਸ਼ਹਾਦਤ ਨੂੰ ਫਤਹਿਗੜ੍ਹ ਸਾਹਿਬ ਵਿਖੇ ਭਰੀ ਸਾਲਾਨਾ ਸ਼ਹੀਦੀ ਸਿੰਘ ਸਭਾ ਦੌਰਾਨ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਦੀ ਅਗਵਾਈ 'ਚ ਨਿਸ਼ਾਨ ਸਾਹਿਬ ਤੇ ਨਗਾਰਿਆਂ ਦੀ ਛਤਰ ਛਾਇਆ ਹੇਠ ਗੁਰਦੁਆਰਾ ਬਿਬਾਨਗੜ੍ਹ ਛਾਉਣੀ ਬੁੱਢਾ ਦਲ ਤੋਂ ਪੂਰੇ ਖਾਲਸਾਈ ਜਾਹੋ-ਜਲਾਲ ਨਾਲ ਮਹੱਲਾ ਕੱਢਿਆ ਗਿਆ। ਇਸ ਤੋਂ ਪਹਿਲਾਂ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਵਿਖੇ ਨਿਹੰਗ ਸਿੰਘਾਂ ਦੀ ਰਿਵਾਇਤ ਤੇ ਮਰਿਆਦਾ ਅਨੁਸਾਰ ਅਖੰਡ ਪਾਠਾਂ ਦੇ ਭੋਗ ਪਾਏ ਗਏ, ਜਿਸ ਦੌਰਾਨ ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ ਨੇ ਗੁਰਬਾਣੀ ਦੇ ਸ਼ਬਦ ਕੀਰਤਨ ਰਾਹੀਂ ਹਾਜਰੀ ਲਵਾਈ। ਉਪਰੰਤ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਤੋਂ ਨਿਹੰਗ ਸਿੰਘ ਦਾ ਇਕ ਵਿਸਾਲ ਕਾਫਲਾ ਹਾਥੀਆਂ, ਊਠਾਂ, ਘੋੜਿਆਂ, ਗੱਡੀਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਪੈਦਲ ਯਾਤਰਾ ਕਰਦੇ ਨਿਹੰਗ ਸਿੰਘ ਗੁਰੂ ਦੀਆਂ ਲਾਡਲੀਆਂ ਫੌਜਾਂ ਦਾ ਮਹੱਲਾ ਅਰੰਭ ਹੋ ਕੇ ਗੁਰਦੁਆਰਾ ਠੰਢਾ ਬੁਰਜ, ਗੁਰਦੁਆਰਾ ਫਤਹਿਗੜ੍ਹ ਸਾਹਿਬ, ਨਿਸ਼ਾਨ ਕਿਲ੍ਹਾ (ਥੇਹ) ਬਾਬਾ ਬੰਦਾ ਸਿੰਘ ਬਹਾਦਰ, ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਗੁਰਦੁਆਰਾ ਸ਼ਹੀਦ ਸਿੰਘਾਂ ਅਤੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਕਾਲਜ ਦੇ ਖੁੱਲ੍ਹੇ ਮੈਦਾਨ 'ਚ ਵਾਜਿਆਂ, ਗਾਜਿਆਂ ਸਮੇਤ ਪੁੱਜਾ। ਇਸ ਮੌਕੇ ਘੋੜ ਦੌੜਾਂ ਤੇ ਜੰਗਜੂ ਜੌਹਰ ਵਿਖਾਏ ਗਏ।

## 'ਆਪ' ਵੱਲੋਂ ਸਿੰਘੂ ਬਾਰਡਰ 'ਤੇ ਕਿਸਾਨਾਂ ਲਈ ਮੁਫਤ ਵਾਈ-ਫਾਈ ਸਹੂਲਤ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਨੇਤਾ ਰਾਘਵ ਚੱਢਾ ਨੇ ਐਲਾਨ ਕੀਤਾ ਹੈ ਕਿ ਸੰਘਰਸ਼ਸ਼ੀਲ ਕਿਸਾਨਾਂ ਦੀ ਸਹੂਲਤ ਲਈ ਦਿੱਲੀ ਦੀ 'ਆਪ' ਸਰਕਾਰ ਵੱਲੋਂ ਕਿਸਾਨਾਂ ਲਈ ਸਿੰਘੂ ਬਾਰਡਰ 'ਤੇ ਮੁਫਤ ਵਾਈ-ਫਾਈ ਹਾਟਸਪੌਟ ਸਥਾਪਤ ਕੀਤੇ ਜਾਣਗੇ। ਇਸ ਹਾਟ-ਸਪੌਟ ਦਾ ਸੌ ਮੀਟਰ ਦੇ ਘੇਰੇ ਵਿਚ ਸਿਗਨਲ ਹੋਵੇਗਾ। ਉਨ੍ਹਾਂ ਕਿਹਾ ਕਿ ਲੋੜ ਮੁਤਾਬਕ ਹਾਟਸਪੌਟ ਦੀ ਗਿਣਤੀ ਵਧਾਈ ਜਾਵੇਗੀ।

## ਖੰਡੇ ਵਾਲੀ ਲੋਈ ਕਾਰਨ ਵਿਵਾਦਾਂ ਵਿਚ ਘਿਰਿਆ ਨਵਜੋਤ ਸਿੱਧੂ

**ਅੰਮ੍ਰਿਤਸਰ:** ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਹੁਣ 'ਇਕ ਉਂਕਾਰ' ਅਤੇ ਖੰਡੇ ਦੇ ਨਿਸ਼ਾਨ ਵਾਲੀ ਲੋਈ ਲੈਣ ਕਾਰਨ ਵਿਵਾਦਾਂ ਵਿਚ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਉਸ ਨੂੰ ਸਿੱਖ ਜਗਤ ਕੋਲੋਂ ਮੁਆਫੀ ਮੰਗਣ ਲਈ ਆਖਿਆ ਹੈ। ਇਸ ਤੋਂ ਪਹਿਲਾਂ ਸਿੱਖ ਜਥੇਬੰਦੀ ਸਿੱਖ ਯੂਥ ਪਾਵਰ ਆਫ ਪੰਜਾਬ ਨੇ ਇਸ ਸਬੰਧੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਅਕਾਲ ਤਖਤ ਦੇ ਸਕੱਤਰੇਤ ਵਿਖੇ ਸ਼ਿਕਾਇਤ ਪੱਤਰ ਦਿੱਤਾ ਹੈ। ਜਥੇਬੰਦੀ ਨੇ ਪੁਲਿਸ ਕਮਿਸ਼ਨਰੇਟ ਕੋਲ ਵੀ ਕਾਰਵਾਈ ਲਈ ਸ਼ਿਕਾਇਤ ਕੀਤੀ ਹੈ। ਸਿੱਖ ਯੂਥ ਪਾਵਰ ਆਫ ਪੰਜਾਬ ਦੇ ਮੁਖੀ ਪਰਜੀਤ ਸਿੰਘ ਅਕਾਲੀ ਦੀ ਅਗਵਾਈ ਹੇਠ ਸਿੱਖ ਨੌਜਵਾਨਾਂ ਨੇ ਅਕਾਲ ਤਖਤ ਦੇ ਸਕਤਰੇਤ ਵਿਖੇ ਸ੍ਰੀ ਸਿੱਧੂ ਖਿਲਾਫ ਕਾਰਵਾਈ ਲਈ ਸ਼ਿਕਾਇਤ ਪੱਤਰ ਦਿੱਤਾ। ਜਥੇਬੰਦੀ ਨੇ ਇਸ ਸਬੰਧੀ ਪੁਲਿਸ ਦੇ ਡਿਪਟੀ ਕਮਿਸ਼ਨਰ ਨੂੰ ਵੀ ਮੰਗ ਪੱਤਰ ਦਿੱਤਾ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

## ਭਾਰਤ 'ਚ ਕਰੋਨਾ ਦੇ ਨਵੇਂ ਸਟ੍ਰੇਨ ਦੀ ਐਂਟਰੀ

**ਨਵੀਂ ਦਿੱਲੀ:** ਬਰਤਾਨੀਆ ਤੋਂ ਭਾਰਤ ਪਰਤੇ 6 ਵਿਅਕਤੀਆਂ ਦੇ ਨਮੂਨਿਆਂ ਵਿਚ ਸਾਰਸ-ਸੀ.ਓ.ਵੀ. 2 ਦਾ ਨਵਾਂ ਸਰੂਪ ਨਜਰ ਆਇਆ ਹੈ। ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਕਿ ਬੰਗਲੌਰ ਦੇ ਨਿਮਹਾਂਸ, ਹੈਦਰਾਬਾਦ ਵਿਚ ਸੀ.ਸੀ.ਐਮ.ਬੀ. ਅਤੇ ਪੁਣੇ ਵਿਚ ਐਨ. ਆਈ. ਵੀ. ਵਿਚ ਸਕ੍ਰੀਨਿੰਗ ਲਈ ਟੈਸਟ ਕੀਤੇ ਗਏ ਨਮੂਨਿਆਂ ਵਿਚ ਵਾਇਰਸ ਦੇ ਨਵੇਂ ਸਰੂਪ ਦਾ ਪਤਾ ਲੱਗਿਆ ਹੈ। ਮੰਤਰਾਲੇ ਨੇ ਕਿਹਾ ਕਿ ਰਾਜ ਸਰਕਾਰਾਂ ਨੇ ਇਨ੍ਹਾਂ ਸਾਰੇ ਲੋਕਾਂ ਨੂੰ ਵੱਖੋ ਵੱਖਰੀਆਂ ਥਾਵਾਂ 'ਤੇ ਇਕਾਂਤਵਾਸ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਸੰਪਰਕ ਵਿਚ ਆਏ ਲੋਕਾਂ ਨੂੰ ਵੀ ਵੱਖਰੇ ਰਿਹਾਇਸ਼ੀ ਥਾਵਾਂ ਵਿਚ ਰੱਖਿਆ ਗਿਆ ਹੈ।

# ਛੱਬੀ ਜਨਵਰੀ ਨੇ ਮੋਦੀ ਨੂੰ 'ਵਖਤ' ਪਾਇਆ

*(ਸਫਾ ਇਕ ਦੀ ਬਾਕੀ)*

ਰਣਨੀਤੀ ਤੋਂ ਪਿੱਛੇ ਹਟਣ ਲੱਗੀ ਹੈ।

ਪੰਜਾਬ ਤੋਂ ਸ਼ੁਰੂ ਹੋਇਆ ਇਹ ਸੰਘਰਸ਼ ਹੁਣ ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ, ਉਤਰਾਖੰਡ, ਮਹਾਰਾਸ਼ਟਰ ਤੇ ਹੋਰ ਸੂਬਿਆਂ ਵਿਚ ਫੈਲ ਚੁੱਕਿਆ ਹੈ। ਇਥੋਂ ਤੱਕ ਕਿ ਬਿਹਾਰ, ਜਿਥੇ ਪਹਿਲਾਂ ਹੀ ਮੰਡੀਆਂ ਦਾ ਭੋਗ ਪਾਇਆ ਜਾ ਚੁੱਕਿਆ ਹੈ, ਵੀ ਸੰਘਰਸ਼ ਵਿਚ ਆਣ ਕੁੱਦਿਆ ਹੈ। ਸਮਾਜ ਸੇਵੀ ਅੰਨਾ ਹਜ਼ਾਰੇ ਵੱਲੋਂ ਕਿਸਾਨਾਂ ਦੇ ਸਮਰਥਨ ਵਿਚ ਭੁੱਖ ਹੜਤਾਲ ਦੀ ਧਮਕੀ ਵੀ ਸਰਕਾਰ ਨੂੰ ਕੰਬਣੀ ਛੇੜੀ ਰਹੀ ਹੈ। ਇਥੋਂ ਤੱਕ ਕਿ ਕਲਕੱਤਾ ਦੀ ਜੇਲ੍ਹ ਵਿਚ ਸਿਆਸੀ ਕੈਦੀਆਂ ਨੇ ਕਿਸਾਨਾਂ ਦੇ ਹੱਕ ਵਿਚ ਭੁੱਖ ਹੜਤਾਲ ਕਰਕੇ ਸਖਤ ਸੁਨੇਹਾ ਦਿੱਤਾ ਹੈ। 30 ਦਸੰਬਰ ਤੋਂ ਵਿਦੇਸ਼ਾਂ ਤੋਂ ਐਨ.ਆਰ.ਆਈ. ਵੀ ਕਿਸਾਨਾਂ ਦੇ ਹੱਕ ਵਿਚ ਭਾਰਤ ਪੁੱਜਣ ਲੱਗੇ ਹਨ। ਸਿਆਸੀ ਮਾਹਰ ਹੁਣ ਇਹ ਗੱਲ ਖੁੱਲ੍ਹ ਕੇ ਆਖਣ ਲੱਗੇ ਹਨ ਕਿ ਸਰਕਾਰ ਹੁਣ ਸਿਰਫ ਹੱਥ ਪੈਰ ਮਾਰ ਰਹੀ ਹੈ, ਕਿਸਾਨਾਂ ਦੀਆਂ ਮੰਗਾਂ ਮੰਨਣ ਦੇ ਸਿਵਾਏ ਉਸ ਕੋਲ ਹੋਰ ਕੋਈ ਚਾਰਾ ਨਹੀਂ ਹੈ।

ਅਸਲ ਵਿਚ, ਪਹਿਲਾਂ ਸਰਕਾਰ ਨੇ ਇਸ ਅੰਦੋਲਨ ਦੀ ਅਣਦੇਖੀ ਕੀਤੀ ਪਰ ਬਾਅਦ ਵਿਚ ਇਸ ਦੀ ਤਪਸ਼ ਦਾ ਸੇਕ ਮਹਿਸੂਸ ਹੋਇਆ। ਅੰਦੋਲਨ ਨੂੰ ਉਹ ਆਪਣੇ ਢੰਗ-ਤਰੀਕੇ ਨਾਲ ਨਜਿੱਠਣ ਦੇ ਯਤਨਾਂ ਵਿਚ ਲੱਗੀ ਰਹੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨ ਅੰਦੋਲਨ ਨੂੰ ਅਣਗੌਲਿਆ ਕਰ ਕੇ ਕੇਂਦਰ ਵੱਲੋਂ ਬਣਾਏ ਖੇਤੀ ਕਾਨੂੰਨਾਂ ਨੂੰ ਕਿਸਾਨ ਤੇ ਖੇਤੀ ਦੀ ਖੁਸ਼ਹਾਲੀ ਦੇ ਲਾਈਸੈਂਸ ਵਾਂਗ ਪੇਸ਼ ਕਰਦੇ ਰਹੇ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਗੱਲਬਾਤ ਕਰਨ ਦੀ ਥਾਂ ਇਹ ਦੋਸ਼ ਲਾਉਂਦੇ ਰਹੇ ਕਿ ਇਹ ਸਿਆਸੀ ਵਿਰੋਧੀਆਂ ਵੱਲੋਂ ਪੈਦਾ ਕੀਤਾ ਗਿਆ ਅੰਦੋਲਨ ਹੈ। ਟੀ.ਵੀ. ਚੈਨਲਾਂ ਉਤੇ ਆਉਣ ਵਾਲੇ ਭਾਜਪਾ ਦੇ ਬੁਲਾਰੇ ਇਹ ਕਹਿ ਰਹੇ ਹਨ ਕਿ ਅੰਦੋਲਨਕਾਰੀ ਕਿਸਾਨ ਦੋ ਫੀਸਦੀ ਵੀ ਨਹੀਂ ਹਨ ਜਦਕਿ ਦੇਸ਼ ਦੇ ਕਰੋੜਾਂ ਕਿਸਾਨ ਕਾਨੂੰਨਾਂ ਦੇ ਪੱਖ ਵਿਚ ਹਨ, ਪਰ ਸਰਕਾਰ ਦਾ ਕੋਈ ਵੀ ਹੀਲਾ ਕੰਮ ਨਾ ਆਇਆ। ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀ ਚਾਲ ਦਾ ਜਵਾਬ ਠਰ੍ਹੰਮੇ ਨਾ ਦਿੱਤਾ। ਅਖੀਰ ਵਿਚ ਕੇਂਦਰ ਸਰਕਾਰ ਨੂੰ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਸ਼ੁਰੂ ਕਰਨੀ ਪਈ।

ਹੁਣ ਤੱਕ ਦੋਵਾਂ ਧਿਰਾਂ ਵਿਚਕਾਰ ਅੱਧੀ ਦਰਜਨ ਤੋਂ ਵੱਧ ਗੇੜਾਂ ਦੀ ਗੱਲਬਾਤ ਹੋ ਚੁੱਕੀ ਹੈ। ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਵਿਚ ਅਜਿਹੀਆਂ ਸੋਧਾਂ ਕਰਨ ਦਾ ਐਲਾਨ ਕਰਨਾ ਪਿਆ ਜੋ ਕੁਝ ਕਿਸਾਨ ਜਥੇਬੰਦੀਆਂ ਨੇ ਗੱਲਬਾਤ ਦੌਰਾਨ ਉਠਾਈਆਂ ਸਨ। ਘੱਟੋ-ਘੱਟ ਸਮਰਥਨ ਮੁੱਲ, ਪਹਿਲਾਂ ਵਾਂਗ ਹੀ ਮੰਡੀਕਰਨ ਜਾਰੀ ਰੱਖਣ, ਰਾਜ ਸਰਕਾਰ ਵਲੋਂ ਬਣਾਏ ਗਏ ਮੰਡੀ ਪ੍ਰਬੰਧ ਨੂੰ ਨਾ ਛੇੜਨ ਅਤੇ ਖੁੱਲ੍ਹੀ ਮੰਡੀ ਵਿਚ ਰਾਜ ਸਰਕਾਰ ਵਲੋਂ ਆਪਣੀ ਮੰਡੀ ਅਨੁਸਾਰ ਟੈਕਸ ਲਾਏ ਜਾਣ, ਜਿਸ ਨਾਲ ਫਸਲ ਦੇ ਭਾਅ ਵਿਚ ਨਾਬਰਾਬਰੀ ਨਾ ਰਹੇ, ਵਰਗੀਆਂ ਮੰਗਾਂ ਦਾ ਪ੍ਰਸਤਾਵ ਸਰਕਾਰ ਵਲੋਂ ਪੇਸ਼ ਕੀਤਾ ਗਿਆ। ਪਰ ਸਰਕਾਰ ਹੱਥੋਂ ਸਮਾਂ ਨਿਕਲ ਗਿਆ ਹੈ ਤੇ ਸੋਧਾਂ ਦੀ ਪੇਸ਼ਕਸ਼ ਨੂੰ ਜਥੇਬੰਦੀਆਂ ਸ਼ੱਕ ਦੇ ਨਿਗ੍ਹਾ ਨਾਲ ਵੇਖਣ ਲੱਗੀਆਂ। ਗੱਲ ਕਾਨੂੰਨਾਂ ਦੇ ਪੱਕੇ ਨਬੇੜੇ (ਰੱਦ) ਉਤੇ ਆ ਗਈ। ਅਸਲ ਵਿਚ, ਸਰਕਾਰ ਲੋਕਾਂ ਲਹਿਰਾਂ ਨੂੰ ਦਬਾਉਣ ਵਾਲੇ ਆਪਣੇ ਪਿਛਲੇ ਤਜਰਬਿਆਂ ਉਤੇ ਹੀ ਫੜ੍ਹਾਂ ਮਾਰਦੀ ਰਹੀ ਪਰ ਇਸ ਵਾਰ ਉਸ ਦਾ ਵਾਹ ਪੰਜਾਬੀਆਂ ਨਾਲ ਪੈ ਗਿਆ।

ਕੜਾਕੇ ਦੀ ਠੰਢ, ਧੁੰਦ ਅਤੇ ਖਰਾਬ ਮੌਸਮ ਦਰਮਿਆਨ ਸੜਕ ਉਤੇ ਟਰੈਕਟਰ-ਟਰਾਲੀਆਂ ਦੇ ਅੰਦਰ ਕਿਸਾਨਾਂ ਦਾ ਧਰਨੇ 'ਤੇ ਡਟੇ ਰਹਿਣਾ ਸਾਰਿਆਂ ਨੂੰ ਹੈਰਾਨ ਕਰ ਰਿਹਾ ਹੈ। ਆਮ ਤੌਰ 'ਤੇ ਸਰਕਾਰਾਂ ਦਾ ਹਰ ਅੰਦੋਲਨ ਪ੍ਰਤੀ ਹਮੇਸ਼ਾ ਇਹੀ ਰਵੱਈਆ ਰਹਿੰਦਾ ਹੈ ਕਿ ਅੰਦੋਲਨਕਾਰੀਆਂ ਦੀਆਂ ਮੰਗਾਂ ਨੂੰ ਲਟਕਾਇਆ ਜਾਵੇ, ਉਨ੍ਹਾਂ ਨੂੰ ਥਕਾਇਆ ਜਾਵੇ ਤੇ ਉਹ ਆਪਣੇ ਆਪ ਹੀ ਹਾਰ-ਥੱਕ ਕੇ ਵਾਪਸ ਮੁੜ ਜਾਣ। ਕਿਸਾਨ ਅੰਦੋਲਨ ਦੇ ਨਾਲ ਵੀ ਕੁਝ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਕਿਸਾਨ ਕਰੀਬ 6 ਮਹੀਨਿਆਂ ਦਾ ਰਾਸ਼ਨ ਲੈ ਕੇ ਆਏ ਹਨ ਅਤੇ ਲੰਬੇ ਸਮੇਂ ਤੱਕ ਸੰਘਰਸ਼ ਕਰਨ ਦੇ ਰੌਂਅ ਵਿਚ ਹਨ। ਹਰਿਆਣਾ ਭਾਜਪਾ ਨੇ ਕਿਸਾਨ ਅੰਦੋਲਨ ਵਿਚ ਪੰਜਾਬ ਤੇ ਹਰਿਆਣੇ ਦੀ ਇਕਜੁੱਟਤਾ ਤੋੜਨ ਲਈ ਸਤਲੁਜ-ਯਮੁਨਾ ਸੰਪਰਕ ਨਹਿਰ ਦਾ ਮੁੱਦਾ ਕਾਫੀ ਜ਼ੋਰ-ਸ਼ੋਰ ਨਾਲ ਚੁੱਕਿਆ ਜਾ ਰਿਹਾ ਹੈ ਪਰ ਇਹ ਫਾਰਮੂਲਾ ਵੀ ਕੰਮ ਨਾ ਆਇਆ।

ਅਸਲ ਵਿਚ, ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਪੂਰੇ ਮੁਲਕ ਦੇ ਕਿਸਾਨਾਂ ਦੇ ਕੰਨੀ ਇਹ ਗੱਲ ਪਾਉਣ ਵਿਚ ਸਫਲ ਰਹੀਆਂ ਹਨ ਕਿ ਇਨ੍ਹਾਂ ਕਾਨੂੰਨਾਂ ਨੇ ਉਨ੍ਹਾਂ ਕਿਸਾਨਾਂ 'ਤੇ ਵੱਡੀ ਸੱਟ ਮਾਰਨੀ ਹੈ ਜਿਹੜੇ ਸਰਕਾਰੀ ਮੰਡੀਆਂ ਨਾਲ ਜੁੜੇ ਹੋਏ ਅਤੇ ਜਿਨ੍ਹਾਂ ਨੂੰ ਕਣਕ ਤੇ ਝੋਨੇ ਦੀ ਜਿਣਸ ਲਈ ਘੱਟੋ-ਘੱਟ ਸਮਰਥਨ ਮੁੱਲ ਮਿਲਦਾ ਰਿਹਾ ਹੈ। ਉਦਾਹਰਨ ਦੇ ਤੌਰ 'ਤੇ ਬਿਹਾਰ ਵਿਚ ਸਰਕਾਰੀ ਖੇਤੀ ਮੰਡੀਆਂ 2006 ਤੋਂ ਖਤਮ ਕਰ ਦਿੱਤੀਆਂ ਗਈਆਂ। ਕਿਸਾਨਾਂ ਦੇ ਚੰਗੀ ਤਰ੍ਹਾਂ ਜਥੇਬੰਦ ਨਾ ਹੋਣ ਕਾਰਨ ਬਿਹਾਰ ਸਰਕਾਰ ਦੀ ਅਜਿਹੀ ਪਹਿਲਕਦਮੀ ਦਾ ਵੱਡੇ ਪੱਧਰ 'ਤੇ ਵਿਰੋਧ ਨਾ ਹੋਇਆ ਤੇ ਬਿਹਾਰ ਦੇ ਕਿਸਾਨਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ; ਉਨ੍ਹਾਂ ਦੀਆਂ ਫਸਲਾਂ ਸਮਰਥਨ ਮੁੱਲ ਤੋਂ ਕਿਤੇ ਘੱਟ ਮੁੱਲ 'ਤੇ ਵਿਕਦੀਆਂ ਰਹੀਆਂ ਹਨ।

ਕੇਂਦਰੀ ਸਰਕਾਰ ਇਹ ਪ੍ਰਚਾਰ ਵੀ ਕਰ ਰਹੀ ਹੈ ਕਿ ਇਹ ਕਾਨੂੰਨ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਗੇ। ਇਹ ਵਾਅਦਾ ਦੋ ਸਾਲ ਪਹਿਲਾਂ ਕੀਤਾ ਗਿਆ ਸੀ। ਪੰਜ ਸਾਲਾਂ ਵਿਚ ਆਮਦਨ ਦੁੱਗਣੀ ਕਰਨ ਲਈ ਖੇਤੀ ਤੋਂ ਆਮਦਨ ਵਧਣ ਦੀ ਦਰ 14 ਫੀਸਦੀ ਸਾਲਾਨਾ ਚਾਹੀਦੀ ਹੈ ਜਦੋਂਕਿ ਮੌਜੂਦਾ ਦਰ 3 ਤੋਂ 4 ਫੀਸਦੀ ਵਿਚਕਾਰ ਹੈ। ਇਸ ਦੇ ਨਾਲ ਨਾਲ ਬਹੁਤ ਸਾਰੀਆਂ ਜਿਣਸਾਂ ਦੀ ਕੀਮਤ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਮਿਲਦੀ ਹੈ ਜਦੋਂ ਕਿ ਖੇਤੀ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਜਿਨ੍ਹਾਂ ਵਿਚੋਂ ਡੀਜਲ ਅਤੇ ਖਾਦਾਂ ਮੁੱਖ ਹਨ, ਦੀ ਕੀਮਤ ਲਗਾਤਾਰ ਵਧਦੀ ਜਾ ਰਹੀ ਹੈ। ਇਹ ਗੱਲ ਹੁਣ ਦੇਸ਼ ਦੇ ਹਰ ਕਿਸਾਨ ਦੇ ਪੱਲੇ ਪੈ ਗਈ ਹੈ ਤੇ ਇਸ ਸੰਘਰਸ਼ ਦੀ ਸਫਲਤਾ ਦੀ ਨੀਂਹ ਵੀ ਇਸੇ ਸਮਝ ਉਤੇ ਬੱਝੀ ਹੈ।

## ਨੋਬੇਲ ਜੇਤੂ ਅਮ੍ਰਤਿਆ ਸੇਨ ਵੱਲੋਂ ਕਿਸਾਨ ਸੰਘਰਸ਼ ਦੀ ਹਮਾਇਤ

**ਕੋਲਕਾਤਾ:** ਨੋਬੇਲ ਪੁਰਸਕਾਰ ਜੇਤੂ ਅਮ੍ਰਤਿਆ ਸੇਨ ਨੇ ਮੁਲਕ ਵਿਚ ਬਹਿਸ ਤੇ ਅਸਹਿਮਤੀ ਲਈ 'ਸੁੰਗੜਦੇ ਦਾਇਰੇ' ਉਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਦੇਸ਼ ਵਿਚ ਲੋਕਾਂ ਨੂੰ ਬਿਨਾਂ ਸੁਣਵਾਈ ਜੇਲ੍ਹ ਵਿਚ ਸੁੱਟਿਆ ਜਾ ਰਿਹਾ ਹੈ। ਇਕਪਾਸੜ ਢੰਗ ਨਾਲ ਦੇਸ਼ਧ੍ਰੋਹ ਦੇ ਦੋਸ਼ ਮੜ੍ਹੇ ਜਾ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਾਂਗਰਸਮੈਨ ਐਰਿਕ ਸਵੈਲਵੈੱਲ ਨੇ ਜੂਝ ਰਹੇ ਕਿਸਾਨਾਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ

**ਸੈਕਰਾਮੈਂਟੋ:** ਕੈਲੀਫੋਰਨੀਆ ਤੋਂ 15ਵੇਂ ਡਿਸਟ੍ਰਿਕਟ ਤੋਂ ਕਾਂਗਰਸਮੈਨ ਅਤੇ ਡੈਮੋਕਰੈਟਿਕ ਪਾਰਟੀ ਦੇ ਆਗੂ ਐਰਿਕ ਮਾਈਕਲ ਸਵੈਲਵੈੱਲ ਨੇ ਭਾਰਤ ਵਿਚ ਆਪਣੇ ਹੱਕਾਂ ਲਈ ਜੂਝ ਰਹੇ



ਕਿਸਾਨਾਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ ਹੈ। ਉਨ੍ਹਾਂ ਨੇ ਟਵਿੱਟਰ 'ਤੇ ਟਵੀਟ ਕੀਤਾ ਹੈ, "ਸੰਸਾਰ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਜਮਹੂਰੀਅਤ ਦੀ ਕਿਸਾਨੀ, ਅਤੇ ਸ਼ਾਂਤਮਈ ਵਿਰੋਧ ਨਾਲ ਮਾਣਮੱਤੀ ਸਾਂਝ ਰਹੀ ਹੈ। ਮੈਂ ਆਪਣੇ ਭਾਰਤੀ-ਅਮਰੀਕੀ ਸਾਥੀਆਂ ਦੇ ਸਰੋਕਾਰਾਂ ਦਾ ਸਮਰਥਨ ਕਰਦਾ ਹਾਂ ਜਿਹੜੇ ਭਾਰਤ ਵਿਚ ਖੇਤੀ ਨਾਲ ਸਬੰਧਤ ਰੁਜ਼ਗਾਰ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਨ। ਆਸ ਕਰਦਾ ਹਾਂ ਕਿ ਕਾਨੂੰਨਸਾਜ਼ ਅਤੇ ਕਿਸਾਨ ਖੁਸ਼ਹਾਲੀ ਖਾਤਰ ਇਕੱਠੇ ਚੱਲ ਸਕਣਗੇ।"

ਯਾਦ ਰਹੇ ਕਿ ਭਾਰਤ, ਖਾਸ ਕਰ ਕੇ ਪੰਜਾਬ ਦੇ ਕਿਸਾਨ ਪਿਛਲੇ ਕਈ ਮਹੀਨਿਆਂ ਤੋਂ ਭਾਰਤ ਸਰਕਾਰ ਵੱਲੋਂ ਬਣਾਏ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਜੂਝ ਰਹੇ ਹਨ। ਪਹਿਲਾਂ-ਪਹਿਲ ਕਿਸਾਨਾਂ ਦਾ ਇਹ ਅੰਦੋਲਨ ਪੰਜਾਬ ਵਿਚ ਆਰੰਭ ਹੋਇਆ ਸੀ ਪਰ ਹੌਲੀ-ਹੌਲੀ ਹਰਿਆਣਾ, ਉਤਰ ਪ੍ਰਦੇਸ਼ ਦੇ ਪੱਛਮੀ ਖਿੱਤੇ, ਰਾਜਸਥਾਨ ਅਤੇ ਦੇਸ਼ ਦੇ ਹੋਰ ਸੂਬਿਆਂ ਵਿਚ ਫੈਲ ਗਿਆ। ਅੱਜ ਦਿੱਲੀ ਨੂੰ ਜਾਂਦੇ ਪੰਜ ਮੁੱਖ ਮਾਰਗਾਂ ਉਤੇ ਵੱਖ-ਵੱਖ ਸੂਬਿਆਂ ਦੇ ਲੱਖਾਂ ਕਿਸਾਨ ਮੋਰਚਾ ਲਾਈ ਬੈਠੇ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਕਿਸਾਨਾਂ ਲਈ ਨਹੀਂ ਸਗੋਂ ਕਾਰਪੋਰੇਟਾਂ ਨੂੰ ਮੁਨਾਫਾ ਦਿਵਾਉਣ ਲਈ ਬਣਾਏ ਗਏ ਹਨ। ਇਨ੍ਹਾਂ ਨਾਲ ਕਿਸਾਨੀ ਤਾਂ ਸਗੋਂ ਹੋਰ ਸੰਕਟ ਵਿਚ ਘਿਰ ਜਾਵੇਗੀ। ਉਧਰ, ਭਾਰਤ ਸਰਕਾਰ ਲਗਾਤਾਰ ਪ੍ਰਚਾਰ ਕਰ ਰਹੀ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਫਾਇਦੇ ਲਈ ਹਨ, ਇਹ ਕਿਸੇ ਵੀ ਸੂਰਤ ਵਾਪਸ ਨਹੀਂ ਲਏ ਜਾਣਗੇ। ਕਾਂਗਰਸਮੈਨ ਐਰਿਕ ਸਵੈਲਵੈੱਲ ਨੇ ਆਸ ਪ੍ਰਗਟਾਈ ਹੈ ਕਿ ਭਾਰਤ ਸਰਕਾਰ ਅਤੇ ਅੰਦੋਲਨ ਕਰ ਰਹੇ ਕਿਸਾਨ ਇਸ ਮਸਲੇ ਦਾ ਹੱਲ ਕਰ ਲੈਣਗੇ ਅਤੇ ਖੁਸ਼ਹਾਲੀ ਦੇ ਰਾਹ ਪੈਣਗੇ।

## ਅਕਾਲੀ ਦਲ ਡੈਮੋਕ੍ਰੇਟਿਕ 'ਚ ਸ਼ਾਮਲ ਹੋਏ ਦਿੱਲੀ ਕਮੇਟੀ ਮੈਂਬਰ ਹਰਮਨਜੀਤ ਸਿੰਘ

**ਨਵੀਂ ਦਿੱਲੀ:** ਬੀਤੇ ਦਿਨੀਂ ਹੀ ਬਾਦਲ ਦਲ ਨੂੰ ਅਲਵਿਦਾ ਆਖਣ ਵਾਲੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਹਰਮਨਜੀਤ ਸਿੰਘ (ਸ਼੍ਰੋਮਣੀ ਕਮੇਟੀ ਦੇ ਦਿੱਲੀ ਤੋਂ ਨਾਮਜ਼ਦ ਮੈਂਬਰ) ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ 'ਚ ਸ਼ਾਮਲ ਹੋ ਗਏ। ਢੀਂਡਸਾ ਨੇ ਹਰਮਨਜੀਤ ਸਿੰਘ ਦਾ ਪਾਰਟੀ 'ਚ ਸਵਾਗਤ ਕੀਤਾ, ਹਾਲਾਂਕਿ ਰਾਜਨੀਤਕ ਪਾਰਟੀ ਹੋਣ ਕਾਰਨ ਅਕਾਲੀ ਦਲ ਡੈਮੋਕ੍ਰੇਟਿਕ ਧਾਰਮਿਕ ਚੋਣਾਂ 'ਚ ਹਿੱਸਾ ਨਹੀਂ ਲੈ ਸਕਦਾ ਪਰ ਢੀਂਡਸਾ ਵਲੋਂ ਬਾਦਲ ਦਲ ਨੂੰ ਹਰਾਉਣ ਲਈ ਅਗਲੇ ਸਾਲ ਹੋਣ ਵਾਲੀਆਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਾਸਤੇ 5 ਮੈਂਬਰੀ ਤਾਲਮੇਲ ਕਮੇਟੀ ਦਾ ਐਲਾਨ ਕੀਤਾ ਹੈ ਜੋ ਕਿ ਬਾਦਲ ਵਿਰੋਧੀ ਧਿਰਾਂ ਨਾਲ ਤਾਲਮੇਲ ਕਰਨ ਦੀ ਜ਼ਿੰਮੇਵਾਰੀ ਨਿਭਾਏਗੀ।

# ਖੇਤੀ ਕਾਨੂੰਨਾਂ ਨੂੰ ਅਦਾਲਤ 'ਚ ਚੁਣੌਤੀ

**ਨਵੀਂ ਦਿੱਲੀ:** ਖੇਤੀ ਸੁਧਾਰਾਂ ਨਾਲ ਸਬੰਧਤ ਵਿਵਾਦਤ ਕਾਨੂੰਨਾਂ ਦੀ ਸੰਵਿਧਾਨਕ ਮਾਨਤਾ ਨੂੰ ਚੁਣੌਤੀ ਦੇਣ ਵਾਲੀਆਂ ਅਪੀਲਾਂ 'ਚ ਧਿਰ ਬਣਨ ਲਈ ਭਾਰਤੀ ਕਿਸਾਨ ਯੂਨੀਅਨ (ਲੋਕ ਸ਼ਕਤੀ) ਨੇ ਸੁਪਰੀਮ ਕੋਰਟ 'ਚ ਅਰਜ਼ੀ ਦਾਇਰ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ (ਐਲ) ਨੇ ਆਪਣੀ ਅਪੀਲ 'ਚ ਦਾਅਵਾ ਕੀਤਾ ਹੈ ਕਿ ਨਵੇਂ ਖੇਤੀ ਕਾਨੂੰਨ ਕਾਰਪਰੇਟ ਸੰਸਾਰ ਨੂੰ ਹੁਲਾਰਾ ਦੇਣ ਵਾਲੇ ਹਨ ਤੇ ਕਿਸਾਨਾਂ ਦੇ ਹੱਕ 'ਚ ਨਹੀਂ ਹਨ। ਐਡਵੋਕੇਟ ਏਪੀ ਸਿੰਘ ਰਾਹੀਂ ਦਾਇਰ ਇਸ ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਇਹ ਕਾਨੂੰਨ ਗੈਰ-ਸੰਵਿਧਾਨਕ ਤੇ ਕਿਸਾਨ ਵਿਰੋਧੀ ਹਨ ਕਿਉਂਕਿ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਜਿਣਸ ਦਾ ਸਹੀ ਮੁੱਲ ਦਿਵਾਉਣ ਦੇ ਮਕਸਦ ਨਾਲ ਬਣੀ ਖੇਤੀ ਜਿਣਸ ਮਾਰਕੀਟ ਕਮੇਟੀ ਦੀ ਪ੍ਰਣਾਲੀ ਨਵੇਂ ਕਾਨੂੰਨ ਅਮਲ 'ਚ ਆਉਣ ਮਗਰੋਂ ਖ਼ਤਮ ਹੋ ਜਾਵੇਗੀ। ਅਰਜ਼ੀ 'ਚ ਖ਼ਦਸ਼ਾ ਪ੍ਰਗਟਾਇਆ ਗਿਆ ਹੈ, 'ਇਨ੍ਹਾਂ ਨਾਲ ਖੇਤੀ ਜਿਣਸ ਮਾਰਕੀਟ ਕਮੇਟੀ 'ਤੇ ਕਾਰਪੋਰੇਟਾਂ ਦਾ ਕਬਜ਼ਾ ਹੋ ਜਾਵੇਗਾ ਅਤੇ ਉਹ ਕਿਸਾਨਾਂ ਦੀ ਜਿਣਸ ਦੀਆਂ ਕੀਮਤਾਂ ਮਨਮਰਜ਼ੀ ਨਾਲ ਘੱਟ-ਵੱਧ ਕਰਨਗੇ।'

## ਟਿਕਰੀ ਬਾਰਡਰ 'ਤੇ ਧਰਨੇ 'ਚ ਸ਼ਾਮਲ ਵਕੀਲ ਵੱਲੋਂ ਖੁਦਕੁਸ਼ੀ

**ਜਲਾਲਾਬਾਦ:** ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ 'ਚ ਸ਼ਾਮਲ ਜਲਾਲਾਬਾਦ ਬਾਰ ਐਸੋਸੀਏਸ਼ਨ ਦੇ ਮੈਂਬਰ ਤੇ ਸੀਨੀਅਰ ਵਕੀਲ ਅਮਰਜੀਤ ਸਿੰਘ ਰਾਏ ਨੇ ਟਿਕਰੀ ਬਾਰਡਰ 'ਤੇ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ। ਸ੍ਰੀ ਰਾਏ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਇਕ ਖੁਦਕੁਸ਼ੀ ਨੋਟ ਵੀ ਲਿਖ ਕੇ ਪਿੱਛੇ ਛੱਡਿਆ ਹੈ। ਸ੍ਰੀ ਰਾਏ ਪਿਛਲੇ ਕਰੀਬ 12 ਦਿਨਾਂ ਤੋਂ ਦਿੱਲੀ ਦੇ ਟਿਕਰੀ ਬਾਰਡਰ 'ਤੇ ਕਿਸਾਨਾਂ ਵਲੋਂ ਦਿੱਤੇ ਜਾ ਰਹੇ ਧਰਨੇ 'ਚ ਆਪਣੀ ਸ਼ਮੂਲੀਅਤ ਦਰਜ ਕਰਵਾ ਰਹੇ ਸਨ।

# Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

### ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

*Visit us on the web:*
***www.punjabtimesusa.com***


**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker) Kamaljeet Kaur (Realtor/Broker)
**Ph: 317-809-1818** **Ph: 317-909-9295**
midlandrealtygroup@yahoo.com kahlonkamaljeet@gmail.com



*Kamaljeet Kaur*

*Mortgage rates available from 2.1% to 3%*

**Midland Realty Group-Company You Trust**



**Legacy Homes Intl.**

**ਇੰਡੀਆਨਾ ਵਿਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ**

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

**Contact me today to BUY/SELL/INVEST in Indiana.s**

**Ph: (317) 670-1055**

Beenu.sikand@gmail.com
www.LegacyHomesInternational.com
*Successfully Selling Real Estate for 17 Years!*



*Beenu Sikand*
*Broker Owner,*
*Realtor, CRS, MBA*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

**ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ**

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

***Grand Opening***
***Special Price for Truck Wash***

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਮੋਦੀ ਦੀ ਤਕਰੀਰ ਕਿਸਾਨਾਂ ’ਚ ‘ਵੰਡੀਆਂ ਤੇ ਕੁਰਾਹੇ’ ਪਾਉਣ ਦਾ ਯਤਨ ਕਰਾਰ

**ਨਵੀਂ ਦਿੱਲੀ:** ਤਿੰਨ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਕਿਸਾਨ ਯੂਨੀਅਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਕਰੀਰ ਨੂੰ ਕਿਸਾਨਾਂ ‘ਚ ‘ਵੰਡੀਆਂ ਤੇ ਕੁਰਾਹੇ’ ਪਾਉਣ ਦਾ ਯਤਨ ਕਰਾਰ ਦਿੱਤਾ ਹੈ। ਕਿਸਾਨ ਆਗੂਆਂ ਨੇ ਸਾਫ ਕਰ ਦਿੱਤਾ ਕਿ ਉਹ ਨਵੇਂ ਖੇਤੀ ਕਾਨੂੰਨ ਰੱਦ ਕਰਨ ਦੇ ਨਾਲ ਨਾਲ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਚਾਹੁੰਦੇ ਹਨ।

ਚੇਤੇ ਰਹੇ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਛੇ ਰਾਜਾਂ ਦੇ ਕਿਸਾਨਾਂ ਦੇ ਰੂਬਰੂ ਹੁੰਦਿਆਂ ਦਾਅਵਾ ਕੀਤਾ ਸੀ ਕਿ ਕੁਝ ਸਿਆਸੀ ਵਿਰੋਧੀ ਆਪਣੇ ਨਿੱਜੀ ਏਜੰਡਿਆਂ ਦੀ ਪੂਰਤੀ ਲਈ ਕਿਸਾਨ ਅੰਦੋਲਨ ਦੀ ਦੁਰਵਰਤੋਂ ਕਰ ਰਹੇ ਹਨ।

ਕਿਸਾਨ ਆਗੂ ਅਭਿਮੰਨਿਊ ਕੋਹਾਰ ਨੇ ਦੋਸ਼ ਲਾਇਆ ਕਿ ਸਰਕਾਰ ਅੰਦੋਲਨ ਨੂੰ ਜਾਣਬੁਝ ਕੇ ਕਿਸੇ ਹੋਰ ਪਾਸੇ ਲਿਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨਾਂ ਕਿਸੇ ਵੀ ਸਿਆਸੀ ਪਾਰਟੀ ਨੂੰ ਆਪਣਾ ਮੰਚ ਵਰਤਣ ਦੀ ਇਜਾਜ਼ਤ ਨਹੀਂ



ਦਿੰਦੀਆਂ। ਪ੍ਰਧਾਨ ਮੰਤਰੀ ਝੂਠ ਬੋਲ ਰਹੇ ਹਨ ਅਤੇ ਦਿੱਲੀ ਦੀ ਸਰਹੱਦ ‘ਤੇ ਪ੍ਰਦਰਸ਼ਨ ਕਰਦਿਆਂ ਇਕ ਮਹੀਨਾ ਹੋ ਗਿਆ ਹੈ ਪਰ ਕਿਸਾਨਾਂ ਨੇ ਕਿਸੇ ਵੀ ਸਿਆਸਤਦਾਨ ਨੂੰ ਆਪਣਾ ਮੰਚ ਵਰਤਣ ਦੀ ਪੇਸ਼ਕਸ਼ ਨਹੀਂ ਕੀਤੀ ਹੈ ਸਗੋਂ ਉਨ੍ਹਾਂ ਸਿਆਸੀ ਪਾਰਟੀਆਂ ‘ਤੇ ਪਾਬੰਦੀ ਲਾਈ ਹੋਈ ਹੈ ਅਤੇ ਇਹ ਕੋਈ ਸਿਆਸੀ ਅੰਦੋਲਨ ਨਹੀਂ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਦੌਰਾਨ ਦਾਅਵਾ ਕੀਤਾ ਕਿ ਖੇਤੀ ਕਾਨੂੰਨ ਕਿਸਾਨਾਂ ਲਈ ਲਾਹੇਵੰਦ ਹਨ ਪਰ ਉਨ੍ਹਾਂ ਇਹ ਚਾਨਣਾ ਨਹੀਂ ਪਾਇਆ ਕਿ ਨਵੇਂ ਕਾਨੂੰਨ ਕਿਸਾਨਾਂ ਲਈ ਕਿਵੇਂ ਲਾਹੇਵੰਦ ਹੋਣਗੇ।

ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਸ਼ਿਵ ਕੁਮਾਰ ਕੱਕਾ ਨੇ ਕਿਹਾ ਕਿ ਚੋਣ ਰੈਲੀਆਂ ਦੌਰਾਨ ਪ੍ਰਧਾਨ ਮੰਤਰੀ ਕਹਿੰਦੇ ਨਹੀਂ ਥੱਕਦੇ ਕਿ ਐਮ.ਐਸ.ਪੀ. ਬਰਕਰਾਰ ਰਹੇਗੀ। ‘ਫਿਰ ਉਹ ਇਸ ਨੂੰ ਕਾਨੂੰਨੀ ਗਾਰੰਟੀ ਦੇਣ ਤੋਂ ਕਿਉਂ ਡਰਦੇ ਹਨ? ਸਰਕਾਰ ਇਸ ਬਾਰੇ ਲਿਖਤ ’ਚ ਕਿਉਂ ਨਹੀਂ ਦਿੰਦੀ।’ ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਦੌਰਾਨ ਕਿਸਾਨਾਂ ਨੂੰ ਵੰਡਣ ਅਤੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ‘ਚੋਣ ਰੈਲੀਆਂ ’ਚ ਉਹ ਆਖਦੇ ਹਨ ਕਿ ਉਨ੍ਹਾਂ ਦੀ ਸਰਕਾਰ ਨੇ ਐਮ ਐਸ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਐਮ.ਐਸ.ਪੀ. ਮਿਥੀ ਹੈ ਪਰ ਅਦਾਲਤ ’ਚ ਉਹ ਆਖਦੇ ਨੇ ਅਜਿਹਾ ਕਰਨਾ ਸੰਭਵ ਨਹੀਂ ਹੈ।’ ਆਲ ਇੰਡੀਆ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੇ ਸਕੱਤਰ ਅਵਿਕ ਸਾਹਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਛੇ ਰਾਜਾਂ ਦੇ ਕਿਸਾਨਾਂ ਨੂੰ ਸੰਬੋਧਨ ਕੀਤਾ, ਪਰ ਹੈਰਾਨੀ ਹੁੰਦੀ ਹੈ ਕਿ ਉਹ ਸੰਘਰਸ਼ਸ਼ੀਲ ਕਿਸਾਨਾਂ ਦੇ ਮੁੱਦਿਆਂ ਨੂੰ ਮੁਖਾਤਬ ਕਿਉਂ ਨਹੀਂ ਹੁੰਦੇ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਨੇ ਕਿਹਾ ਕਿ ਸਰਕਾਰ ਦਾ ਇਹ ਦਾਅਵਾ ਨਿਰਾ ‘ਝੂਠ’ ਹੈ ਕਿ ਕੁਝ ਕਿਸਾਨ ਤਿੰਨ ਖੇਤੀ ਕਾਨੂੰਨਾਂ ਦੀ ਹਮਾਇਤ ਕਰਦੇ ਹਨ।

### ਮੋਦੀ ਦੇ ਹੁੰਦਿਆਂ ਕੋਈ ਜ਼ਮੀਨ ਨਹੀਂ ਖੋਹ ਸਕਦਾ: ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜਦੋਂ ਤੱਕ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਹਨ, ਉਦੋਂ ਤੱਕ ਕੋਈ ਵੀ ਕਾਰਪੋਰੇਟ ਘਰਾਣਾ ਕਿਸਾਨਾਂ ਦੀ ਜ਼ਮੀਨ ਨਹੀਂ ਖੋਹ ਸਕਦਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਘੱਟੋ-ਘੱਟ ਸਮਰਥਨ (ਐਮ.ਐਸ.ਪੀ.) ਜਾਰੀ ਰਹੇਗਾ ਅਤੇ ਮੰਡੀਆਂ ਬੰਦ ਨਹੀਂ ਹੋਣਗੀਆਂ। ਕੌਮੀ ਰਾਜਧਾਨੀ ਦੇ ਪਿੰਡ ਕਿਸ਼ਨਗੜ੍ਹ ਵਿਚ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ ਜੇਕਰ ਕਿਸਾਨ ਜਥੇਬੰਦੀਆਂ ਨੂੰ ਲੱਗਦਾ ਹੈ ਕਿ ਤਿੰਨ ਨਵੇਂ ਖੇਤੀ ਕਾਨੂੰਨ ਉਨ੍ਹਾਂ ਦੇ ਹਿੱਤਾਂ ਖਿਲਾਫ ਹਨ ਤਾਂ ਮੋਦੀ ਸਰਕਾਰ ਹਮੇਸ਼ਾ ਖੁੱਲ੍ਹੇ ਮਨ ਨਾਲ ਵਿਚਾਰ-ਚਰਚਾ ਕਰਨ ਲਈ ਤਿਆਰ ਹੈ।

# ਕੈਪਟਨ ਕਿਸਾਨਾਂ ਨੂੰ ਸ਼ਹਿਰੀ ਨਕਸਲੀ ਤੇ ਖਾਲਿਸਤਾਨੀ ਆਖਣ ‘ਤੇ ਭੜਕੇ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਸੰਘਰਸ਼ਸ਼ੀਲ ਕਿਸਾਨਾਂ ਖਿਲਾਫ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਨ ਦੀ ਨਿਖੇਧੀ ਕੀਤੀ ਹੈ। ਭਾਜਪਾ ‘ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਾਰਟੀ ਇਨਸਾਫ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ‘ਸ਼ਹਿਰੀ ਨਕਸਲੀ‘, ‘ਖਾਲਿਸਤਾਨੀ‘ ਅਤੇ ‘ਬਦਮਾਸ਼‘ ਜਿਹੇ ਨਾਵਾਂ ਨਾਲ ਸੰਬੋਧਨ ਕਰ ਕੇ ਬਦਨਾਮ ਕਰਨਾ ਬੰਦ ਕਰੇ।

ਉਨ੍ਹਾਂ ਕਿਹਾ ਕਿ ਜਿਹੜੀ ਪਾਰਟੀ ਜਮਹੂਰੀ ਅਧਿਕਾਰ ਦੀ ਵਰਤੋਂ ਕਰਨ ਵਾਲੇ ਨਾਗਰਿਕਾਂ ਨੂੰ ਨਕਸਲੀ ਅਤੇ ਅਤਿਵਾਦੀ ਦੱਸਦੀ ਹੋਵੇ, ਉਸ ਪਾਰਟੀ ਕੋਲ ਇਨ੍ਹਾਂ ਨਾਗਰਿਕਾਂ ‘ਤੇ ਸ਼ਾਸਨ ਕਰਨ ਦਾ ਵੀ ਕੋਈ ਹੱਕ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸੰਘਰਸ਼ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਖੇਤੀਬਾੜੀ ‘ਤੇ ਖਰੀ ਨਾ ਉਤਰਨ ਵਾਲੀ ਨੀਤੀ ਕਰ ਕੇ ਹੋ ਰਿਹਾ ਹੈ। ਉਨ੍ਹਾਂ ਦੁੱਖ ਜਾਹਿਰ ਕਰਦਿਆਂ ਕਿਹਾ ਕਿ ਭਾਜਪਾ ਅੰਨਦਾਤਿਆਂ ਦੀਆਂ ਦਲੀਲਾਂ ‘ਤੇ ਗੌਰ ਕਰਨ ਦੀ ਬਜਾਏ ਕਿਸਾਨਾਂ ਨੂੰ ਬੇਇੱਜਤ ਕਰ ਕੇ ਆਵਾਜ਼ ਦਬਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਦੇ ਕੁਝ ਨੇਤਾ ਕੂੜ ਪ੍ਰਚਾਰ ਕਰ ਕੇ ਕਿਸਾਨਾਂ ਦੇ ਵਿਰੋਧ ਨੂੰ ਦਬਾਉਣ ਦੀ ਕੋਸ਼ਿਸ਼



ਕਰ ਰਹੇ ਹਨ। ਭਾਜਪਾ ਨੇਤਾਵਾਂ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੰਜਾਬ ਦੀਆਂ ਗਤੀਵਿਧੀਆਂ ‘ਤੇ ਨਜ਼ਰ ਰੱਖਣ ਸਬੰਧੀ ਕੀਤੀ ਗਈ ਅਪੀਲ ‘ਤੇ ਵੀ ਮੁੱਖ ਮੰਤਰੀ ਨੇ ਭਾਜਪਾ ਆਗੂਆਂ ਦੀ ਤਿੱਖੀ ਆਲੋਚਨਾ ਕੀਤੀ। ਕੈਪਟਨ ਨੇ ਕਿਸਾਨਾਂ ਨੂੰ ਲੰਘੇ ਮਹੀਨਿਆਂ ਵਾਂਗ ਆਪਣਾ ਵਿਰੋਧ ਪ੍ਰਦਰਸ਼ਨ ਸ਼ਾਂਤਮਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਖੇਤੀਬਾੜੀ ਭਾਈਚਾਰੇ ਸਣੇ ਪੰਜਾਬ ਦੇ ਹਿੱਤ ਵਿੱਚ ਹੈ। ਉਨ੍ਹਾਂ ਕਿਹਾ ਕਿ ਦੂਰਸੰਚਾਰ ਸੇਵਾਵਾਂ ਵਿਚ ਵਿਘਨ ਨਾਲ ਬੱਚਿਆਂ ਦੀ ਪੜ੍ਹਾਈ ਤੇ ਹੋਰ ਜਰੂਰੀ ਕੰਮਾਂ ਵਿੱਚ ਰੁਕਾਵਟ ਪੈ ਰਹੀ ਹੈ। ਕੈਪਟਨ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿਚਲੀਆਂ ਵਿਰੋਧੀ ਪਾਰਟੀਆਂ ਅਤੇ ਭਾਜਪਾ ਦੀਆਂ ਭੜਕਾਊ ਕਾਰਵਾਈਆਂ ਵੱਲ ਧਿਆਨ ਨਾ ਦੇਣ ਕਿਉਂਕਿ ਉਨ੍ਹਾਂ ਦਾ ਇਕੋ-ਇਕ ਏਜੰਡਾ ਕੇਂਦਰ ਤੋਂ ਆਪਣੇ ਬਣਦੇ ਹੱਕ ਲੈਣ ਦੇ ਸੰਘਰਸ਼ ਵਿਚ ਅੜਿੱਕੇ ਪਾਉਣਾ ਹੈ।

# ਭਗਵੰਤ ਤੇ ਸੰਜੈ ਸਿੰਘ ਨੇ ਮੋਦੀ ਨੂੰ ਸੰਸਦ ਭਵਨ ‘ਚ ਘੇਰਿਆ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਤੇ ‘ਆਪ’ ਦੀ ਪੰਜਾਬ ਇਕਾਈ ਦੇ ਪ੍ਰਧਾਨ ਭਗਵੰਤ ਮਾਨ ਨੇ ਦਿੱਲੀ ਦੇ ‘ਆਪ’ ਸੰਸਦ ਮੈਂਬਰਾਂ ਨਾਲ ਸੰਸਦ ਭਵਨ ’ਚ ਉਦੋਂ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਹੋਰ ਸੰਸਦ ਮੈਂਬਰ ਪੰਡਿਤ ਮਦਨ ਮੋਹਨ ਮਾਲਵੀਆ ਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਰੀ ਵਾਜਪਾਈ ਨੂੰ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਸ਼ਰਧਾਂਜਲੀ ਭੇਟ ਕਰ ਰਹੇ ਸਨ। ‘ਆਪ’ ਆਗੂਆਂ ਨੇ ਖੇਤੀ ਕਾਨੂੰਨਾਂ ਖਿਲਾਫ ਨਾਅਰੇ ਲਿਖੇ ਪੋਸਟਰ ਵੀ ਫੜੇ ਹੋਏ ਸਨ।

ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਲੱਖਾਂ ਕਿਸਾਨ ਠੰਢ ਵਿਚ ਠਰ ਰਹੇ ਹਨ ਤੇ ਅੰਨਦਾਤਾ ਮਰ ਰਹੇ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਦੀ ਗੱਲ ਸੁਣਨ ਦੀ ਬੇਨਤੀ ਵੀ ਕੀਤੀ। ਪ੍ਰਧਾਨ ਮੰਤਰੀ ਜਦੋਂ ਅਟਲ ਬਿਹਾਰੀ ਵਾਜਪਾਈ ਬਾਰੇ ਕਿਤਾਬ ਰਿਲੀਜ਼ ਕਰਨ ਮਗਰੋਂ ਰਾਜ ਸਭਾ ‘ਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਤੇ ਅਧੀਰ ਰੰਜਨ ਚੌਧਰੀ ਨਾਲ ਗੱਲ ਕਰ ਰਹੇ ਸਨ ਤਾਂ ‘ਆਪ‘ ਦੇ ਦੋਵਾਂ ਸੰਸਦ ਮੈਂਬਰਾਂ ਨੇ ਖੇਤੀਬਾੜੀ ਕਾਨੂੰਨਾਂ ਖਿਲਾਫ ਆਵਾਜ਼ ਬੁਲੰਦ ਕੀਤੀ ਪਰ ਪ੍ਰਧਾਨ ਮੰਤਰੀ ਕੇਂਦਰੀ ਹਾਲ ਵਿਚੋਂ ਚੁਪਚਾਪ ਚਲੇ ਗਏ। ਇਸ ਮੌਕੇ ਸਮਾਜਵਾਦੀ ਪਾਰਟੀ ਆਗੂ ਮੁਲਾਇਮ ਸਿੰਘ ਯਾਦਵ ਤੇ ਚਿਰਾਗ ਪਾਸਵਾਨ ਵੀ ਹਾਜ਼ਰ ਸਨ। ਆਗੂਆਂ ਵੱਲੋਂ ਪਹਿਲਾਂ ਮਾਲਵੀਆ ਤੇ ਫਿਰ ਸ੍ਰੀ ਵਾਜਪਾਈ ਨੂੰ ਸ਼ਰਧਾ



ਭੇਟ ਕੀਤੀ। ਪ੍ਰਧਾਨ ਮੰਤਰੀ ਨੇ ਮਦਨ ਮੋਹਨ ਮਾਲਵੀਆ ਵੱਲੋਂ ਬਨਾਰਸ ਯੂਨੀਵਰਸਿਟੀ ਦੀ ਸਥਾਪਨਾ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ। ਭਗਵੰਤ ਮਾਨ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਦੇ ਕੰਨਾਂ ਤੱਕ ਕਿਸਾਨਾਂ ਦੀ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਹੰਕਾਰ ਵਿਚ ਉਨ੍ਹਾਂ ਦੀ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਤੇ ਉਥੋਂ ਚੱਲੇ ਗਏ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵਿਚ ਬੈਠੀ ਭਾਜਪਾ ਦੀ ਸਰਕਾਰ ਦੀ ਨੀਅਤ ਵਿਚ ਖੋਟ ਹੈ।

### ਮੋਦੀ ਨੂੰ ਕਿਸਾਨ ਮੁੱਦਾ ਹੱਲ ਕਰਨਾ ਪਵੇਗਾ: ਟਿਕੈਤ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੁਝ ਸੂਬਿਆਂ ਦੇ ਕਿਸਾਨਾਂ ਨੂੰ ਦਿੱਤੇ ਗਏ ਭਾਸ਼ਣ ਮਗਰੋਂ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਤਰਜਮਾਨ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਕਿਸਾਨਾਂ ਦੇ ਮਸਲੇ ਦਾ ਹੱਲ ਪ੍ਰਧਾਨ ਮੰਤਰੀ ਅਤੇ ਭਾਰਤ ਸਰਕਾਰ ਨੂੰ ਹੀ ਕਰਨਾ ਪਵੇਗਾ। ਉਨ੍ਹਾਂ ਕਿਹਾ,’’ਵਿਰੋਧੀ ਧਿਰ ਜਾਂ ਰਾਹੁਲ ਗਾਂਧੀ ਤੋਂ ਕਿਸਾਨਾਂ ਦੇ ਮਸਲੇ ਦੇ ਹੱਲ ਦੀ ਆਸ ਨਹੀਂ ਰੱਖ ਸਕਦੇ ਹਾਂ। ਕਿਸਾਨਾਂ ਨੂੰ ਅੰਦੋਲਨ ਕਰਦਿਆਂ ਇਕ ਮਹੀਨਾ ਹੋ ਗਿਆ ਹੈ ਅਤੇ ਉਹ ਵਾਪਸ ਨਹੀਂ ਪਰਤਣਗੇ। ਪਹਿਲਾਂ ਨਿੰਠ ਕੇ ਬੈਠੋ ਅਤੇ ਫਿਰ ਖੇਤੀ ਕਾਨੂੰਨ ਵਾਪਸ ਲੈ ਕੇ ਮਸਲੇ ਦਾ ਹੱਲ ਕੱਢੋ।“ ਟਿਕੈਤ ਨੇ ਕਿਹਾ ਕਿ ਕਿਸਾਨ ਖੇਤੀ ਕਾਨੂੰਨਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹਨ ਪਰ ਸਰਕਾਰ ਨੇ ਕਦੇ ਵੀ ਨਹੀਂ ਕਿਹਾ ਹੈ ਕਿ ਉਹ ਖੇਤੀ ਕਾਨੂੰਨ ਰੱਦ ਕਰੇਗੀ। ਉਨ੍ਹਾਂ ਕਿਹਾ ਕਿ ਕਿਸਾਨ ਗੱਲਬਾਤ ਲਈ ਵੀ ਤਿਆਰ ਹਨ ਪਰ ਸਰਕਾਰ ਸ਼ਰਤ ਰੱਖ ਰਹੀ ਹੈ ਕਿ ਉਹ ਵਿਵਾਦਤ ਕਾਨੂੰਨਾਂ ਨੂੰ ਰੱਦ ਨਹੀਂ ਕਰੇਗੀ।

# ਅਕਾਲੀ ਦਲ ਵੱਲੋਂ ਸੰਘੀ ਢਾਂਚੇ ਦੀ ਕਾਇਮੀ ਲਈ ਦੇਸ਼ ਵਿਆਪੀ ਮੁਹਿੰਮ ਦਾ ਹੋਕਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੇਸ਼ ਭਰ ਵਿਚ ਤਾਨਾਸ਼ਾਹੀ ਰੁਝਾਨਾਂ ਖਿਲਾਫ ਦੇਸ਼ ਵਿਆਪਕੀ ਇਕਜੁਟ ਲਹਿਰ ਚਲਾਉਣ ਦਾ ਸੱਦਾ ਦਿੱਤਾ ਅਤੇ ਆਖਿਆ ਕਿ ਦੇਸ਼ ਵਿਚ ਅਸਲ ਸੰਘੀ ਢਾਂਚਾ ਸਥਾਪਤ ਕਰਨ ਲਈ ਅਜਿਹੀ ਮੁਹਿੰਮ ਜ਼ਰੂਰੀ ਹੈ।

ਕਿਸਾਨ ਰੈਲੀ ਤੋਂ ਪਹਿਲਾਂ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਚੇਅਰਪਰਸਨ ਮਮਤਾ ਬੈਨਰਜੀ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਲਿਖੇ ਪੱਤਰ ਵਿਚ ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਅਤੇ ਪੱਛਮੀ ਬੰਗਾਲ ਨੇ ਹਮੇਸ਼ਾ ਰਾਜਾਂ ਲਈ ਸਹੀ ਵਿੱਤੀ ਤਾਕਤਾਂ ਤੇ ਸਿਆਸੀ ਖੁਦਮੁਖਤਿਆਰੀ ਦੀ ਲੜਾਈ ਲੜੀ ਹੈ ਤੇ ਸੂਬੇ ਮਜ਼ਬੂਤ ਹੋਣ ਦੀ ਬਦੌਲਤ ਭਾਰਤ ਇਕ ਮਜ਼ਬੂਤ ਸੰਘੀ ਰਾਜ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹ ਰਵਾਇਤ ਜਾਰੀ ਰੱਖਣੀ ਚਾਹੀਦੀ ਹੈ ਅਤੇ ਹਮਖਿਆਲੀ ਪਾਰਟੀਆਂ ਨੂੰ ਸੰਵਿਧਾਨ ਨਿਰਮਾਤਿਆਂ ਦੀਆਂ ਭਾਵਨਾਵਾਂ ਅਨੁਸਾਰ ਦੇਸ਼ ਵਿਚ ਸਹੀ ਸੰਘੀ ਢਾਂਚਾ ਸਥਾਪਿਤ ਕਰਨ ਵਾਸਤੇ ਸਟੈਂਡ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਉਹ ਰਾਜਾਂ ਦੀਆਂ ਸ਼ਕਤੀਆਂ ਕੇਂਦਰ ਵੱਲੋਂ ਆਨੇ-ਬਹਾਨੇ ਐਕਟ ਪਾਸ ਕਰ ਕੇ ਖੋਰਾ ਲੱਗਦੀਆਂ ਵੇਖੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਖੇਤੀਬਾੜੀ ਸਮੇਤ ਰਾਜ ਸੂਚੀ ਦੇ ਅਨੇਕਾਂ ਵਿਸ਼ਿਆਂ ‘ਤੇ ਕਾਨੂੰਨ ਬਣਾਏ ਹਨ, ਜਿਸ ਕਾਰਨ ਦੇਸ਼ ਵਿਚ ਮੌਜੂਦਾ ਸਮੇਂ ਵਿਚ ਕਿਸਾਨ ਅੰਦੋਲਨ ਚੱਲ ਰਿਹਾ ਹੈ। ਮਮਤਾ ਬੈਨਰਜੀ ਨੂੰ ਕਿਸਾਨੀ ਹੱਕਾਂ ਲਈ ਲੜਾਈ ਵਾਸਤੇ ਸ਼ੁਭਕਾਮਨਾਵਾਂ ਭੇਟ ਕਰਦਿਆਂ ਸਰਦਾਰ ਬਾਦਲ ਨੇ ਉਨ੍ਹਾਂ ਨੂੰ ਟੀ.ਐਮ.ਸੀ. ਦੇ



ਸੰਸਦ ਮੈਂਬਰਾਂ ਦੀ ਪੰਜ ਮੈਂਬਰੀ ਟੀਮ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਗੱਲਬਾਤ ਕਰਨ ਵਾਸਤੇ ਭੇਜਣ ਦੀ ਵਧਾਈ ਵੀ ਦਿੱਤੀ ਤੇ ਕਿਹਾ ਕਿ ਤੁਸੀਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਅਗਲੇ ਹਫਤੇ ਤੋਂ ਕਈ ਲੜੀਵਾਰ ਪ੍ਰੋਗਰਾਮ ਐਲਾਨ ਕੇ ਕਿਸਾਨ ਸੰਘਰਸ਼ ਨੂੰ ਮਜ਼ਬੂਤ ਕੀਤਾ ਹੈ। ਇਸ ਬਦੌਲਤ ਕਿਸਾਨ ਅੰਦੋਲਨ ਨੂੰ ਸਹੀ ਅਰਥਾਂ ਵਿਚ ਕਿਸਾਨ ਅੰਦੋਲਨ ਬਣਾਉਣ ਵਿਚ ਮਦਦ ਮਿਲੇਗੀ। ਸੁਖਬੀਰ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਰਾਜਾਂ ਤੇ ਰਾਜ ਸਰਕਾਰਾਂ ਨੂੰ ਵੱਧ ਅਧਿਕਾਰਾਂ ਦੀ ਵਕਾਲਤ ਕਰਦਾ ਰਿਹਾ ਹੈ ਕਿਉਂਕਿ ਕੇਂਦਰ ਸਰਕਾਰ ਨਾਲੋਂ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਵਿਚ ਰਾਜ ਸਰਕਾਰਾਂ ਜ਼ਿਆਦਾ ਸਰਗਰਮ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਕਿਸਾਨਾਂ ਵਾਸਤੇ ਤੇ ਸੰਘੀ ਢਾਂਚੇ ਦੇ ਹੱਕ ਵਿਚ ਵੱਧ ਚੜ੍ਹ ਕੇ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਤੁਹਾਡੇ ਵੱਲੋਂ ਕਿਸਾਨ ਸੰਘਰਸ਼ ਦੀ ਡਟਵੀਂ ਹਮਾਇਤ ਕਰਨ ਨਾਲ ਸਾਡੇ ਸਾਂਝੇ ਯਤਨ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਕਰ ਦੇਣਗੇ।

ਅਕਾਲੀ ਦਲ ਦੇ ਪ੍ਰਧਾਨ ਨੇ ਟੀ.ਐਮ.ਸੀ. ਆਗੂ ਨੂੰ ਇਹ ਵੀ ਦੱਸਿਆ ਕਿ ਪਾਰਟੀ ਨੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸਰਦਾਰ ਸਿਕੰਦਰ ਸਿੰਘ ਮਲੂਕਾ ਦੀ ਸ਼ਮੂਲੀਅਤ ਵਾਲੀ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਹੈ ਜੋ ਇਸ ਮਾਮਲੇ ‘ਤੇ ਹਮ ਖਿਆਲੀ ਪਾਰਟੀਆਂ ਨਾਲ ਰਾਏ ਮਸ਼ਵਰਾ ਕਰਨਗੇ। ਉਨ੍ਹਾਂ ਕਿਹਾ ਕਿ ਟੀ.ਐਮ.ਸੀ. ਦੀ ਚੇਅਰਪਸਨ ਨਾਲ ਮੁਲਾਕਾਤ ਕਰਨ ਤੋਂ ਇਲਾਵਾ ਕਮੇਟੀ ਮੈਂਬਰਾਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਤੇ ਐਨ.ਸੀ.ਪੀ. ਦੇ ਆਗੂ ਸ਼ਰਦ ਪਵਾਰ ਨਾਲ ਵੀ ਮੁਲਾਕਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ‘ਤੇ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਦਬਾਅ ਪਾਉਣ ਵਾਸਤੇ ਯਤਨ ਕਰਦਾ ਰਹੇਗਾ।



*ਗਾਜ਼ੀਪੁਰ ਬਾਰਡਰ, ਦਿੱਲੀ ਵਿਖੇ ਪਿੰਡ ਗਾਖਲ ਦੇ ਨੌਜਵਾਨ ਤੇ ਹੋਰ ਸੱਜਣ ਕਿਸਾਨ ਸੰਘਰਸ਼ ਵਿਚ ਆਪਣੀ ਸ਼ਮੂਲੀਅਤ ਪ੍ਰਗਟਾਉਂਦੇ ਹੋਏ। ਇਸ ਥਾਂ ਪਿੰਡ ਗਾਖਲ ਦੇ ਕੈਲੀਫੋਰਨੀਆ ਵੱਸਦੇ ਉਘੇ ਬਿਜਨਸਮੈਨ ਗਾਖਲ ਭਰਾਵਾਂ-ਸ. ਅਮੋਲਕ ਸਿੰਘ ਗਾਖਲ, ਸ. ਪਲਵਿੰਦਰ ਸਿੰਘ ਗਾਖਲ ਤੇ ਸ. ਇਕਬਾਲ ਸਿੰਘ ਗਾਖਲ ਅਤੇ ਬਿੱਲਾ ਗਾਖਲ, ਗੋਪੀ ਗਾਖਲ ਤੇ ਤੀਰਥ ਗਾਖਲ ਵਲੋਂ ਭੇਜੀ ਜਾ ਰਹੀ ਵਿੱਤੀ ਮਦਦ ਨਾਲ ਨਿਰੰਤਰ ਲੰਗਰ ਦੀ ਸੇਵਾ ਜਾਰੀ ਹੈ। ਲੰਗਰ-ਪਾਣੀ ਦੀ ਸੇਵਾ ਪਿੰਡ ਗਾਖਲ ਦੇ ਸ. ਨਿਰਮਲ ਸਿੰਘ ਗਾਖਲ, ਸ. ਜਸਵੀਰ ਸਿੰਘ ਗਾਖਲ, ਸ. ਨੱਥਾ ਸਿੰਘ ਗਾਖਲ, ਨੌਜਵਾਨਾਂ ਤੇ ਹੋਰ ਪਿੰਡ ਵਾਸੀਆਂ ਵਲੋਂ ਸਾਂਝੇ ਤੌਰ ‘ਤੇ ਨਿਭਾਈ ਜਾ ਰਹੀ ਹੈ। ਇਸੇ ਦੌਰਾਨ ਸ. ਅਮੋਲਕ ਸਿੰਘ ਗਾਖਲ ਨੇ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ, ਨੌਜਵਾਨਾਂ ਤੇ ਹੋਰ ਸੱਜਣਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਸਾਨ ਸੰਘਰਸ਼ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ ਹੈ।*

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਸਮੂਹ ਖਿਡਾਰੀਆਂ, ਖੇਡ ਪ੍ਰੇਮੀਆਂ, ਸਨੇਹੀਆਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਨਵੇਂ ਸਾਲ 2021 ਦੀ

# ਲੱਖ-ਲੱਖ ਵਧਾਈ



ਆਓ, ਅਰਦਾਸ ਕਰੀਏ ਕਿ ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਬਣੀ ਰਹੇ ਅਤੇ ਉਨ੍ਹਾਂ ਨੂੰ ਸਫਲਤਾ ਮਿਲੇ। ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਆਪਣਾ ਬਣਦਾ ਯੋਗਦਾਨ ਪਾਈਏ ਅਤੇ ਕਾਮਨਾ ਕਰੀਏ ਕਿ ਨਵਾਂ ਸਾਲ 2021 ਸਭਨਾਂ ਲਈ ਖੁਸ਼ਹਾਲੀ ਲੈ ਕੇ ਆਵੇ।



**ਜੁਗਰਾਜ ਸਿੰਘ ਸਹੋਤਾ**

*ਪ੍ਰਧਾਨ, ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ*

## J & N Petroleum Inc.

## Sahota Petroleum Inc.



**ਨਰਿੰਦਰ ਸਿੰਘ ਸਹੋਤਾ**

*ਜੁਆਇੰਟ ਫਾਈਨਾਂਸ ਸੈਕਟਰੀ*
*ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ*

ਨਵੇਂ ਵਰ੍ਹੇ 2021 ਨੂੰ ਖੁਸ਼ਆਮਦੀਦ ਆਖਦਿਆਂ
ਦੇਸ਼-ਵਿਦੇਸ਼ 'ਚ ਵੱਸਦੇ ਸਮੂਹ ਪੰਜਾਬੀ ਭਾਈਚਾਰੇ
ਅਤੇ ਅਦਾਰਾ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਨਵੇਂ ਸਾਲ ਦੀ ਲੱਖ ਲੱਖ ਵਧਾਈ





ਪਰਮਾਤਮਾ ਮਿਹਰ ਕਰੇ ਕਿ
ਇਨਸਾਫ ਲਈ ਸੰਘਰਸ਼ ਕਰ ਰਹੇ
ਕਿਸਾਨਾਂ ਤੇ ਕਿਰਤੀਆਂ ਦੀ ਜਿੱਤ
ਹੋਵੇ ਅਤੇ ਰੱਬ ਉਨ੍ਹਾਂ ਦੀਆਂ
ਮਨੋਕਾਮਨਾਵਾਂ ਪੂਰੀਆਂ ਕਰੇ।

ਵਲੋਂ: ਤੀਰਥ ਗਾਖਲ
ਫੋਨ: 209-277-1661
ਅਤੇ ਪਰਿਵਾਰ

## ਸਨੀ ਟਰੱਕ ਵਾਸ਼

ਲਿਵਿੰਗਸਟਨ, ਫਰਿਜ਼ਨੋ ਤੇ ਵੈਸਟਲੀ (ਕੈਲੀਫੋਰਨੀਆ)

# ਪੰਜਾਬ ਵਿਚ ਕਾਰਪੋਰੇਟਾਂ ਖਿਲਾਫ ਮੁਹਿੰਮ ਹੋਰ ਤੇਜ਼ ਕਰਨ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਸੰਘਰਸ਼ ਦੌਰਾਨ ਕਿਸਾਨਾਂ ਨੇ ਸੱਦਾ ਦਿੱਤਾ ਹੈ ਕਿ ਕਾਲੇ ਕਾਨੂੰਨ ਵਾਪਸ ਕਰਾਉਣ ਲਈ ਭਾਰਤੀ ਜਨਤਾ ਪਾਰਟੀ ਦੇ ਆਗੂਆਂ, ਅੰਬਾਨੀ ਅਤੇ ਅਡਾਨੀ ਖਿਲਾਫ ਸੰਘਰਸ਼ ਤੇਜ਼ ਕੀਤਾ ਜਾਵੇ। ਕਿਸਾਨਾਂ ਦੇ ਐਲਾਨ ਮਗਰੋਂ ਸੂਬਾਈ ਪੁਲਿਸ ਨੇ ਭਾਜਪਾ ਆਗੂਆਂ ਦੀ ਸੁਰੱਖਿਆ ਵਧਾ ਦਿੱਤੀ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਸੂਬੇ ਵਿਚ 100 ਤੋਂ ਵੱਧ ਥਾਵਾਂ 'ਤੇ ਧਰਨੇ ਮੁਜ਼ਾਹਰੇ ਕੀਤੇ ਗਏ। ਕਿਸਾਨਾਂ ਨੂੰ ਭਾਜਪਾ ਨੇਤਾਵਾਂ ਅਤੇ ਕਾਰਪੋਰੇਟ ਘਰਾਣਿਆਂ ਖਿਲਾਫ ਮੁਹਿੰਮ ਤੇਜ਼ ਕਰਨ ਦਾ ਸੱਦਾ ਦਿੱਤਾ ਹੈ ਤਾਂ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਦੋਹਾਂ ਜੋਟੀਦਾਰਾਂ ਅਨਿਲ ਅੰਬਾਨੀ ਅਤੇ ਗੌਤਮ ਅਡਾਨੀ ਤੱਕ ਸੰਘਰਸ਼ ਦਾ ਸੇਕ ਪਹੁੰਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਖਨੌਰੀ ਅਤੇ ਡੱਬਵਾਲੀ ਤੋਂ ਹਰਿਆਣਾ ਤੋਂ ਦਿੱਲੀ ਨੂੰ ਜਾਂਦੇ ਮਾਰਗਾਂ 'ਤੇ ਪੈਂਦੇ ਟੌਲ ਪਲਾਜ਼ਿਆਂ ਤੋਂ ਵਸੂਲੀ ਬੰਦ ਕਰਵਾ ਦਿੱਤੀ ਹੈ। ਕੇਂਦਰੀ ਮੰਤਰੀਆਂ, ਮੀਡੀਆ ਦੇ ਇਕ ਹਿੱਸੇ



ਅਤੇ ਭਾਜਪਾ ਵੱਲੋਂ ਕਿਸਾਨ ਅੰਦੋਲਨ ਖਿਲਾਫ ਚੱਲ ਰਹੇ ਕੂੜ ਪ੍ਰਚਾਰ ਨੂੰ ਵੀ ਕਿਸਾਨ ਮਾਤ ਦੇ ਰਹੇ ਹਨ। ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਜੀਓ ਕੰਪਨੀ ਦੀਆਂ ਸਿੰਮਾਂ ਤੇ ਹੋਰ ਵਸਤਾਂ ਦਾ ਵਿਰੋਧ ਹੋਰ ਤੇਜ਼ ਕਰਨ ਲਈ ਜੋਰਦਾਰ ਮੁਹਿੰਮ ਵਿੱਢਣ ਦਾ ਐਲਾਨ ਕੀਤਾ ਹੈ। ਜਥੇਬੰਦੀਆਂ ਵਲੋਂ ਪੰਜਾਬ ਅੰਦਰ ਮਾਝਾ, ਦੁਆਬਾ ਅਤੇ ਮਾਲਵਾ ਆਧਾਰਿਤ ਤਿੰਨ ਕੇਂਦਰ ਬਣਾਏ ਗਏ ਹਨ, ਜੋ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤਹਿਤ ਜੀਓ ਕੰਪਨੀ ਦੀਆਂ ਸਿੰਮਾਂ, ਅਡਾਨੀ, ਅੰਬਾਨੀ ਅਤੇ ਪਤੰਜਲੀ ਦੀਆਂ ਵਸਤਾਂ ਦਾ ਬਾਈਕਾਟ ਕਰਨ ਦੀ ਮੁਹਿੰਮ ਤੇਜ ਕਰਨਗੇ।

ਜਥੇਬੰਦੀਆਂ ਨੇ ਜਲੰਧਰ 'ਚ ਭਾਜਪਾ ਆਗੂ ਦੇ ਘਰ ਅੱਗੇ ਪ੍ਰਦਰਸ਼ਨ ਕਰਨ ਜਾ ਰਹੇ ਕਿਸਾਨਾਂ ਉਤੇ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਤੇ ਦਿੱਲੀ ਮੋਰਚੇ 'ਤੇ ਰਹੇ ਕਿਸਾਨਾਂ ਉੱਤੇ ਦੇਸ ਦੀਆਂ ਵੱਖ-ਵੱਖ ਥਾਵਾਂ 'ਤੇ ਪੁਲਿਸ ਵੱਲੋਂ ਧੱਕੇਸ਼ਾਹੀ ਕਰਨ ਦੀ ਨਿੰਦਾ ਵੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਵੀ ਮੋਦੀ ਦੇ ਰਾਹਾਂ ਉਤੇ ਚੱਲਦੀ ਹੋਈ ਅੰਦੋਲਨ ਨੂੰ ਅਸਿੱਧੇ ਢੰਗ ਨਾਲ ਅਸਫਲ ਬਣਾਉਣਾ ਚਾਹੁੰਦੀ ਹੈ।

## ਹਰਿਆਣਾ ਵਿਚ ਵੀ ਕਾਰਪੋਰੇਟਾਂ ਦਾ ਬਾਈਕਾਟ

**ਚੰਡੀਗੜ੍ਹ:** ਹਰਿਆਣਾ ਵਿਚ ਟੌਲ ਪਲਾਜ਼ਿਆਂ 'ਤੇ ਕਿਸਾਨ ਆਗੂ ਡਟ ਗਏ ਹਨ ਅਤੇ ਉਨ੍ਹਾਂ ਨੂੰ ਪਰਚੀ ਮੁਕਤ ਕਰਵਾ ਦਿੱਤਾ ਹੈ। ਕਿਸਾਨ ਜਥੇਬੰਦੀਆਂ ਨੇ ਹਰਿਆਣਾ ਵਿਚ ਵੀ ਅੰਬਾਨੀ ਤੇ ਅਡਾਨੀ ਕਾਰਪੋਰੇਟ ਘਰਾਣਿਆਂ ਦੀਆਂ ਕੰਪਨੀਆਂ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਰੋਹਤਕ, ਝੱਜਰ, ਭਿਵਾਨੀ ਅਤੇ ਪਾਣੀਪਤ ਟੌਲ ਪਲਾਜ਼ਿਆਂ 'ਤੇ ਜਾ ਕੇ ਕੇਂਦਰ ਸਰਕਾਰ ਦੇ ਰਵੱਈਏ ਬਾਰੇ ਲੋਕਾਂ ਨੂੰ ਦੱਸਿਆ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਲਿਆਂਦੇ ਖੇਤੀ ਕਾਨੂੰਨ ਕਾਰਪੋਰੇਟਾਂ ਦੇ ਹੱਕ ਵਿਚ ਹਨ ਜੋ ਕਿਸਾਨੀ ਨੂੰ ਤਬਾਹ ਕਰ ਦੇਣਗੇ। ਜਥੇਬੰਦੀਆਂ ਨੇ ਕਿਹਾ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦੇ ਪ੍ਰੋਗਰਾਮਾਂ ਦਾ ਵੀ ਵਿਰੋਧ ਕੀਤਾ ਜਾਵੇਗਾ।

# ਹੁਣ ਕਿਸਾਨ ਅੰਦੋਲਨ ਦੇ ਪੱਖ 'ਚ ਹਿੰਦੀ ਵਿਚ ਵੰਡੀ ਜਾਵੇਗੀ ਪ੍ਰਚਾਰ ਸਮੱਗਰੀ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁੱਧ 32 ਕਿਸਾਨ ਜਥੇਬੰਦੀਆਂ ਦਾ ਕੇਂਦਰ ਸਰਕਾਰ ਖਿਲਾਫ ਸੰਘਰਸ਼ ਤੀਜੇ ਮਹੀਨੇ 'ਚ ਦਾਖਲ ਹੋ ਗਿਆ ਹੈ। ਪੰਜਾਬ ਵਿਚ ਲੱਗੇ ਮੋਰਚਿਆਂ ਦੌਰਾਨ ਬੁਲਾਰਿਆਂ ਨੇ ਐਲਾਨ ਕੀਤਾ ਹੈ ਕਿ ਭਾਜਪਾ ਅਤੇ ਉਸ ਦੇ ਜੋਟੀਦਾਰਾਂ ਵੱਲੋਂ ਕਿਸਾਨ ਅੰਦੋਲਨ ਖਿਲਾਫ ਅਤੇ ਖੇਤੀ ਬਿੱਲਾਂ ਦੇ ਹੱਕ 'ਚ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਜਵਾਬ ਦੇਣ ਲਈ ਪੰਜਾਬੀ ਦੇ ਨਾਲ-ਨਾਲ ਹਿੰਦੀ ਭਾਸ਼ਾ ਵਿਚ ਵੀ ਪ੍ਰਚਾਰ ਸਮੱਗਰੀ ਪ੍ਰਕਾਸ਼ਿਤ ਕਰਕੇ ਲੋਕਾਂ ਤੱਕ ਪਹੁੰਚਾਈ ਜਾਵੇਗੀ ਤਾਂ ਜੋ ਕਾਰਪੋਰੇਟ ਘਰਾਣਿਆਂ ਦੀ ਦਲਾਲ ਬਣੀ ਸਰਕਾਰ ਦਾ ਜਨਤਾ ਵਿਚ ਚਿਹਰਾ ਨੰਗਾ ਕੀਤਾ ਜਾ ਸਕੇ। ਸੂਬੇ ਵਿਚ 100 ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਹੁਣ ਖਪਤਕਾਰਾਂ ਨੂੰ ਵੀ ਭਵਿੱਖ 'ਚ ਹੋਣ ਵਾਲੀ ਲੁੱਟ ਬਾਰੇ ਦੱਸਣ ਦੀ ਜਰੂਰਤ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਸਰਕਾਰੀ ਕੂੜ ਪ੍ਰਚਾਰ ਦਾ ਪਰਦਾਫਾਸ਼ ਕਰਨ ਅਤੇ ਕਿਸਾਨ ਪੱਖੀ ਹੱਥ ਪਰਚਾ ਢਾਈ ਲੱਖ ਪੰਜਾਬੀ ਅਤੇ ਪੰਜਾਹ ਹਜ਼ਾਰ ਹਿੰਦੀ ਵਿਚ ਛਪਵਾ ਕੇ ਘਰ-ਘਰ ਅਤੇ ਮੋਰਚਿਆਂ ਵਿਚ ਵੰਡਿਆ ਜਾ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਦਿੱਲੀ ਮੋਰਚੇ ਦੇ ਨਾਲ ਨਾਲ ਪੰਜਾਬ ਵਿਚ ਵੀ ਭਾਜਪਾ ਆਗੂਆਂ ਦੇ ਘਰਾਂ ਮੂਹਰੇ, ਟੌਲ ਪਲਾਜਿਆਂ ਉਪਰ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਵਿਚ, ਸ਼ਾਪਿੰਗ ਮਾਲਾਂ, ਅੰਬਾਨੀਆਂ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ



ਮੂਹਰੇ ਧਰਨੇ ਜਾਰੀ ਹਨ।

ਬੁਲਾਰਿਆਂ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਦਾ ਕਾਰਪੋਰੇਟ ਲੁਟੇਰਿਆਂ ਪੱਖੀ ਵਤੀਰਾ 45 ਤੋਂ ਵੱਧ ਜਾਨਾਂ ਦੀ ਬਲੀ ਲੈ ਚੁੱਕਾ ਹੈ। ਉਨ੍ਹਾਂ ਸੰਘਰਸ਼ ਦੌਰਾਨ ਹੋ ਰਹੀਆਂ ਇਕਾ-ਦੁੱਕਾ ਖੁਦਕੁਸੀਆਂ ਨੂੰ ਅਤਿ ਦੁਖਦਾਈ ਦੱਸਦਿਆਂ ਕਿਸਾਨਾਂ-ਮਜਦੂਰਾਂ ਨੂੰ ਸਿਰੜ ਸਿਦਕ ਨਾਲ ਘੋਲ ਦੇ ਮੈਦਾਨ ਵਿਚ ਕੁੱਦਣ ਤੇ ਡਟੇ ਰਹਿਣ ਦਾ ਸੱਦਾ ਦਿੱਤਾ ਅਤੇ ਨਾਅਰੇ ਲਾਏ 'ਖੁਦਕੁਸੀਆਂ ਨਹੀਂ, ਸੰਗਰਾਮ-ਸੰਗਰਾਮ।'

## ਕੇਂਦਰ ਸਮੂਹ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਯਕੀਨੀ ਬਣਾਏ: ਹਰਸਿਮਰਤ

**ਚੰਡੀਗੜ੍ਹ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕਿਸਾਨਾਂ ਦੇ ਖਦਸ਼ੇ ਪੰਜਾਬ ਵਿਚ ਪਹਿਲਾਂ ਹੀ ਸੱਚ ਸਾਬਤ ਹੋਣੇ ਸ਼ੁਰੂ ਹੋ ਗਏ ਹਨ। ਕਾਟਨ ਕਾਰਪੋਰੇਸ਼ਨ ਆਫ ਇੰਡੀਆ (ਸੀ.ਸੀ.ਆਈ.) ਨੇ ਕਪਾਹ ਦੀ ਰੋਜ਼ਾਨਾ ਖਰੀਦ ਦੀ ਕਥਿਤ ਹੱਦ ਤੈਅ ਕਰ ਦਿੱਤੀ ਹੈ ਅਤੇ ਇਸ ਨਾਲ ਖਰੀਦ ਵਿਚ ਚਾਰ ਗੁਣਾ ਕਮੀ ਆ ਗਈ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਸੀ.ਸੀ.ਆਈ. ਦੀ ਕਾਰਵਾਈ ਦਾ ਨੋਟਿਸ ਲੈਣ ਲਈ ਪ੍ਰੇਰਿਆ ਹੈ।

ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਐਮ.ਐਸ.ਪੀ. ਦੀ ਸੂਚੀ ਵਿਚ ਸ਼ਾਮਲ ਸਾਰੀਆਂ ਖੇਤੀ ਜਿਣਸਾਂ ਦੀ ਸਰਕਾਰੀ ਖਰੀਦ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ 50 ਦੇ ਕਰੀਬ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ। ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁਦ ਅੱਗ ਆ ਕੇ ਕਿਸਾਨਾਂ ਨਾਲ ਗੱਲਬਾਤ ਕਰਕੇ ਮਾਮਲੇ ਦਾ ਨਿਪਟਾਰਾ ਕਰਨਾ ਚਾਹੀਦਾ ਹੈ।

# ਰਾਜਨਾਥ ਵੱਲੋਂ ਨਵੇਂ ਖੇਤੀ ਕਾਨੂੰਨ ਪਰਖਣ ਦੀ ਸਲਾਹ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਆਗੂ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ 'ਤਜਰਬੇ' ਵਜੋਂ ਨਵੇਂ ਖੇਤੀ ਕਾਨੂੰਨਾਂ ਨੂੰ ਇਕ-ਦੋ ਸਾਲਾਂ ਲਈ ਅਪਣਾਉਣ ਅਤੇ ਜੇਕਰ ਇਹ ਕਿਸਾਨਾਂ ਲਈ ਲਾਹੇਵੰਦ ਸਾਬਤ ਨਾ ਹੋਏ ਤਾਂ ਸਰਕਾਰ ਸਾਰੀਆਂ ਲੋੜੀਂਦੀਆਂ ਸੋਧਾਂ ਕਰੇਗੀ।

ਅੰਦੋਲਨ ਕਰ ਰਹੇ ਕਿਸਾਨਾਂ ਨੂੰ ਆਪਣੇ ਲੋਕ ਦੱਸਦਿਆਂ ਰਾਜਨਾਥ ਸਿੰਘ ਨੇ ਕਿਹਾ,''ਧਰਨੇ ਉਤੇ ਬੈਠੇ ਲੋਕ ਕਿਸਾਨ ਹਨ ਅਤੇ ਉਹ ਕਿਸਾਨ ਪਰਿਵਾਰਾਂ 'ਚ ਜਨਮੇ ਹਨ। ਅਸੀਂ ਉਨ੍ਹਾਂ ਦਾ ਪੂਰਾ ਸਤਿਕਾਰ ਕਰਦੇ ਹਾਂ।'' ਇਥੇ ਦਵਾਰਕਾ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਖੁਦ ਕਿਸਾਨ ਦੇ ਪੁੱਤਰ ਹਨ ਅਤੇ ਭਰੋਸਾ ਦਿੱਤਾ ਕਿ ਮੋਦੀ ਸਰਕਾਰ ਕਦੇ ਵੀ ਅਜਿਹਾ ਕੁਝ ਨਹੀਂ ਕਰੇਗੀ, ਜੋ ਕਿਸਾਨਾਂ ਦੇ ਹਿੱਤ 'ਚ ਨਾ ਹੋਵੇ। ਭਾਜਪਾ ਵੱਲੋਂ ਖੇਤੀ ਕਾਨੂੰਨਾਂ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਤਹਿਤ ਰੈਲੀ ਨੂੰ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਲੋਕ ਕਿਸਾਨਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। 'ਮੈਂ ਕਿਸਾਨਾਂ ਨੂੰ ਭਰੋਸਾ ਦੇਣਾ ਚਾਹੁੰਦਾ ਹਾਂ ਕਿ ਖੇਤੀ ਕਾਨੂੰਨਾਂ 'ਚ ਇਕ ਵੀ ਅਜਿਹੀ ਮੱਦ ਨਹੀਂ ਹੈ ਜੋ ਕਿਸਾਨਾਂ ਖਿਲਾਫ ਹੋਵੇ।' ਉਨ੍ਹਾਂ ਦੁਹਰਾਇਆ ਕਿ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.)



ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਸਾਰੀਆਂ ਸਮੱਸਿਆਵਾਂ ਦਾ ਹੱਲ ਵਾਰਤਾ ਰਾਹੀਂ ਕੱਢਿਆ ਜਾ ਸਕਦਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਚਾਹੁੰਦੇ ਹਨ ਕਿ ਕਿਸਾਨਾਂ ਨਾਲ ਗੱਲਬਾਤ ਕੀਤੀ ਜਾਵੇ। ਉਨ੍ਹਾਂ ਅੰਦੋਲਨਕਾਰੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵਾਰਤਾ ਲਈ ਅੱਗੇ ਆਉਣ ਅਤੇ ਜੇਕਰ ਉਹ ਮਾਹਿਰ ਸੱਦਣਾ ਚਾਹੁੰਦੇ ਹਨ ਤਾਂ ਸਰਕਾਰ ਇਸ ਲਈ ਵੀ ਤਿਆਰ ਹੈ।

## ਅੰਨਾ ਹਜ਼ਾਰੇ ਵੱਲੋਂ ਕਿਸਾਨਾਂ ਦੇ ਸਮਰਥਨ ਵਿਚ ਭੁੱਖ ਹੜਤਾਲ ਦੀ ਧਮਕੀ

**ਪੁਣੇ:** ਸਮਾਜਿਕ ਕਾਰਕੁਨ ਅੰਨਾ ਹਜ਼ਾਰੇ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਅਗਲੇ ਵਰ੍ਹੇ ਜਨਵਰੀ ਦੇ ਅੰਤ ਤਕ ਉਨ੍ਹਾਂ ਦੀਆਂ ਕਿਸਾਨੀ ਮੁੱਦਿਆਂ ਸਬੰਧੀ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਭੁੱਖ ਹੜਤਾਲ ਸ਼ੁਰੂ ਕਰਨਗੇ, ਤੇ ਇਹ ਉਨ੍ਹਾਂ ਦਾ 'ਅੰਤਿਮ ਵਿਰੋਧ ਪ੍ਰਦਰਸ਼ਨ' ਹੋਵੇਗਾ। ਮਹਾਰਾਸ਼ਟਰ ਦੇ ਅਹਿਮਦਨਗਰ ਜਿਲ੍ਹੇ ਵਿਚਲੇ ਆਪਣੇ ਪਿੰਡ ਰਾਲੇਗਾਓ ਸਿੱਧੀ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਬੀਤੇ ਤਿੰਨ ਵਰ੍ਹਿਆਂ ਤੋਂ ਕਿਸਾਨਾਂ ਲਈ ਪ੍ਰਦਰਸ਼ਨ ਕਰ ਰਹੇ ਹਨ ਪਰ ਸਰਕਾਰ ਨੇ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਸਿਰਫ ਝੂਠੇ ਵਾਅਦੇ ਕਰਦੀ ਹੈ।

# ਪੰਜਾਬ ਵਿਚ ਅੰਬਾਨੀ ਦੇ ਜੀਓ ਨੂੰ ਲੱਗਿਆ ਡਾਢਾ ਸੇਕ

**ਚੰਡੀਗੜ੍ਹ:** ਪੰਜਾਬ ਭਰ 'ਚ ਰਿਲਾਇੰਸ ਜੀਓ ਦੇ ਮੋਬਾਈਲ ਟਾਵਰ ਬੰਦ ਕਰ ਦਿੱਤੇ ਗਏ ਹਨ। ਕਿਸਾਨ ਧਿਰਾਂ ਵੱਲੋਂ ਖੇਤੀ ਕਾਨੂੰਨਾਂ ਨੂੰ ਲੈ ਕੇ ਅੰਬਾਨੀ ਤੇ ਅਡਾਨੀ ਦੇ ਬਾਈਕਾਟ ਦਾ ਸੱਦਾ ਦਿੱਤਾ ਗਿਆ ਸੀ। ਰਿਲਾਇੰਸ ਜੀਓ ਨੇ ਇਸ ਸਬੰਧੀ ਪੰਜਾਬ ਸਰਕਾਰ ਨੂੰ ਪੱਤਰ ਵੀ ਲਿਖਿਆ ਹੈ ਅਤੇ ਟਾਵਰਾਂ ਦੇ ਨੁਕਸਾਨ ਲਈ ਜਿੰਮੇਵਾਰ ਲੋਕਾਂ ਖਿਲਾਫ ਪੁਲਿਸ ਕਾਰਵਾਈ ਦੀ ਮੰਗ ਕੀਤੀ ਹੈ। ਕਿਸਾਨ ਧਿਰਾਂ ਵੱਲੋਂ ਭਖਾਏ ਮਾਹੌਲ ਸਦਕਾ ਪੰਜਾਬ ਸਰਕਾਰ ਇਸ ਮਾਮਲੇ 'ਤੇ ਫਿਲਹਾਲ ਚੁੱਪ ਹੈ।

ਰਿਲਾਇੰਸ ਨੇ 'ਆਨਲਾਈਨ ਪੜ੍ਹਾਈ' ਦਾ ਬਹਾਨਾ ਲਾ ਕੇ ਵੀ ਟਾਵਰਾਂ ਦੀ ਤਾਲਾਬੰਦੀ ਰੋਕਣ ਲਈ ਹੀਲਾ ਕੀਤਾ ਸੀ। ਪੰਜਾਬ ਵਿਚ ਤਾਂ ਹੁਣ ਪੰਚਾਇਤਾਂ ਨੇ ਵੀ ਟਾਵਰਾਂ ਦੇ ਕੁਨੈਕਸ਼ਨ ਕੱਟਣੇ ਸ਼ੁਰੂ ਕਰ ਦਿੱਤੇ ਹਨ। ਰਿਲਾਇੰਸ ਜੀਓ ਵੱਲੋਂ ਲਿਖੇ ਪੱਤਰ ਅਨੁਸਾਰ ਮੋਬਾਈਲ ਟਾਵਰਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਜਾਣ ਮਗਰੋਂ ਪੰਜਾਬ ਵਿਚ ਛੇ ਖਿੱਤਿਆਂ 'ਚ ਜੀਓ ਕੰਪਨੀ ਦੇ ਲੱਖਾਂ ਕੁਨੈਕਸ਼ਨ ਪ੍ਰਭਾਵਿਤ ਹੋ ਗਏ ਹਨ, ਜਿਨ੍ਹਾਂ ਵਿਚ ਬਠਿੰਡਾ, ਜਗਰਾਉਂ, ਸਮਰਾਲਾ, ਬਲਾਚੌਰ, ਸੁਨਾਮ ਅਤੇ ਮੋਗਾ ਖਿੱਤੇ ਸ਼ਾਮਲ ਹਨ।

ਜੀਓ ਨੂੰ ਇਕ ਹਫਤੇ ਪਹਿਲਾਂ ਸੇਕ ਲੱਗਣਾ ਸ਼ੁਰੂ ਹੋਇਆ। ਤਿੰਨ ਦਿਨਾਂ ਵਿਚ 200 ਟਾਵਰ ਪੂਰਨ ਰੂਪ ਵਿਚ ਪ੍ਰਭਾਵਿਤ ਹੋਏ ਹਨ। ਜੀਓ ਕੰਪਨੀ ਨੇ ਲਿਖਿਆ ਹੈ ਕਿ ਇਨ੍ਹਾਂ ਥਾਵਾਂ 'ਤੇ ਭੰਨਤੋੜ ਹੋਈ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿਚ ਜੀਓ




ਕੰਪਨੀ ਦੇ 1.40 ਕਰੋੜ ਕੁਨੈਕਸ਼ਨ ਹਨ ਅਤੇ 4ਜੀ ਦੀ ਹਾਈ ਸਪੀਡ ਕੁਨੈਕਟੇਵਿਟੀ ਹੈ। ਪੰਜਾਬ ਵਿਚ ਰਿਲਾਇੰਸ ਜੀਓ ਦੇ ਕਰੀਬ 9 ਹਜ਼ਾਰ ਟਾਵਰ ਹਨ ਅਤੇ ਕਰੀਬ 250 ਰਿਲਾਇੰਸ ਦਫਤਰ ਹਨ। ਇਸ ਤੋਂ ਇਲਾਵਾ 300 ਪ੍ਰਮੁੱਖ ਥਾਵਾਂ ਹਨ। ਸਤੰਬਰ ਮਹੀਨੇ ਤੋਂ ਜੀਓ ਦਫਤਰਾਂ ਨੂੰ ਬੰਦ ਕਰਨ ਲਈ ਕਿਸਾਨਾਂ ਨੇ ਮੁਹਿੰਮ ਵਿੱਢ ਦਿੱਤੀ ਸੀ। ਜਲੰਧਰ ਤੇ ਲੁਧਿਆਣਾ 'ਚ 11-11 ਟਾਵਰ ਬੰਦ ਕੀਤੇ ਗਏ ਹਨ। ਕਿਸਾਨ ਜਥੇਬੰਦੀਆਂ ਵੱਲੋਂ ਰੋਜ਼ਾਨਾ ਟਾਵਰਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਜਾ ਰਹੇ ਹਨ। ਮੁਕਤਸਰ ਦੇ ਗਿੱਦੜਬਾਹਾ, ਮਲੋਟ ਤੇ ਮੁਕਤਸਰ 'ਚ ਟਾਵਰਾਂ ਦੇ ਕੁਨੈਕਸ਼ਨ ਕੱਟੇ ਗਏ ਹਨ। ਵੇਰਵਿਆਂ ਅਨੁਸਾਰ ਸੰਗਰੂਰ 'ਚ 7 ਟਾਵਰ, ਹੁਸ਼ਿਆਰਪੁਰ ਵਿਚ ਛੇ, ਕਪੂਰਥਲਾ, ਫਾਜ਼ਿਲਕਾ ਤੇ ਮਾਨਸਾ ਵਿਚ ਪੰਜ-ਪੰਜ, ਅੰਮ੍ਰਿਤਸਰ ਵਿਚ 9, ਗੁਰਦਾਸਪੁਰ, ਬਠਿੰਡਾ, ਫਿਰੋਜ਼ਪੁਰ, ਤਰਨ ਤਾਰਨ ਤੇ ਰੋਪੜ ਵਿਚ ਚਾਰ-ਚਾਰ ਟਾਵਰ, ਫਰੀਦਕੋਟ, ਮੋਗਾ, ਨਵਾਂਸ਼ਹਿਰ ਅਤੇ ਪਠਾਨਕੋਟ ਵਿਚ ਤਿੰਨ-ਤਿੰਨ ਟਾਵਰ ਪ੍ਰਭਾਵਿਤ ਹੋਏ ਹਨ। ਬਠਿੰਡਾ ਦੇ ਪਿੰਡ ਭੁੱਖਿਆਂ ਵਾਲੀ ਦੇ ਜੈਲਦਾਰ ਬਲਜੀਤ ਸਿੰਘ ਨੇ ਦੱਸਿਆ ਕਿ ਬੀ.ਕੇ.ਯੂ. ਨੇ ਪਿੰਡ ਵਾਸੀਆਂ ਨੂੰ ਦੋ ਦਿਨਾਂ 'ਚ ਜੀਓ ਸਿਮ ਬੰਦ ਕਰਾਉਣ ਲਈ ਆਖ ਦਿੱਤਾ ਹੈ। ਲੁਧਿਆਣਾ ਦੇ ਪਿੰਡ ਗੌਂਸਗੜ੍ਹ ਅਤੇ ਬੀਜਾ ਦੀ ਪੰਚਾਇਤ ਨੇ ਜੀਓ ਟਾਵਰਾਂ ਦੇ ਕੁਨੈਕਸ਼ਨ ਕੱਟੇ ਹਨ। ਫਿਰੋਜ਼ਪੁਰ ਦੇ ਪਿੰਡ ਸ਼ੇਰਖਾਨ, ਪਟਿਆਲਾ ਇਲਾਕੇ ਦੇ ਪਿੰਡ ਭੇਡਪੁਰਾ, ਕੋਟਲੀ ਤੇ ਦੋਦੜਾ ਵਿਚ ਵੀ ਟਾਵਰਾਂ ਦੇ ਬਿਜਲੀ ਕੁਨੈਕਸ਼ਨ ਬੰਦ ਕਰ ਦਿੱਤੇ ਗਏ ਹਨ। ਬਿਜਲੀ ਕੁਨੈਕਸ਼ਨ ਕੱਟੇ ਜਾਣ ਮਗਰੋਂ ਜੀਓ ਨੈੱਟਵਰਕ ਡਗਮਗਾ ਗਿਆ ਹੈ। ਜੀਓ ਦੇ ਲੱਖਾਂ ਖਪਤਕਾਰਾਂ ਤੱਕ ਖੇਤੀ ਕਾਨੂੰਨਾਂ ਦਾ ਸੇਕ ਪੁੱਜ ਗਿਆ ਹੈ। ਸ਼ਹਿਰਾਂ ਤੇ ਪਿੰਡਾਂ ਵਿਚ ਜੀਓ ਦੇ ਸਿਮ ਤਬਦੀਲ ਕਰਾਉਣ ਦੀ ਵੱਡੀ ਮੁਹਿੰਮ ਵੀ ਚੱਲ ਰਹੀ ਹੈ।

ਟੈਲੀਕੌਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ ਦੀ 23 ਦਸੰਬਰ ਦੀ ਰਿਪੋਰਟ ਅਨੁਸਾਰ ਰਿਲਾਇੰਸ ਜੀਓ ਦੇ ਪੰਜਾਬ ਵਿਚ ਐਕਟਿਵ ਕੁਨੈਕਸ਼ਨਾਂ ਦੀ ਗਿਣਤੀ ਵਿਚ ਅਕਤੂਬਰ 'ਚ ਕਮੀ ਆਈ। ਜੀਓ ਦੇ ਸਤੰਬਰ ਮਹੀਨੇ 'ਚ 66.56 ਫੀਸਦੀ ਕੁਨੈਕਸ਼ਨ ਐਕਟਿਵ ਸਨ, ਜੋ ਅਕਤੂਬਰ 'ਚ 65.93 ਫੀਸਦੀ ਰਹਿ ਗਏ ਹਨ। ਇਸੇ ਤਰ੍ਹਾਂ ਪੰਜਾਬ 'ਚ ਸਭ ਕੰਪਨੀਆਂ ਦੇ ਸਿਮ ਤਬਦੀਲੀ ਲਈ ਸਤੰਬਰ 'ਚ 24 ਹਜ਼ਾਰ ਦਰਖਾਸਤਾਂ ਪੁੱਜੀਆਂ ਸਨ ਜਦੋਂ ਕਿ ਅਕਤੂਬਰ ਮਹੀਨੇ 'ਚ ਇਹ ਗਿਣਤੀ 26 ਹਜ਼ਾਰ ਦਰਖਾਸਤਾਂ ਦੀ ਹੋ ਗਈ ਹੈ।

## ਕਿਸਾਨਾਂ ਨੇ ਅਡਾਨੀ ਦੇ ਸਾਇਲੋ ਪਲਾਂਟ ਦਾ ਕੰਮ ਰੁਕਵਾਇਆ

**ਬਟਾਲਾ:** ਕਿਸਾਨਾਂ ਨੇ ਕੇਂਦਰ ਸਰਕਾਰ ਦੇ ਨਾਲ-ਨਾਲ ਪੂੰਜੀਪਤੀ ਘਰਾਣਿਆਂ ਖਿਲਾਫ ਵੀ ਅੰਦੋਲਨ ਵਿੱਢ ਕੇ ਪੂੰਜੀਪਤੀਆਂ ਦੇ ਪ੍ਰੋਜੈਕਟਾਂ ਅਤੇ ਸੇਵਾਵਾਂ ਦਾ ਬਾਈਕਾਟ ਕਰਨਾ ਸ਼ੁਰੂ ਕਰ ਦਿੱਤਾ ਹੈ। ਸਥਾਨਕ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਚ ਜੀਓ ਨੈੱਟਵਰਕ ਕੰਪਨੀ ਦੇ ਇਕ ਟਾਵਰ ਨੂੰ ਬੰਦ ਕਰਵਾਉਣ ਮਗਰੋਂ ਕਿਸਾਨਾਂ ਨੇ ਨੇੜਲੇ ਪਿੰਡ ਰੇਲ ਵਾਲਾ ਛੀਨਾ ਵਿਚ ਅਡਾਨੀ ਗਰੁੱਪ ਦੇ ਦੱਸੇ ਜਾ ਰਹੇ ਸਾਇਲੋ ਪਲਾਂਟ ਦੇ ਬਾਹਰ ਇਕੱਠੇ ਹੋ ਕੇ ਇਸ ਗੈਰਕਾਨੂੰਨੀ ਦੱਸਦਿਆਂ ਇਸ ਦੀ ਉਸਾਰੀ ਬੰਦ ਕਰਵਾਉਣ ਲਈ ਨਾਅਰੇਬਾਜ਼ੀ ਕੀਤੀ ਅਤੇ ਗੋਦਾਮਾਂ ਦੀ ਉਸਾਰੀ ਦਾ ਕੰਮ ਰੁਕਵਾ ਦਿੱਤਾ। ਕਿਸਾਨਾਂ ਨੇ ਚਿਤਾਵਨੀ ਦਿੱਤੀ ਕਿ ਜਦ ਕਿ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਕੇਂਦਰ ਸਰਕਾਰ ਵਾਪਸ ਨਹੀਂ ਲੈਂਦੀ ਤਦ ਤੱਕ ਕਾਰਪੋਰੇਟ ਘਰਾਣਿਆਂ ਦੇ ਕਿਸੇ ਵੀ ਕਾਰੋਬਾਰ ਨੂੰ ਚੱਲਣ ਨਹੀਂ ਦਿੱਤਾ ਜਾਵੇਗਾ।

# ਲਾਪਤਾ ਸਰੂਪ: ਪੁਲਿਸ ਕੋਲੋਂ ਕਾਰਵਾਈ ਰਿਪੋਰਟ ਤਲਬ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ 'ਚੋਂ ਗਾਇਬ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸਥਾਨਕ ਅਦਾਲਤ ਨੇ ਪੁਲਿਸ ਕੋਲੋਂ ਇਸ ਸਬੰਧੀ ਹੁਣ ਤੱਕ ਕੀਤੀ ਕਾਰਵਾਈ ਰਿਪੋਰਟ ਮੰਗੀ ਹੈ। ਸਿੱਖ ਸਦਭਾਵਨਾ ਦਲ ਅਤੇ ਗੁਰਦੁਆਰਾ ਅਕਾਲ ਬੁੰਗਾ ਵੱਲੋਂ ਸਥਾਨਕ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ।

ਸਿੱਖ ਸਦਭਾਵਨਾ ਦਲ ਦੇ ਮੁਖੀ ਭਾਈ ਬਲਦੇਵ ਸਿੰਘ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਲਗਭਗ ਡੇਢ ਮਹੀਨਾ ਪਹਿਲਾਂ ਪੁਲਿਸ ਕਮਿਸ਼ਨਰ ਨੂੰ ਇਸ ਸਬੰਧ ਵਿਚ ਦਰਖਾਸਤ ਦਿੱਤੀ ਗਈ ਸੀ, ਜਿਸ ਰਾਹੀਂ ਪਾਵਨ ਸਰੂਪਾਂ ਦੇ ਮਾਮਲੇ ਵਿਚ ਜਾਂਚ ਕਰਨ ਅਤੇ ਮੁਲਜ਼ਮਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਹੁਣ ਤੱਕ ਇਸ ਮਾਮਲੇ ਵਿਚ ਜਦੋਂ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਤਾਂ ਜਥੇਬੰਦੀ ਵਲੋਂ ਸਥਾਨਕ ਅਦਾਲਤ ਵਿਚ ਇਸ ਸਬੰਧੀ ਪਟੀਸ਼ਨ ਦਾਇਰ ਕੀਤੀ ਗਈ ਸੀ।




ਉਨ੍ਹਾਂ ਦੱਸਿਆ ਕਿ ਅਦਾਲਤ ਨੇ ਇਸ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਪੁਲਿਸ ਪ੍ਰਸ਼ਾਸਨ ਕੋਲੋਂ ਜਵਾਬ ਮੰਗਿਆ ਹੈ। ਇਸ ਸਬੰਧੀ ਅੱਠ ਜਨਵਰੀ ਦੀ ਤਰੀਕ ਪਾਈ ਗਈ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ ਪੁਲਿਸ ਪ੍ਰਸ਼ਾਸਨ ਕੋਲੋਂ ਇਸ ਸਬੰਧੀ ਹੁਣ ਤਕ ਕੀਤੀ ਕਾਰਵਾਈ ਬਾਰੇ ਜਾਣਕਾਰੀ ਮੰਗੀ ਹੈ।

ਸਿੱਖ ਜਥੇਬੰਦੀ ਵਲੋਂ ਇਸੇ ਮਾਮਲੇ ਨੂੰ ਲੈ ਕੇ ਪਿਛਲੇ ਤਕਰੀਬਨ ਦੋ ਮਹੀਨਿਆਂ ਤੋਂ ਹੈਰੀਟੇਜ ਸਟਰੀਟ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੇੜੇ ਧਰਨਾ ਲਾਇਆ ਹੋਇਆ ਹੈ। ਅਣਮਿਥੇ ਸਮੇਂ ਦਾ ਇਹ ਧਰਨਾ ਨਿਰੰਤਰ ਚਲ ਰਿਹਾ ਹੈ। ਸਿੱਖ ਕਾਰਕੁਨਾਂ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਮੰਗ ਕੀਤੀ ਜਾ ਰਹੀ ਹੈ ਕਿ 328 ਪਾਵਨ ਸਰੂਪ ਕਿਥੇ ਗਏ, ਬਾਰੇ ਜਾਣਕਾਰੀ ਦਿੱਤੀ ਜਾਵੇ ਅਤੇ ਮੁਲਜ਼ਮਾਂ ਖਿਲਾਫ ਪੁਲਿਸ ਕਾਰਵਾਈ ਕੀਤੀ ਜਾਵੇ।

## ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਲੱਗਣਗੇ ਧਰਨੇ

**ਅੰਮ੍ਰਿਤਸਰ:** 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਚਾਰ ਨਵੰਬਰ ਤੋਂ ਅਣਮਿਥੇ ਸਮੇਂ ਦਾ ਧਰਨਾ ਲਾ ਕੇ ਬੈਠੀਆਂ ਸਿੱਖ ਜਥੇਬੰਦੀਆਂ ਸਿੱਖ ਸਦਭਾਵਨਾ ਦਲ ਅਤੇ ਅਕਾਲ ਬੁੰਗਾ ਦੇ ਨੁਮਾਇੰਦਿਆਂ ਨੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਲਈ ਕਾਂਗਰਸ ਸਰਕਾਰ ਦੇ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਜਥੇਬੰਦੀ ਦੇ ਮੁਖੀ ਭਾਈ ਬਲਦੇਵ ਸਿੰਘ ਵਡਾਲਾ ਨੇ ਆਖਿਆ ਕਿ ਉਹ ਦੋਸ਼ੀਆਂ ਖਿਲਾਫ ਕਾਰਵਾਈ ਅਤੇ ਮਾਮਲੇ ਦੀ ਜਾਂਚ ਦੀ ਮੰਗ ਸਬੰਧੀ ਪਿਛਲੇ ਤਕਰੀਬਨ ਦੋ ਮਹੀਨਿਆਂ ਤੋਂ ਹੈਰੀਟੇਜ ਸਟਰੀਟ ਵਿਚ ਅਣਮਿਥੇ ਸਮੇਂ ਦਾ ਧਰਨਾ ਲਾ ਕੇ ਬੈਠੇ ਹਨ ਪਰ ਸਰਕਾਰ ਵੱਲੋਂ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਉਹ ਪਿੰਡ-ਪਿੰਡ ਜਾ ਕੇ ਕਾਂਗਰਸ ਸਰਕਾਰ ਦੇ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਨ ਲਈ ਪੰਥਕ ਸੱਦਾ ਦੇਣਗੇ।

## ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦਾ ਨਵੀਨੀਕਰਨ ਹੋਵੇਗਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਵਿਵਾਦਾਂ ਵਿਚ ਘਿਰੇ ਸ਼੍ਰੋਮਣੀ ਕਮੇਟੀ ਦੇ ਨਵੀਨੀਕਰਨ ਅਤੇ ਇਸ ਨੂੰ ਅਹਿਮ ਵਿਭਾਗ ਦਾ ਦਰਜਾ ਦੇਣ ਦੀ ਯੋਜਨਾ ਬਣਾਈ ਜਾ ਰਹੀ ਹੈ। ਪਬਲੀਕੇਸ਼ਨ ਵਿਭਾਗ ਦੇ ਰਿਕਾਰਡ 'ਚੋਂ 328 ਪਾਵਨ ਸਰੂਪ ਘਟ ਜਾਣ ਕਾਰਨ ਇਹ ਵਿਭਾਗ ਕਾਫੀ ਚਰਚਾ ਵਿਚ ਹੈ ਅਤੇ ਇਸ ਦੇ ਕਰਮਚਾਰੀਆਂ ਦੀ ਕਾਰਗੁਜ਼ਾਰੀ ਕਾਰਨ ਸਿੱਖ ਸੰਸਥਾ ਦੀ ਸਾਖ ਨੂੰ ਢਾਹ ਵੀ ਲੱਗੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਨਵੀਂ ਪ੍ਰਧਾਨ ਵੱਲੋਂ ਇਸ ਵਿਭਾਗ ਦਾ ਆਧੁਨਿਕੀਕਰਨ ਅਤੇ ਇਸ ਦੀ ਕਾਰਗੁਜ਼ਾਰੀ ਨੂੰ ਪਾਰਦਰਸ਼ੀ ਬਣਾਉਣ ਲਈ ਯਤਨ ਸ਼ੁਰੂ ਕੀਤੇ ਗਏ ਹਨ।

ਬੀਬੀ ਜਗੀਰ ਕੌਰ ਨੇ ਦੱਸਿਆ ਕਿ ਇਸ ਵਿਭਾਗ ਦੀ ਨਵੀਂ ਇਮਾਰਤ ਤਿਆਰ ਹੋਵੇਗੀ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ਿਤ ਹੋ ਚੁੱਕੇ ਪਾਵਨ ਸਰੂਪ ਸਤਿਕਾਰ ਅਤੇ ਮਰਿਆਦਾ ਸਹਿਤ ਰੱਖੇ ਜਾਣਗੇ ਅਤੇ ਯਾਤਰੀ ਇਨ੍ਹਾਂ ਨੂੰ ਦੇਖ ਸਕਣਗੇ। ਇਸ ਸਬੰਧੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਅਤੇ ਮਾਹਿਰਾਂ ਦੇ ਵਿਚਾਰ ਲਏ ਜਾ ਰਹੇ ਹਨ।

# ਜੋੜੇ ਵੱਲੋਂ ਧੀ ਸਣੇ ਫੇਸਬੁੱਕ 'ਤੇ ਲਾਈਵ ਹੋ ਕੇ ਖੁਦਕੁਸ਼ੀ

**ਧਾਰੀਵਾਲ:** ਪੈਸਿਆਂ ਦੇ ਲੈਣ-ਦੇਣ ਤੋਂ ਪਰੇਸ਼ਾਨ ਸ਼ਹਿਰ ਧਾਰੀਵਾਲ ਦੀ ਕ੍ਰਿਸ਼ਨਾ ਗਲੀ ਦੇ ਵਸਨੀਕ ਇਕ ਪਰਿਵਾਰ ਦੇ ਤਿੰਨ ਜੀਆਂ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਸਲਫਾਸ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕਾਂ ਵਿਚ ਨਰੇਸ਼ ਸ਼ਰਮਾ (42), ਉਸ ਦੀ ਪਤਨੀ ਭਾਰਤੀ ਸ਼ਰਮਾ (38) ਅਤੇ ਧੀ ਮਾਨਸੀ ਸ਼ਰਮਾ (17) ਸ਼ਾਮਲ ਹਨ। ਥਾਣਾ ਧਾਰੀਵਾਲ ਦੀ ਪੁਲਿਸ ਨੇ ਇਸ ਸਬੰਧੀ ਦਸ ਵਿਅਕਤੀਆਂ ਖ਼ਿਲਾਫ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



ਨਰੇਸ਼ ਸ਼ਰਮਾ ਦੇ ਪੁੱਤਰ ਕੁਨਾਲ ਸ਼ਰਮਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਮਾਤਾ ਭਾਰਤੀ ਸ਼ਰਮਾ ਲਗਭਗ 15 ਸਾਲ ਪਹਿਲਾਂ ਕਮੇਟੀਆਂ ਪਾਉਣ ਦਾ ਕੰਮ ਕਰਦੀ ਸੀ ਅਤੇ ਪਿਤਾ ਰੇਹੜੀ ਰਾਹੀਂ ਗੰਨੇ ਦਾ ਜੂਸ ਵੇਚਦਾ ਸੀ। ਦੋ ਮਹੀਨੇ ਪਹਿਲਾਂ ਉਸ ਦੇ ਮਾਤਾ-ਪਿਤਾ ਹਾਦਸੇ ਦਾ ਸ਼ਿਕਾਰ ਹੋ ਗਏ ਸਨ, ਜੋ ਵੱਖ-ਵੱਖ ਹਸਪਤਾਲਾਂ ਵਿਚ ਇਲਾਜ ਕਰਵਾਉਂਦੇ ਰਹੇ। ਜਦੋਂ ਉਹ ਘਰ ਆਏ ਤਾਂ ਗੀਤਾਂਜਲੀ, ਉਸ ਦੀ ਭਰਜਾਈ ਸੋਨੀਆ ਪਤਨੀ ਨਰਿੰਦਰ ਵਿੱਜ, ਅਮਿਤ ਧੁੰਨਾ, ਨਰਿੰਦਰ ਵਿੱਜ, ਜਸਪਾਲ ਬੇਦੀ, ਅਮਿਤ ਸੁਨਿਆਰਾ, ਦਰਸ਼ਨਾ ਬੱਬਰ, ਦੀਪਾ ਮਹਾਜਨ ਵਾਸੀ ਧਾਰੀਵਾਲ ਪੈਸਿਆਂ ਦੇ ਲੈਣ-ਦੇਣ ਸਬੰਧੀ ਉਨ੍ਹਾਂ ਦੇ ਘਰ ਆਏ ਤੇ ਉਸ ਦੇ ਮਾਤਾ-ਪਿਤਾ ਨੂੰ ਧਮਕੀਆਂ ਦਿੱਤੀਆਂ ਕਿ ਉਹ ਉਨ੍ਹਾਂ ਦੀ ਲੜਕੀ ਮਾਨਸੀ ਨੂੰ ਚੁੱਕ ਕੇ ਲੈ ਜਾਣਗੇ ਅਤੇ ਉਨ੍ਹਾਂ ਦੇ ਮਕਾਨ ਨੂੰ ਅੱਗ ਲਗਾ ਦੇਣਗੇ। ਇਸ ਕਾਰਨ ਉਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਸਥਿਤ ਇਕ ਧਾਰਮਿਕ ਅਸਥਾਨ 'ਤੇ 10-12 ਦਿਨਾਂ ਲਈ ਚਲਾ ਗਿਆ। ਇਸੇ ਦੌਰਾਨ ਜਗਜੀਤ ਸਿੰਘ ਉਰਫ ਜੱਗਾ ਪਟਵਾਰੀ ਅਤੇ ਜਸਪਾਲ ਬੇਦੀ ਵਾਸੀ ਧਾਰੀਵਾਲ ਨੇ ਉਸ ਦੀ ਮਾਤਾ 'ਤੇ ਤਿੰਨ ਕਰੋੜ ਰੁਪਏ ਲੈ ਕੇ ਪਰਿਵਾਰ ਸਮੇਤ ਭੱਜਣ ਦੀਆਂ ਫੇਸਬੁੱਕ 'ਤੇ ਫਰਜ਼ੀ ਪੋਸਟਾਂ ਪਾ ਦਿੱਤੀਆਂ।

ਕੁਨਾਲ ਨੇ ਦੱਸਿਆ ਕਿ ਉਸ ਦਾ ਮਾਮਾ ਪ੍ਰਦੀਪ ਸ਼ਰਮਾ ਤੇ ਮਾਮੀ ਨੀਤੀ ਪਠਾਨੀਆਂ ਵਾਸੀ ਗੁਰਦਾਸਪੁਰ ਵੀ ਉਸ ਦੇ ਮਾਤਾ-ਪਿਤਾ ਕੋਲੋਂ ਪੈਸੇ ਲੈਣ ਲਈ ਪਰੇਸ਼ਾਨ ਕਰਨ ਰਹੇ ਸਨ। ਇਸੇ ਦੌਰਾਨ ਉਨ੍ਹਾਂ ਨੇ ਕਿਸੇ ਦੇ ਹੱਥ ਸਲਫਾਸ ਦੀਆਂ ਗੋਲੀਆਂ ਉਸ ਦੀ ਮਾਤਾ ਨੂੰ ਭੇਜ ਕੇ ਫੋਨ ਰਾਹੀਂ ਧਮਕੀ ਦਿੱਤੀ ਕਿ ਜਾਂ ਤਾਂ ਪੈਸੇ ਵਾਪਸ ਕਰ ਦੇਣ ਜਾਂ ਸਲਫਾਸ ਦੀਆਂ ਗੋਲੀਆਂ ਖਾ ਕੇ ਪਰਿਵਾਰ ਸਮੇਤ ਮਰ ਜਾਣ। ਕੁਨਾਲ ਨੇ ਦੱਸਿਆ ਕਿ ਬੀਤੀ ਸ਼ਾਮ ਉਸ ਦੀ ਮਾਸੀ ਸੀਮਾ ਨੇ ਉਸ ਨੂੰ ਫੋਨ ਕਰ ਕੇ ਦੱਸਿਆ ਕਿ ਉਸ ਦੀ ਮਾਤਾ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਸਲਫਾਸ ਦੀਆਂ ਗੋਲੀਆਂ ਖਾਣ ਦੀ ਵੀਡੀਓ ਵਾਇਰਲ ਕੀਤੀ ਹੈ। ਇਸ 'ਤੇ ਉਹ ਉਪਰਲੇ ਕਮਰੇ ਵਿਚ ਗਿਆ ਤਾਂ ਉਸ ਦੀ ਮਾਤਾ ਨੇ ਦੱਸਿਆ ਕਿ ਉਨ੍ਹਾਂ ਨੇ ਸਲਫਾਸ ਦੀਆਂ ਗੋਲੀਆਂ ਖਾ ਲਈਆਂ ਹਨ। ਇਹ ਗੱਲ ਫੋਨ ਵਿਚ ਰਿਕਾਰਡ ਵੀ ਕੀਤੀ ਹੈ। ਪੁਲਿਸ ਨੇ ਦੱਸਿਆ ਕਿ ਪ੍ਰਦੀਪ ਸ਼ਰਮਾ, ਨੀਤੀ ਪਠਾਨੀਆਂ, ਗੀਤਾਂਜਲੀ, ਅਮਰਦੀਪ ਮਹਾਜਨ, ਅਮਿਤ ਸੁਨਿਆਰਾ, ਦਰਸ਼ਨਾ ਬੱਬਰ, ਨਰਿੰਦਰ ਵਿੱਜ, ਅਮਿਤ ਧੁੰਨਾ, ਜਗਜੀਤ ਸਿੰਘ, ਜਸਪਾਲ ਬੇਦੀ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

# ਰੁਲਦਾ ਸਿੰਘ ਹੱਤਿਆ ਕਾਂਡ: ਤਿੰਨ ਬਰਤਾਨਵੀ ਸਿੱਖ ਗ੍ਰਿਫਤਾਰ

**ਲੰਡਨ:** ਯੂਕੇ ਵਿਚ ਤਿੰਨ ਬਰਤਾਨਵੀ ਸਿੱਖਾਂ ਨੂੰ ਭਾਰਤ 'ਚ 2009 ਵਿਚ ਹੱਤਿਆ ਦੀ ਸਾਜ਼ਿਸ਼ ਰਚਣ ਵਿਚ ਸ਼ਮੂਲੀਅਤ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਯੂਕੇ ਪੁਲਿਸ ਅਨੁਸਾਰ ਇਹ ਗ੍ਰਿਫਤਾਰੀਆਂ ਵੱਡੇ ਤੜਕੇ ਵੈਸਟ ਮਿਡਲੈਂਡਜ਼ ਪੁਲਿਸ ਵਲੋਂ ਹਵਾਲਗੀ ਵਾਰੰਟਾਂ ਦੀ ਪਾਲਣਾ ਕਰਦਿਆਂ ਕੀਤੀਆਂ ਗਈਆਂ। ਤਿੰਨਾਂ ਨੂੰ ਲੰਡਨ ਦੀ ਵੈਸਟਮਿੰਸਟਰ ਮੈਜਿਸਟ੍ਰੇਟਸ ਕੋਰਟ ਵਿਚ 'ਸਖਤ ਸ਼ਰਤਾਂ' ਹੇਠ ਜ਼ਮਾਨਤ ਮਿਲ ਗਈ। ਬਿਆਨ ਅਨੁਸਾਰ, 'ਦੋ ਵਿਅਕਤੀ, ਉਮਰ 37 ਤੇ 40 ਸਾਲ, ਨੂੰ ਕੋਵੈਂਟਰੀ 'ਚ ਗ੍ਰਿਫਤਾਰ ਕੀਤਾ ਗਿਆ ਅਤੇ 38 ਵਰ੍ਹਿਆਂ ਦੇ ਇਕ ਵਿਅਕਤੀ ਨੂੰ ਵੁਲਵਰਹੈਂਪਟਨ ਤੋਂ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਨੂੰ ਭਾਰਤ ਵਿਚ 2009 ਵਿੱਚ ਹੱਤਿਆ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਹਿਰਾਸਤ ਵਿਚ ਲਿਆ ਗਿਆ।'

ਤਿੰਨਾਂ ਵਲੋਂ ਹੁਣ ਭਾਰਤ ਨੂੰ ਹਵਾਲਗੀ ਦਿੱਤੇ ਜਾਣ ਸਬੰਧੀ ਕਾਰਵਾਈ ਦਾ ਸਾਹਮਣਾ ਕੀਤੇ ਜਾਣ ਦੀ ਸੰਭਾਵਨਾ ਹੈ। ਯੂਕੇ ਵਿਚ ਕੁਝ ਵੱਖਵਾਦੀ ਸਿੱਖ ਸਮੂਹਾਂ ਨੇ ਦਾਅਵਾ ਕੀਤਾ ਹੈ ਕਿ ਅਜਿਹੀ ਕਾਰਵਾਈ ਲਈ ਆਦੇਸ਼ 'ਤੇ ਦਸਤਖਤ ਗ੍ਰਹਿ ਸਕੱਤਰ ਪ੍ਰੀਤੀ ਪਟੇਲ ਨੇ ਕੀਤੇ ਹਨ। ਗ੍ਰਿਫਤਾਰ ਕੀਤੇ ਵਿਅਕਤੀਆਂ ਤਰਫੋਂ ਸਿੱਖ ਪ੍ਰੈੱਸ ਐਸੋਸੀਏਸ਼ਨ ਨੇ ਬਿਆਨ ਜਾਰੀ ਕਰਕੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ 2009 ਵਿਚ ਆਰ.ਐਸ.ਐਸ. ਦੇ ਸੀਨੀਅਰ ਮੈਂਬਰ ਰੁਲਦਾ ਸਿੰਘ, ਜਿਸ ਨੂੰ ਪਟਿਆਲਾ ਵਿਚ ਗੋਲੀਆਂ ਮਾਰੀਆਂ ਗਈਆਂ ਸਨ ਅਤੇ ਹਫਤੇ ਬਾਅਦ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ, ਦੀ ਹੱਤਿਆ ਸਬੰਧੀ ਗ੍ਰਿਫਤਾਰ ਕੀਤਾ ਗਿਆ। ਇਸ ਵਿਚ ਅੱਗੇ ਦੋਸ਼ ਲਾਇਆ ਗਿਆ ਕਿ ਇਹ ਕਾਰਵਾਈ ਵਿਦੇਸ਼ ਸਕੱਤਰ ਡੌਮਨਿਕ ਰਾਬ ਦੀ ਇਸ ਸਾਲ ਦੇ ਸ਼ੁਰੂ ਵਿਚ ਭਾਰਤ ਫੇਰੀ ਨਾਲ ਸਬੰਧਤ ਹੈ। ਸਿੱਖ ਫੈਡਰੇਸ਼ਨ ਯੂਕੇ ਦੇ ਮੁਖੀ ਅਮਰੀਕਾ ਸਿੰਘ ਨੇ ਕਿਹਾ, "ਜੇਕਰ ਤਿੰਨਾਂ ਦੀ ਹਵਾਲਗੀ ਦਿੱਤੀ ਜਾਂਦੀ ਹੈ, ਤਾਂ ਉਨ੍ਹਾਂ ਉੱਪਰ ਲਾਜ਼ਮੀ ਤੌਰ 'ਤੇ ਤਸ਼ੱਦਦ ਢਾਹਿਆ ਜਾਵੇਗਾ ਅਤੇ ਇਨਸਾਫ ਦਾ ਕੋਈ ਰਾਹ ਨਹੀਂ ਬਚੇਗਾ।"



## ਪੁਰਾਤਨ ਦਰਵਾਜ਼ਿਆਂ ਬਾਰੇ ਸ਼੍ਰੋਮਣੀ ਕਮੇਟੀ ਨੂੰ ਨੋਟਿਸ

**ਅੰਮ੍ਰਿਤਸਰ:** ਬਟਾਲਾ ਵਾਸੀ ਵਿਅਕਤੀ ਨੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਨੋਟਿਸ ਭੇਜ ਕੇ ਮੰਗ ਕੀਤੀ ਹੈ ਕਿ ਦੋ ਸਦੀਆਂ ਪੁਰਾਣੇ ਮਹਾਰਾਜਾ ਰਣਜੀਤ ਸਿੰਘ ਵਲੋਂ ਭੇਟ ਕੀਤੇ ਦਰਵਾਜ਼ੇ ਮੁਰੰਮਤ ਮਗਰੋਂ ਮੁੜ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਵਿਚ ਸਥਾਪਤ ਕੀਤੇ ਜਾਣ। ਸੁਰਿੰਦਰ ਸਿੰਘ ਕਲਸੀ ਵਲੋਂ ਇਸ ਸਬੰਧੀ ਵਕੀਲ ਐਚ.ਐਸ. ਮਾਂਗਟ ਰਾਹੀਂ ਕਮੇਟੀ ਨੂੰ ਲੀਗਲ ਨੋਟਿਸ ਭੇਜਿਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੇ ਇਸ ਪੁਰਾਤਨ ਦਰਵਾਜ਼ੇ ਦੀ ਮੁਰੰਮਤ ਲਈ ਸ਼ਰਧਾਲੂਆਂ ਕੋਲੋਂ ਦਾਨ ਵੀ ਪ੍ਰਾਪਤ ਕੀਤਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇ ਇਕ ਮਹੀਨੇ ਵਿਚ ਪੁਰਾਤਨ ਗੇਟ ਦਰਸ਼ਨੀ ਡਿਓਢੀ ਵਿਖੇ ਸਥਾਪਤ ਨਾ ਕੀਤੇ ਗਏ ਤਾਂ ਉਹ ਇਸ ਮਾਮਲੇ ਨੂੰ ਅਦਾਲਤ ਵਿਚ ਲੈ ਕੇ ਜਾਣਗੇ। ਦੱਸਣਯੋਗ ਹੈ ਕਿ ਇਸ ਸਬੰਧੀ ਪਹਿਲਾਂ ਵੀ ਕਈ ਸਿੱਖ ਜਥੇਬੰਦੀਆਂ ਸ਼੍ਰੋਮਣੀ ਕਮੇਟੀ ਕੋਲ ਰੋਸ ਦਰਜ ਕਰਵਾ ਚੁੱਕੀਆਂ ਹਨ। ਸ਼੍ਰੋਮਣੀ ਕਮੇਟੀ ਦਾ ਦਾਅਵਾ ਹੈ ਕਿ ਪੁਰਾਤਨ ਦਰਵਾਜ਼ਿਆਂ ਨੂੰ ਮੁੜ ਸਥਾਪਤ ਕਰਨਾ ਸੁਰੱਖਿਅਤ ਨਹੀਂ ਹੈ।

# ਹੁਕਮਨਾਮੇ ਦੀ ਕਥਾ ਵਿਚ ਹੋਈ ਕਿਸਾਨ ਸੰਘਰਸ਼ ਦੀ ਚਰਚਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਸਵੇਰ ਵੇਲੇ ਆਉਂਦੇ ਪਹਿਲੇ ਹੁਕਮਨਾਮੇ ਦੀ ਕਥਾ ਸਮੇਂ ਅੱਜਕੱਲ੍ਹ ਧਾਰਮਿਕ ਸ਼ਖ਼ਸੀਅਤਾਂ ਵਲੋਂ ਚੱਲ ਰਹੇ ਕਿਸਾਨ ਸੰਘਰਸ਼ ਦੀ ਵੀ ਚਰਚਾ ਕੀਤੀ ਜਾ ਰਹੀ ਹੈ। ਕਥਾ ਦੌਰਾਨ ਖੇਤੀ ਸੰਘਰਸ਼ ਦੀ ਚਰਚਾ ਕੀਤੀ ਗਈ ਅਤੇ ਇਸ ਸੰਘਰਸ਼ ਦੀ ਤੁਲਨਾ ਮੁਗਲ ਕਾਲ ਦੇ ਜਾਬਰ ਹਾਕਮਾਂ ਦੇ ਸਮੇਂ ਨਾਲ ਕੀਤੀ ਗਈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਤੜਕਸਾਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਮਗਰੋਂ ਹੁਕਮਨਾਮਾ ਲਿਆ ਜਾਂਦਾ ਹੈ, ਜਿਸ ਦੀ ਵਿਆਖਿਆ ਮਗਰੋਂ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਹੁੰਦੀ ਕਥਾ ਦੌਰਾਨ ਕੀਤੀ ਜਾਂਦੀ ਹੈ। ਹੁਕਮਨਾਮੇ ਦੀ ਵਿਆਖਿਆ ਦੀ ਕਥਾ ਕਈ ਅਹਿਮ ਧਾਰਮਿਕ ਸ਼ਖ਼ਸੀਅਤਾਂ ਵਲੋਂ ਸਮੇਂ-ਸਮੇਂ ਕੀਤੀ ਜਾਂਦੀ ਹੈ, ਜਿਨ੍ਹਾਂ ਵਿਚ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਕਈ ਉਘੇ ਕਥਾਵਾਚਕ ਤੇ ਪ੍ਰਚਾਰਕ ਸ਼ਾਮਲ ਹਨ। ਹੁਕਮਨਾਮੇ ਦੀ ਕਥਾ ਵਿਚ ਸ਼੍ਰੋਮਣੀ ਕਮੇਟੀ ਦੇ ਮੁੱਖ ਪ੍ਰਚਾਰਕ ਭਾਈ ਜਗਦੇਵ ਸਿੰਘ ਵਲੋਂ ਲਗਭਗ ਇਕ ਘੰਟੇ ਦੀ ਕਥਾ ਵਿਆਖਿਆ ਦੌਰਾਨ ਜਿਥੇ ਉਨ੍ਹਾਂ ਹੁਕਮਨਾਮੇ ਅਤੇ ਸ਼ਹੀਦੀ ਸਾਕੇ ਬਾਰੇ ਜਾਣਕਾਰੀ ਦਿੱਤੀ, ਉਥੇ ਕਿਸਾਨੀ ਸੰਘਰਸ਼ ਦੀ ਵੀ ਚਰਚਾ ਕੀਤੀ। ਸ਼ਹੀਦੀ ਸਾਕੇ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਉਣ ਦੇ ਸਮੇਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਘੇਰਾ ਮਈ ਤੋਂ ਦਸੰਬਰ ਮਹੀਨੇ ਤੱਕ ਚੱਲਿਆ ਸੀ। ਉਸ ਵੇਲੇ ਵੀ ਰਸਦਾਂ ਖਤਮ ਹੋ ਗਈਆਂ ਸਨ, ਘੇਰਾ ਕਦੋਂ ਖਤਮ ਹੋਵੇਗਾ, ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਹੁਣ ਵੀ ਕਿਸਾਨਾਂ ਦਾ ਸੰਘਰਸ਼ ਦਿੱਲੀ ਵਿਚ ਚੱਲਦਿਆਂ ਇਕ ਮਹੀਨਾ ਹੋ ਚੁੱਕਾ ਹੈ। ਸੀਤ ਲਹਿਰ ਪੂਰੇ ਸਿਖਰ 'ਤੇ ਹੈ ਅਤੇ ਇਹ ਸੰਘਰਸ਼ ਵੀ ਕਿੰਨੀ ਦੇਰ ਚੱਲੇਗਾ, ਇਸ ਬਾਰੇ ਕੁਝ ਪਤਾ ਨਹੀਂ ਹੈ।

ਕਿਸਾਨ ਰਸਦਾਂ ਲੈ ਕੇ ਮੋਰਚੇ 'ਤੇ ਡਟੇ ਹੋਏ ਹਨ। ਕਥਾ ਦੇ ਅੰਤ ਵਿਚ ਉਨ੍ਹਾਂ ਮੁੜ ਕਿਸਾਨ ਸੰਘਰਸ਼ ਬਾਰੇ ਗੱਲ ਕਰਦਿਆਂ ਦੱਸਿਆ ਕਿ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਇਕ ਵਾਰ ਖਾਣਾ-ਪੀਣਾ ਛੱਡ ਦਿੱਤਾ ਸੀ। ਪਿਤਾ ਜੀ ਵਲੋਂ ਵੈਦ ਸੱਦਿਆ ਗਿਆ ਪਰ ਵੈਦ ਉਨ੍ਹਾਂ ਦੇ ਅੰਦਰ ਦੀ ਪੀੜਾ ਦਾ ਪਤਾ ਨਾ ਲਾ ਸਕਿਆ। ਉਨ੍ਹਾਂ ਦੇ ਅੰਦਰ ਦੀ ਪੀੜਾ ਕਿਸਾਨਾਂ ਦੇ ਪ੍ਰਤੀ ਸੀ। ਕਿਸਾਨ ਸਾਰਾ ਦਿਨ ਖੇਤਾਂ ਵਿਚ ਹਲ ਚਲਾਉਂਦੇ ਹਨ, ਪਾਣੀ ਲਾਉਂਦੇ ਹਨ ਅਤੇ ਫਿਰ ਫਸਲ ਤਿਆਰ ਹੁੰਦੀ ਹੈ ਜਦੋਂਕਿ ਉਸ ਵੇਲੇ ਦੇ ਜਗੀਰਦਾਰ ਫਸਲ ਤਿਆਰ ਹੋਣ 'ਤੇ ਆਉਂਦੇ ਅਤੇ ਕਿਸਾਨਾਂ ਦੀ ਫਸਲ ਜਬਰੀ ਲੈ ਕੇ ਚਲੇ ਜਾਂਦੇ। ਉਨ੍ਹਾਂ ਨੇ ਮੌਜੂਦਾ ਕਾਰਪੋਰੇਟ ਘਰਾਣਿਆਂ ਦੀ ਤੁਲਨਾ ਵੀ ਉਸ ਵੇਲੇ ਦੇ ਜਗੀਰਦਾਰਾਂ ਨਾਲ ਕੀਤੀ। ਉਨ੍ਹਾਂ ਆਖਿਆ ਕਿ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਲਿਆਂਦੇ ਹਨ, ਜੋ ਵਧੇਰੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿਚ ਹਨ। ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਮੰਡੀ ਪ੍ਰਣਾਲੀ ਖਤਮ ਹੋ ਜਾਵੇਗੀ ਅਤੇ ਜਗੀਰਦਾਰਾਂ ਵਾਂਗ ਹੀ ਇਹ ਵੱਡੇ ਕਾਰਪੋਰੇਟ ਘਰਾਣੇ ਕਿਸਾਨਾਂ ਦਾ ਸ਼ੋਸ਼ਣ ਕਰਨਗੇ।

## ਦੌੜਾਕ ਜਗਦੀਪ ਸਿੰਘ ਦਿੱਲੀ ਤੋਂ ਹਰਿਮੰਦਰ ਸਾਹਿਬ ਪੁੱਜਾ

**ਅੰਮ੍ਰਿਤਸਰ:** ਨੌਜਵਾਨ ਦੌੜਾਕ ਤੇ ਤਹਿਸੀਲ ਮਲੇਰਕੋਟਲਾ ਦੇ ਪਿੰਡ ਸ਼ੇਰਗੜ੍ਹ ਚੀਮਾ ਦਾ ਵਸਨੀਕ ਪੰਜਾਬੀ ਨੌਜਵਾਨ ਦੌੜਾਕ ਜਗਦੀਪ ਸਿੰਘ ਸੰਘਰਸ਼ ਕਰ ਰਹੇ ਕਿਸਾਨਾਂ ਦੀ ਜਿੱਤ ਅਤੇ ਸਰਦੀ ਦੇ ਮੌਸਮ ਵਿਚ ਉਨ੍ਹਾਂ ਦੀ ਤੰਦਰੁਸਤੀ ਲਈ ਅਰਦਾਸ ਕਰਨ ਲਈ 323 ਕਿਲੋਮੀਟਰ ਦੌੜ ਕੇ ਦਿੱਲੀ ਤੋਂ ਸ੍ਰੀ ਹਰਿਮੰਦਰ ਸਾਹਿਬ ਪੁੱਜਾ। ਇਸ ਮੌਕੇ ਜਗਦੀਪ ਸਿੰਘ ਨੇ ਦੱਸਿਆ ਕਿ ਉਹ ਧੁੰਦ ਦੇ ਮੌਸਮ ਵਿਚ ਮੈਰਾਥਨ ਦੌੜ ਕੇ 48 ਘੰਟਿਆਂ ਵਿਚ ਸ੍ਰੀ ਹਰਿਮੰਦਰ ਸਾਹਿਬ ਅਰਦਾਸ ਕਰਨ ਪੁੱਜਾ ਹੈ। ਉਸ ਨੇ ਕਿਹਾ ਕਿ ਉਹ ਦਿੱਲੀ ਤਿੰਨ ਵਾਰ ਦੌੜ ਕੇ ਜਾ ਚੁੱਕਾ ਹੈ ਤੇ ਇਸ ਤੋਂ ਇਲਾਵਾ ਪੰਜਾਬ ਦੇ ਤਿੰਨ ਤਖ਼ਤ ਸਾਹਿਬਾਨਾਂ ਸਮੇਤ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵੀ ਇਕ ਮਹੀਨੇ ਦੌਰਾਨ ਮੈਰਾਥਨ ਦੌੜ ਕੇ ਦਰਸ਼ਨ ਕਰਨ ਜਾ ਚੁੱਕਾ ਹੈ। ਉਸ ਨੇ ਕਿਹਾ ਕਿ ਆਪਣੀ ਮਾਤਾ ਦੀ ਇੱਛਾ ਤਹਿਤ ਮੈਂ ਕਿਸਾਨਾਂ ਦੇ ਹੱਕ ਵਿਚ ਤੇ ਉਨ੍ਹਾਂ ਦੀ ਤੰਦਰੁਸਤੀ ਲਈ ਦੌੜ ਕੇ ਅਰਦਾਸ ਕਰਨ ਆਇਆ ਹਾਂ।

ਪੰਜਾਬ ਟਾਈਮਜ਼

*ਸਨਿਚਰਵਾਰ, 2 ਜਨਵਰੀ 2021*

# ਕਹਿਰਾਂ ਦੀ ਠੰਢ 'ਚ ਸੰਘਰਸ਼ ਦਾ ਨਿੱਘ

ਭਾਰਤ ਦੇ ਉਤਰੀ ਖਿੱਤੇ ਦੇ ਪਹਾੜੀ ਇਲਾਕਿਆਂ ਵਿਚ ਬਰਫ ਅਤੇ ਮੈਦਾਨੀ ਇਲਾਕਿਆਂ ਵਿਚ ਮੀਂਹ ਪੈਣ ਨਾਲ ਠੰਢ ਦਾ ਕਹਿਰ ਵਧ ਗਿਆ ਹੈ ਪਰ ਇਸ ਮੌਸਮ ਵਿਚ ਵੀ ਕਿਸਾਨਾਂ ਦਾ ਇਤਿਹਾਸਕ ਸੰਘਰਸ਼ ਮੱਠਾ ਨਹੀਂ ਪਿਆ ਹੈ ਅਤੇ ਨਾ ਹੀ ਉਨ੍ਹਾਂ ਦੇ ਉਤਸ਼ਾਹ ਵਿਚ ਕੋਈ ਕਮੀ ਨਜ਼ਰ ਆਈ ਹੈ। ਇਸ ਸੰਘਰਸ਼ ਵਿਚ ਕੁੱਦਿਆਂ ਬੱਚਾ-ਬੱਚਾ ਆਖ ਰਿਹਾ ਹੈ ਕਿ ਜਦੋਂ ਤੱਕ ਖੇਤੀ ਸੁਧਾਰ ਦੇ ਨਾਂ 'ਤੇ ਬਣਾਏ ਕਿਸਾਨ ਵਿਰੋਧੀ ਕਾਨੂੰਨ ਰੱਦ ਨਹੀਂ ਹੋ ਜਾਂਦੇ, ਸੰਘਰਸ਼ ਜਾਰੀ ਰਹੇਗਾ। ਇਸ ਸੰਘਰਸ਼ ਨੂੰ ਵੱਖ-ਵੱਖ ਵਰਗਾਂ ਅਤੇ ਮੁਲਕ ਦੇ ਬਹੁਤ ਸਾਰੇ ਸੂਬਿਆਂ ਤੋਂ ਭਰਵੀਂ ਹਮਾਇਤ ਮਿਲਣ ਕਰ ਕੇ ਇਹ ਪਹਿਲਾਂ ਹੀ ਮਿਸਾਲੀ ਸੰਘਰਸ਼ ਹੋ ਨਿੱਬੜਿਆ ਹੈ। ਕਹਿਰਾਂ ਦੀ ਠੰਢ ਵਾਲੇ ਪ੍ਰਸੰਗ ਤੋਂ ਪੰਜਾਬ ਲਈ ਦਸੰਬਰ ਦਾ ਦੂਜਾ ਪੰਦਰਵਾੜਾ ਵੱਖਰਾ ਮੁਕਾਮ ਰੱਖਦਾ ਹੈ। ਇਹ ਉਹੀ ਦਿਨ ਸਨ ਜਦੋਂ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਾ ਪਿਆ। ਫਿਰ ਚਮਕੌਰ ਦੀ ਲੜਾਈ ਵਿਚ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ, ਜੁਝਾਰ ਸਿੰਘ ਅਤੇ ਉਨ੍ਹਾਂ ਦੇ ਕਾਫਲੇ ਦੇ ਸਿਰੜੀ ਸਿੰਘ ਸ਼ਹੀਦ ਹੋਏ। ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੇ ਛੋਟੇ ਸਾਹਿਜ਼ਾਦਿਆਂ ਨੂੰ ਨੀਂਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਨੀਂਹਾਂ ਵਿਚ ਚਿਣਵਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਠੰਢੇ ਬੁਰਜ ਵਿਚ ਰੱਖਿਆ ਗਿਆ। ਬਾਅਦ ਵਿਚ ਮਾਤਾ ਗੁਜਰੀ ਵੀ ਸ਼ਹਾਦਤ ਨੂੰ ਪ੍ਰਾਪਤ ਹੋਏ। ਇਉਂ, ਇਹ ਪੰਦਰਵਾੜਾ ਪੰਜਾਬ ਲਈ ਆਮ ਕਰ ਕੇ, ਤੇ ਸਿੱਖਾਂ ਲਈ ਖਾਸ ਕਰ ਕੇ ਸੋਗ ਵਾਲਾ ਪੰਦਰਵਾੜਾ ਮੰਨਿਆ ਜਾਂਦਾ ਹੈ ਅਤੇ ਲੋਕ ਚਮਕੌਰ ਸਾਹਿਬ ਤੇ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦਾਂ ਨੂੰ ਅਕੀਦਤ ਪੇਸ਼ ਕਰਦੇ ਹਨ। ਠੰਢ ਦੇ ਇਨ੍ਹਾਂ ਦਿਨਾਂ ਦੌਰਾਨ ਤਕਰੀਬਨ ਸਾਰਾ ਪੰਜਾਬ ਬਾਹਰ ਨਿੱਕਲ ਕੇ ਮੋਦੀ ਸਰਕਾਰ ਦੇ ਲਿਆਂਦੇ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਜੂਝ ਰਿਹਾ ਹੈ।

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪਹਿਲਾਂ-ਪਹਿਲ ਇਹ ਸੰਘਰਸ਼ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸ਼ੁਰੂ ਕੀਤਾ ਸੀ ਪਰ ਜਿਸ ਤਰ੍ਹਾਂ ਇਸ ਅੰਦੋਲਨ ਨੂੰ ਹੁੰਗਾਰਾ ਮਿਲਿਆ ਅਤੇ ਇਹ ਆਏ ਦਿਨ ਹੋਰ ਵਡੇਰਾ ਹੁੰਦਾ ਗਿਆ ਤਾਂ ਇਸ ਸੰਘਰਸ਼ ਵਿਚ ਕੁਝ ਹੋਰ ਮੰਗਾਂ ਵੀ ਜੁੜਦੀਆਂ ਗਈਆਂ। ਹੁਣ ਕਿਸਾਨ, ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਰੰਟੀ ਮੰਗ ਰਹੇ ਹਨ, ਭਾਵ ਜੇ ਕੋਈ ਬੰਦਾ ਜਾਂ ਵਪਾਰੀ ਉਸ ਦੀ ਫਸਲ ਸਰਕਾਰ ਵੱਲੋਂ ਤੈਅ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਖਰੀਦ ਕਰਦਾ ਹੈ ਤਾਂ ਉਸ ਨੂੰ ਸਜ਼ਾਯੋਗ ਅਪਰਾਧ ਮੰਨਣਾ ਚਾਹੀਦਾ ਹੈ। ਚੇਤੇ ਰਹੇ ਕਿ ਭਾਰਤ ਸਰਕਾਰ ਹਰ ਸਾਲ ਕੁੱਲ 23 ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਦੀ ਹੈ ਪਰ ਸਰਕਾਰੀ ਪੱਧਰ ਉਤੇ ਖਰੀਦ ਸਿਰਫ ਕਣਕ ਅਤੇ ਝੋਨੇ ਦੀ ਹੀ ਹੁੰਦੀ; ਉਹ ਵੀ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਦੇ ਕੁਝ ਕੁ ਪੱਛਮੀ ਇਲਾਕਿਆਂ ਵਿਚ। ਮਿਸਾਲ ਵਜੋਂ ਸਰਕਾਰ ਨੇ ਮੱਕੀ ਦਾ ਘੱਟੋ-ਘੱਟ ਸਮਰਥਨ ਮੁੱਲ 1850 ਐਲਾਨਿਆ ਹੋਇਆ ਹੈ ਪਰ ਪੰਜਾਬ ਵਿਚ ਪ੍ਰਾਈਵੇਟ ਵਪਾਰੀਆਂ ਨੇ ਮੱਕੀ 600 ਤੋਂ ਲੈ ਕੇ 850 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦੀ ਹੈ। ਇਹੀ ਹਾਲ ਹੋਰ ਸੂਬਿਆਂ ਦਾ ਹੈ। ਬਿਹਾਰ ਵਿਚ ਸਰਕਾਰੀ ਖਰੀਦ 2006 ਵਿਚ ਖਤਮ ਕਰ ਦਿੱਤੀ ਗਈ ਸੀ। ਉਥੇ ਹੁਣ ਕਿਸਾਨਾਂ ਨੂੰ ਝੋਨੇ ਦਾ ਪੂਰਾ ਭਾਅ ਨਹੀਂ ਮਿਲ ਰਿਹਾ। ਕਿਸਾਨਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਲਾਗੂ ਹੋਣ ਨਾਲ ਪੰਜਾਬ ਦਾ ਹਾਲ ਵੀ ਬਿਹਾਰ ਵਾਲਾ ਹੀ ਹੋਵੇਗਾ। ਪ੍ਰਾਈਵੇਟ ਵਪਾਰੀ ਆਪਣੀ ਮਰਜ਼ੀ ਦੇ ਭਾਅ ਉਤੇ ਕਣਕ ਅਤੇ ਝੋਨੇ ਦੀ ਖਰੀਦ ਕਰਨਗੇ। ਹੁਣ ਇਹ ਸੰਘਰਸ਼ ਮਘਣ ਅਤੇ ਲੋਕਾਂ ਅੰਦਰ ਚੇਤਨਾ ਪੈਦਾ ਹੋਣ ਤੋਂ ਬਾਅਦ ਬਿਹਾਰ ਦੇ ਲੋਕ ਵੀ ਐਮ.ਐਸ.ਪੀ. ਦੀ ਮੰਗ ਕਰਨ ਲੱਗੇ ਹਨ।

ਜ਼ਾਹਿਰ ਹੈ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਵਿੱਢੇ ਸੰਘਰਸ਼ ਤੋਂ ਬਾਅਦ ਹੁਣ ਕੇਂਦਰ ਸਰਕਾਰ ਕਸੂਤੀ ਹਾਲਤ ਵਿਚ ਫਸ ਗਈ ਹੈ। ਉਧਰ, ਦਿੱਲੀ ਦੇ ਪੰਜਾਂ ਬਾਰਡਰਾਂ ਉਤੇ ਕਿਸਾਨਾਂ ਦਾ ਸੰਘਰਸ਼ ਹੋਰ ਵੱਡਾ ਹੋ ਰਿਹਾ ਹੈ। ਇਸ ਸੰਘਰਸ਼ ਨੂੰ ਲੀਹੋਂ ਲਾਹੁਣ ਲਈ ਮੋਦੀ ਸਰਕਾਰ ਨੇ ਹਰ ਹਰਬਾ ਵਰਤ ਕੇ ਦੇਖ ਲਿਆ ਹੈ ਪਰ ਕਿਸਾਨਾਂ ਦੀ ਰਣਨੀਤੀ ਅਤੇ ਲੋਕਾਂ ਦੇ ਦਬਾਅ ਨੇ ਅਜੇ ਤੱਕ ਇਸ ਦੀ ਇਕ ਵੀ ਚੱਲਣ ਨਹੀਂ ਦਿੱਤੀ ਹੈ। ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ ਦੇ ਕਿਸਾਨ ਤਾਂ ਬਾਰਡਰਾਂ 'ਤੇ ਪਹਿਲਾਂ ਹੀ ਡਟੇ ਹੋਏ ਹਨ, ਹੁਣ ਹੋਰ ਸੂਬਿਆਂ ਤੋਂ ਆਉਣ ਵਾਲੇ ਕਿਸਾਨਾਂ ਦੀ ਗਿਣਤੀ ਨਿੱਤ ਦਿਨ ਵਧ ਰਹੀ ਹੈ। ਇਹੀ ਨਹੀਂ, ਵੱਖ-ਵੱਖ ਸੂਬਿਆਂ ਅੰਦਰ ਕਿਸਾਨਾਂ ਦੀਆਂ ਸਰਗਰਮੀਆਂ ਵਧ ਰਹੀਆਂ ਹਨ। ਪੰਜਾਬ ਦੇ ਕਿਸਾਨ ਖੁਦ ਵੱਖ-ਵੱਖ ਸੂਬਿਆਂ ਵਿਚ ਜਾ ਕੇ ਲਾਮਬੰਦੀ ਲਈ ਜੁਟ ਗਏ ਹਨ ਅਤੇ ਉਥੋਂ ਦੇ ਲੋਕ ਉਨ੍ਹਾਂ ਨੂੰ ਹੁੰਗਾਰਾ ਵੀ ਦੇ ਰਹੇ ਹਨ। ਇਉਂ ਇਸ ਕਿਸਾਨ ਸੰਘਰਸ਼ ਦੇ ਵੱਡੇ ਹੋ ਰਹੇ ਆਕਾਰ ਨੂੰ ਦੇਖ ਕੇ ਮੋਦੀ ਸਰਕਾਰ ਇਨ੍ਹਾਂ ਕਾਨੂੰਨਾਂ ਵਿਚ ਸੋਧਾਂ ਲਈ ਪਹਿਲਾਂ ਹੀ ਰਾਜ਼ੀ ਹੋ ਚੁੱਕੀ ਹੈ ਅਤੇ ਹੁਣ ਜਿਉਂ-ਜਿਉਂ 26 ਜਨਵਰੀ ਨੇੜੇ ਆ ਰਹੀ ਹੈ, ਇਸ ਉਪਰ ਦਬਾਅ ਹੋਰ ਵਧ ਰਿਹਾ ਹੈ ਕਿਉਂਕਿ ਕਿਸਾਨ ਜਥੇਬੰਦੀਆਂ 26 ਜਨਵਰੀ ਲਈ ਵੱਡੀ ਰਣਨੀਤੀ ਘੜਨ ਵਿਚ ਲੱਗੀਆਂ ਹੋਈਆਂ ਹਨ। ਅਸਲ ਵਿਚ ਇਨ੍ਹਾਂ ਕਾਨੂੰਨਾਂ ਨੂੰ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਵੱਕਾਰ ਦਾ ਸਵਾਲ ਬਣਾ ਲਿਆ ਹੈ। ਉਂਜ, ਮੋਦੀ ਸਰਕਾਰ ਉਹੀ ਕੁਝ ਕਰ ਰਹੀ ਹੈ ਜੋ 1991 ਵਿਚ ਸ਼ੁਰੂ ਹੋਈਆਂ ਨਵੀਆਂ ਆਰਥਕ ਨੀਤੀਆਂ ਤਹਿਤ ਤੈਅ ਕੀਤਾ ਗਿਆ ਸੀ। ਇਸ ਤੋਂ ਪਹਿਲੀ ਕਾਂਗਰਸ ਸਰਕਾਰ ਨਾਲੋਂ ਮੋਦੀ ਸਰਕਾਰ ਦਾ ਫਰਕ ਸਿਰਫ ਇੰਨਾ ਕੁ ਹੈ ਕਿ ਮੋਦੀ ਸਰਕਾਰ ਨੇ ਤਬਦੀਲੀ ਦੀ ਰਫਤਾਰ ਬਹੁਤ ਵਧਾ ਦਿੱਤੀ ਹੈ। ਇਸ ਮਿਸਾਲੀ ਕਿਸਾਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਹ ਸੰਘਰਸ਼ ਹੁਣ ਸਿਰਫ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਲਈ ਨਹੀਂ ਰਿਹਾ ਸਗੋਂ ਹੁਣ ਤਾਂ ਇਸ ਦਾ ਮੂੰਹ-ਮੱਥਾ ਵਿਕਾਸ ਦੇ ਕਾਰਪੋਰੇਟ ਮਾਡਲ ਉਤੇ ਸਵਾਲੀਆ ਨਿਸ਼ਾਨ ਲਾਉਣ ਵੱਲ ਵਧ ਰਿਹਾ ਹੈ। ਇਸ ਮੁਕਾਮ 'ਤੇ ਪੁੱਜ ਕੇ ਹੁਣ ਇਸ ਸੰਘਰਸ਼ ਨੂੰ ਸਿਆਸਤ ਦੀ ਪਾਣ ਚੜ੍ਹਨੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਅਜੋਕੇ ਤੀਰਥ ਅਸਥਾਨ!

ਐਸਾ ਉੱਠਿਆ ਰੋਹ ਪੰਜਾਬ ਵਿਚੋਂ, ਸਾਰੇ ਦੇਸ਼ ਨੂੰ ਆ ਗਿਆ ਤਾਅ ਯਾਰੋ।
ਸਾਰੇ ਰਲੇ ਕਿਸਾਨਾਂ ਦੇ ਨਾਲ ਲੋਕੀਂ, ਚੜ੍ਹ ਗਿਆ ਸੰਘਰਸ਼ ਦਾ ਚਾਅ ਯਾਰੋ।
ਆਏ ਆਪਣੀ 'ਆਈ' 'ਤੇ ਕਹਿਣ ਲੱਗੇ, ਨਹੀਂਓਂ ਮੰਨਣੇ ਤਿੰਨੋਂ ਹੀ 'ਲਾਅ' ਯਾਰੋ।
ਆਈਆਂ ਸਿਆਣਪਾਂ ਮਿਹਨਤੀ ਕਾਮਿਆਂ ਨੂੰ, ਕਰ'ਤੇ ਫੇਲ੍ਹ ਸਰਕਾਰ ਦੇ 'ਦਾਅ' ਯਾਰੋ।
ਸਬਰ ਸਿਦਕ ਨਾ ਹਾਰਦੇ ਕਦੇ ਦੇਖੇ, ਸੋਚੇ ਜਾਬਰ ਸਰਕਾਰ ਦੀ 'ਜੁੰਡਲੀ' ਜੀ।
ਬਣੇ ਦਿੱਲੀ ਵਿਚ ਤੀਰਥ ਹੀ ਜਾਪਦੇ ਨੇ, ਸਿੰਘੂ ਟਿੱਕਰੀ ਗਾਜ਼ੀਪੁਰ ਕੁੰਡਲੀ ਜੀ!

# ਸੰਘ ਪਰਿਵਾਰ ਦੀ ਖਸਲਤ

***ਆਰ.ਐਸ.ਐਸ. ਅਤੇ ਇਸ ਦੇ ਸਿਆਸੀ ਵਿੰਗ ਭਾਜਪਾ ਦੀ ਸਿਆਸਤ ਜਦੋਂ ਤੋਂ ਕੇਂਦਰ ਵਿਚ ਸੱਤਾਧਾਰੀ ਬਣੀ ਹੈ, ਇਹ ਜਮਾਤ ਮੁਲਕ ਦਾ ਚਰਿੱਤਰ ਬਦਲਣ 'ਤੇ ਉਤਾਰੂ ਹੋ ਗਈ ਹੈ। ਉਘੇ ਚਿੰਤਕ ਰਾਮਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਆਰ.ਐਸ.ਐਸ. ਦੀ ਇਸੇ ਖਸਲਤ ਬਾਰੇ ਗੱਲ ਕੀਤੀ ਹੈ। -ਸੰਪਾਦਕ***

**ਰਾਮਚੰਦਰ ਗੁਹਾ**

ਗਾਂਧੀ ਦੇ ਆਖਰੀ ਸਕੱਤਰ ਪਿਆਰੇ ਲਾਲ ਨੇ ਆਪਣੀ ਕਿਤਾਬ 'ਮਹਾਤਮਾ ਗਾਂਧੀ: ਦਿ ਲਾਸਟ ਫੇਜ਼' ਵਿਚ ਲਿਖਿਆ ਹੈ ਕਿ 1947 ਵਿਚ ਹਿੰਦੋਸਤਾਨ ਦੀ ਵੰਡ ਅਤੇ ਉਸ ਦੌਰਾਨ ਹੋਈ ਭਿਆਨਕ ਹਿੰਸਾ ਨੇ ਹਿੰਦੂ ਸ਼ਾਵਨਵਾਦ ਲਈ ਜ਼ਰਖੇਜ਼ ਜ਼ਮੀਨ ਮੁਹੱਈਆ ਕਰਵਾ ਦਿੱਤੀ ਸੀ। ਇਸ ਦੀ ਬਹੁਤ ਹੀ ਗੰਭੀਰ ਝਲਕ ਉਦੋਂ ਦੇਖਣ ਨੂੰ ਮਿਲੀ ਜਦੋਂ ਹਿੰਦੂ ਮੱਧ ਵਰਗ ਅਤੇ ਸਰਕਾਰੀ ਸੇਵਾਵਾਂ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਨੇ ਘੁਸਪੈਠ ਕਰ ਲਈ। ਇਹ ਹਿੰਦੂ ਕਾਂਗਰਸੀਆਂ ਦੇ ਇਕ ਹਿੱਸੇ ਦੀ ਗੁਪਤ ਹਮਦਰਦੀ ਵੀ ਹਾਸਲ ਕਰਨ ਲੱਗ ਪਈ ਸੀ।

ਇਸ ਤੋਂ ਅੱਗੇ ਪਿਆਰੇ ਲਾਲ ਆਪਣੇ ਪਾਠਕਾਂ ਲਈ ਖਾਕਾ ਬੁਣਦੇ ਹਨ ਕਿ ਹਿੰਦੂ ਸ਼ਾਵਨਵਾਦੀਆਂ ਦੀ ਇਸ ਜਥੇਬੰਦੀ ਦਾ ਯਕੀਨ ਕਿਹੜੀ ਗੱਲ 'ਤੇ ਹੈ ਅਤੇ ਇਸ ਦੇ ਮਨੋਰਥ ਕੀ ਸਨ। ਉਹ ਲਿਖਦੇ ਹਨ: 'ਆਰ.ਐਸ.ਐਸ. ਇਕ ਫਿਰਕਾਪ੍ਰਸਤ, ਨੀਮ ਫੌਜੀ ਅਤੇ ਫਾਸ਼ੀਵਾਦੀ ਜਥੇਬੰਦੀ ਹੈ ਜਿਸ ਨੂੰ ਮਹਾਰਾਸ਼ਟਰ ਤੋਂ ਕੰਟਰੋਲ ਕੀਤਾ ਜਾਂਦਾ ਹੈ ... ਉਨ੍ਹਾਂ ਦਾ ਖੁੱਲ੍ਹਾ ਮਨੋਰਥ ਹਿੰਦੂ ਰਾਜ ਕਾਇਮ ਕਰਨਾ ਹੈ। ਉਨ੍ਹਾਂ ਦਾ ਨਾਅਰਾ ਹੈ- "ਭਾਰਤ 'ਚੋਂ ਮੁਸਲਮਾਨਾਂ ਨੂੰ ਕੱਢੋ"। ਜਿਸ ਵੇਲੇ ਘੱਟੋ-ਘੱਟ ਜ਼ਾਹਰਾ ਤੌਰ 'ਤੇ ਉਹ ਬਹੁਤੀ ਸਰਗਰਮ ਨਹੀਂ ਸੀ, ਤਾਂ ਵੀ ਅੰਦਰਖਾਤੇ ਇਹ ਸੰਕੇਤ ਮਿਲ ਰਹੇ ਸਨ ਕਿ ਉਹ ਇਸ ਗੱਲ ਦੀ ਉਡੀਕ ਕਰ ਰਹੇ ਸਨ ਕਿ ਇਕੇਰਾਂ ਸਾਰੇ ਹਿੰਦੂ ਤੇ ਸਿੱਖ ਲਹਿੰਦੇ ਪੰਜਾਬ 'ਚੋਂ ਨਿੱਕਲ ਜਾਣ, ਤਦ ਉਹ ਪਾਕਿਸਤਾਨ ਵਿਚ ਜੋ ਕੁਝ ਹੋਇਆ, ਉਸ ਦਾ ਭਾਰਤੀ ਮੁਸਲਮਾਨਾਂ ਤੋਂ ਬਦਲਾ ਲੈਣ।'

ਆਜ਼ਾਦੀ ਮਿਲਣ ਤੋਂ ਬਾਅਦ ਜਦੋਂ ਭਾਰਤ ਵੰਡ ਦੇ ਜ਼ਖਮਾਂ ਅਤੇ ਸ਼ਰਨਾਰਥੀਆਂ ਦੀ ਅਧੋਗਤੀ ਨਾਲ ਘੁਲ ਰਿਹਾ ਸੀ ਤਾਂ ਇਸ ਦੇ ਸਾਹਮਣੇ ਇਕ ਅੰਦਰਲੇ ਦੁਸ਼ਮਣ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ। ਇਹ ਸੀ ਹਿੰਦੂ ਸ਼ਾਵਨਵਾਦ ਦੀ ਉਠ ਰਹੀ ਲਹਿਰ। 1947 ਦੇ ਦੂਜੇ ਅੱਧ ਵਿਚ ਆਰ.ਐਸ.ਐਸ. ਹਿੰਦੂ ਮੱਧ ਵਰਗ, ਸੀਨੀਅਰ ਅਫ਼ਸਰਾਂ ਤੇ ਸਿਆਸਤਦਾਨਾਂ ਅੰਦਰ ਪੈਂਠ ਜਮਾ ਰਹੀ ਸੀ ਪਰ ਇਸ ਤੰਗਨਜ਼ਰੀ ਤੇ ਸ਼ਾਵਨਵਾਦ ਖਿਲਾਫ ਦੋ ਬੇਮਿਸਾਲ ਹਿੰਦੂ ਡਟ ਕੇ ਖਲੋ ਕੇ ਗਏ। ਉਹ ਉਨ੍ਹਾਂ ਮੁਸਲਮਾਨਾਂ ਦੇ ਹੱਕਾਂ ਦੀ ਰਾਖੀ ਲਈ ਆਪਣੀਆਂ ਜਾਨਾਂ ਦਾਅ 'ਤੇ ਲਾਉਣ ਲਈ ਵੀ ਤਿਆਰ ਸਨ ਜਿਨ੍ਹਾਂ ਨੇ ਵੰਡ ਵੇਲੇ ਭਾਰਤ ਵਿਚ ਵਸਣ ਨੂੰ ਤਰਜੀਹ ਦਿੱਤੀ ਸੀ।

ਇਹ ਬੇਮਿਸਾਲ ਹਿੰਦੂ ਸਨ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਅਤੇ ਉਸ ਦੇ ਗੁਰੂ ਮਹਾਤਮਾ ਗਾਂਧੀ। ਜਿਵੇਂ ਪਿਆਰੇ ਲਾਲ ਨੇ ਲਿਖਿਆ: 'ਗਾਂਧੀ ਜੀ ਨੇ ਠਾਣ ਲਿਆ ਸੀ ਕਿ ਉਹ ਆਪਣੇ ਜਿਊਂਦੇ ਜੀਅ ਇਸ ਤਰਾਸਦੀ ਦੇ ਦਰਸ਼ਕ ਨਹੀਂ ਬਣਨਗੇ। ਮੁਸਲਮਾਨ ਇਸ ਵੇਲੇ ਭਾਰਤੀ ਸੰਘ ਵਿਚ ਘੱਟਗਿਣਤੀ ਸਨ। ਉਹ ਭਾਰਤੀ ਸੰਘ ਦੇ ਬਰਾਬਰ ਦੇ ਨਾਗਰਿਕ ਹੋਣ ਦੇ ਨਾਤੇ ਆਪਣੇ ਭਵਿੱਖ ਨੂੰ ਲੈ ਕੇ ਅਸੁਰੱਖਿਅਤ ਕਿਉਂ ਮਹਿਸੂਸ ਕਰਨ? ... ਜਦੋਂ ਕਿਸੇ ਨੂੰ ਡਰ ਦੇ ਮਾਹੌਲ ਵਿਚ ਜੀਣਾ ਪਵੇ ਅਤੇ ਉਹ ਆਪਣਾ ਸਿਰ ਚੁੱਕ ਕੇ ਨਾ ਤੁਰ ਸਕੇ ਤਾਂ ਉਨ੍ਹਾਂ ਦਾ ਦਿਲ ਦੁਖਦਾ ਸੀ। ਉਹ ਕਮਜ਼ੋਰਾਂ ਦੇ ਹੱਕ ਵਿਚ ਡਟਣ ਅਤੇ ਨਿਤਾਣਿਆਂ ਨਾਲ ਖੜ੍ਹਨ ਲਈ ਹਰ ਸਮੇਂ ਤਿਆਰ ਰਹਿੰਦੇ ਸਨ, ਲਿਹਾਜ਼ਾ ਉਹ ਦਿਲੋਂ ਭਾਰਤੀ ਮੁਸਲਮਾਨਾਂ ਦੇ ਨਾਲ ਆਣ ਜੁੜੇ।'

ਬਹੱਤਰ ਸਾਲ ਪਹਿਲਾਂ 1947 ਦੇ ਦੂਜੇ ਅੱਧ ਵਿਚ ਜਦੋਂ ਭਾਰਤੀ ਰਾਜਨੀਤੀ ਅਤੇ ਜਨਤਕ ਜੀਵਨ ਵਿਚ ਆਰ.ਐਸ.ਐਸ. ਦੀ ਕੋਈ ਬਹੁਤੀ ਹੈਸੀਅਤ ਨਹੀਂ ਸੀ ਤਾਂ ਅੱਜ ਇਨ੍ਹਾਂ ਸ਼ਬਦਾਂ ਦੀ ਪੜ੍ਹਤ ਲਾਹੇਵੰਦ ਹੈ। ਇਸ ਨੂੰ ਆਸ ਸੀ ਕਿ ਉਸ ਵੇਲੇ ਫਿਰਕੂ ਕੜਿੱਤਣ ਵਧਾ ਕੇ ਆਪਣਾ ਪ੍ਰਭਾਵ ਵਧਾਇਆ ਜਾ ਸਕਦਾ ਹੈ; ਚੰਗੇ ਭਾਗੀਂ ਜਥੇਬੰਦੀ ਦੇ ਉਭਾਰ ਨੂੰ ਗਾਂਧੀ ਤੇ ਨਹਿਰੂ ਦੇ ਅਹਿਦ ਨੇ ਠੱਲ੍ਹ ਪਾ ਦਿੱਤੀ। ਨਹਿਰੂ ਨੇ ਆਪਣੀ ਸਰਕਾਰ ਦੇ ਹਰ ਇਕ ਪੁਰਜ਼ੇ ਨੂੰ ਇਹ ਸਪਸ਼ਟ ਕਰ ਦਿੱਤਾ ਕਿ ਭਾਰਤ ਦਾ 'ਹਿੰਦੂ ਪਾਕਿਸਤਾਨ' ਬਣਨ ਦਾ ਕੋਈ ਇਰਾਦਾ ਨਹੀਂ ਹੈ ਤੇ ਇਸੇ ਦੌਰਾਨ ਗਾਂਧੀ ਕਲਕੱਤਾ ਅਤੇ ਦਿੱਲੀ ਵਿਚ ਹਿੰਦੂ-ਮੁਸਲਿਮ ਸਦਭਾਵਨਾ ਲਈ ਭੁੱਖ ਹੜਤਾਲ 'ਤੇ ਬੈਠਦੇ ਰਹੇ। 30 ਜਨਵਰੀ 1948 ਨੂੰ ਆਰ.ਐਸ.ਐਸ. ਦੇ ਇਕ ਕਾਰਕੁਨ ਵੱਲੋਂ ਗਾਂਧੀ ਦਾ ਕਤਲ ਕਰ ਦਿੱਤਾ ਗਿਆ ਅਤੇ ਗਾਂਧੀ ਦੇ ਬਲੀਦਾਨ ਨੇ ਆਰ.ਐਸ.ਐਸ. ਦੇ ਹਿੰਦੂ ਪੈਰੋਕਾਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਅ ਦਿੱਤੀ ਤੇ ਉਨ੍ਹਾਂ ਨੂੰ ਸ਼ਰਮਸ਼ਾਰ ਹੋਣਾ ਪਿਆ ਤੇ ਇੰਜ ਜਥੇਬੰਦੀ ਦੀ ਹੋਸ਼ ਟਿਕਾਣੇ ਆ ਗਈ। ਕੁਝ ਅਰਸੇ ਲਈ ਆਰ.ਐਸ.ਐਸ. ਦੇ ਮਨਸੂਬੇ ਖਾਕ ਹੋ ਕੇ ਰਹਿ ਗਏ।

ਅੱਜ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਆਰ.ਐਸ.ਐਸ. ਹੁਣ ਉਹ ਮਾਮੂਲੀ ਹੈਸੀਅਤ ਵਾਲੀ ਜਥੇਬੰਦੀ ਨਹੀਂ ਰਹੀ ਸਗੋਂ ਭਾਰਤੀ ਰਾਜਨੀਤੀ ਅਤੇ ਜਨਤਕ ਜੀਵਨ 'ਤੇ ਇਸ ਦਾ ਦਬਦਬਾ ਕਾਇਮ ਹੋ ਗਿਆ ਹੈ। ਜਥੇਬੰਦੀ ਦਾ ਸਿਆਸੀ ਫਰੰਟ ਭਾਰਤੀ ਜਨਤਾ ਪਾਰਟੀ ਕੇਂਦਰ ਸਰਕਾਰ ਅਤੇ ਕਈ ਸੂਬਾਈ ਸਰਕਾਰਾਂ 'ਤੇ ਕਾਬਜ਼ ਹੈ। ਹਿੰਦੂ ਮੱਧ ਵਰਗ ਦੇ ਵੱਡੇ ਹਿੱਸੇ ਹੁਣ ਲੁਕ ਛਿਪ ਕੇ ਨਹੀਂ ਸਗੋਂ ਉਨ੍ਹਾਂ ਦੇ ਸਿਆਸੀ ਤੇ ਵਿਚਾਰਧਾਰਕ ਏਜੰਡੇ ਦੀ ਖੁੱਲ੍ਹੇਆਮ ਵਕਾਲਤ ਕਰਦੇ ਹਨ। ਚੋਟੀ ਦੇ ਅਫਸਰਸ਼ਾਹ, ਉਘੇ ਕੂਟਨੀਤੀਵਾਨ ਅਤੇ ਕੁਝ ਸਿਰਮੌਰ ਫੌਜੀ ਅਫਸਰ ਵੀ ਸੰਵਿਧਾਨ ਪ੍ਰਤੀ ਆਪਣੀ ਵਚਨਬੱਧਤਾ ਤੱਜ ਕੇ ਹਿੰਦੂਤਵ ਅਤੇ ਸੱਤਾਧਾਰੀ ਧਿਰ ਦੇ ਪੈਰੋਕਾਰ ਬਣ ਗਏ ਹਨ।

1947 ਵਿਚ ਆਰ.ਐਸ.ਐਸ. ਦੀ ਮੂਲ ਧਾਰਨਾ ਦਾ ਖੁਲਾਸਾ ਕਰਦਿਆਂ ਪਿਆਰੇ ਲਾਲ ਲਿਖਦੇ ਹਨ: 'ਹਿੰਦੂ ਰਾਜ ਦੀ ਸਥਾਪਨਾ ਉਨ੍ਹਾਂ ਦਾ ਐਲਾਨੀਆ ਮਨੋਰਥ ਸੀ। ਉਨ੍ਹਾਂ 'ਮੁਸਲਮਾਨਾਂ ਨੂੰ ਭਾਰਤ 'ਚੋਂ ਕੱਢੋ' ਦਾ ਨਾਅਰਾ ਅਪਣਾ ਲਿਆ ਸੀ।' ਉਸ ਬਿਰਤਾਂਤ ਦਾ ਪਹਿਲਾ ਹਿੱਸਾ ਅੱਜ ਵੀ ਉਵੇਂ ਹੀ ਕਾਇਮ ਹੈ ਪਰ ਦੂਜੇ ਹਿੱਸੇ ਵਿਚ ਜੇ ਪੂਰੀ ਤਰ੍ਹਾਂ ਨਹੀਂ ਤਾਂ ਅੰਸ਼ਕ ਤੌਰ 'ਤੇ ਫੇਰਬਦਲ ਕੀਤਾ ਗਿਆ ਹੈ। ਵੰਡ ਤੋਂ ਫੌਰੀ ਬਾਅਦ ਘਮਸਾਣ ਦੇ ਮਾਹੌਲ ਵਿਚ ਆਰ.ਐਸ.ਐਸ. ਦੇ ਬਹੁਤ ਸਾਰੇ ਆਗੂ ਚਾਹੁੰਦੇ ਸਨ ਮੁਸਲਮਾਨਾਂ ਨੂੰ ਭਾਰਤ 'ਚੋਂ ਕੱਢਿਆ ਜਾਵੇ। ਹਾਲਾਂਕਿ 1950ਵਿਆਂ ਵਿਚ ਉਨ੍ਹਾਂ ਮਹਿਸੂਸ ਕੀਤਾ ਕਿ ਹੁਣ ਇਹ ਸੰਭਵ ਨਹੀਂ ਰਿਹਾ। ਮੁਸਲਮਾਨ ਕੋਈ ਛੋਟਾ ਮੋਟਾ ਭਾਈਚਾਰਾ ਨਹੀਂ ਅਤੇ ਉਹ ਪੂਰੇ ਭਾਰਤ ਵਿਚ ਫੈਲਿਆ ਹੋਇਆ ਹੈ ਜਿਸ ਕਰ ਕੇ ਉਸ ਦਾ ਦੇਸ਼ ਵਿਚੋਂ ਮੁਕੰਮਲ ਸਫਾਏ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਫਿਰ ਆਰ.ਐਸ.ਐਸ. ਨੇ ਭਾਰਤ ਦੇ ਮੁਸਲਮਾਨਾਂ ਪ੍ਰਤੀ ਆਪਣੇ ਵਤੀਰੇ ਨੂੰ ਮੁੜ ਘੜਿਆ ਜੋ ਇਸ ਪ੍ਰਕਾਰ ਹੈ: ਜਿਹੜੇ ਮੁਸਲਮਾਨਾਂ ਦਾ ਜਨਮ ਇੱਥੇ ਹੋਇਆ ਸੀ ਅਤੇ ਇੱਥੇ ਹੀ ਰਹਿੰਦੇ ਹਨ, ਉਹ ਦੇਸ਼ ਵਿਚ ਓਨੀ ਦੇਰ ਰਹਿ ਸਕਦੇ ਹਨ ਜਿੰਨੀ ਦੇਰ ਉਹ ਹਿੰਦੂਆਂ ਦੀ ਸਿਆਸੀ, ਧਾਰਮਕ, ਸਮਾਜਕ, ਆਰਥਕ, ਸੰਸਥਾਈ ਅਤੇ ਨੈਤਿਕ ਚੌਧਰ ਨੂੰ ਪ੍ਰਵਾਨ ਕਰਦੇ ਰਹਿਣਗੇ।

ਜਿਵੇਂ ਮੈਂ ਪਹਿਲਾਂ ਵੀ ਕਿਤੇ ਇਸ ਵੱਲ ਇਸ਼ਾਰਾ ਕਰ ਚੁੱਕਿਆ ਹਾਂ, ਸਿਤਮ ਦੀ ਗੱਲ ਹੈ ਕਿ ਆਰ.ਐਸ.ਐਸ. ਨੇ ਇਹ ਮਾਡਲ ਮੱਧਯੁਗੀ ਇਸਲਾਮ ਤੋਂ ਉਧਾਰਾ ਲਿਆ ਹੈ। 'ਖਿਲਾਫਤ' ਦੀ ਚੜ੍ਹਤ ਦੇ ਸਮਿਆਂ ਵਿਚ ਮੁਸਲਮਾਨਾਂ ਨੂੰ ਯਹੂਦੀਆਂ ਅਤੇ ਇਸਾਈਆਂ ਨਾਲੋਂ ਉਤਮ ਗਿਣਿਆ ਜਾਂਦਾ ਸੀ। ਦੂਜਿਆਂ ਨੂੰ ਸਰੀਰਕ ਤੌਰ 'ਤੇ ਮਾਰਿਆ ਨਹੀਂ ਜਾਂਦਾ ਸੀ ਪਰ ਪਰਿਵਾਰਾਂ ਦੇ ਪਾਲਣ ਪੋਸ਼ਣ ਅਤੇ ਰੋਜ਼ੀ ਰੋਟੀ ਦੇ ਮਾਮਲਿਆਂ ਵਿਚ ਉਨ੍ਹਾਂ ਨੂੰ ਦੂਜੇ ਦਰਜੇ ਦੇ ਲੋਕ ਜਾਂ ਕਮੀਣ ਗਿਣਿਆ ਜਾਂਦਾ। ਠੀਕ ਇਵੇਂ ਹੀ ਜੇ ਆਰ.ਐਸ.ਐਸ. ਦਾ ਵੱਸ ਚੱਲੇ ਤਾਂ ਅੱਜ ਭਾਰਤ ਦੇ ਮੁਸਲਮਾਨਾਂ ਨੂੰ ਵੀ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਜਿਊਣਾ ਪਵੇਗਾ।

ਵਿਦਵਾਨਾਂ ਨੇ ਰਾਸ਼ਟਰੀ ਸਵੈਮਸੇਵਕ ਸੰਘ ਦੇ ਇਤਿਹਾਸ ਅਤੇ ਸਮਾਜ ਸ਼ਾਸਤਰ ਬਾਰੇ ਬਹੁਤ ਕੁਝ ਲਿਖਿਆ ਹੈ। ਖੁਦ ਆਰ.ਐਸ.ਐਸ. ਨੇ ਵੀ ਆਪਣੇ ਪ੍ਰਚਾਰ ਪ੍ਰਸਾਰ ਲਈ ਦਰਜਨਾਂ ਕਿਤਾਬਾਂ ਤੇ ਪਰਚੇ ਛਾਪੇ ਹਨ। ਇਸ ਭਾਰੀ ਭਰਕਮ ਸਾਹਿਤ (ਜੋ ਲਗਾਤਾਰ ਛਾਪਿਆ ਜਾ ਰਿਹਾ ਹੈ) ਦੇ ਹੁੰਦੇ ਸੁੰਦੇ ਆਰ.ਐਸ.ਐਸ. ਦੀ ਵਿਚਾਰਧਾਰਾ ਅਤੇ ਪ੍ਰੋਗਰਾਮ ਦਾ ਨਿਚੋੜ ਇਕ ਫਿਕਰੇ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਹ ਇੰਜ ਹੈ: ਅਸੀਂ ਮੁਸਲਮਾਨਾਂ ਨੂੰ ਉਨ੍ਹਾਂ ਦੀ ਔਕਾਤ ਚੇਤੇ ਕਰਵਾ ਦਿਆਂਗੇ।

ਆਰ.ਐਸ.ਐਸ. ਹਿੰਦੂ ਗੌਰਵ ਦੀ ਮੁੜ ਪ੍ਰਾਪਤੀ, ਬਹਾਲੀ ਅਤੇ ਸੁਰਜੀਤੀ ਲਈ ਖੜੋਣ ਦਾ ਦਾਅਵਾ ਕਰਦੀ ਹੈ। ਹਾਲਾਂਕਿ ਆਰ.ਐਸ.ਐਸ. ਤੇ ਇਸ ਨਾਲ ਜੁੜੀ ਸਿਆਸੀ ਪਾਰਟੀ ਦਾ ਹਰ ਅਮਲ ਤੇ ਵਿਸ਼ਵਾਸ ਗੌਰਵ ਦੀ ਭਾਵਨਾ ਦੀ ਬਜਾਏ ਮੁਤੱਸਬ ਅਤੇ ਖੌਫ ਤੋਂ ਨਿਰਧਾਰਤ ਹੁੰਦਾ ਹੈ। ਕੇਂਦਰ ਸਰਕਾਰ ਅਤੇ ਭਾਜਪਾ ਦੇ ਸ਼ਾਸਨ ਹੇਠਲੀਆਂ ਰਾਜ ਸਰਕਾਰਾਂ ਦੀਆਂ ਹਾਲੀਆ ਕਾਰਵਾਈਆਂ 'ਤੇ ਗੌਰ ਕਰੋ। ਜੰਮੂ ਕਸ਼ਮੀਰ ਰਾਜ ਨੂੰ ਖਤਮ ਕਰਨ, ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਦੇ ਜਿੱਤ ਦੇ ਢੋਲ ਪਿੱਟਣੇ, ਅੰਤਰ-ਧਰਮੀ ਵਿਆਹਾਂ ਖਿਲਾਫ ਕਾਨੂੰਨ ਬਣਾਉਣੇ ਅਤੇ ਸਭ ਤੋਂ ਅਹਿਮ ਨਾਗਰਿਕਤਾ ਸੋਧ ਕਾਨੂੰਨ ਅਤੇ ਇਸ ਦਾ ਸ਼ਾਂਤਮਈ ਵਿਰੋਧ ਕਰਨ ਵਾਲਿਆਂ ਨੂੰ ਵਹਿਸ਼ੀ ਢੰਗ ਨਾਲ ਸਜ਼ਾਵਾਂ ਦੇਣਾ- ਇਹ ਸਾਰੇ ਕੰਮ ਮੁਸਲਮਾਨਾਂ ਨੂੰ ਉਨ੍ਹਾਂ ਦੀ ਔਕਾਤ ਦਿਖਾਉਣ ਦੀ ਖਾਹਿਸ਼ ਦੇ ਕਰੂਰ ਲੱਛਣ ਹੀ ਹਨ।

ਪਿਆਰੇ ਲਾਲ ਆਪਣੀ ਕਿਤਾਬ 'ਮਹਾਤਮਾ ਗਾਂਧੀ: ਦਿ ਲਾਸਟ ਫੇਜ਼' ਵਿਚ ਸਤੰਬਰ 1947 ਨੂੰ ਦਿੱਲੀ 'ਚ ਹੋਈ ਇਕ ਵਾਰਤਾ ਦੇ ਚਸ਼ਮਦੀਦ ਵਜੋਂ ਲਿਖਦੇ ਹਨ। ਮੈਂ ਉਨ੍ਹਾਂ ਦਾ ਹੀ ਕਥਨ ਪੇਸ਼ ਕਰਦਾ ਹਾਂ: 'ਗਾਂਧੀ ਜੀ ਦੀ ਪਾਰਟੀ ਦੇ ਇਕ ਸ਼ਖਸ ਨੇ ਗੱਲ ਛੱਡੀ ਕਿ ਆਰ.ਐਸ.ਐਸ. ਦੇ ਬੰਦਿਆਂ ਨੇ ਵਾਹ ਸ਼ਰਨਾਰਥੀ ਕੈਂਪ ਵਿਚ ਚੰਗਾ ਕੰਮ ਕੀਤਾ ਹੈ। ਉਨ੍ਹਾਂ ਅਨੁਸ਼ਾਸਨ, ਹੌਸਲਾ ਅਤੇ ਸਖਤ ਮਿਹਨਤ ਦੀ ਸਮਰੱਥਾ ਦਾ ਵਿਖਾਲਾ ਕੀਤਾ ਹੈ। ਗਾਂਧੀ ਜੀ ਨੇ ਇਸ ਦਾ ਜਵਾਬ ਦਿੱਤਾ 'ਲੇਕਿਨ, ਮੱਤ ਭੁੱਲਣਾ ਕਿ ਨਾਜ਼ੀਆਂ ਅਤੇ ਮੁਸੋਲਿਨੀ ਦੀ ਅਗਵਾਈ ਹੇਠ ਵੀ ਇੰਜ ਹੁੰਦਾ ਸੀ।' ਉਨ੍ਹਾਂ ਆਰ.ਐਸ.ਐਸ. ਨੂੰ ਸਰਬਸੱਤਾਵਾਦੀ ਦ੍ਰਿਸ਼ਟੀਕੋਣ ਵਾਲੀ ਇਕ ਫਿਰਕੂ ਜਥੇਬੰਦੀ ਕਰਾਰ ਦਿੱਤਾ ਸੀ।'

ਬਹੱਤਰ ਸਾਲਾਂ ਬਾਅਦ ਆਰ.ਐਸ.ਐਸ. ਬਾਰੇ ਗਾਂਧੀ ਦੇ ਵਿਚਾਰਾਂ ਦੀ ਕੀ ਪ੍ਰਸੰਗਕਤਾ ਹੈ? ਅਸਲ ਵਿਚ ਇਹ ਬਹੁਤ ਜ਼ਿਆਦਾ ਹੈ, ਹੁਣ ਸਿਰਫ਼ ਉਨ੍ਹਾਂ ਵੱਲੋਂ ਵਰਤੇ ਗਏ ਲਕਬਾਂ ਨੂੰ ਅੱਗੇ ਪਿੱਛੇ ਕਰਨ ਦੀ ਲੋੜ ਹੈ। ਹੁਣ ਸ਼ਾਇਦ ਪਹਿਲਾਂ ਦੇ ਮੁਕਾਬਲੇ ਆਰ.ਐਸ.ਐਸ. ਸ਼ਾਇਦ ਇਕ ਸਰਬਸੱਤਾਵਾਦੀ ਜਥੇਬੰਦੀ ਹੈ ਜਿਸ ਦਾ ਫਿਰਕੂ ਦ੍ਰਿਸ਼ਟੀਕੋਣ ਹੈ। 1947 ਵਿਚ ਆਰ.ਐਸ.ਐਸ. ਭਾਰਤੀ ਜੀਵਨ ਦੇ ਹਾਸ਼ੀਏ 'ਤੇ ਖੜ੍ਹੀ ਸੀ ਪਰ 2019 ਵਿਚ ਇਹ ਬਹੁਤ ਹੀ ਪ੍ਰਭਾਵਸ਼ਾਲੀ ਬਣ ਗਈ ਹੈ। ਕੇਂਦਰ ਸਰਕਾਰ 'ਤੇ ਕਾਬਜ਼ ਹੋਏ ਬੈਠੇ ਆਰ.ਐਸ.ਐਸ. ਦੇ ਮੈਂਬਰ ਪ੍ਰੈਸ ਦੀ ਸੰਘੀ ਘੁੱਟਦੇ ਹਨ, ਨਿਆਂਪਾਲਿਕਾ ਨੂੰ ਲਗਾਮਾਂ ਪਾਉਂਦੇ ਹਨ ਅਤੇ ਰਾਜਾਂ ਵਿਚ ਦੂਜੀਆਂ ਪਾਰਟੀਆਂ ਦੀਆਂ ਸਰਕਾਰਾਂ ਡੇਗਣ ਲਈ ਭ੍ਰਿਸ਼ਟ ਅਤੇ ਜਾਬਰ ਤੌਰ ਤਰੀਕਿਆਂ ਦਾ ਨਿਸ਼ੰਗ ਇਸਤੇਮਾਲ ਕਰਦੇ ਹਨ। ਗੈਰ ਸਰਕਾਰੀ ਜਥੇਬੰਦੀਆਂ ਨੂੰ ਨੱਪਣ ਲਈ ਲਿਆਂਦੇ ਗਏ ਨਵੇਂ ਕਾਨੂੰਨਾਂ 'ਚੋਂ ਉਨ੍ਹਾਂ ਸਾਰੀਆਂ ਸਵੈ ਇੱਛਕ ਜਥੇਬੰਦੀਆਂ ਦੀ ਵੁੱਕਤ ਖਤਮ ਕਰਨ ਦੀ ਲਾਲਸਾ ਝਲਕਦੀ ਹੈ ਜੋ ਹਿੰਦੂਤਵੀ ਵਿਚਾਰਧਾਰਾ ਨਾਲ ਵਫ਼ਾਦਾਰੀ ਨਹੀਂ ਰੱਖਦੀਆਂ।

ਆਰ.ਐਸ.ਐਸ. ਅਤੇ ਭਾਜਪਾ ਨਾ ਕੇਵਲ ਸਮੁੱਚੇ ਰਾਜਸੀ ਤਾਣੇ ਬਾਣੇ, ਰਾਜਕੀ ਸੰਸਥਾਵਾਂ, ਨਾਗਰਿਕ ਸਮਾਜ 'ਤੇ ਆਪਣਾ ਦਬਦਬਾ ਪਾਉਣਾ ਚਾਹੁੰਦੀਆਂ ਹਨ ਸਗੋਂ ਸਮਾਜ ਅੰਦਰ ਲੋਕ ਕੀ ਖਾਂਦੇ ਪੀਂਦੇ ਹਨ, ਕੀ ਪਹਿਨਦੇ ਹਨ ਅਤੇ ਕੀਹਦੇ ਨਾਲ ਵਿਆਹ ਕਰਵਾ ਸਕਦੇ ਹਨ ਤੇ ਕੀਹਦੇ ਨਾਲ ਨਹੀਂ ਅਤੇ ਦੇਸ਼ ਅੰਦਰ ਸਿਆਸੀ, ਸਮਾਜਿਕ, ਸੰਸਥਾਈ ਜਾਂ ਵਿਚਾਰਧਾਰਕ - ਗੱਲ ਕੀ ਜੀਵਨ ਦੇ ਹਰ ਪੱਖ ਉੱਤੇ ਕੰਟਰੋਲ ਕਰਨ ਦੀ ਇੱਛਾ ਪਾਲ ਰਹੀਆਂ ਹਨ ਜੋ ਐਨ 'ਸਰਬਸੱਤਾਵਾਦ' ਦੀ ਪਰਿਭਾਸ਼ਾ 'ਤੇ ਢੁਕਦੀ ਹੈ। ਇਸੇ ਦੌਰਾਨ, ਮੁਸਲਮਾਨਾਂ ਨੂੰ ਭੰਡਣ ਅਤੇ ਸ਼ੈਤਾਨ ਬਣਾ ਕੇ ਪੇਸ਼ ਕਰਨ ਦੇ ਉਨ੍ਹਾਂ ਦੇ ਹਰਬੇ ਪਹਿਲਾਂ ਦੀ ਤਰ੍ਹਾਂ ਚੱਲ ਹੀ ਰਹੇ ਹਨ ਜੋ ਉਨ੍ਹਾਂ ਦੀ ਫਿਰਕੂ ਮਨੋਦਸ਼ਾ ਨੂੰ ਦਰਸਾਉਂਦੇ ਹਨ।

ਮਹਾਤਮਾ ਗਾਂਧੀ ਨੇ 1947 ਦੇ ਦੂਜੇ ਅੱਧ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਦੀ ਜੋ ਪਰਿਭਾਸ਼ਾ ਦਿੱਤੀ ਸੀ, ਉਹ ਉਦੋਂ ਵੀ ਦਰੁਸਤ ਸੀ ਅਤੇ ਅੱਜ ਵੀ ਐਨ ਸਹੀ ਹੈ। ਸੱਤਾ ਦੇ ਹਾਸ਼ੀਏ 'ਤੇ ਰਹੇ ਜਾਂ ਫਿਰ ਧੁਰ ਅੰਦਰ, ਆਰ.ਐਸ.ਐਸ. ਇਕ ਸਰਬਸੱਤਾਵਾਦੀ ਨਜ਼ਰੀਏ ਵਾਲੀ ਫਿਰਕੂ ਜਥੇਬੰਦੀ ਤੋਂ ਨਾ ਰਤਾ ਘੱਟ ਹੈ ਤੇ ਨਾ ਮਾਸਾ ਵੱਧ।

# ਭਾਰਤੀ ਮੀਡੀਆ ਲਈ ਅੱਗੇ ਵਧਣ ਦਾ ਰਾਹ

***ਭਾਰਤ ਵਿਚ ਅੱਜ ਕੱਲ੍ਹ ਮੀਡੀਆ ਅਤੇ ਇਸ ਦੀ ਭੂਮਿਕਾ ਬਾਰੇ ਕਈ ਤਰ੍ਹਾਂ ਦੇ ਸਵਾਲ ਉਠ ਰਹੇ ਹਨ। 'ਕਾਰਵਾਂ' ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਵਿਨੋਦ ਕੇ ਜੋਸ ਨੇ ਅਗਸਤ ਮਹੀਨੇ ਬੰਗਲੌਰ ਦੀ ਕ੍ਰਾਈਸਟ ਯੂਨੀਵਰਸਿਟੀ ਵਿਚ ਮੀਡੀਆ ਮਿਲਣੀ ਦੌਰਾਨ ਨੌਜਵਾਨ ਪੱਤਰਕਾਰਾਂ ਅਤੇ ਸਿੱਖਿਆ ਵਿਗਿਆਨੀਆਂ ਲਈ ਲੈਕਚਰ ਦਿੱਤਾ ਸੀ ਜਿਸ ਵਿਚ ਉਨ੍ਹਾਂ ਖੋਜੀ ਪੱਤਰਕਾਰੀ ਦੀ ਭੂਮਿਕਾ ਬਾਰੇ ਅਹਿਮ ਸਵਾਲਾਂ ਉਪਰ ਚਰਚਾ ਕੀਤੀ ਸੀ। ਇਸ ਲੰਮੇ ਲੈਕਚਰ ਦਾ ਅਨੁਵਾਦ 'ਕਾਰਵਾਂ' ਦੇ ਧੰਨਵਾਦ ਸਹਿਤ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਐਤਕੀਂ ਇਸ ਲੈਕਚਰ ਦੀ ਪਹਿਲੀ ਕਿਸ਼ਤ ਪੇਸ਼ ਹੈ। -ਸੰਪਾਦਕ***



**ਵਿਨੋਦ ਕੇ ਜੋਸ**
**ਅਨੁਵਾਦ : ਬੂਟਾ ਸਿੰਘ**

2019 ਦੇ ਸ਼ੁਰੂ 'ਚ ਦਿੱਲੀ ਦੇ ਇਕ ਮੇਨਸਟ੍ਰੀਮ ਮੀਡੀਆ ਦੇ ਚੀਫ ਐਡੀਟਰ ਨੇ ਮੈਨੂੰ ਦੁਪਹਿਰ ਦੇ ਖਾਣੇ ਦਾ ਸੱਦਾ ਦਿੱਤਾ। ਚੱਲੋ ਉਨ੍ਹਾਂ ਨੂੰ ਟੀ.ਕੇ. ਟੀ.ਕੇ. ਜੀ ਕਹਿ ਲੈਂਦੇ ਹਾਂ। ਜੋ ਲੋਕ ਮੀਡੀਆ ਨਾਲ ਜੁੜੇ ਹਨ, ਉਨ੍ਹਾਂ ਨੂੰ ਪਤਾ ਹੋਵੇਗਾ ਕਿ ਟੀ.ਕੇ. ਦਾ ਇਸਤੇਮਾਲ ਸੰਪਾਦਨ ਦੇ ਸਮੇਂ ਹੁੰਦਾ ਹੈ ਅਤੇ ਇਸ ਦਾ ਭਾਵ ਹੁੰਦਾ ਹੈ 'ਟੂ ਕਮ' (ਟੀ.ਕੇ. - ਆਉਣ ਵਾਲਾ ਹੈ)। ਅੰਗਰੇਜ਼ੀ ਮੀਡੀਆ ਵਿਚ ਟੀ.ਕੇ. ਦਾ ਇਸਤੇਮਾਲ ਅਜੇ ਵੀ ਕੀਤਾ ਜਾਂਦਾ ਹੈ। ਇਹ ਉਸ ਸਥਾਨ 'ਤੇ ਲਗਾਇਆ ਜਾਂਦਾ ਹੈ ਜੋ ਉਦੋਂ ਤੱਕ ਖਾਲੀ ਹੁੰਦੀ ਹੈ ਜਦ ਤੱਕ ਹੋਰ ਸਮੱਗਰੀ ਜਾਂ ਸਟੀਕ ਜਾਣਕਾਰੀ ਉਥੇ ਭਰ ਨਹੀਂ ਦਿੱਤੀ ਜਾਂਦੀ। ਅੰਗਰੇਜ਼ੀ ਭਾਸ਼ਾ ਵਿਚ ਇਹ ਪੁਰਾਣਾ ਦੋ ਅੱਖਰਾਂ ਦਾ ਸ਼ਬਦ ਆਮ ਹੈ ਅਤੇ ਪਰੂਫ ਲਾਉਂਦੇ ਸਮੇਂ ਸੌਖਿਆਂ ਹੀ ਪਕੜ 'ਚ ਆ ਜਾਂਦਾ ਹੈ। 'ਜੀ' ਹਿੰਦੀ ਅਤੇ ਪੰਜਾਬੀ ਵਿਚ ਵਰਤਿਆ ਜਾਣ ਵਾਲਾ ਆਦਰ ਸੂਚਕ ਸ਼ਬਦ ਹੈ ਜੋ ਔਰਤ ਅਤੇ ਮਰਦ, ਦੋਨਾਂ ਲਈ ਵਰਤਿਆ ਜਾਂਦਾ ਹੈ। ਸੋ ਖਾਣੇ ਦੌਰਾਨ ਟੀ.ਕੇ. ਟੀ.ਕੇ. ਜੀ ਨੇ ਮੈਨੂੰ ਦੱਸਿਆ ਕਿ ਨਰਿੰਦਰ ਮੋਦੀ ਰਾਜ ਵਿਚ ਉਸ ਨੂੰ ਦਬਾਓ ਹੇਠ ਰਹਿਣਾ ਪੈ ਰਿਹਾ ਹੈ।

ਉਨ੍ਹਾਂ ਨੇ ਮੈਨੂੰ ਇਕ ਫੋਨ ਕਾਲ ਬਾਰੇ ਦੱਸਿਆ ਜੋ ਉਨ੍ਹਾਂ ਨੂੰ 'ਕਾਰਵਾਂ' ਦੀ ਇਕ ਸਟੋਰੀ ਦੇ ਪ੍ਰਕਾਸ਼ਨ ਤੋਂ ਬਾਅਦ ਆਈ ਸੀ। "ਪ੍ਰਧਾਨ ਜੀ ਤੁਹਾਡੇ ਨਾਲ ਗੱਲ ਕਰਨਗੇ", ਫੋਨ ਦੇ ਦੂਜੇ ਪਾਸਿਓਂ ਉਨ੍ਹਾਂ ਦੇ ਕੰਨੀਂ ਆਵਾਜ਼ ਪਈ ਸੀ। ਸੰਪਾਦਕ ਹੈਰਾਨ ਸੀ ਕਿ ਇਹ ਪ੍ਰਧਾਨ ਜੀ ਕੌਣ ਹੋਏ। ਕੀ ਇਹ ਕੋਈ ਮਜ਼ਾਕ ਹੈ? ਲੇਕਿਨ ਉਦੋਂ ਹੀ ਹੋਰ ਆਵਾਜ਼ ਉਨ੍ਹਾਂ ਦੇ ਕੰਨੀਂ ਪਈ, "ਮੈਂ ਅਮਿਤ ਸ਼ਾਹ ਬੋਲ ਰਿਹਾਂ।"

ਉਸ ਸਮੇਂ ਅਮਿਤ ਸ਼ਾਹ ਭਾਰਤੀ ਜਨਤਾ ਪਾਰਟੀ ਦਾ ਕੌਮੀ ਪ੍ਰਧਾਨ ਸੀ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਭਾਰਤ ਦਾ ਦੂਜਾ ਸਭ ਤੋਂ ਬੜਾ ਸ਼ਕਤੀਸ਼ਾਲੀ ਬੰਦਾ ਸੀ। 2014 'ਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣ ਚੁੱਕੀ ਸੀ। ਉਸ ਨੇ ਸੰਪਾਦਕ ਨੂੰ ਦੱਸਿਆ ਕਿ 'ਕਾਰਵਾਂ' ਦੀ ਪ੍ਰਕਾਸ਼ਿਤ ਇਕ ਬੜੀ ਜਾਂਚ ਦੇ ਸਬੰਧ 'ਚ ਜੋ ਪ੍ਰੈੱਸ ਕਾਨਫਰੰਸ ਵਿਰੋਧੀ-ਧਿਰ ਦੇ ਆਗੂ ਕਰਨ ਵਾਲੇ ਹਨ, ਉਸ ਨੂੰ ਕਵਰ ਨਾ ਕੀਤਾ ਜਾਵੇ। ਮੈਂ ਟੀ.ਕੇ. ਟੀ.ਕੇ. ਜੀ ਨੂੰ ਪੁੱਛਿਆ: ਕੀ ਉਨ੍ਹਾਂ ਨੇ 'ਕਾਰਵਾਂ' ਵਿਚ ਖਬਰ ਛਪਣ ਤੋਂ ਬਾਅਦ ਆਪਣੇ ਅਖਬਾਰ ਵਿਚ ਇਹ ਸਟੋਰੀ ਚਲਾਈ ਸੀ। ਉਨ੍ਹਾਂ ਨੇ ਕਿਹਾ, "ਅਰੇ ਭੁੱਲ ਜਾਓ। ਇਹ ਅਸੰਭਵ ਸੀ।"

ਆਮ ਤੌਰ 'ਤੇ ਹੁੰਦਾ ਇਹ ਹੈ ਕਿ ਵਿਰੋਧੀ-ਧਿਰ ਪਾਰਟੀਆਂ ਜੇ ਕਿਸੇ ਬੜੀ ਖਬਰ ਉਪਰ ਕੋਈ ਸਿਆਸੀ ਪ੍ਰਤੀਕਰਮ ਦਿੰਦੀਆਂ ਹਨ ਤਾਂ ਉਸ ਦੇ ਨਾਲ ਉਹ ਖਬਰ ਛਾਪਣੀ ਸੌਖੀ ਹੋ ਜਾਂਦੀ ਹੈ, ਲੇਕਿਨ ਸੰਪਾਦਕ ਜੀ ਨੂੰ ਕਾਲ ਆਈ ਸੀ ਕਿ ਉਹ ਵਿਰੋਧੀ-ਧਿਰ ਦੀ ਪ੍ਰੈੱਸ ਕਾਨਫਰੰਸ ਵੀ ਕਵਰ ਨਾ ਕਰਨ। ਟੀ.ਕੇ. ਟੀ.ਕੇ. ਜੀ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਬੜੇ ਸਨਮਾਨਜਨਕ ਤਰੀਕੇ ਨਾਲ ਇਉਂ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸਾਹਿਬ ਨੂੰ ਕਹਿ ਦਿੱਤਾ ਕਿ ਉਨ੍ਹਾਂ ਦੇ ਲਈ ਵਿਰੋਧੀ-ਧਿਰ ਦੀ ਪ੍ਰੈੱਸ ਕਾਨਫਰੰਸ ਦੀ ਖਬਰ ਨਾ ਛਾਪਣਾ ਅਸੰਭਵ ਹੈ। ਉਦੋਂ ਆਮ ਚੋਣਾਂ ਹੋਣ 'ਚ ਥੋੜ੍ਹਾ ਹੀ ਸਮਾਂ ਬਾਕੀ ਸੀ।

"ਪ੍ਰੈੱਸ ਕਾਨਫਰੰਸ 'ਚ ਕੁਛ ਵੀ ਨਵਾਂ ਨਹੀਂ ਹੈ", ਪ੍ਰਧਾਨ ਨੇ ਦੂਜੇ ਪਾਸਿਓਂ ਕਿਹਾ, "ਇਨ੍ਹਾਂ ਸਾਰੇ ਮਾਮਲਿਆਂ ਉਪਰ ਚਰਚਾ ਹੋ ਚੁੱਕੀ ਹੈ ਅਤੇ ਇਨ੍ਹਾਂ ਨੂੰ ਖਾਰਜ ਕੀਤਾ ਜਾ ਚੁੱਕਾ ਹੈ। ਇਸ ਨੂੰ ਕਵਰ ਕਰਨ ਦੀ ਤੁਹਾਨੂੰ ਕੋਈ ਜ਼ਰੂਰਤ ਨਹੀਂ ਹੈ।"

ਅਗਲੇ ਦਿਨ ਟੀ.ਕੇ. ਟੀ.ਕੇ. ਜੀ ਨੇ ਖਬਰ ਤਾਂ ਛਾਪੀ ਲੇਕਿਨ ਸੰਖੇਪ ਤੱਥ ਦੇ ਰੂਪ 'ਚ; ਲੇਕਿਨ ਉਹ ਫੋਨ ਕਾਲ ਤਾਂ ਧਮਕੀਨੁਮਾ ਲਹਿਜ਼ੇ 'ਚ ਸੀ। ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਇਕ ਰਾਜਨੀਤਕ ਬੰਦੇ ਕੋਲ ਐਨਾ ਹੌਸਲਾ ਹੈ ਕਿ ਭਾਰਤ ਦੇ ਇਕ ਐਸੇ ਸੰਪਾਦਕ ਨੂੰ, ਜਿਸ ਦੇ ਮਤਹਿਤ ਇਕ ਹਜ਼ਾਰ ਤੋਂ ਜ਼ਿਆਦਾ ਪੱਤਰਕਾਰ ਕੰਮ ਕਰਦੇ ਹਨ, ਇਹ ਦੱਸੇ ਕਿ ਖਬਰ ਦਿੱਤੇ ਜਾਣ ਲਾਇਕ ਨਹੀਂ ਹੈ। ਇੱਥੇ ਪ੍ਰਧਾਨ ਜੀ ਸੰਪਾਦਕ ਦੇ ਵੀ ਸੰਪਾਦਕ ਵਾਂਗ ਵਿਹਾਰ ਕਰ ਰਹੇ ਸਨ।

ਮੈਨੂੰ ਭਾਰਤ ਦੇ ਦੂਜੇ ਸਭ ਤੋਂ ਸ਼ਕਤੀਸ਼ਾਲੀ ਬੰਦੇ ਨਾਲ ਹੋਏ ਟੀ.ਕੇ. ਟੀ.ਕੇ. ਜੀ ਦੇ ਐਨਕਾਊਂਟਰ ਦੀ ਕਹਾਣੀ ਸੁਣਨ 'ਚ ਮਜ਼ਾ ਆ ਰਿਹਾ ਸੀ ਕਿਉਂਕਿ ਇਸ ਨਾਲ ਸਾਡੇ ਦੌਰ ਦੀਆਂ ਕੁਝ ਬੜੀਆਂ ਖਬਰਾਂ ਉਪਰ ਰਵਾਇਤੀ ਜਾਂ ਲਿਗੇਸੀ ਮੀਡੀਆ ਦੀ ਖਾਮੋਸ਼ੀ ਨੂੰ ਸਮਝਿਆ ਜਾ ਸਕਦਾ ਹੈ। ਯਕੀਨਨ, ਭਾਰਤੀ ਮੀਡੀਆ ਨੇ ਇਤਿਹਾਸਕ ਰੂਪ 'ਚ ਉਨ੍ਹਾਂ ਸਦਾ ਬਹਾਰ ਮਾਮਲਿਆਂ 'ਚ ਇਕ ਕਲਾਸਿਕ ਖਾਮੋਸ਼ੀ ਵਰਤੀ ਹੈ ਜਿਨ੍ਹਾਂ ਨਾਲ ਆਗੂਆਂ ਨੂੰ ਪ੍ਰੇਸ਼ਾਨੀ ਹੁੰਦੀ ਹੈ। ਕੁਝ ਮਾਮਲਿਆਂ ਦੀ ਗੱਲ ਕਰਾਂ ਤਾਂ ਉਨ੍ਹਾਂ ਵਿਚ ਭਾਰਤੀਆਂ ਵਿਚ ਵਧ ਰਹੀ ਨਾਬਰਾਬਰੀ, ਹੇਠਲੀਆਂ ਜਾਤੀਆਂ ਦੇ ਸਮੂਹ ਅਤੇ ਕਬੀਲਿਆਂ ਉਪਰ ਹੋ ਰਹੇ ਜ਼ੁਲਮ, ਧਾਰਮਿਕ ਅਤੇ ਨਸਲੀ ਘੱਟਗਿਣਤੀਆਂ ਉਪਰ ਹਿੰਸਾ, ਖੇਤੀ ਸੰਕਟ, ਬੜੀਆਂ ਖਣਨ ਕਾਰਪੋਰੇਸ਼ਨਾਂ ਵੱਲੋਂ ਭਾਰਤ ਦੇ ਭਰਪੂਰ ਪੌਣਪਾਣੀ ਦੀ ਤਬਾਹੀ, ਵੱਟੇ ਖਾਤੇ ਪਾਇਆ ਕਰਜਾ, ਜੋ ਸਾਡੀ ਵਿਵਸਥਾ ਨੇ ਖੁਸ਼ੀ-ਖੁਸ਼ੀ ਬੜੇ ਘਰਾਣਿਆਂ ਨੂੰ ਸੌਂਪ ਦਿੱਤਾ ਹੈ ਅਤੇ ਨਿਆਂ ਪ੍ਰਣਾਲੀ ਦੀ ਸੜਿਆਂਦ ਵਰਗੇ ਮੁੱਦੇ ਸ਼ਾਮਲ ਹਨ।

ਇੱਧਰ-ਉਧਰ ਛਪੀਆਂ ਕੁਝ ਬਾਈ-ਲਾਈਨਾਂ ਨੂੰ ਛੱਡ ਦੇਈਏ ਤਾਂ ਇਨ੍ਹਾਂ ਮਾਮਲਿਆਂ ਉਪਰ ਭਾਰਤੀ ਮੁੱਖਧਾਰਾ ਮੀਡੀਆ 'ਚ ਸ਼ਾਇਦ ਹੀ ਕਦੇ ਇਕਰੂਪਤਾ ਰਹੀ ਹੈ। ਜੇ ਹਾਲਾਤ ਐਸੇ ਹਨ ਤਾਂ ਇਸ ਮੀਡੀਆ ਤੋਂ ਜਨਤਾ ਲਈ ਬਿਰਤਾਂਤ ਸੈੱਟ ਕਰਨ ਦੀ ਉਮੀਦ ਕਰਨਾ ਬੇਮਾਇਨੇ ਹੈ। ਇਸ ਕਲਾਸਿਕ ਖਾਮੋਸ਼ੀ ਦੀ ਵਜ੍ਹਾ ਜਾਤਪਾਤ, ਮਾਲਕੀ, ਲਿੰਗ ਵਿਤਕਰਾ, ਅਗਿਆਨਤਾ ਅਤੇ ਉਦਾਸੀਨਤਾ ਵਰਗੇ ਕਾਰਕ ਹਨ ਜੋ 2014 'ਚ ਨਰਿੰਦਰ ਮੋਦੀ ਦੇ ਦਿੱਲੀ ਆਉਣ ਤੋਂ ਬਾਅਦ ਹੋਰ ਮਜ਼ਬੂਤ ਹੋ ਗਏ ਹਨ।

ਟੀ.ਕੇ. ਟੀ.ਕੇ. ਜੀ ਦੇ ਪ੍ਰਧਾਨ ਜੀ ਨਾਲ ਐਨਕਾਊਂਟਰ ਨੇ ਮੈਨੂੰ ਇਹ ਵੀ ਸਮਝਾਇਆ ਕਿ ਇਨ੍ਹਾਂ ਸਾਲਾਂ 'ਚ 'ਕਾਰਵਾਂ' ਵੱਲੋਂ ਕੀਤੀਆਂ ਗਈਆਂ ਬੜੀਆਂ ਜਾਂਚ-ਪੜਤਾਲਾਂ ਨੂੰ ਰਵਾਇਤੀ ਮੀਡੀਆ ਨੇ ਅੱਗੇ ਕਿਉਂ ਨਹੀਂ ਵਧਾਇਆ। ਇਨ੍ਹਾਂ ਵਿਚ ਜੱਜ ਬੀ.ਐਚ. ਲੋਇਆ ਦੀ ਮੌਤ ਦਾ ਮਾਮਲਾ ਵੀ ਹੈ ਜੋ ਸੁਹਰਾਬੂਦੀਨ ਸ਼ੇਖ ਫਰਜੀ ਮੁਕਾਬਲਾ ਮਾਮਲੇ ਦੀ ਸੁਣਵਾਈ ਕਰ ਰਹੇ ਸਨ। ਉਸ ਕੇਸ ਵਿਚ ਪ੍ਰਧਾਨ ਜੀ ਮੁੱਖ ਮੁਲਜ਼ਮ ਸਨ। ਇਸ ਤੋਂ ਇਲਾਵਾ, ਰਾਫਾਲ ਰੱਖਿਆ ਸਮਝੌਤਾ, ਸ਼ਾਹ ਦੇ ਫਰਜ਼ੰਦ ਦੀ ਕੰਪਨੀ ਦਾ ਵਧਦਾ ਕਾਰੋਬਾਰ, ਕੌਮੀ ਸੁਰੱਖਿਆ ਸਲਾਹਕਾਰ ਦੇ ਫਰਜ਼ੰਦ ਦੀ ਕੰਪਨੀ, ਜੋ ਟੈਕਸ ਹੈਵਨ ਕੇਮੈਨ ਆਈਲੈਂਡ ਤੋਂ ਚਲਾਈ ਜਾ ਰਹੀ ਹੈ ਅਤੇ ਹੋਰ ਰਿਪੋਰਟਾਂ ਵੀ। ਜੇ ਪ੍ਰਧਾਨ ਜੀ ਨੇ ਟੀ.ਕੇ. ਟੀ.ਕੇ. ਜੀ ਨੂੰ ਇਕ ਵਾਰ ਫੋਨ ਕੀਤਾ ਸੀ ਤਾਂ ਸੰਭਵ ਹੈ ਪ੍ਰਧਾਨ ਜੀ ਨੇ ਉਨ੍ਹਾਂ ਨੂੰ ਕਈ ਵਾਰ ਫੋਨ ਕੀਤਾ ਹੋਵੇਗਾ। ਟੀ.ਕੇ. ਟੀ.ਕੇ. ਜੀ ਨੂੰ ਫੋਨ ਆਇਆ ਸੀ, ਤਾਂ ਇਹ ਸੰਭਵ ਹੈ ਕਿ ਹੋਰ ਸੰਪਾਦਕਾਂ ਅਤੇ ਮਾਲਕਾਂ ਨੂੰ ਵੀ ਐਸੇ ਫੋਨ ਆਏ ਹੋਣਗੇ।

ਭਾਰਤੀ ਮੀਡੀਆ ਨੇ ਬੀਤੇ 'ਚ ਜਿਵੇਂ ਕੰਮ ਕੀਤਾ ਸੀ, 'ਕਾਰਵਾਂ' ਦੀਆਂ ਪੜਤਾਲਾਂ ਵਿਚ ਉਸ ਦਾ ਪ੍ਰਭਾਵ ਸੀ। 1980 'ਚ ਜਦ 'ਦਿ ਹਿੰਦੂ' ਅਖਬਾਰ ਨੇ ਬੋਫੋਰਸ ਮਾਮਲੇ ਦਾ ਖੁਲਾਸਾ ਕੀਤਾ ਸੀ ਤਾਂ ਇਸ ਖਬਰ ਦੇ ਨਵੇਂ ਪੱਖਾਂ ਨੂੰ ਸਾਹਮਣੇ ਲਿਆਉਣ ਲਈ ਇੰਡੀਅਨ ਐਕਸਪ੍ਰੈੱਸ ਅਤੇ ਹੋਰ ਮੀਡੀਆ ਘਰਾਣਿਆਂ ਦੇ ਪੱਤਰਕਾਰਾਂ ਵਿਚ ਮੁਕਾਬਲਾ ਸ਼ੁਰੂ ਹੋ ਗਿਆ ਸੀ। ਸੰਨ 2000 ਵਿਚ ਜਦ 'ਤਹਿਲਕਾ' ਨੇ ਸੱਤਾਧਾਰੀ ਅਟੱਲ ਬਿਹਾਰੀ ਵਾਜਪਾਈ ਸਰਕਾਰ ਦੇ ਆਗੂਆਂ ਦਾ ਸਟਿੰਗ ਅਪਰੇਸ਼ਨ ਕੀਤਾ ਸੀ ਤਾਂ ਕੌਮੀ ਮੀਡੀਆ ਨੇ ਇਸ ਘਟਨਾ ਦੇ ਸਾਰੇ ਪੱਖ ਕਵਰ ਕੀਤੇ। ਹਰ ਨਿਊਜ਼ ਮੀਡੀਆ ਨੇ ਆਪਣੇ ਸਭ ਤੋਂ ਮਾਹਰ ਖੋਜੀ ਪੱਤਰਕਾਰਾਂ ਨੂੰ ਮਨਮੋਹਨ ਸਿੰਘ ਸਰਕਾਰ ਦੇ ਭ੍ਰਿਸ਼ਟਾਚਾਰਾਂ ਦਾ ਖੁਲਾਸਾ ਕਰਨ 'ਚ ਲਗਾ ਦਿੱਤਾ ਸੀ। ਇਹ ਸਭ ਪੱਤਰਕਾਰੀ ਦੀਆਂ ਸੁਖਾਵੀਆਂ ਯਾਦਾਂ ਹਨ ਲੇਕਿਨ ਇਨ੍ਹਾਂ ਨੂੰ ਐਸੇ ਲੈਂਡ ਮਾਰਕ ਨਹੀਂ ਮੰਨਿਆ ਜਾ ਸਕਦਾ ਜਿਨ੍ਹਾਂ ਵਿਚ ਪ੍ਰੈੱਸ ਨੇ ਸ਼ਕਤੀਸ਼ਾਲੀ ਰਾਜ ਨੇਤਾਵਾਂ ਦੀਆਂ ਗੋਡਣੀਆਂ ਲਗਾ ਦਿੱਤੀਆਂ ਹੋਣ।

ਭਾਰਤੀ ਮੀਡੀਆ ਨੇ ਹੁਣ ਤੱਕ ਵਾਟਰਗੇਟ ਵਰਗਾ ਖੁਲਾਸਾ ਨਹੀਂ ਕੀਤਾ ਜਿਸ ਨੇ ਅਮਰੀਕਾ ਦੇ ਰਾਸ਼ਟਰਪਤੀ ਰਿਚਰਡ ਨਿਕਸਨ ਨੂੰ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਸੀ; ਜਾਂ ਇਸ ਦੇ ਇਤਿਹਾਸ ਵਿਚ ਉਸ ਤਰ੍ਹਾਂ ਦੇ ਪਲ ਵੀ ਨਹੀਂ ਹਨ ਜਿਨ੍ਹਾਂ ਵਿਚ ਪੈਂਟਾਗਨ ਪੇਪਰਜ਼ ਵਰਗਾ ਕੋਈ ਖੁਲਾਸਾ ਕੀਤਾ ਗਿਆ ਹੋਵੇ ਜਿਸ ਵਿਚ ਰਾਜ




ਨੇਤਾਵਾਂ ਅਤੇ ਪ੍ਰੈੱਸ ਦਰਮਿਆਨ ਤਕਰਾਰ ਹੋਇਆ ਹੋਵੇ ਅਤੇ ਆਖਿਰਕਾਰ ਨਿਆਂਪਾਲਿਕਾ ਨੇ ਪੱਤਰਕਾਰਾਂ ਦੇ ਉਸ ਅਧਿਕਾਰ ਨੂੰ ਮਹਿਫੂਜ਼ ਕੀਤਾ ਹੋਵੇ ਜਿਸ ਵਿਚ ਉਹ ਸੱਤਾਧਾਰੀਆਂ ਦੀਆਂ ਐਸੀਆਂ ਗੇਮਾਂ ਨੂੰ ਉਜਾਗਰ ਕਰਦੇ ਹੋਣ, ਜਿਨ੍ਹਾਂ ਨੂੰ ਆਗੂ ਗੁਪਤ ਰੱਖਣਾ ਚਾਹੁੰਦੇ ਹੋਣ।

ਭਾਰਤੀ ਪੱਤਰਕਾਰੀ 'ਚ ਐਸੇ ਮੀਲ-ਪੱਥਰ ਘੱਟ ਹੀ ਰਹੇ ਹਨ ਜਿਸ ਵਿਚ ਇਸ ਨੇ ਜਾਬਰ ਆਗੂਆਂ, ਭ੍ਰਿਸ਼ਟ ਅਤੇ ਬੋਦੇ ਹੋ ਚੁੱਕੇ ਪ੍ਰਬੰਧ ਨਾਲ ਮੱਥਾ ਲਾਇਆ ਹੋਵੇ ਅਤੇ ਪ੍ਰੈੱਸ ਦੀ ਆਜ਼ਾਦੀ ਦੀ ਲੜਾਈ ਫੈਸਲਾਕੁਨ ਰੂਪ 'ਚ ਜਿੱਤ ਲਈ ਗਈ ਹੋਵੇ। ਇਨ੍ਹਾਂ ਹਾਲਾਤ 'ਚ ਅੱਜ ਦੇ ਬਹੁਗਿਣਤੀਵਾਦੀ ਆਗੂਆਂ ਨੂੰ ਇਹ ਸਵੈ-ਵਿਸ਼ਵਾਸ ਹੋ ਗਿਆ ਹੈ ਕਿ ਉਹ ਰਵਾਇਤੀ ਨਿਊਜ਼ ਜਥੇਬੰਦੀਆਂ ਨੂੰ ਕੰਟਰੋਲ ਕਰ ਲੈਣਗੇ।

> ***ਜੇ ਅਸੀਂ ਲੋਕ ਸੰਵੇਦਨਾ ਉਪਰ ਗੌਰ ਕਰੀਏ ਅਤੇ ਨਾਲ ਹੀ ਆਜ਼ਾਦੀ ਤੋਂ ਬਾਅਦ ਭਾਰਤੀ ਪੱਤਰਕਾਰੀ ਦੇ ਕੰਮ ਦੀ ਸਮੀਖਿਆ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਭਾਰਤੀ ਮੀਡੀਆ ਮੋਟੇ ਤੌਰ 'ਤੇ ਪਹਿਲੇ ਅਤੇ ਦੂਜੇ ਖੇਤਰ ਵਿਚ ਆਉਂਦਾ ਹੈ। ਭਾਰਤ ਵਿਚ ਪੱਤਰਕਾਰੀ ਜ਼ਿਆਦਾ ਸਮਾਂ ਨੌਕਰੀ ਅਤੇ ਪੇਸ਼ੇ ਦੇ ਦਾਇਰੇ ਵਿਚ ਘੁੰਮਦੀ ਰਹਿੰਦੀ ਹੈ। ਇਸ ਵਰਤਾਰੇ ਨੂੰ ਇਤਿਹਾਸਕ ਤੱਥਾਂ ਨਾਲ ਕੁਝ ਹੱਦ ਤੱਕ ਸਮਝਿਆ ਜਾ ਸਕਦਾ ਹੈ। ਭਾਰਤ ਦੇ ਹਰਮਨਪਿਆਰੇ ਆਜ਼ਾਦੀ ਘੁਲਾਟੀਆਂ ਵਿਚੋਂ ਲਗਭਗ 70 ਫੀਸਦੀ ਪੱਤਰਕਾਰ ਸਨ। ਆਜ਼ਾਦੀ ਲਈ ਉਨ੍ਹਾਂ ਦੀ ਰੀਝ ਨੇ ਉਨ੍ਹਾਂ ਨੂੰ ਲਿਖਣ ਅਤੇ ਪ੍ਰਕਾਸ਼ਨ ਦੀ ਤਰਫ ਮੋੜਿਆ; ਲੇਕਿਨ ਜੋ ਅਖਬਾਰ ਉਨ੍ਹਾਂ ਨੇ ਸ਼ੁਰੂ ਕੀਤੇ, ਆਜ਼ਾਦੀ ਤੋਂ ਬਾਅਦ ਉਹ ਬੜੇ ਕਾਰੋਬਾਰੀਆਂ ਦੇ ਕਬਜ਼ੇ ਵਿਚ ਆ ਗਏ ਜਿਨ੍ਹਾਂ ਲਈ ਮੀਡੀਆ ਪੂੰਜੀ-ਨਿਵੇਸ਼ ਸੀ ਅਤੇ ਪੱਤਰਕਾਰਾਂ ਨੂੰ ਫੈਸਲਾ ਲੈਣ ਦੇ ਕੰਮ ਤੋਂ ਪਰ੍ਹਾਂ ਕਰ ਦਿੱਤਾ ਗਿਆ।***

ਲਿਹਾਜ਼ਾ ਜੋ ਅਸੀਂ ਅੱਜ ਦੇਖ ਰਹੇ ਹਾਂ, ਉਹ ਪੱਤਰਕਾਰੀ ਦਾ ਮੁਲੰਮਾ ਚੜ੍ਹਿਆ ਦੌਰ ਹੈ ਜਿੱਥੇ ਭਾਰਤੀ ਰਵਾਇਤੀ ਨਿਊਜ਼ ਸੰਸਥਾਵਾਂ ਸੱਤਾ ਤੋਂ ਜਵਾਬਦੇਹੀ ਮੰਗਣ ਤੋਂ ਕੰਨੀ ਕਤਰਾਉਂਦੀਆਂ ਹਨ, ਜਦਕਿ ਐਸਾ ਕਰਨਾ ਲੋਕਤੰਤਰ ਵਿਚ ਪ੍ਰੈੱਸ ਦੇ ਲਈ ਇਤਿਹਾਸਕ ਭੂਮਿਕਾ ਹੈ। ਕੁਝ ਰਵਾਇਤੀ ਨਿਊਜ਼ ਸੰਸਥਾਵਾਂ ਪੰਚਿੰਗ ਬੀਲੋਅ ਦੇਅਰਰ ਵੇਟ (ਆਪਣੀ ਹੁਨਰਮੰਦੀ ਦੀ ਤੁਲਨਾ 'ਚ ਬੇਹੂਦਗੀ ਪਰੋਸਣ) ਦੀ ਕਲਾ ਵਿਚ ਮਾਹਿਰ ਹੋ ਗਈਆਂ ਹਨ ਅਤੇ ਬਾਕੀ ਸਟੇਟ ਦੇ ਬਿਰਤਾਂਤ ਨੂੰ ਅੱਗੇ ਵਧਾਉਣ 'ਚ ਉਸ ਦੇ ਸਹਾਇਕ ਬਣ ਗਏ ਹਨ। ਫਿਰ ਨੌਜਵਾਨ ਪੱਤਰਕਾਰ ਪੱਤਰਕਾਰੀ ਕਿਸ ਤੋਂ ਸਿੱਖਣਗੇ?

ਇਕ ਪੱਤਰਕਾਰ ਆਪਣੇ ਕੰਮ ਨੂੰ ਤਿੰਨ ਤਰ੍ਹਾਂ ਬਿਆਨ ਕਰ ਸਕਦਾ ਹੈ। ਉਹ ਕਹਿ ਸਕਦਾ ਹੈ ਕਿ ਇਹ ਉਸ ਦੀ ਨੌਕਰੀ ਹੈ, ਉਸ ਦਾ ਪੇਸ਼ਾ ਹੈ ਜਾਂ ਉਸ ਦੀ ਪ੍ਰੇਰਨਾ ਹੈ; ਅਤੇ ਇਹੀ ਉਹ ਪਹਿਲੂ ਹੈ ਜੋ ਸੱਤਾ ਦੇ ਨਾਲ ਪੱਤਰਕਾਰ ਦੇ ਰਿਸ਼ਤੇ ਨੂੰ ਤੈਅ ਕਰਦਾ ਹੈ। ਪੱਤਰਕਾਰ, ਪ੍ਰੈੱਸ ਅਤੇ ਨਿਰਪੱਖ ਅਤੇ ਸੁਤੰਤਰ ਪੱਤਰਕਾਰੀ ਦਾ ਈਕੋ-ਸਿਸਟਮ ਵਿਵਸਥਾ ਦੀ ਮਨਮਾਨੀ ਦੇ ਖਿਲਾਫ ਉਦੋਂ ਜ਼ਿਆਦਾ ਮਜ਼ਬੂਤੀ ਨਾਲ ਖੜ੍ਹਾ ਰਹਿ ਸਕਦਾ ਹੈ, ਜਦ ਉਹ ਪੱਤਰਕਾਰੀ ਨੂੰ ਪ੍ਰੇਰਨਾ ਵਾਂਗ ਲੈਂਦਾ ਹੈ। ਇਸ ਨੂੰ ਗ੍ਰਾਫ ਬਣਾ ਕੇ ਦੇਖ ਸਕਣਾ ਲਗਭਗ ਸੰਭਵ ਹੈ। ਜਿੰਨਾ ਜ਼ਿਆਦਾ ਇਕ ਪੱਤਰਕਾਰ ਆਪਣੇ ਕੰਮ ਨੂੰ ਪ੍ਰੇਰਨਾ ਮੰਨੇਗਾ, ਓਨਾ ਹੀ ਉਹ ਸੱਤਾਧਾਰੀਆਂ ਦੇ ਬਿਰਤਾਂਤ ਨੂੰ ਚੁਣੌਤੀ ਦੇਵੇਗਾ। ਜਦ ਪੱਤਰਕਾਰੀ ਨੌਕਰੀ ਦੇ ਰੂਪ 'ਚ ਹੁੰਦੀ ਹੈ ਤਾਂ ਪੱਤਰਕਾਰ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕੀ ਕਰਦਾ ਹੈ। ਉਦੋਂ ਉਹ ਬਿਰਤਾਂਤ ਦੇ ਪਾਏ ਪੂਰਨਿਆਂ 'ਤੇ ਚੱਲਦਾ ਹੈ ਅਤੇ ਉਸ ਬਿਰਤਾਂਤ 'ਚ ਸਹਿਯੋਗੀ ਦੀ ਭੂਮਿਕਾ ਵੀ ਨਿਭਾ ਸਕਦਾ ਹੈ; ਅਤੇ ਜਿੱਥੇ ਪੱਤਰਕਾਰੀ ਨੂੰ ਪੇਸ਼ਾ ਸਮਝਿਆ ਜਾਂਦਾ ਹੈ, ਉਥੇ ਪੱਤਰਕਾਰ ਦੋਨੋਂ ਹੀ ਦਿਸ਼ਾਵਾਂ 'ਚ ਜਾ ਸਕਦਾ ਹੈ। ਆਪਣੇ ਸਰਬੋਤਮ ਰੂਪ 'ਚ ਪੱਤਰਕਾਰੀ ਉਦੋਂ ਹੁੰਦੀ ਹੈ, ਜਦ ਉਹ ਪ੍ਰੇਰਨਾ ਹੁੰਦੀ ਹੈ। ਇਹ ਜਦ ਇਕ ਨੌਕਰੀ ਹੁੰਦੀ ਹੈ ਤਾਂ ਇਹ ਉਸ ਦਾ ਸਭ ਤੋਂ ਭੈੜਾ ਰੂਪ ਹੁੰਦਾ ਹੈ।

ਜੇ ਅਸੀਂ ਲੋਕ ਸੰਵੇਦਨਾ ਉਪਰ ਗੌਰ ਕਰੀਏ ਅਤੇ ਨਾਲ ਹੀ ਆਜ਼ਾਦੀ ਤੋਂ ਬਾਅਦ ਭਾਰਤੀ ਪੱਤਰਕਾਰੀ ਦੇ ਕੰਮ ਦੀ ਸਮੀਖਿਆ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਭਾਰਤੀ ਮੀਡੀਆ ਮੋਟੇ ਤੌਰ 'ਤੇ ਪਹਿਲੇ ਅਤੇ ਦੂਜੇ ਖੇਤਰ ਵਿਚ ਆਉਂਦਾ ਹੈ। ਭਾਰਤ ਵਿਚ ਪੱਤਰਕਾਰੀ ਜ਼ਿਆਦਾ ਸਮਾਂ ਨੌਕਰੀ ਅਤੇ ਪੇਸ਼ੇ ਦੇ ਦਾਇਰੇ ਵਿਚ ਘੁੰਮਦੀ ਰਹਿੰਦੀ ਹੈ। ਇਸ ਵਰਤਾਰੇ ਨੂੰ ਇਤਿਹਾਸਕ ਤੱਥਾਂ ਨਾਲ ਕੁਝ ਹੱਦ ਤੱਕ ਸਮਝਿਆ ਜਾ ਸਕਦਾ ਹੈ। ਭਾਰਤ ਦੇ ਹਰਮਨਪਿਆਰੇ ਆਜ਼ਾਦੀ ਘੁਲਾਟੀਆਂ ਵਿਚੋਂ ਲਗਭਗ 70 ਫੀਸਦੀ ਪੱਤਰਕਾਰ ਸਨ। ਆਜ਼ਾਦੀ ਲਈ ਉਨ੍ਹਾਂ ਦੀ ਰੀਝ ਨੇ ਉਨ੍ਹਾਂ ਨੂੰ ਲਿਖਣ ਅਤੇ ਪ੍ਰਕਾਸ਼ਨ ਦੀ ਤਰਫ ਮੋੜਿਆ; ਲੇਕਿਨ ਜੋ ਅਖਬਾਰ ਉਨ੍ਹਾਂ ਨੇ ਸ਼ੁਰੂ ਕੀਤੇ, ਆਜ਼ਾਦੀ ਤੋਂ ਬਾਅਦ ਉਹ ਬੜੇ ਕਾਰੋਬਾਰੀਆਂ ਦੇ ਕਬਜ਼ੇ ਵਿਚ ਆ ਗਏ ਜਿਨ੍ਹਾਂ ਦੇ ਲਈ ਮੀਡੀਆ ਪੂੰਜੀ-ਨਿਵੇਸ਼ ਸੀ ਅਤੇ ਪੱਤਰਕਾਰਾਂ ਨੂੰ ਫੈਸਲਾ ਲੈਣ ਦੇ ਕੰਮ ਤੋਂ ਪਰ੍ਹਾਂ ਕਰ ਦਿੱਤਾ ਗਿਆ। ਅੱਜ ਭਾਰਤ ਦਾ ਜ਼ਿਆਦਾਤਰ ਮੀਡੀਆ ਤੇਲ, ਟੈਲੀਕਾਮ, ਖਣਨ, ਸੀਮੈਂਟ, ਸੂਦਖੋਰਾਂ, ਰੱਖਿਆ ਵਿਚੋਲਿਆਂ ਤੇ ਆਗੂਆਂ ਦੀ ਮਾਲਕੀ ਹੈ ਅਤੇ ਇਸ ਵਿਚ ਜ਼ਿਆਦਾਤਰ ਮਰਦ ਹਨ। ਇਸ ਦੌਰਾਨ ਆਜ਼ਾਦੀ ਤੋਂ ਬਾਅਦ ਅੰਗਰੇਜ਼ਾਂ ਦੇ ਚਲਾਏ ਅਖਬਾਰ ਭਾਰਤ ਦੇ ਸਰਦੇ-ਪੁੱਜਦੇ ਕਾਰੋਬਾਰੀਆਂ ਨੇ ਖਰੀਦ ਲਏ ਜੋ ਬੜੇ ਹੰਕਾਰ ਨਾਲ ਕਹਿੰਦੇ ਹਨ ਕਿ ਉਹ ਅਖਬਾਰ ਦਾ ਕਾਰੋਬਾਰ ਨਹੀਂ ਸਗੋਂ ਇਸ਼ਤਿਹਾਰਬਾਜ਼ੀ ਦਾ ਕਾਰੋਬਾਰ ਕਰਦੇ ਹਨ।

ਜ਼ਿਆਦਾਤਰ ਅਭਿਲਾਸ਼ੀ ਨੌਜਵਾਨ ਪੱਤਰਕਾਰਾਂ ਨੂੰ ਸਮਝ ਨਹੀਂ ਆ ਰਿਹਾ ਕਿ ਭਾਰਤੀ ਨਿਊਜ਼ ਰੂਮ 'ਚ ਵੜਨ ਦਾ ਫਿਰ ਕੀ ਲਾਭ ਹੈ। ਇਨ੍ਹਾਂ ਤਮਾਮ ਆਲੋਚਨਾਵਾਂ ਦੇ ਬਾਵਜੂਦ ਮੈਂ ਨੌਜਵਾਨਾਂ ਨੂੰ ਅਪੀਲ ਕਰਦਾ ਹੈ ਕਿ ਮੌਕਾ ਮਿਲਣ 'ਤੇ ਉਹ ਭਾਰਤੀ ਨਿਊਜ਼ ਸੰਸਥਾ 'ਚ ਕੰਮ ਜ਼ਰੂਰ ਕਰਨ। ਪਿਛਲੇ ਸਾਲ ਪੱਤਰਕਾਰੀ ਸਕੂਲ ਦੇ ਕਾਨਵੋਕੇਸ਼ਨ ਸਮਾਰੋਹ 'ਚ ਮੈਂ ਜੋ ਭਾਸ਼ਣ ਦਿੱਤਾ ਸੀ, ਉਸ ਵਿਚ ਮੈਂ ਇਸ ਗੱਲ ਉਪਰ ਚਰਚਾ ਕੀਤੀ ਸੀ ਕਿ ਨਿਊਜ਼ ਰੂਮ ਵਿਚ ਦਾਖਲ ਹੋਣ ਨੂੰ ਕਿਉਂ ਇਕ ਮੌਕੇ ਦੇ ਰੂਪ 'ਚ ਦੇਖਿਆ ਜਾਣਾ ਚਾਹੀਦਾ ਹੈ। ਇੱਥੇ ਆ ਕੇ ਤੁਸੀਂ ਪੱਤਰਕਾਰੀ ਦੇ ਕੰਮ ਦੀਆਂ ਪੰਜ ਬੁਨਿਆਦਾਂ ਨੂੰ ਸਮਝ ਸਕਦੇ ਹੋ - ਖਬਰ ਸੁੰਘਣ ਦੀ ਸ਼ਕਤੀ, ਦਰੁਸਤ ਮੁਲੰਕਣ, ਨੈਤਿਕ ਦਲੇਰੀ, ਵਿਸ਼ੇ ਉਪਰ ਪਕੜ ਅਤੇ ਲਿਖਣ ਦੀ ਮੁਹਾਰਤ।

ਇਹ ਜ਼ਰੂਰੀ ਹੈ ਕਿ ਇਕ ਪੱਤਰਕਾਰ ਇਨ੍ਹਾਂ ਖੇਤਰਾਂ ਵਿਚ ਮੁਹਾਰਤ ਹਾਸਲ ਕਰੇ ਅਤੇ ਜੇ ਉਹ ਪੱਤਰਕਾਰ ਐਸਾ ਖਣਨ, ਤੇਲ ਅਤੇ ਟੈਲੀਕਾਮ ਵਪਾਰੀਆਂ ਦੀ ਤਨਖਾਹ ਉਪਰ ਕਰ ਸਕਦਾ ਹੈ ਤਾਂ ਉਸ ਨੂੰ ਗੁਰੇਜ਼ ਨਹੀਂ ਹੋਣਾ ਚਾਹੀਦਾ। ਦੇਖੋ ਸੰਪਾਦਕੀ ਸਮਝੌਤਾ ਪੂਰੇ ਮੀਡੀਆ ਢਾਂਚੇ 'ਚ ਫੈਲਿਆ ਰੋਗ ਹੈ: ਕੋਈ ਨਿਊਜ਼ ਰੂਮ 40 ਫੀਸਦੀ ਬਿਮਾਰ ਹੈ, ਤੇ ਕੋਈ 50 ਫੀ ਸਦੀ ਅਤੇ ਬਾਕੀ ਵੀ ਇਸੇ ਤਰ੍ਹਾਂ ਹਨ; ਲੇਕਿਨ ਇਕ ਪੱਤਰਕਾਰ ਕਿਸੇ ਬਿਮਾਰ ਜਗ੍ਹਾ 'ਚ ਕੰਮ ਕਰ ਸਕਦਾ ਹੈ, ਉਸ ਨੂੰ ਬਦਲਣ ਦੀ ਕੋਸ਼ਿਸ਼ ਕਰ ਸਕਦਾ ਹੈ ਅਤੇ ਜਦ ਤੱਕ ਉਹ ਉਥੇ ਮੌਜੂਦ ਹੈ, ਉਸ ਦੇ ਅੰਦਰ ਰਹਿ ਕੇ ਇਕ ਚੰਗੀ ਲੜਾਈ ਲੜ ਸਕਦਾ ਹੈ।

ਲੇਕਿਨ ਅੱਜ ਮੈਂ ਇਕ ਹੋਰ ਗੱਲ ਵੱਲ ਧਿਆਨ ਦਿਵਾਉਣਾ ਚਾਹਾਂਗਾ। ਫਿਰ ਕੀ ਹੋਵੇਗਾ, ਜੇ ਕਿਸੇ ਪੱਤਰਕਾਰ ਨੇ ਪੰਜਾਂ ਬੁਨਿਆਦਾਂ ਉਪਰ ਮੁਹਾਰਤ ਤਾਂ ਹਾਸਲ ਕਰ ਲਈ ਹੋਵੇ ਅਤੇ ਇਕ ਚੰਗੀ ਲੜਾਈ ਵੀ ਲੜੀ ਹੋਵੇ ਲੇਕਿਨ ਉਹ ਹੁਣ ਇਸ ਨੂੰ ਹੋਰ ਨਹੀਂ ਝੱਲ ਸਕਦਾ? ਤਾਂ ਕੀ ਉਸ ਨੂੰ ਮੀਡੀਆ ਕੰਪਨੀਆਂ ਦੇ ਮਾਲਕ ਕਾਰੋਬਾਰੀਆਂ ਦੇ ਹਿਤਾਂ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ? ਤੇ ਫਿਰ ਕੀ ਹੋਵੇਗਾ, ਜੇ ਉਹ ਪੱਤਰਕਾਰ ਨਿਊਜ਼ ਰੂਮ 'ਚ ਦਾਖਲ ਹੋਣ ਦੇ ਬਾਵਜੂਦ ਇਸ ਕੰਮ ਦੇ ਵੱਖ-ਵੱਖ ਪਾਸਾਰਾਂ ਉਪਰ ਮੁਹਾਰਤ ਹਾਸਲ ਕਰਨ ਤੱਕ ਉਥੇ ਟਿਕ ਨਹੀਂ ਪਾਉਂਦਾ? ਫਿਰ ਕੀ ਹੋਵੇਗਾ ਜਦ ਉਸ ਨੂੰ ਕਿਸੇ ਫੈਂਸੀ ਨਿਊਜ਼ ਸੰਸਥਾ ਵਿਚ ਜਾਣਾ ਹੀ ਨਸੀਬ ਨਹੀਂ ਹੁੰਦਾ?

ਐਸੇ ਪੱਤਰਕਾਰ ਸੋਚਦੇ ਹੋਣਗੇ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ? ਮੇਰੇ ਕੋਲ ਉਨ੍ਹਾਂ ਲਈ ਕੁਝ ਸੁਝਾਅ ਹਨ। ਕਈ ਪੱਧਰਾਂ 'ਤੇ ਚਾਰੇ ਪਾਸੇ ਹਨੇਰਾ ਹੀ ਹਨੇਰਾ ਜਾਪਦਾ ਹੈ ਲੇਕਿਨ ਇਕ ਹਾਂ-ਪੱਖੀ ਪਹਿਲੂ ਇਹ ਹੈ ਕਿ ਜਦ ਰਾਸ਼ਟਰ ਦੀ ਜ਼ਿੰਦਗੀ-ਮੌਤ ਦਾ ਸੰਘਰਸ਼ ਤਿੱਖਾ ਹੋ ਰਿਹਾ ਹੁੰਦਾ ਹੈ ਤਾਂ ਉਸ ਵਕਤ ਪੱਤਰਕਾਰੀ ਵਰਗੀ ਸੰਸਥਾ ਦੀ ਭੂਮਿਕਾ ਪਹਿਲਾ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ। ਫਿਰ ਇਹ ਸਹੀ ਹੋਵੇਗਾ ਕਿ ਅੱਜ ਦੇ ਹਾਲਾਤ ਨੂੰ ਤੂਫਾਨ ਤੋਂ ਪਹਿਲਾਂ ਦੀ ਸ਼ਾਂਤੀ ਸਮਝ ਲਿਆ ਜਾਵੇ। ਜਦ ਇਕ ਪਾਸੇ ਫਾਸ਼ੀਵਾਦੀ ਤਾਕਤਾਂ ਤੇਜ਼ੀ ਨਾਲ ਨਿਆਂਪੂਰਨ ਸਮਾਜ ਦੀ ਰੀਝ ਦਾ ਗਲਾ ਘੁੱਟ ਰਹੀਆਂ ਹੁੰਦੀਆਂ ਹਨ ਤਾਂ ਦੂਜੇ ਪਾਸੇ ਸਮਾਜੀ ਉਥਲ-ਪੁਥਲ ਵੀ ਪੈਦਾ ਹੋ ਰਹੀ ਹੁੰਦੀ ਹੈ। ਉਹ ਤੁਰੰਤ ਨਜ਼ਰ ਨਹੀਂ ਆਉਂਦੀ, ਲੇਕਿਨ ਉਹ ਇਕ ਸਮਾਜੀ ਤਾਕਤ ਦੇ ਰੂਪ 'ਚ ਨਿਸ਼ਚੇ ਹੀ ਪੈਦਾ ਹੋਵੇਗੀ ਅਤੇ ਫਾਸ਼ੀਵਾਦੀ ਤਾਕਤਾਂ ਨਾਲ ਲੋਹਾ ਲਵੇਗੀ। ਇਸ ਲਈ ਅਭਿਲਾਸ਼ੀ ਨੌਜਵਾਨ ਪੱਤਰਕਾਰਾਂ ਨੂੰ ਇਨ੍ਹਾਂ ਦਿਨਾਂ ਨੂੰ ਪੱਤਰਕਾਰੀ ਦੀ ਵਰਕਸ਼ਾਪ ਵਾਂਗ ਦੇਖਣਾ ਚਾਹੀਦਾ ਹੈ ਜਿਸ ਵਿਚ ਉਹ ਆਪਣੇ ਲਈ ਬੀਜ ਬੀਜਣਗੇ ਅਤੇ ਬਾਅਦ ਵਿਚ ਫਸਲ ਕੱਟਣ ਦਾ ਵਕਤ ਵੀ ਆਵੇਗਾ। ***(ਚੱਲਦਾ)***

# ਪੰਜਾਬ 'ਚ ਭਾਜਪਾ ਆਗੂਆਂ ਤੇ ਕਿਸਾਨਾਂ ਵਿਚਾਲੇ ਟਕਰਾਅ ਵਾਲਾ ਮਾਹੌਲ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦਾ ਰੋਹ ਵਧਦਾ ਜਾ ਰਿਹਾ ਹੈ। ਪੰਜਾਬ ਵਿਚ ਹੁਣ ਭਾਜਪਾ ਆਗੂਆਂ ਦੀ ਤਿੱਖੀ ਘੇਰਾਬੰਦੀ ਸ਼ੁਰੂ ਹੋ ਗਈ ਹੈ, ਜਿਸ ਤੋਂ ਬਾਅਦ ਕਈ ਥਾਵਾਂ ਉਤੇ ਟਕਰਾਅ ਵਾਲਾ ਮਾਹੌਲ ਬਣ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਜਨਮ ਦਿਨ ਮੌਕੇ ਸਮਾਗਮਾਂ ਦੌਰਾਨ ਪੰਜਾਬ ਵਿਚ ਭਾਜਪਾ ਆਗੂਆਂ ਨੂੰ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ।



ਪੰਜਾਬ ਪੁਲਿਸ ਵੱਲੋਂ ਕੀਤੀ ਗਈ ਸਖਤ ਨਾਕਾਬੰਦੀ ਵੀ ਕਿਸਾਨਾਂ ਨੂੰ ਵਿਰੋਧ ਕਰਨ ਤੋਂ ਰੋਕ ਨਾ ਸਕੀ। ਬਠਿੰਡਾ ਵਿਚ ਕਿਸਾਨਾਂ ਨੇ ਭਾਜਪਾ ਆਗੂਆਂ ਵੱਲੋਂ ਲਾਈ ਸਟੇਜ 'ਤੇ ਹੀ ਕਬਜ਼ਾ ਕਰ ਲਿਆ। ਇਸੇ ਤਰ੍ਹਾਂ ਜਲੰਧਰ ਵਿਚ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਵੱਲ ਜਾਂਦੇ ਕਿਸਾਨਾਂ ਨੂੰ ਰੋਕਣ ਲਈ ਪੁਲਿਸ ਨੂੰ ਭਾਰੀ ਜੱਦੋ-ਜਹਿਦ ਕਰਨੀ ਪਈ। ਪੁਲਿਸ ਅਤੇ ਕਿਸਾਨਾਂ ਵਿਚਾਲੇ ਹੋਈਆਂ ਝੜਪਾਂ ਦੌਰਾਨ ਕਈ ਕਿਸਾਨਾਂ ਦੀਆਂ ਦਸਤਾਰਾਂ ਲੱਥ ਗਈਆਂ। ਰੋਹ ਵਿਚ ਆਏ ਕਿਸਾਨਾਂ ਨੇ ਭਾਜਪਾ ਦੇ ਨਾਲ-ਨਾਲ ਸੂਬਾ ਸਰਕਾਰ ਨੂੰ ਵੀ ਨਿਸ਼ਾਨੇ 'ਤੇ ਲਿਆ। ਪੁਲਿਸ ਕਾਰਵਾਈ ਖਿਲਾਫ ਕਿਸਾਨਾਂ ਨੇ ਭਾਜਪਾ ਦੇ ਦਫਤਰ ਮੂਹਰੇ ਹੀ ਧਰਨਾ ਦੇ ਦਿੱਤਾ। ਹੁਸ਼ਿਆਰਪੁਰ ਵਿਚ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ। ਫਗਵਾੜਾ, ਮੁਕੇਰੀਆਂ ਅਤੇ ਕਈ ਹੋਰਨਾਂ ਸ਼ਹਿਰਾਂ ਵਿਚ ਤਾਂ ਭਾਜਪਾ ਦੇ ਆਗੂਆਂ ਨੇ ਕਿਸਾਨਾਂ ਦਾ ਰੁਖ ਦੇਖ ਕੇ ਸਮਾਗਮ ਵਿਚੋਂ ਜਾਣਾ ਹੀ ਬਿਹਤਰ ਸਮਝਿਆ। ਬਠਿੰਡਾ ਵਿਚ ਕਿਸਾਨਾਂ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਅਤੇ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਆਗੂਆਂ ਨੇ ਕੀਤੀ ਜਦੋਂਕਿ ਜਲੰਧਰ ਅਤੇ ਦੋਆਬੇ ਦੇ ਹੋਰਨਾਂ ਸ਼ਹਿਰਾਂ ਵਿਚ ਅੰਦੋਲਨਕਾਰੀ ਕਿਸਾਨਾਂ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ), ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਅਤੇ ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਆਗੂਆਂ ਨੇ ਕੀਤੀ।

ਭਾਜਪਾ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਜਨਮ ਦਿਨ ਮੌਕੇ ਦੇਸ਼ਵਿਆਪੀ ਸਮਾਗਮਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਕਿਸਾਨਾਂ ਨੂੰ ਸੰਬੋਧਨ ਕਰਨ ਅਤੇ ਕਿਸਾਨਾਂ ਦੇ ਖਾਤਿਆਂ ਵਿਚ 2-2 ਹਜ਼ਾਰ ਰੁਪਏ ਪਾਉਣ ਦਾ ਦਿਨ ਵੀ ਚੁਣਿਆ ਗਿਆ ਸੀ। ਪੰਜਾਬ ਵਿਚ ਭਾਜਪਾ ਆਗੂਆਂ ਵੱਲੋਂ ਸਮਾਗਮਾਂ ਦੌਰਾਨ ਕੇਂਦਰ ਸਰਕਾਰ ਦੇ ਕਿਸਾਨਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਜਾਣੀ ਸੀ ਪਰ ਕਿਸਾਨਾਂ ਨੇ ਰੰਗ ਵਿਚ ਭੰਗ ਪਾ ਦਿੱਤਾ। ਕਿਸਾਨਾਂ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਦੇ ਕਾਲੇ ਕਾਨੂੰਨਾਂ ਖਿਲਾਫ ਰੋਜ਼ਾਨਾ ਕਿਸਾਨ ਮੌਤ ਦੇ ਮੂੰਹ 'ਚ ਜਾ ਰਹੇ ਹਨ ਅਤੇ ਭਾਜਪਾ ਆਗੂ ਸਮਾਗਮ ਰਚਾ ਕੇ ਕਿਸਾਨਾਂ ਦੇ ਜ਼ਖਮਾਂ 'ਤੇ ਲੂਣ ਭੁੱਕ ਰਹੇ ਹਨ। ਕਿਸਾਨਾਂ ਨੇ ਕਿਹਾ ਕਿ ਭਾਜਪਾ ਨੂੰ ਸੂਬੇ ਵਿਚ ਕੋਈ ਵੀ ਸਮਾਗਮ ਨਹੀਂ ਕਰਨ ਦਿੱਤਾ ਜਾਵੇਗਾ।

## ਦੁਸ਼ਯੰਤ ਦਾ ਆਪਣੇ ਹੀ ਹਲਕੇ ਵਿਚ ਵਿਰੋਧ

**ਚੰਡੀਗੜ੍ਹ:** ਅੰਬਾਲਾ 'ਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੋਂ ਬਾਅਦ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੂੰ ਆਪਣੇ ਹੀ ਵਿਧਾਨ ਸਭਾ ਹਲਕੇ ਉਚਾਨਾ 'ਚ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਉਨ੍ਹਾਂ ਆਪਣਾ ਦੌਰਾ ਰੱਦ ਕਰ ਦਿੱਤਾ। ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਆਪਣੇ ਵਿਧਾਨ ਸਭਾ ਹਲਕਾ ਉਚਾਨਾ ਵਿਚ ਕਿਸੇ ਸਮਾਗਮ ਵਿਚ ਜਾਣਾ ਸੀ। ਇਸ ਦੀ ਸੂਚਨਾ ਮਿਲਦੇ ਹੀ ਉਚਾਨਾ ਦੇ ਸਭ ਤੋਂ ਵੱਡੇ ਪਿੰਡ ਕਾਰਸਿੰਧੂ ਦੇ ਕਿਸਾਨਾਂ ਨੇ ਇਕੱਠੇ ਹੋ ਕੇ ਦੁਸ਼ਯੰਤ ਦੇ ਹੈਲੀਕਾਪਟਰ ਲਈ ਬਣਾਏ ਹੈਲੀਪੈਡ ਨੂੰ ਪੁੱਟ ਕੇ ਕਾਲੇ ਝੰਡੇ ਲਗਾ ਦਿੱਤੇ। ਇਸ ਤੋਂ ਇਲਾਵਾ ਦੁਸ਼ਯੰਤ ਚੌਟਾਲਾ ਦੇ ਸੜਕ ਤੋਂ ਆਉਣ ਵਾਲੇ ਰਾਹ 'ਤੇ ਵੀ ਕਾਲੇ ਝੰਡੇ ਵਿਖਾਉਣ ਦੀ ਰਣਨੀਤੀ ਤਿਆਰ ਕਰ ਲਈ। ਕਿਸਾਨਾਂ ਦੇ ਵਿਰੋਧ ਬਾਰੇ ਜਾਣਕਾਰੀ ਮਿਲਦੇ ਹੀ ਦੁਸ਼ਿਅੰਤ ਚੌਟਾਲਾ ਨੇ ਆਪਣਾ ਦੌਰਾ ਰੱਦ ਕਰ ਦਿੱਤਾ।

# ਹਰਿਆਣਾ 'ਚ ਭਾਜਪਾ ਦੇ ਭਾਈਵਾਲਾਂ ਨੂੰ ਸੇਕ ਲਾਉਣ ਦੀ ਰਣਨੀਤੀ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ 'ਤੇ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਤੇ ਭਾਜਪਾ ਦੀਆਂ ਭਾਈਵਾਲ ਪਾਰਟੀਆਂ ਦਾ ਵਿਰੋਧ ਲਗਾਤਾਰ ਜਾਰੀ ਹੈ। ਹਰਿਆਣਾ ਵਿਚ ਭਾਜਪਾ ਦੀ ਭਾਈਵਾਲ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੀਆਂ ਮੁਸ਼ਕਲਾਂ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦਾ ਵਿਰੋਧ ਸੂਬੇ ਤੋਂ ਬਾਹਰ ਹੁਣ ਸਿੰਘੂ ਅਤੇ ਟਿੱਕਰੀ ਬਾਰਡਰ 'ਤੇ ਵੀ ਹੋਣ ਲੱਗਾ ਹੈ। ਸਿੰਘੂ ਬਾਰਡਰ 'ਤੇ ਕਿਸਾਨਾਂ ਨੇ ਚੌਟਾਲਾ ਦੀ ਗੁੰਮਸ਼ੁਦਗੀ ਦੇ ਪੋਸਟਰ ਲਾ ਦਿੱਤੇ ਹਨ ਜਿਨ੍ਹਾਂ ਵਿਚ ਉਪ ਮੁੱਖ ਮੰਤਰੀ ਦੀ ਤਸਵੀਰ ਲਾ ਕੇ 'ਗੁੰਮਸ਼ੁਦਾ ਦੀ ਤਲਾਸ਼' ਲਿਖਿਆ ਗਿਆ ਹੈ। ਸਿੰਘੂ ਬਾਰਡਰ 'ਤੇ ਹਾਜ਼ਰ ਕਿਸਾਨਾਂ ਨੇ ਕਿਹਾ ਕਿ ਚੌਟਾਲਾ ਕਿਸਾਨਾਂ ਦੀਆਂ ਵੋਟਾਂ ਸਹਾਰੇ ਉਪ ਮੁੱਖ ਮੰਤਰੀ ਬਣੇ ਹਨ ਪਰ ਹੁਣ ਉਹ ਖੁਦ ਹੀ ਕਿਸਾਨਾਂ ਵਿੱਚੋਂ ਗਾਇਬ ਹਨ। ਉਹ ਲਗਾਤਾਰ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਉਨ੍ਹਾਂ ਜ਼ਿਕਰ ਕੀਤਾ ਕਿ 'ਦੁਸ਼ਯੰਤ ਦੇ ਦਾਦਾ ਚੌਧਰੀ ਦੇਵੀ ਲਾਲ ਨੇ ਕਿਸਾਨਾਂ ਲਈ ਕਿਸੇ ਸਮੇਂ ਕੁਰਸੀ ਨੂੰ ਲੱਤ ਮਾਰ ਦਿੱਤੀ ਸੀ ਪਰ ਦੁਸ਼ਯੰਤ ਨੇ ਕੁਰਸੀ ਦੇ ਲਾਲਚ ਵਿਚ ਕਿਸਾਨਾਂ ਨੂੰ ਲੱਤ ਮਾਰ ਦਿੱਤੀ ਹੈ।'

ਜ਼ਿਕਰਯੋਗ ਹੈ ਕਿ ਹਰਿਆਣਾ ਦੇ ਕਿਸਾਨ ਆਗੂਆਂ ਨੇ ਚੌਟਾਲਾ ਦੇ ਹਰ ਸਮਾਗਮ ਦਾ ਵਿਰੋਧ ਕੀਤੇ ਜਾਣ ਦਾ ਐਲਾਨ ਕੀਤਾ ਹੋਇਆ ਹੈ। ਸੂਬੇ ਵਿਚ ਜੇ.ਜੇ.ਪੀ. ਦੇ ਲਗਾਤਾਰ ਵੱਧ ਰਹੇ ਵਿਰੋਧ ਤੋਂ ਬਾਅਦ ਸੱਤਾ ਵਿਚ ਭਾਈਵਾਲ ਪਾਰਟੀ ਲਈ ਹੁਣ ਇਹ ਪ੍ਰੀਖਿਆ ਦਾ ਸਮਾਂ ਹੈ। ਦੂਜੇ ਪਾਸੇ ਦੁਸ਼ਯੰਤ ਚੌਟਾਲਾ ਕਿਸਾਨਾਂ ਦੀ ਹਮਾਇਤ ਦੀ ਗੱਲ ਤਾਂ ਜ਼ਰੂਰ ਕਰ ਰਹੇ ਹਨ ਪਰ ਅਸਲ ਵਿਚ ਕਿਸਾਨਾਂ ਨਾਲ ਕਿਤੇ ਵੀ ਖੜ੍ਹੇ ਦਿਖਾਈ ਨਹੀਂ ਦੇ ਰਹੇ। ਜ਼ਿਕਰਯੋਗ ਹੈ ਕਿ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦੇ ਆਪਣੇ ਵਿਧਾਨ ਸਭਾ ਹਲਕੇ ਉਚਾਨਾ ਦੇ ਦੌਰੇ ਮੌਕੇ ਬਣਾਏ ਗਏ ਹੈਲੀਪੈਡ ਨੂੰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਪੁੱਟ ਕੇ ਕਾਲੇ ਝੰਡੇ ਗੱਡ ਦਿੱਤੇ ਸਨ। ਸੜਕ ਰਾਹੀਂ ਆਉਣ 'ਤੇ ਵੀ ਕਾਲੇ ਝੰਡੇ ਵਿਖਾਉਣ ਦੀ ਤਿਆਰੀ ਵਿੱਢੀ ਗਈ ਸੀ ਤੇ ਚੌਟਾਲਾ ਨੂੰ ਦੌਰਾ ਰੱਦ ਕਰਨਾ ਪਿਆ ਸੀ। ਦੱਸਣਯੋਗ ਹੈ ਕਿ ਹਰਿਆਣਾ ਵਿਚ ਸਾਬਕਾ ਕੇਂਦਰੀ ਮੰਤਰੀ ਬਰਿੰਦਰ ਸਿੰਘ ਅਤੇ ਦਾਦਰੀ ਦੇ ਵਿਧਾਇਕ ਸੋਮਵੀਰ ਸਾਂਗਵਾਨ ਪਹਿਲਾਂ ਹੀ ਕਿਸਾਨਾਂ ਦੀ ਹਮਾਇਤ ਕਰ ਰਹੇ ਹਨ।

## ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਦਾ ਬਾਈਕਾਟ

**ਧਨੌਲਾ:** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਅਤੇ ਧਨੌਲਾ ਇਲਾਕੇ ਦੇ ਪਿੰਡਾਂ ਵਲੋਂ ਧਨੌਲਾ ਨਜ਼ਦੀਕ ਕੌਮੀ ਮੁੱਖ ਮਾਰਗ ਉਤੇ ਸਥਿਤ ਕੋਠੇ ਅਕਾਲਗੜ੍ਹ ਵਿਚ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਦਾ ਵਿਰੋਧ ਕਰਦਿਆਂ ਧਨੌਲਾ ਤੇ ਇਸ ਦੇ ਆਸ-ਪਾਸ ਉਸ ਦੀ ਜ਼ਮੀਨ ਠੇਕੇ ਉਤੇ ਨਾ ਲੈਣ ਦਾ ਐਲਾਨ ਕਰਦਿਆਂ ਜਗ੍ਹਾ-ਜਗ੍ਹਾ 'ਤੇ ਬੋਰਡ ਲਗਾ ਦਿੱਤੇ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਜਨਰਲ ਸਕੱਤਰ ਸਾਹਿਬ ਸਿੰਘ ਬਡਬਰ ਨੇ ਕਿਹਾ ਕਿ ਹਰਜੀਤ ਸਿੰਘ ਗਰੇਵਾਲ ਨੇ ਖੇਤੀ ਵਿਰੋਧੀ ਕਾਨੂੰਨਾਂ ਖਿਲਾਫ ਦਿੱਲੀ 'ਚ ਸੰਘਰਸ਼ ਕਰ ਰਹੇ ਕਿਸਾਨਾਂ ਖਿਲਾਫ ਬਿਆਨਬਾਜ਼ੀ ਕਰ ਕੇ ਕਿਸਾਨਾਂ ਦੀ ਪਿੱਠ 'ਤੇ ਛੁਰਾ ਮਾਰਿਆ ਹੈ।

# ਅਮਰੀਕੀ ਕਾਨੂੰਨਸਾਜ਼ਾਂ ਵੱਲੋਂ ਵੀ ਭਾਰਤ ਦੇ ਕਿਸਾਨਾਂ ਦੇ ਹੱਕ 'ਚ ਅਵਾਜ਼ ਬੁਲੰਦ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਕਾਂਗਰਸਵੂਮੈਨ ਪ੍ਰਮਿਲਾ ਜਯਪਾਲ ਸਮੇਤ ਸੱਤ ਅਮਰੀਕੀ ਕਾਨੂੰਨਸਾਜ਼ਾਂ ਨੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਉਹ ਭਾਰਤ ਵਿਚ ਖੇਤੀ ਕਾਨੂੰਨਾਂ ਖਿਲਾਫ ਚਲ ਰਹੇ ਕਿਸਾਨ ਸੰਘਰਸ਼ ਦੇ ਮਾਮਲੇ ਵਿਚ ਦਖਲ ਦੇਣ ਅਤੇ ਆਪਣੇ ਭਾਰਤੀ ਹਮਰੁਤਬਾ ਨਾਲ ਗੱਲਬਾਤ ਕਰਕੇ ਕਿਸਾਨ ਹੱਕਾਂ ਦੀ ਬਹਾਲੀ ਲਈ ਯਤਨ ਕਰਨ।



ਪੱਤਰ 'ਚ ਕਿਹਾ ਗਿਆ ਹੈ ਕਿ ਇਹ ਮੁੱਦਾ ਹੋਰ ਸੂਬਿਆਂ ਖਾਸ ਕਰਕੇ ਪੰਜਾਬ ਨਾਲ ਜੁੜੇ ਅਮਰੀਕੀ ਸਿੱਖਾਂ ਦਾ ਹੈ ਜਿਸ ਕਾਰਨ ਅਮਰੀਕਾ 'ਚ ਰਹਿੰਦੇ ਭਾਰਤੀ ਫਿਕਰਮੰਦ ਹਨ। ਉਨ੍ਹਾਂ ਕਿਹਾ,"ਕਈ ਭਾਰਤੀ ਅਮਰੀਕੀ ਸਿੱਧੇ ਤੌਰ 'ਤੇ ਇਸ ਮੁੱਦੇ ਨਾਲ ਪ੍ਰਭਾਵਿਤ ਹੋ ਰਹੇ ਹਨ ਕਿਉਂਕਿ ਪੰਜਾਬ 'ਚ ਕਈ ਪਰਿਵਾਰਾਂ ਦੀ ਜ਼ਮੀਨ ਹੈ ਅਤੇ ਉਹ ਭਾਰਤ 'ਚ ਰਹਿੰਦੇ ਪਰਿਵਾਰਾਂ ਲਈ ਚਿੰਤਿਤ ਹਨ। ਗੰਭੀਰ ਹਾਲਾਤ ਹੋਣ ਕਰਕੇ ਅਸੀਂ ਤੁਹਾਨੂੰ (ਪੌਂਪੀਓ) ਬੇਨਤੀ ਕਰਦੇ ਹਾਂ ਕਿ ਤੁਸੀਂ ਭਾਰਤੀ ਹਮਰੁਤਬਾ ਨਾਲ ਸੰਪਰਕ ਕਰਕੇ ਅਮਰੀਕਾ ਦੀ ਵਿਦੇਸ਼ਾਂ 'ਚ ਬੋਲਣ ਦੀ ਆਜ਼ਾਦੀ ਪ੍ਰਤੀ ਵਚਨਬੱਧਤਾ ਨੂੰ ਲਾਗੂ ਕਰਵਾਇਆ ਜਾਵੇ।" ਕਾਨੂੰਨਸਾਜ਼ਾਂ ਨੇ ਕਿਹਾ ਹੈ ਕਿ ਅਮਰੀਕਾ ਸਮਾਜਿਕ ਅਸ਼ਾਂਤੀ ਦੇ ਮੌਜੂਦਾ ਹਾਲਾਤ ਕਾਰਨ ਸਲਾਹ ਦੇ ਸਕਦਾ ਹੈ।

ਚਿੱਠੀ 'ਤੇ ਕਾਂਗਰਸਮੈਨ ਡੋਨਲਡ ਨੋਰਕ੍ਰਾਸ, ਬ੍ਰੈਂਡਨ ਐਫ ਬੋਯਲ, ਬ੍ਰਾਇਨ ਫਿਟਜ਼ਪੈਟਰਿਕ, ਮੈਰੀ ਗੇਅ ਸਕੈਨਲੋਨ, ਡੇਬੀ ਡਿੰਜੈਲ ਅਤੇ ਡੇਵਿਡ ਟਰੋਨ ਦੇ ਵੀ ਦਸਤਖਤ ਹਨ। ਇਸ ਪੱਤਰ ਬਾਰੇ ਜਾਣਕਾਰੀ ਦਿੰਦਿਆਂ ਅਮਰੀਕੀ ਸਿੱਖ ਜਥੇਬੰਦੀਆਂ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ, ਏਜੀਪੀਸੀ ਦੇ ਪ੍ਰਿਤਪਾਲ ਸਿੰਘ ਅਤੇ ਹੋਰਾਂ ਨੇ ਦੱਸਿਆ ਕਿ ਭਾਰਤ ਵਿਚ ਕਿਸਾਨਾਂ ਦੇ ਅੰਦੋਲਨ ਕਾਰਨ ਤਣਾਅ ਵਾਲੀ ਸਥਿਤੀ ਬਣੀ ਹੋਈ ਹੈ।

ਪੱਤਰ 'ਚ ਕਿਹਾ ਗਿਆ ਹੈ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਚੰਗੇ ਸਿਆਸੀ ਤੇ ਵਪਾਰਕ ਸਬੰਧ ਹਨ। ਪੱਤਰ ਵਿਚ ਕਿਸਾਨਾਂ ਦੇ ਸ਼ਾਂਤਮਈ ਪ੍ਰਦਰਸ਼ਨ ਦਾ ਹਵਾਲਾ ਦਿੰਦਿਆਂ ਆਖਿਆ ਗਿਆ ਕਿ ਜਦੋਂ ਉਹ ਦਿੱਲੀ ਵਿਚ ਰੋਸ ਪ੍ਰਦਰਸ਼ਨ ਲਈ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰੋਕਣ ਲਈ ਸਰਕਾਰ ਵਲੋਂ ਤਸ਼ੱਦਦ ਕੀਤਾ ਗਿਆ। ਉਨ੍ਹਾਂ ਨੂੰ ਰੋਕਣ ਲਈ ਬੈਰੀਕੇਡ ਲਾਏ ਗਏ, ਅੱਥਰੂ ਗੈਸ ਦੇ ਗੋਲੇ ਛੱਡੇ ਗਏ ਅਤੇ ਜਲ ਤੋਪਾਂ ਨਾਲ ਪਾਣੀ ਦੀਆਂ ਬੌਛਾਰਾਂ ਮਾਰੀਆਂ ਗਈਆਂ ਸਨ।

ਉਨ੍ਹਾਂ ਆਖਿਆ ਕਿ ਭਾਰਤ ਸਰਕਾਰ ਨੂੰ ਆਪਣੇ ਦੇਸ਼ ਦੇ ਲੋਕਾਂ ਦੇ ਹਿੱਤਾਂ ਵਾਸਤੇ ਕਾਨੂੰਨ ਬਣਾਉਣ ਦਾ ਹੱਕ ਹੈ ਪਰ ਇਸ ਦੇ ਨਾਲ ਹੀ ਲੋਕਾਂ ਨੂੰ ਵੀ ਸ਼ਾਂਤਮਈ ਪ੍ਰਦਰਸ਼ਨ ਨਾਲ ਆਪਣੀ ਗੱਲ ਰੱਖਣ ਦਾ ਪੂਰਾ ਹੱਕ ਹੈ। ਉਨ੍ਹਾਂ ਕਿਹਾ ਕਿ ਕਿਸਾਨ ਨਵੇਂ ਖੇਤੀ ਕਾਨੂੰਨਾਂ ਨੂੰ ਆਪਣੀ ਆਰਥਿਕ ਆਜ਼ਾਦੀ 'ਤੇ ਹਮਲੇ ਵਜੋਂ ਲੈ ਰਹੇ ਹਨ। ਇਸ ਦੌਰਾਨ ਸਿੱਖ ਆਗੂਆਂ ਨੇ ਅਮਰੀਕੀ ਕਾਂਗਰਸ ਦੇ ਨੁਮਾਇੰਦਿਆਂ ਵਲੋਂ ਭਾਰਤੀ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਦੀ ਭਰਵੀਂ ਸ਼ਲਾਘਾ ਕੀਤੀ ਹੈ।

## ਜੌਹਨਸਨ ਕਿਸਾਨਾਂ ਦਾ ਮਸਲਾ ਮੋਦੀ ਕੋਲ ਉਠਾਉਣ: ਢੇਸੀ

**ਲੰਡਨ:** ਬਰਤਾਨੀਆ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਭਾਰਤ ਫੇਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਕਿਸਾਨ ਅੰਦੋਲਨ ਦਾ ਮੁੱਦਾ ਚੁੱਕਣ। ਜਲੰਧਰ ਦੇ ਪਿੰਡ ਰਾਏਪੁਰ ਨਾਲ ਸਬੰਧਤ ਇੰਗਲੈਂਡ ਦੇ ਪਹਿਲੇ ਦਸਤਾਰਧਾਰੀ ਸੰਸਦ ਮੈਂਬਰ ਢੇਸੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਜੌਹਨਸਨ ਦੀ ਭਾਰਤ ਫੇਰੀ ਦੀਆਂ ਤਿਆਰੀਆਂ ਲਗਭਗ ਮੁਕੰਮਲ ਹੋ ਚੁੱਕੀਆਂ ਹਨ। ਉਨ੍ਹਾਂ ਜੌਹਨਸਨ ਨੂੰ ਪੱਤਰ ਵੀ ਲਿਖਿਆ ਹੈ ਤਾਂ ਕਿ ਬਰਤਾਨੀਆ ਦੇ ਲੋਕਾਂ ਦੇ ਅਹਿਸਾਸ ਤੇ ਫਿਕਰਮੰਦੀ ਨੂੰ ਮੁੱਖ ਰੱਖਦਿਆਂ ਕਿਸਾਨਾਂ ਦੇ ਮਸਲੇ ਉਹ ਨਰਿੰਦਰ ਮੋਦੀ ਕੋਲ ਰੱਖਣ। ਜ਼ਿਕਰਯੋਗ ਹੈ ਕਿ ਇਸ ਵਾਰ 26 ਜਨਵਰੀ ਦੀ ਪਰੇਡ ਵਿਚ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਹੇ ਹਨ।

## ਪੱਛਮੀ ਬੰਗਾਲ: ਕਾਂਗਰਸ ਵਲੋਂ ਖੱਬੀਆਂ ਪਾਰਟੀਆਂ ਨਾਲ ਗੱਠਜੋੜ ਨੂੰ ਪ੍ਰਵਾਨਗੀ

**ਨਵੀਂ ਦਿੱਲੀ:** ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨੇ ਰਸਮੀ ਤੌਰ 'ਤੇ ਖੱਬੀਆਂ ਪਾਰਟੀਆਂ ਨਾਲ ਚੋਣ ਗੱਠਜੋੜ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਐਲਾਨ ਕਾਂਗਰਸ ਦੇ ਸੂਬਾ ਪ੍ਰਧਾਨ ਅਧੀਰ ਰੰਜਨ ਚੌਧਰੀ ਨੇ ਕੀਤਾ। ਪੱਛਮੀ ਬੰਗਾਲ ਪ੍ਰਦੇਸ਼ ਕਾਂਗਰਸ ਕਮੇਟੀ ਨੇ ਪਹਿਲਾਂ ਖੱਬੀਆਂ ਪਾਰਟੀਆਂ ਦੇ ਹੱਕ ਵਿਚ ਗੱਠਜੋੜ ਦੀ ਸਿਫਾਰਸ਼ ਕੀਤੀ ਸੀ। ਖੱਬੀਆਂ ਪਾਰਟੀਆਂ ਵੀ ਸੂਬੇ ਵਿਚ ਚੋਣਾਂ ਲਈ ਕਾਂਗਰਸ ਨਾਲ ਗੱਠਜੋੜ ਦੀਆਂ ਹਾਮੀ ਸਨ। ਚੌਧਰੀ ਨੇ ਟਵਿੱਟਰ 'ਤੇ ਲਿਖਿਆ, "ਅੱਜ ਕਾਂਗਰਸ ਹਾਈ ਕਮਾਂਡ ਵਲੋਂ ਰਸਮੀ ਤੌਰ 'ਤੇ ਪੱਛਮੀ ਬੰਗਾਲ ਦੀਆਂ ਅਗਾਮੀ ਚੋਣਾਂ ਲਈ ਖੱਬੀਆਂ ਪਾਰਟੀਆਂ ਨਾਲ ਚੋਣ ਗੱਠਜੋੜ ਦੀ ਪ੍ਰਵਾਨਗੀ ਦਿੱਤੀ ਗਈ ਹੈ।" ਸਾਲ 2016 ਦੀਆਂ ਚੋਣਾਂ ਕਾਂਗਰਸ ਨੇ ਖੱਬੀਆਂ ਪਾਰਟੀਆਂ ਨਾਲ ਰਲ ਕੇ ਲੜੀਆਂ ਸਨ ਅਤੇ 44 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਦੂਜੀ ਸਭ ਤੋਂ ਵੱਡੀ ਧਿਰ ਵਜੋਂ ਉਭਰੀਆਂ ਸਨ। ਦੱਸਣਯੋਗ ਹੈ ਕਿ ਪੱਛਮੀ ਬੰਗਾਲ ਵਿਚ ਲੋਕ ਸਭਾ ਚੋਣਾਂ ਕਾਂਗਰਸ ਅਤੇ ਖੱਬੀਆਂ ਪਾਰਟੀਆਂ ਨੇ ਵੱਖੋ-ਵੱਖਰੇ ਤੌਰ 'ਤੇ ਲੜੀਆਂ ਸਨ। ਕੇਰਲਾ ਵਿਚ ਦੋਵੇਂ ਪਾਰਟੀਆਂ ਇਕ-ਦੂਜੇ ਵਿਰੁਧ ਚੋਣਾਂ ਲੜ ਰਹੀਆਂ ਹਨ। 294 ਮੈਂਬਰੀ ਪੱਛਮੀ ਬੰਗਾਲ ਵਿਧਾਨ ਸਭਾ ਦੀਆਂ ਚੋਣਾਂ ਅਗਲੇ ਸਾਲ ਮਾਰਚ-ਅਪਰੈਲ ਵਿਚ ਹੋਣੀਆਂ ਹਨ।

## ਗਣਤੰਤਰ ਦਿਵਸ ਪਰੇਡ 'ਚ ਸ਼ਾਮਲ ਹੋਣ ਆਏ 150 ਸੈਨਿਕ ਕਰੋਨਾ ਪਾਜ਼ੇਟਿਵ

**ਨਵੀਂ ਦਿੱਲੀ:** ਗਣਤੰਤਰ ਦਿਵਸ ਤੇ ਸੈਨਿਕ ਦਿਵਸ ਸਬੰਧੀ ਪਰੇਡ 'ਚ ਹਿੱਸਾ ਲੈਣ ਲਈ ਦਿੱਲੀ ਪਹੁੰਚੇ ਲਗਭਗ 150 ਸੈਨਿਕ ਕੋਵਿਡ-19 ਪਾਜ਼ੇਟਿਵ ਪਾਏ ਗਏ ਹਨ। ਸੁਰੱਖਿਆ ਅਮਲੇ 'ਚ ਭੇਜਣ ਤੋਂ ਪਹਿਲਾਂ ਇਨ੍ਹਾਂ ਸੈਨਿਕਾਂ ਦਾ ਕਰੋਨਾ ਟੈਸਟ ਹੋਇਆ ਸੀ ਤੇ ਉਨ੍ਹਾਂ 'ਚ ਕੁਝ ਪਾਜ਼ੇਟਿਵ ਮਿਲੇ ਹਨ। ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਅਨੁਸਾਰ ਸਾਰੇ ਸੈਨਿਕਾਂ 'ਚ ਕੋਈ ਲੱਛਣ ਨਹੀਂ ਪਾਏ ਗਏ ਸਨ। ਪਾਜ਼ੇਟਿਵ ਮਿਲੇ ਸੈਨਿਕਾਂ ਨੂੰ ਦਿੱਲੀ ਛਾਉਣੀ 'ਚ ਇਕਾਂਤਵਾਸ ਕੀਤਾ ਗਿਆ ਹੈ। ਇਹ ਉਹ ਸੈਨਿਕ ਹਨ, ਜਿਨ੍ਹਾਂ 'ਚੋਂ ਕੁਝ ਹਜ਼ਾਰ ਸੈਨਿਕਾਂ ਦਾ ਹੀ ਟੈਸਟ ਹੋਇਆ ਸੀ। ਅਜਿਹੀ ਸਥਿਤੀ 'ਚ ਸੁਰੱਖਿਆ ਦੇ ਮੱਦੇਨਜ਼ਰ ਪਰੇਡ ਕਰਨ ਲਈ ਜ਼ਰੂਰੀ ਪ੍ਰੋਟੋਕਾਲ ਤੈਅ ਕਰ ਦਿੱਤਾ ਗਿਆ ਹੈ।

## ਭਾਰਤ 2030 ਤੱਕ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਦਾ ਦਾਅਵਾ

**ਨਵੀਂ ਦਿੱਲੀ:** ਭਾਰਤ 2025 ਤੱਕ ਬਰਤਾਨੀਆ ਨੂੰ ਪਛਾੜ ਕੇ ਮੁੜ ਦੁਨੀਆਂ ਦਾ ਪੰਜਵਾਂ ਵੱਡਾ ਅਰਥਚਾਰਾ ਬਣ ਜਾਵੇਗਾ ਅਤੇ 2030 ਤੱਕ ਤੀਜੇ ਸਥਾਨ 'ਤੇ ਪਹੁੰਚ ਜਾਵੇਗਾ।

ਕਰੋਨਾ ਵਾਇਰਸ ਕਾਰਨ ਪ੍ਰਭਾਵਿਤ 2020 'ਚ ਭਾਰਤੀ ਅਰਥਚਾਰਾ ਇਕ ਪਾਇਦਾਨ ਇਕ ਸਥਾਨ ਹੇਠਾਂ ਖਿਸਕ ਕੇ ਛੇਵੇਂ ਸਥਾਨ 'ਤੇ ਆ ਗਿਆ ਹੈ ਜਦਕਿ ਭਾਰਤ 2019 'ਚ ਬਰਤਾਨੀਆ ਨੂੰ ਪਛਾੜ ਕੇ ਪੰਜਵੇਂ ਸਥਾਨ 'ਤੇ ਪਹੁੰਚ ਗਿਆ ਸੀ। ਅਰਥਚਾਰੇ ਬਾਰੇ ਬਰਤਾਨਵੀ ਖੋਜ ਸੰਸਥਾ ਸੈਂਟਰ ਫਾਰ ਇਕਨਾਮਿਕਸ ਐਂਡ ਬਿਜਨਸ ਰਿਸਰਚ (ਸੀ.ਈ.ਬੀ.ਆਰ.) ਦੀ ਸਾਲਾਨਾ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਮਹਾਮਾਰੀ ਦੇ ਪ੍ਰਭਾਵ ਕਾਰਨ ਥੋੜਾ ਲੜਖੜਾ ਗਿਆ ਹੈ। ਇਸੇ ਕਾਰਨ ਭਾਰਤ 2019 'ਚ ਬਰਤਾਨੀਆ ਤੋਂ ਅੱਗੇ ਨਿਕਲਣ ਤੋਂ ਬਾਅਦ ਇਸ ਸਾਲ ਬਰਤਾਨੀਆ ਤੋਂ ਪਿੱਛੇ ਹੋ ਗਿਆ ਹੈ। ਬਰਤਾਨੀਆ 2024 ਤੱਕ ਅੱਗੇ ਬਣਿਆ ਰਹੇਗਾ ਅਤੇ ਉਸ ਤੋਂ ਬਾਅਦ ਭਾਰਤ ਅੱਗੇ ਨਿਕਲ ਜਾਵੇਗਾ। ਰਿਪੋਰਟ 'ਚ ਅਨੁਮਾਨ ਜ਼ਾਹਿਰ ਕੀਤਾ ਗਿਆ ਹੈ ਕਿ 2021 'ਚ ਭਾਰਤ ਦੀ ਵਿਕਾਸ ਦਰ 9 ਫੀਸਦ ਅਤੇ 2022 'ਚ ਸੱਤ ਫੀਸਦ ਰਹੇਗੀ। ਰਿਪੋਰਟ ਅਨੁਸਾਰ ਭਾਰਤ 2025 'ਚ ਬਰਤਾਨੀਆ ਤੋਂ, 2027 'ਚ ਜਰਮਨੀ ਤੋਂ ਅਤੇ 2030 'ਚ ਜਪਾਨ ਤੋਂ ਅੱਗੇ ਨਿਕਲ ਜਾਵੇਗਾ।

# ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਅਤੇ ਸਨੇਹੀਆਂ ਨੂੰ

# ਨਵਾਂ ਸਾਲ 2021 ਮੁਬਾਰਕ

ਵਾਹਿਗੁਰੂ ਅੱਗੇ ਅਰਦਾਸ ਹੈ, ਨਵਾਂ ਸਾਲ ਸਭਨਾਂ ਲਈ ਖੁਸ਼ੀਆਂ-ਖੇੜਿਆਂ ਤੇ ਅਮਨ ਭਰਿਆ ਰਹੇ

Happy New Year 2021



Happy New Year 2021

ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਗਰੇਵਾਲ

ਪ੍ਰੀਤਮ ਸਿੰਘ ਗਰੇਵਾਲ, ਦੇਵ ਗਰੇਵਾਲ ਤੇ ਸਮੂਹ ਪਰਿਵਾਰ

**Grewal Enterprises**


San Jose, CA (Ph:408-406-0703)

# ਵਿਪਸਾ ਦੀ ਦਸੰਬਰ ਮਹੀਨੇ ਦੀ ਮੀਟਿੰਗ ਕਿਸਾਨ ਸੰਘਰਸ਼ ਨੂੰ ਸਮਰਪਿਤ

**ਸੈਕਰਾਮੈਂਟੋ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਬੀਤੇ ਐਤਵਾਰ ਜ਼ੂਮ ਸਾਧਨ ਰਾਹੀਂ ਹੋਈ ਮਾਸਕ ਸਾਹਿਤਕ ਮਿਲਣੀ ਕਿਸਾਨ ਸੰਘਰਸ਼ ਨੂੰ ਸਮਰਪਿਤ ਕੀਤੀ ਗਈ। ਸੁਰਿੰਦਰ ਸਿੰਘ ਸੀਰਤ ਨੇ ਸਭ ਲੇਖਕਾਂ ਨੂੰ ਜੀ ਆਇਆਂ ਕਹਿਣ ਮਗਰੋਂ 'ਕੋਵਿਡ-19, ਪੈਨਡੈਮਿਕ' ਰਾਹੀਂ 1.7 ਮਿਲੀਅਨ, ਜਿਸ ਵਿਚ ਅਮਰੀਕਾ ਵਿਖੇ 3,16,932 ਕੀਮਤੀ ਜਾਨਾਂ ਦੇ ਸਦੀਵੀ ਵਿਛੋੜੇ ਦੇ ਨਾਲ ਨਾਲ ਕਿਸਾਨ ਮੋਰਚੇ ਤੇ ਡਟੇ 22 ਕਿਸਾਨਾਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸੇ ਸੰਦਰਭ ਵਿਚ ਇਕ ਨਿਰਣੇ ਅਨੁਸਾਰ ਕਿਸਾਨ ਸੰਘਰਸ਼ ਨੂੰ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਇਕ ਲੱਖ ਰੁਪਏ ਦੀ ਭੇਟਾ ਦਿੱਤੀ ਜਾਏਗੀ।

ਸ. ਸੀਰਤ ਨੇ ਸਮੂਹ ਵਿਪਸਾ ਮੈਂਬਰਾਂ ਵਲੋਂ ਡਾ. ਸੁਖਵਿੰਦਰ ਕੰਬੋਜ ਨੂੰ ਵਰ੍ਹਾ 2019 ਦੇ ਭਾਸ਼ਾ ਵਿਭਾਗ ਪੰਜਾਬ ਸਰਕਾਰ ਵਲੋਂ ਦਿੱਤੇ ਗਏ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੀ ਪ੍ਰਾਪਤੀ ਲਈ ਹਾਰਦਿਕ ਵਧਾਈ ਦਿੱਤੀ। ਵਰ੍ਹਾ 2018 ਦਾ ਸ਼੍ਰੋਮਣੀ ਪੁਰਸਕਾਰ ਅਮਰੀਕਾ ਦੇ ਸ਼ਾਇਰ ਰਵਿੰਦਰ ਸਹਿਰਾਅ ਨੂੰ ਪ੍ਰਾਪਤ ਹੋਇਆ ਹੈ। ਇਕ ਸੂਚਨਾ ਅਨੁਸਾਰ ਵਰ੍ਹਾ 1996 ਵਿਚ ਡਾ. ਗੁਰੂਮੇਲ ਸਿੱਧੂ ਅਤੇ ਵਰ੍ਹਾ 1989 ਵਿਚ ਸੁਰਜੀਤ ਸਖੀ ਵੀ ਸ਼੍ਰੋਮਣੀ ਕਵੀ ਪੁਰਸਕਾਰ ਪ੍ਰਾਪਤ ਕਰ ਚੁਕੇ ਹਨ, ਜਿਸ ਕਾਰਨ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਨੂੰ ਮਾਣ ਪ੍ਰਾਪਤ ਹੈ।

ਸ. ਸੀਰਤ ਨੇ 15 ਨਵੰਬਰ ਨੂੰ ਕਰਾਈ ਗਈ ਸਾਹਿਤਕ ਕਾਨਫਰੰਸ ਦੀ ਬੇਹੱਦ ਸਫਲਤਾ ਅਤੇ ਮਹੱਤਤਾ ਦੀ ਪ੍ਰਾਪਤੀ ਲਈ ਭਾਰਤ ਤੋਂ ਸ. ਅਜੀਤ ਸਿੰਘ ਮਸਤਾਨਾ, ਡਾ. ਬਲਜੀਤ ਕੌਰ, ਡਾ. ਓਮਿੰਦਰ ਸਿੰਘ ਜੌਹਲ ਅਤੇ ਪ੍ਰੋ. ਰਾਜਿੰਦਰ ਸਿੰਘ ਬਠਿੰਡਾ ਦੇ ਨਾਲ ਸੁਖਦੇਵ ਸਿੰਘ ਖਾਹਰਾ ਅਤੇ ਜਨਾਬ ਰਵਿੰਦਰ ਰਵੀ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਸ਼ਮੂਲੀਅਤ ਨੇ ਇਸ ਕਾਨਫਰੰਸ ਨੂੰ




ਚਾਰ ਚੰਨ ਲਾਏ। ਕੈਨੇਡਾ ਤੋਂ ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਕੌਰ, ਕ੍ਰਿਸ਼ਨ ਭਨੋਟ ਅਤੇ ਸਾਊਥ ਅਮਰੀਕਾ ਤੋਂ ਰਵਿੰਦਰ ਸਹਿਰਾਅ ਤੇ ਸੁਰਿੰਦਰ ਸੋਹਲ ਦੀ ਸ਼ਮੂਲੀਅਤ ਦਾ ਵਿਸ਼ੇਸ਼ ਤੌਰ 'ਤੇ ਧਨੰਵਾਦ ਕੀਤਾ। ਵਿਪਸਾ ਦੇ ਜਿਨ੍ਹਾਂ ਲੇਖਕਾਂ ਨੇ ਇਸ ਵਿਚ ਆਪਣੀ ਭੂਮਿਕਾ ਨਿਭਾਈ ਅਤੇ ਵਿਸ਼ੇਸ਼ ਕਰਕੇ ਇਸ ਕਾਨਫਰੰਸ ਦੀ ਰੂਪ ਰੇਖਾ ਸਿਰਜਣ ਹਿੱਤ ਡਾ. ਸੁਹਿੰਦਰ ਬੀਰ ਦੀ ਨਿਸ਼ਕਾਮ ਪ੍ਰਵਿਰਤੀ ਦਾ ਧੰਨਵਾਦ ਕੀਤਾ।

ਬੈਠਕ ਦੇ ਅਗਲੇ ਸੈਸ਼ਨ ਵਿਚ ਡਾ. ਸੁਹਿੰਦਰ ਬੀਰ ਨੇ 'ਅਮਰੀਕੀ ਪੰਜਾਬੀ ਕਵਿਤਾ ਦੀਆਂ ਮੂਲ ਪ੍ਰਵਿਰਤੀਆਂ' ਦੇ ਸੰਦਰਭ ਵਿਚ ਪਰਚਾ ਪੜ੍ਹਿਆ, ਜਿਸ 'ਤੇ ਸ. ਸੀਰਤ, ਪਿਆਰਾ ਸਿੰਘ ਕੁੱਦੋਵਾਲ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਸੁਰਜੀਤ ਕੌਰ ਕੈਨੇਡਾ ਨੇ ਕੁਝ ਪ੍ਰਸ਼ਨ ਉਠਾਏ। ਢਾ. ਸੁਖਵਿੰਦਰ ਕੰਬੋਜ ਅਤੇ ਚਰਨਜੀਤ ਸਿੰਘ ਪੰਨੂ ਨੇ ਪਰਚੇ ਦੇ ਵਿਸ਼ੇ ਪ੍ਰਤੀ ਮਜ਼ੀਦ ਚਾਨਣ ਪਾਇਆ।

ਇਸ ਜ਼ੂਮ ਮਿਲਣੀ ਦਾ ਖਾਸ ਸੈਸ਼ਨ ਕਿਸਾਨ ਸੰਘਰਸ਼ ਨੂੰ ਸਮਰਪਿਤ ਕਵੀ ਦਰਬਾਰ ਸੀ, ਜਿਸ ਦਾ ਸੰਚਾਲਨ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਸਾਹਿਤਕ ਸੀਮਾਵਾਂ ਦੇ ਆਧਾਰ 'ਤੇ ਸਲੀਕੇਬੱਧ ਅਤੇ ਮੁਹੱਜ਼ਬ ਪੇਸ਼ਕਾਰੀ ਕੀਤੀ। ਇਸ ਦਾ ਪਹਿਲਾ ਸ਼ਾਇਰ ਡਾ. ਗੁਰਮੀਤ ਸਿੰਘ ਬਰਸਾਲ ਸੀ, ਜਿਸ ਦੀ ਕਵਿਤਾ 'ਸ਼ਾਬਾਸ਼ ਪੰਜਾਬ' ਸਿਰਲੇਖ ਅਨੁਸਾਰ 'ਪੰਜਾਬ ਦੀ ਆਬੋਹਵਾ ਵਿਚ ਕੁਝ ਨ ਕੁਝ ਤਾਂ ਖਾਸ ਹੈ; ਕਲਮ ਨਈਂ, ਕਿਰਪਾਨ ਲਿਖਿਆ ਏਸ ਦਾ ਇਤਿਹਾਸ ਹੈ।'

ਤਾਰਾ ਸਾਗਰ ਨੇ ਦੋ ਕਵਿਤਾਵਾਂ ਕਹੀਆਂ ਅਤੇ ਇਹ ਪ੍ਰਭਾਵ ਸਿਰਮੌਰ ਸੀ, 'ਇੱਟ ਨਾਲ ਇੱਟ ਖੜਕਾਉਣ ਦੇ ਅਰਥ ਸਮਝ ਆ ਰਹੇ ਨੇ ਹੁਣ।' ਡਾ. ਗੁਰਪ੍ਰੀਤ ਸਿੰਘ ਧੁਗਾ ਅਨੁਸਾਰ 'ਜੇ ਹੌਂਸਲੇ ਹੋਣ ਚੱਟਾਨ ਜਿਹੇ, ਪਾਣੀ ਦੀ ਵਾਛੜ ਕੀ ਕਰ ਲਊ?' ਅਤੇ ਪਿਆਰਾ ਸਿੰਘ ਕੁੱਦੋਵਾਲ ਕੁਝ ਹੋਰ ਹੀ ਅੱਗੇ ਵੱਧ ਕੇ ਬੋਲ ਉਠਦਾ ਹੈ, 'ਇਹ ਮੌਤ ਮੇਰੀ ਜਿੱਤ ਹੈ, ਸਰਕਾਰ ਦੀ ਹੈ ਮੌਤ; ਮੇਰੇ ਕਫਨ ਨੇ ਵੇਖਣਾ ਉਸ ਦਾ ਬੁਰਾ ਹਸ਼ਰ।' ਮਹਿੰਦਰ ਸਿੰਘ ਸੰਘੇੜਾ ਨੂੰ ਵਿਸ਼ਵਾਸ ਹੈ, 'ਕਦੀ ਰੋਕਿਆਂ ਰੁਕੀ ਨਾ ਸੱਚਾਈ ਲੋਕੋ' ਅਤੇ ਚਰਨਜੀਤ ਸਿੰਘ ਪੰਨੂ ਭਾਰਤ ਦੀ ਸਰਕਾਰ ਨੂੰ ਵੰਗਾਰਨ ਦਾ ਯਤਨ ਗੀਤਾਂ ਦੀਆਂ ਸੁਰਾਂ ਵਿਚ ਕਰਦਾ ਹੈ, 'ਸਾਡਾ ਸਬਰ ਹੋਰ ਨਾ ਅਜ਼ਮਾ; ਸਾਡੇ ਹੱਕ ਸਾਡੀ ਝੋਲੀ ਵਿਚ ਪਾ।'

ਡਾ. ਸੁਹਿੰਦਰ ਬੀਰ ਤਾਂ ਦ੍ਰਿੜਤਾ ਭਰਪੂਰ ਸੰਬੋਧਿਤ ਹੋ ਨਿਬੜਦਾ ਹੈ, 'ਤੂੰ ਦੇਸ਼ ਮੇਰੇ ਦਾ ਹਾਕਮ ਏਂ, ਪਰ ਤੂੰ ਹਾਕਮ ਨਹੀਂ ਰਹਿਣਾ; ਹੁਣ ਭਾਰਤ ਦੇ ਕਿਰਸਾਨਾਂ ਨੇ, ਤੇਰਾ ਤਖਤ ਹਿਲਾ ਕੇ ਸਾਹ ਲੈਣਾ।' ਮਨਜੀਤ ਕੌਰ ਸੇਖੋਂ ਨੇ ਵਿਪਸਾ ਵਿਚ ਚਿਰ ਬਾਅਦ ਹਾਜ਼ਰੀ ਲਵਾਉਂਦਿਆਂ ਇਸ ਹਕੀਕਤ ਨੂੰ ਲੋਕ ਗਾਇਨ ਵਿਚ ਬਿਆਨ ਕੀਤਾ, 'ਅਸੀਂ ਜਿੱਤਾਂਗੇ ਜ਼ਰੂਰ, ਜੰਗ ਜਾਰੀ ਰਖਣਾ।' ਸੁਰਜੀਤ ਕੌਰ ਕੈਨੇਡਾ ਚੁੱਪ ਕਰ ਕੇ ਸੁਣਨ ਵਾਲਿਆਂ ਵਿਚੋਂ ਨਹੀਂ ਸੀ। ਉਸ ਲਈ 'ਇਹ ਲਹਿਰ ਹੈ ਸਾਡੀ ਪਹਿਚਾਣ ਬਣੀ, ਲਿਖੀ ਜਾਏਗੀ ਇਕ ਤਵਾਰੀਖ ਨਵੀਂ।' ਸੁਰਜੀਤ ਕੌਰ ਨੇ ਮੁਸ਼ਾਇਰੇ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਇਸ ਤੋਂ ਬਾਅਦ ਸੁਰਿੰਦਰ ਸਿੰਘ ਸੀਰਤ ਨੂੰ ਜ਼ਹਿਮਤੇ ਸੁਖਨ ਦਿੱਤੀ ਗਈ। ਸੀਰਤ ਦੀ ਕਿਆਸ ਆਰਾਈ ਅਨੁਸਾਰ 'ਯਾਦ ਆਉਂਦੀ ਏ ਜਦੋਂ ਬੰਦੇ ਬਹਾਦੁਰ ਦੀ ਚੜ੍ਹਤ, ਸਿਰੜ ਦੀ ਸ਼ਮਸ਼ੀਰ ਤੇ ਬਲੀਦਾਨ ਮੜ੍ਹਿਆ ਵੇਖਦਾਂ।'

ਇਸ ਪੜਾਅ 'ਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੂੰ ਸੁਣਨ ਦੀ ਇੱਛਾ ਪ੍ਰਗਟਾਈ ਗਈ। ਉਨ੍ਹਾਂ ਨੇ ਇਕ 'ਵਾਰ' ਗਾਈ, ਜਿਸ ਦਾ ਨਿਚੋੜ ਸੀ, 'ਗੱਲ ਸੁਣ ਵੇ ਜ਼ਾਲਮ ਮੋਦੀਆ, ਤੈਨੂੰ ਕਹਿੰਦੇ ਨੇ ਕਿਰਸਾਣ; ਊਧਮ, ਭਗਤ, ਸਰਾਭੇ, ਸੂਰਮੇ ਤੈਨੂੰ ਆਏ ਨੇ ਸਮਝਾਣ।' ਹਾਜ਼ਰ ਸ਼ਾਇਰਾਂ ਤੋਂ ਛੁੱਟ ਜਿਨ੍ਹਾਂ ਸ਼ਾਇਰਾਂ ਦੀਆਂ ਰਚਨਾਵਾਂ ਪ੍ਰਾਪਤ ਹੋਈਆਂ ਹਨ, ਉਨ੍ਹਾਂ ਵਿਚ ਸੁਰਜੀਤ ਸਖੀ, ਡਾ. ਸੁਖਵਿੰਦਰ ਕੰਬੋਜ, ਐਸ. ਅਸ਼ੋਕ, ਲਾਜ ਨੀਲਮ ਸੈਣੀ ਅਤੇ ਹਜ਼ੂਰਾ ਸਿੰਘ ਸ਼ਾਮਲ ਹਨ। ਇਹ ਸਾਰੀਆਂ ਰਚਨਾਵਾਂ 27 ਦਸੰਬਰ ਨੂੰ 'ਕਾਵਿ-ਲੋਕ' ਪਰਚੇ ਵਿਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਿਸ਼ੇਸ਼ ਅੰਕ ਵਜੋਂ ਛਪ ਰਹੀਆਂ ਹਨ। ਇਸ ਦਾ ਵੀ ਪਰਮਾਣ ਮਿਲਿਆ ਹੈ ਕਿ ਇਸ ਕਿਸਾਨ ਸੰਘਰਸ਼ ਨੂੰ ਸਮਰਪਿਤ ਕਵੀ ਦਰਬਾਰ ਦੀ ਵੀਡੀਓ ਰਿਕਾਰਡਿੰਗ ਵੀ 'ਕਾਵਿ-ਲੋਕ' ਵਲੋਂ ਪ੍ਰਸਾਰਿਤ ਕੀਤੀ ਜਾਏਗੀ।

# ਜੀ.ਐਸ.ਟੀ. ਬਕਾਏ ਲਈ ਕੇਂਦਰ ਦੀਆਂ ਸ਼ਰਤਾਂ ਮੰਨਣ ਲਈ ਮਜਬੂਰ ਹੋਈ ਪੰਜਾਬ ਸਰਕਾਰ

**ਚੰਡੀਗੜ੍ਹ:** ਜੀ.ਐਸ.ਟੀ. ਬਕਾਏ ਦਾ ਲੰਮੇ ਸਮਾਂ ਤੱਕ ਇੰਤਜ਼ਾਰ ਕਰਨ ਅਤੇ ਕੋਵਿਡ ਕਾਰਨ ਪ੍ਰਦੇਸ 'ਚ ਮਾਲੀਆ ਇਕੱਤਰ ਕਰਨ 'ਚ ਆਈ ਭਾਰੀ ਗਿਰਾਵਟ ਦੇ ਚਲਦੇ ਆਖਰਕਾਰ ਪੰਜਾਬ ਸਰਕਾਰ ਨੇ ਕੇਂਦਰ ਦੀਆਂ ਉਹ ਸ਼ਰਤਾਂ ਮੰਨ ਲਈਆਂ ਹਨ, ਜਿਸ ਤਹਿਤ ਨਾ ਸਿਰਫ ਜੀ.ਐਸ.ਟੀ. ਦੀ ਬਕਾਇਆ ਰਾਸ਼ੀ ਕੇਂਦਰ ਤੋਂ ਮਿਲ ਜਾਵੇਗੀ, ਸਗੋਂ ਰਾਜ ਦੇ ਕੁੱਲ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦਾ 0.5 ਫੀਸਦੀ ਵਾਧੂ ਕਰਜ ਬਾਜ਼ਾਰ ਤੋਂ ਚੁੱਕਣ ਦੀ ਮਨਜ਼ੂਰੀ ਵੀ ਮਿਲ ਗਈ ਹੈ।

ਸੂਬੇ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਨੁਸਾਰ ਅਕਤੂਬਰ ਮਹੀਨੇ ਤੱਕ ਕੇਂਦਰ ਦੀ ਤਰਫ ਪੰਜਾਬ ਸਰਕਾਰ ਦਾ 9500 ਕਰੋੜ ਰੁਪਏ ਜੀ.ਐਸ.ਟੀ. ਬਕਾਇਆ ਹੈ ਅਤੇ ਇਸ ਸਮੇਂ ਤੱਕ ਦੇ ਰਾਜ ਸਰਕਾਰ ਦੇ ਵਿੱਤੀ ਅੰਕੜਿਆਂ ਅਨੁਸਾਰ ਕੋਵਿਡ ਸੰਕਟ ਵਿਚ ਮਾਲੀਆ ਇਕੱਤਰ ਹੋਣ 'ਚ ਭਾਰੀ ਨੁਕਸਾਨ ਹੋਇਆ ਹੈ। ਸਰਕਾਰ ਨੇ ਚਾਲੂ ਵਿੱਤੀ ਸਾਲ ਲਈ ਜੀ.ਐਸ.ਟੀ. ਇਕੱਤਰ ਦਾ ਜੋ ਟੀਚਾ ਤੈਅ ਕੀਤਾ ਸੀ, ਉਹ ਅਕਤੂਬਰ ਮਹੀਨਾ ਲੰਘਣ ਉਤੇ ਅੱਧਾ ਵੀ ਕਵਰ ਨਹੀਂ ਹੋ ਸਕਿਆ। 15858 ਕਰੋੜ ਦੇ ਟੀਚੇ 'ਚੋਂ ਹੁਣ ਤੱਕ ਸਰਕਾਰ ਨੂੰ 9044 ਕਰੋੜ ਰੁਪਏ ਹੀ ਹਾਸਲ ਹੋਏ ਹਨ। ਇਸੇ ਤਰ੍ਹਾਂ ਹੋਰ ਟੈਕਸਾਂ ਦੀ ਵਸੂਲੀ ਵਿਚ ਵੀ ਲੰਘੇ ਸਾਲ ਦੇ ਮੁਕਾਬਲੇ ਕਮੀ ਆਈ ਹੈ। ਹੁਣ ਜੀ.ਐਸ.ਟੀ. ਬਕਾਏ ਨੂੰ ਲੈ ਕੇ ਕੇਂਦਰ ਸਰਕਾਰ ਦੀਆਂ ਸ਼ਰਤਾਂ ਮੰਨ ਲਏ ਜਾਣ ਦੇ ਬਾਅਦ



ਪੰਜਾਬ ਸਰਕਾਰ ਨੂੰ ਹੁਣ ਕੇਂਦਰ ਵਲੋਂ 8359 ਕਰੋੜ ਰੁਪਏ ਮਿਲਣਗੇ, ਉਥੇ ਹੀ ਜੀ.ਐਸ.ਡੀ.ਪੀ. ਦੇ ਵਾਧੂ 0.5 ਫੀਸਦੀ ਕਰਜ ਦੇ ਤੌਰ ਉਤੇ ਪੰਜਾਬ ਸਰਕਾਰ ਬਾਜਾਰ ਤੋਂ ਹੋਰ 3033 ਕਰੋੜ ਰੁਪਏ ਉਧਾਰ ਲੈ ਸਕੇਗੀ। ਦੱਸਣਯੋਗ ਹੈ ਕਿ ਹਾਲ ਹੀ ਵਿਚ ਹੋਈ ਕੈਬਨਿਟ ਦੀ ਬੈਠਕ ਵਿਚ ਪੰਜਾਬ ਸਰਕਾਰ ਨੇ ਜੀ.ਐਸ.ਡੀ.ਪੀ. ਦਾ 0.5 ਫੀਸਦੀ ਵਾਧੂ ਕਰਜ ਹਾਸਲ ਕਰਨ ਲਈ ਕੇਂਦਰ ਸਰਕਾਰ ਦੀ ਉਸ ਸ਼ਰਤ ਉਤੇ ਸਹਿਮਤੀ ਜਤਾਈ ਸੀ, ਜਿਸ ਤਹਿਤ ਪੰਜਾਬ ਕੰਟਰੈਕਟ ਲੇਬਰ (ਰੈਗੂਲੇਸਨ ਐਂਡ ਐਬੋਲਿਸਨ) ਰੂਲਜ਼ 1973 ਦੇ ਨਿਯਮ 29 ਵਿਚ ਸੋਧ ਅਤੇ ਨਵਾਂ ਨਿਯਮ 78 - ਏ ਸ਼ਾਮਲ ਕਰਨ ਨੂੰ ਮਨਜ਼ੂਰੀ ਦਿੱਤੀ ਗਈ। ਕੇਂਦਰੀ ਵਿੱਤ ਮੰਤਰਾਲਾ (ਖਰਚ ਵਿਭਾਗ) ਦੁਆਰਾ 17 ਮਈ 2020 ਨੂੰ ਜੀ.ਐਸ.ਡੀ.ਪੀ. ਦਾ 2 ਫੀਸਦੀ ਵਾਧੂ ਉਧਾਰ ਲੈਣ ਦੀ ਪੰਜਾਬ ਦੀ ਅਪੀਲ ਉਤੇ ਕੁਝ ਸ਼ਰਤਾਂ ਲਗਾਈਆਂ ਗਈਆਂ ਸਨ, ਜਿਨ੍ਹਾਂ ਵਿਚ ਇਕ ਸ਼ਰਤ, ਮਜ਼ਦੂਰੀ ਕਾਨੂੰਨਾਂ ਦਾ ਨਵੀਨੀਕਰਨ ਸ਼ਾਮਲ ਸੀ। ਮੌਜੂਦਾ ਸਮੇਂ ਵਿਚ ਪੰਜਾਬ ਕੰਟਰੈਕਟ ਲੇਬਰ (ਰੇਗੂਲੇਸਨ ਐਂਡ ਐਬੋਲਿਸਨ) ਰੂਲਜ 1973 ਨਿਯਮ ਤਹਿਤ ਲਾਇਸੈਂਸ ਦੇ ਨਵੀਨੀਕਰਨ ਦਾ ਕੋਈ ਵਿਵਸਥਾ ਨਹੀਂ ਸੀ। ਕੈਬਨਿਟ ਨੇ ਕਿਹਾ ਕਿ ਉਦਯੋਗਾਂ ਨੂੰ ਸਹੂਲਤ ਦੇਣ ਲਈ ਨਵੀਨੀਕਰਨ ਦੇ ਨਿਰਦੇਸ਼ ਲਈ ਨਿਯਮਾਂ ਵਿਚ ਸੰਸ਼ੋਧਨ ਕਰਨ ਦੀ ਜਰੂਰਤ ਹੈ। ਇਸ ਤੋਂ ਪਹਿਲਾਂ, ਪੰਜਾਬ ਸਰਕਾਰ ਦੁਆਰਾ ਜੀ.ਐਸ.ਟੀ. ਦੇ ਬਕਾਏ ਲਈ ਵਾਰ-ਵਾਰ ਅਪੀਲ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਨੇ ਇਹ ਕਹਿੰਦੇ ਹੋਏ ਨਵੀਂ ਸ਼ਰਤ ਲਗਾ ਦਿੱਤੀ ਸੀ ਕਿ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸਾਂ ਦਾ ਬਕਾਇਆ ਚੁਕਾਉਣ ਲਈ ਕੇਂਦਰ ਸਰਕਾਰ 1.10 ਲੱਖ ਕਰੋੜ ਰੁਪਏ ਉਧਾਰ ਲਵੇਗੀ ਪਰ ਬਾਕੀ ਬਚੇ 73000 ਕਰੋੜ ਰੁਪਏ ਦਾ ਸਬੰਧਤ ਸਰਕਾਰਾਂ ਖੁਦ ਪ੍ਰਬੰਧ ਕਰਨ ਅਤੇ ਖੁਦ ਹੀ ਇਸ ਰਾਸ਼ੀ ਦਾ ਵਿਆਜ ਵੀ ਅਦਾ ਕਰਨ। ਦੱਸਣਯੋਗ ਹੈ ਕਿ ਉਦੋਂ ਭਾਜਪਾ ਸ਼ਾਸਿਤ ਰਾਜਾਂ ਨੇ ਤਾਂ ਇਸ ਸ਼ਰਤ ਨੂੰ ਮੰਨ ਲਿਆ ਸੀ ਪਰ ਪੰਜਾਬ ਸਮੇਤ ਵਿਰੋਧੀ ਦਲਾਂ ਦੀਆਂ ਸਰਕਾਰਾਂ ਵਾਲੇ ਰਾਜ ਪਿੱਛੇ ਹਟ ਗਏ ਸਨ। ਉਧਰ, ਮਿਲੀ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਨੇ ਜੀ.ਐਸ.ਟੀ. ਬਕਾਏ ਦੀ ਰਾਸ਼ੀ ਵਿਚੋਂ ਪੰਜਾਬ ਨੂੰ 1385.96 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ, ਹਾਲਾਂਕਿ ਇਹ ਪੈਸਾ ਵੀ ਹਫਤਾਵਾਰ ਕਿਸ਼ਤਾਂ ਵਿਚ ਦਿੱਤਾ ਜਾ ਰਿਹਾ ਹੈ।

# ਹੁਣ ਦਿਹਾਤੀ ਵਿਕਾਸ ਫੰਡ ਜਾਰੀ ਕਰਨ ਤੋਂ ਹੱਥ ਖਿੱਚਣ ਲੱਗੀ ਮੋਦੀ ਸਰਕਾਰ

**ਚੰਡੀਗੜ੍ਹ:** ਕੇਂਦਰ ਸਰਕਾਰ, ਪੰਜਾਬ ਨੂੰ ਦਿਹਾਤੀ ਵਿਕਾਸ ਫੰਡ ਜਾਰੀ ਕਰਨ ਵਿਚ ਟਾਲ ਮਟੋਲ ਕਰਨ ਲੱਗੀ ਹੈ। ਕੇਂਦਰ ਸਰਕਾਰ ਨੇ ਇਸੇ ਸਾਲ ਅਕਤੂਬਰ ਮਹੀਨੇ ਜਿਣਸਾਂ ਦੀ ਖਰੀਦੋ ਫਰੋਖਤ 'ਤੇ ਦਿੱਤਾ ਜਾਣ ਵਾਲਾ 1200 ਕਰੋੜ ਰੁਪਏ ਦਾ ਪੇਂਡੂ ਵਿਕਾਸ ਫੰਡ ਪੰਜਾਬ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਪੁਰਾਣੇ ਦਿਹਾਤੀ ਵਿਕਾਸ ਫੰਡਾਂ ਦੀ ਵਰਤੋਂ ਦਾ ਹਿਸਾਬ ਮੰਗਿਆ ਸੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕੇਂਦਰੀ ਖੁਰਾਕ ਮੰਤਰੀ ਪਿਊਸ਼ ਗੋਇਲ ਨਾਲ ਬਕਾਇਆ ਪੇਂਡੂ ਵਿਕਾਸ ਫੰਡ ਜਾਰੀ ਕਰਾਉਣ ਲਈ ਮੀਟਿੰਗ ਕੀਤੀ। ਮੀਟਿੰਗ ਵਿਚ ਕੇਂਦਰੀ ਮੰਤਰੀ ਵੱਲੋਂ ਪੰਜਾਬ ਦੇ ਵਜ਼ੀਰਾਂ ਨੂੰ ਸਿਰਫ ਭਰੋਸਾ ਹੀ ਮਿਲਿਆ ਹੈ। ਕੇਂਦਰ ਸਰਕਾਰ ਨੇ ਫੰਡਾਂ ਦੀ ਜਾਂਚ ਵਿੱਤ ਵਿਭਾਗ ਵੱਲੋਂ ਕੀਤੇ ਜਾਣ ਦੀ ਗੱਲ ਕਹੀ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਮੀਟਿੰਗ ਮਗਰੋਂ ਦੱਸਿਆ ਕਿ ਕੇਂਦਰ ਸਰਕਾਰ ਦੇ ਕਾਨੂੰਨੀ ਵਿਭਾਗ ਵੱਲੋਂ ਪੰਜਾਬ ਦੇ ਕੇਸ ਦੀ ਪੜਤਾਲ ਕਰ ਲਈ ਗਈ ਹੈ ਅਤੇ ਹੁਣ ਵਿੱਤ ਵਿਭਾਗ ਮਾਮਲੇ ਨੂੰ ਦੇਖ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮਝ ਤੋਂ ਬਾਹਰ ਹੈ ਕਿ ਫੰਡ ਜਾਰੀ ਕਰਨ ਵਿਚ ਕੇਂਦਰ ਦੇਰੀ ਕਿਉਂ ਕਰ ਰਿਹਾ ਹੈ ਜਦਕਿ ਪਿਛਲੇ ਛੇ ਦਹਾਕਿਆਂ 'ਚ ਅਜਿਹਾ ਕਦੇ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਕੇਂਦਰ ਫੰਡ ਰੋਕੇ ਜਾਣ ਦੀ ਕੋਈ ਵਜ੍ਹਾ ਵੀ ਨਹੀਂ ਦੱਸ ਰਿਹਾ। ਉਨ੍ਹਾਂ ਦੱਸਿਆ ਕਿ ਜਦੋਂ ਕੇਂਦਰ ਨੇ ਦਿਹਾਤੀ ਵਿਕਾਸ ਫੰਡਾਂ 'ਤੇ ਇਤਰਾਜ਼ ਲਾਏ ਸਨ ਤਾਂ ਪੰਜਾਬ ਸਰਕਾਰ ਨੇ ਅਕਤੂਬਰ ਮਹੀਨੇ ਵਿਚ ਹੀ ਸਾਰੇ ਇਤਰਾਜ਼ ਦੂਰ ਕਰ ਦਿੱਤੇ ਸੀ।

# ਭਾਜਪਾ ਆਗੂਆਂ ਵਿਰੁੱਧ ਰੋਸ ਪ੍ਰਗਟਾ ਰਹੇ ਕਿਸਾਨਾਂ 'ਤੇ ਲਾਠੀਚਾਰਜ

**ਜਲੰਧਰ:** ਭਾਜਪਾ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਅਟਲ ਬਿਹਾਰੀ ਵਾਜਪਾਈ ਦੇ ਜਨਮ ਦਿਨ ਨੂੰ ਸਮਰਪਿਤ ਰੱਖੇ ਗਏ ਸਮਾਗਮਾਂ ਦਾ ਕਿਸਾਨਾਂ ਵੱਲੋਂ ਵਿਰੋਧ ਕਰਨ 'ਤੇ ਪੁਲਿਸ ਨੇ ਸਖਤੀ ਵਰਤਦਿਆਂ ਲਾਠੀਚਾਰਜ ਕੀਤਾ। ਇਸੇ ਦੌਰਾਨ ਪੁਲਿਸ ਵੱਲੋਂ ਕੀਤੀ ਗਈ ਧੱਕਾ-ਮੁੱਕੀ ਦੌਰਾਨ ਕਈ ਕਿਸਾਨਾਂ ਦੀਆਂ ਪੱਗਾਂ ਲੱਥ ਗਈਆਂ। ਟਕਰਾਅ ਦੀ ਸਥਿਤ ਉਦੋਂ ਬਣ ਗਈ ਜਦੋਂ ਕਿਸਾਨ, ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਦਾ ਘਿਰਾਓ ਕਰਨ ਜਾ ਰਹੇ ਸਨ। ਰਸਤੇ ਵਿਚ ਪੁਲਿਸ ਵੱਲੋਂ ਲਾਏ ਗਏ ਬੈਰੀਕੇਡ ਨੂੰ ਤੋੜਦਿਆਂ ਜਦੋਂ ਕਿਸਾਨ ਅੱਗੇ ਵਧਣ ਲੱਗੇ ਤਾਂ ਪੁਲਿਸ ਨੇ ਕਿਸਾਨਾਂ 'ਤੇ ਲਾਠੀਚਾਰਜ ਕੀਤਾ। ਇਸੇ ਦੌਰਾਨ ਕਈ ਨੌਜਵਾਨਾਂ ਦੇ ਸੱਟਾਂ ਵੀ ਲੱਗੀਆਂ। ਇਸੇ ਧੱਕਾ-ਮੁੱਕੀ ਦੌਰਾਨ ਹੀ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਆਗੂ ਕਸ਼ਮੀਰ ਸਿੰਘ ਦੀ ਪੱਗ ਲਹਿ ਗਈ। ਰੋਹ ਵਿਚ ਆਏ ਕਿਸਾਨ ਆਗੂ ਕਸ਼ਮੀਰ ਸਿੰਘ ਨੇ ਦੋਸ਼ ਲਾਇਆ ਕਿ ਪੁਲਿਸ ਨੇ ਇਸ ਤਰ੍ਹਾਂ ਦੀ ਕਾਰਵਾਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਸ਼ਾਰੇ 'ਤੇ ਕੀਤੀ ਹੈ। ਇਸ ਘਟਨਾ ਵਿਚ ਜਖਮੀ ਹੋਏ ਸੁਖਵਿੰਦਰ ਸਿੰਘ ਉਰਫ ਦੀਪਾ ਨਾਂ ਦੇ ਨੌਜਵਾਨ ਨੇ ਦੋਸ਼ ਲਾਏ ਕਿ ਪੁਲਿਸ ਨੇ ਉਸ ਨੂੰ ਫੜ ਕੇ ਕੁੱਟਮਾਰ ਕੀਤੀ ਤੇ ਉਸ ਦੀ ਪੱਗ ਲਾਹ ਦਿੱਤੀ ਹੈ। ਕਿਸਾਨਾਂ ਤੇ ਮਜ਼ਦੂਰਾਂ ਨੇ ਭਾਜਪਾ ਆਗੂਆਂ ਵੱਲੋਂ ਤਿੰਨ ਥਾਵਾਂ 'ਤੇ ਕੀਤੇ ਜਾ ਰਹੇ ਸਮਾਗਮਾਂ ਨੂੰ ਰੁਕਵਾਉਣ ਲਈ ਵਿਰੋਧ ਪ੍ਰਦਰਸ਼ਨ ਕੀਤਾ। ਭਾਜਪਾ ਆਗੂਆਂ ਵੱਲੋਂ ਜਲੰਧਰ ਛਾਉਣੀ ਵਿਚ ਇਕ ਪੈਲੇਸ ਵਿਚ ਸਕਰੀਨਾਂ ਲਾ ਕੇ ਪ੍ਰੋਗਰਾਮ ਦਿਖਾਇਆ ਜਾ ਰਿਹਾ ਸੀ।

# ਕਿਸਾਨਾਂ ਨੇ ਭਾਜਪਾ ਆਗੂਆਂ ਦੀਆਂ ਕੋਠੀਆਂ ਘੇਰੀਆਂ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਅਗਵਾਈ ਹੇਠ ਕਿਸਾਨਾਂ ਨੇ ਕੜਾਕੇ ਦੀ ਠੰਢ ਦੇ ਬਾਵਜੂਦ ਦਿੱਲੀ ਤੋਂ ਭਾਜਪਾ ਦੇ ਸੰਸਦ ਮੈਂਬਰ ਹੰਸ ਰਾਜ ਹੰਸ ਦੀ ਕੋਠੀ ਦਾ ਘਿਰਾਓ ਕੀਤਾ। ਪੁਲਿਸ ਨੇ ਬੈਰੀਕੇਡ ਲਾ ਕੇ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਹੋਏ ਸਨ। ਬੀ.ਕੇ.ਯੂ. ਰਾਜੇਵਾਲ ਦੇ ਮੁੱਖ ਬੁਲਾਰੇ ਕਿਸਾਨ ਆਗੂ ਕਸ਼ਮੀਰ ਸਿੰਘ ਦੀ ਅਗਵਾਈ ਹੇਠ ਪਿੰਡਾਂ ਤੋਂ ਆਏ ਵੱਡੀ ਗਿਣਤੀ ਕਿਸਾਨਾਂ ਤੇ ਮਜ਼ਦੂਰਾਂ ਨੇ ਸੜਕ 'ਤੇ ਧਰਨਾ ਦਿੱਤਾ ਤੇ ਕੇਂਦਰ ਸਰਕਾਰ ਤੇ ਭਾਜਪਾ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਹੰਸ ਰਾਜ ਹੰਸ ਦਾ ਘਰ ਘੇਰਨ ਮਗਰੋਂ ਕਿਸਾਨਾਂ ਨੇ ਭਾਜਪਾ ਦੇ ਸਾਬਕਾ ਵਿਧਾਇਕ ਕੇਡੀ ਭੰਡਾਰੀ ਦੇ ਹੁਕਮ ਚੰਦ ਕਲੋਨੀ ਵਿਚਲੇ ਘਰ ਅੱਗੇ ਵੀ ਧਰਨਾ ਦਿੱਤਾ। ਪੁਲਿਸ ਨੇ ਕਿਸਾਨਾਂ ਨੂੰ ਰੋਕਣ ਲਈ ਭਾਜਪਾ ਆਗੂ ਦੇ ਘਰ ਅੱਗੇ ਜਿਥੇ ਬੈਰੀਕੇਡ ਲਗਾਏ ਹੋਏ ਸਨ, ਉਥੇ ਨਾਲ ਹੀ ਮਨੁੱਖੀ ਕੰਧ ਵੀ ਬਣਾਈ ਹੋਈ ਸੀ ਪਰ ਕਿਸਾਨਾਂ ਨੇ ਕਿਸੇ ਤਰ੍ਹਾਂ ਦੀ ਵੀ ਕੋਈ ਹੁਲੜਬਾਜ਼ੀ ਨਹੀਂ ਕੀਤੀ। ਕਿਸਾਨ ਭਾਜਪਾ ਆਗੂ ਦੇ ਘਰ ਅੱਗੇ ਲਗਭਗ ਇਕ ਘੰਟੇ ਤਕ ਰੋਸ ਧਰਨੇ 'ਤੇ ਬੈਠੇ ਰਹੇ। ਕਿਸਾਨਾਂ ਨੇ ਐਲਾਨ ਕੀਤਾ ਕਿ ਜਦੋਂ ਤੱਕ ਮੋਦੀ ਸਰਕਾਰ ਖੇਤੀ ਕਾਨੂੰਨ ਵਾਪਸ ਨਹੀਂ ਲੈ ਲੈਂਦੀ, ਉਦੋਂ ਤਕ ਭਾਜਪਾ ਆਗੂਆਂ ਦੇ ਘਰਾਂ ਅਤੇ ਦਫਤਰਾਂ ਦਾ ਘਿਰਾਓ ਜਾਰੀ ਰਹੇਗਾ। ਇਸੇ ਦੇ ਨਾਲ-ਨਾਲ ਰਿਲਾਇੰਸ, ਗੌਤਮ ਅਡਾਨੀ ਅਤੇ ਬਾਬਾ ਰਾਮਦੇਵ ਦੇ ਸਮਾਨ ਦਾ ਬਾਈਕਾਟ ਵੀ ਜਾਰੀ ਰਹੇਗਾ। ਇਸੇ ਦੌਰਾਨ ਕਿਸਾਨਾਂ ਨੇ ਪਠਾਨਕੋਟ ਚੌਕ ਨੇੜੇ ਰਿਲਾਇੰਸ ਦਾ ਗੋਦਾਮ ਵੀ ਬੰਦ ਕਰਵਾਇਆ। ਕਿਸਾਨ ਆਗੂਆਂ ਨੇ ਇਕਸੁਰ ਹੁੰਦਿਆਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣਾ ਚਾਹੁੰਦੀ ਹੈ, ਜਿਸ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ।

ਇਸੇ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਬਠਿੰਡਾ ਫੇਰੀ ਮੌਕੇ ਪੁਲਿਸ ਦੇ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਬਦਲਵੇਂ ਰਸਤਿਓਂ ਸਥਾਨਕ ਹੋਟਲ 'ਚ ਪਹੁੰਚੇ। ਅਸ਼ਵਨੀ ਸ਼ਰਮਾ ਨੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦੇ ਹਿੱਤ 'ਚ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਮੋਦੀ ਦਾ ਗੁਣਗਾਨ ਕੀਤਾ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਸਾਨਾਂ ਲਈ ਜਨ ਸਨਮਾਨ ਨਿਧੀ ਯੋਜਨਾ ਤਹਿਤ ਦੇਸ਼ ਦੇ 9 ਕਰੋੜ ਕਿਸਾਨਾਂ ਨੂੰ 18 ਹਜਾਰ ਕਰੋੜ ਰੁਪਏ ਰਾਸ਼ੀ ਖਾਤਿਆਂ 'ਚ ਪਾ ਕੇ ਵੱਡੀ ਰਾਹਤ ਦਿੱਤੀ ਹੈ।

# ਸਮੂਹ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਨਵੇਂ ਸਾਲ 2021 ਦੀ

# ਲੱਖ ਲੱਖ ਵਧਾਈ

## ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ ਵਿਚ ਆਪਣਾ ਬਣਦਾ ਯੋਗਦਾਨ ਪਾਈਏ



ਵਲੋਂ:

ਸੁਖਦੇਵ ਸਿੰਘ ਬੈਣੀਵਾਲ, ਸੈਨ ਹੋਜ਼ੇ, ਕੈਲੀਫੋਰਨੀਆ

ਫੋਨ: 408-421-9463

# ਕਿਸਾਨ ਸੰਘਰਸ਼ 'ਚ ਪੰਜਾਬੀਆਂ ਦਾ ਜੋਸ਼ ਤੇ ਪੰਜਾਬ ਵਿਰੁੱਧ ਸਾੜਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਿਰਫ ਦੋ ਵੱਡੇ ਕਾਰੋਬਾਰੀ ਘਰਾਣਿਆਂ ਖਾਤਰ ਸਾਰੇ ਦੇਸ਼ ਦੇ ਕਿਸਾਨਾਂ ਦੇ ਜੜ੍ਹੀਂ ਤੇਲ ਦੇਣ ਵਾਲੇ ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਦਾ ਸੰਘਰਸ਼ ਜਿਵੇਂ ਇਸ ਵਕਤ ਸਿਖਰਾਂ ਛੋਹ ਰਿਹਾ ਹੈ, ਅੱਗੇ ਕਦੀ ਵੇਖਿਆ ਹੀ ਨਹੀਂ ਸੀ ਗਿਆ। ਇਸ ਕਿਸਾਨ ਸੰਘਰਸ਼ ਦੀ ਅਗਵਾਈ ਕਰਦੇ ਲੋਕਾਂ ਵਿਚ ਉੱਭਰਵੇਂ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਠੀਕ ਕਿਹਾ ਹੈ ਕਿ ਇਹ ਸਿਰਫ ਭਾਰਤ ਦੇ ਕਿਸਾਨਾਂ ਦਾ ਸੰਘਰਸ਼ ਨਹੀਂ ਰਿਹਾ, ਸੰਸਾਰ ਭਰ ਦੇ ਕਿਸਾਨਾਂ ਦੇ ਇਰਾਦੇ ਨੂੰ ਟੁੰਬਣ ਕਾਰਨ ਸੰਸਾਰ ਪੱਧਰ ਦੀ ਲਹਿਰ ਦਾ ਦਰਜਾ ਧਾਰ ਗਿਆ ਹੈ। ਉਨ੍ਹਾਂ ਨੇ ਇੱਕ ਭਾਸ਼ਣ ਦੌਰਾਨ ਕਿਹਾ ਹੈ ਕਿ ਦੱਖਣੀ ਅਫਰੀਕਾ ਤੱਕ ਦੇ ਕਿਸਾਨਾਂ ਨੇ ਭਾਰਤ ਦੇ ਕਿਸਾਨਾਂ ਦੇ ਸੰਘਰਸ਼ ਤੋਂ ਸੇਧ ਲੈ ਕੇ ਸੰਘਰਸ਼ ਕਰਨ ਲਈ ਕਮਰਕੱਸੇ ਕਰਨ ਦਾ ਸੰਕੇਤ ਦੇ ਦਿੱਤਾ ਹੈ। ਇਹ ਇਸ ਲਹਿਰ ਦਾ ਬਹੁਤ ਵੱਡਾ ਹਾਂ-ਪੱਖੀ ਪ੍ਰਭਾਵ ਹੈ। ਅਗਲੇ ਸਾਲਾਂ ਦੌਰਾਨ ਭਾਰਤ ਦੇ ਇਸ ਕਿਸਾਨ ਮੋਰਚੇ ਦੇ ਰੰਗ ਵਿਚ ਰੰਗੀਆਂ ਲਹਿਰਾਂ ਕਈ ਹੋਰ ਦੇਸ਼ਾਂ ਵਿਚ ਉੱਠ ਸਕਦੀਆਂ ਹਨ, ਪਰ ਇਸ ਤਰ੍ਹਾਂ ਹੋਰ ਕੋਈ ਨਵੀਂ ਲਹਿਰ ਉੱਠਣਾ ਇਸ ਮੋਰਚੇ ਦੇ ਉਸ ਆਖਰੀ ਪੜਾਅ ਉੱਤੇ ਨਿਰਭਰ ਕਰੇਗਾ, ਜਿਸ ਦਾ ਹਾਲ ਦੀ ਘੜੀ ਇਹ ਪਤਾ ਨਹੀਂ ਕਿ ਕਿਸ ਤਰ੍ਹਾਂ ਦਾ ਹੋਵੇਗਾ, ਕਿਉਂਕਿ ਹਾਲੇ ਤੱਕ ਭਾਰਤ ਸਰਕਾਰ ਦੀ ਮਨਸ਼ਾ ਵਿਚ ਈਮਾਨਦਾਰੀ ਨਹੀਂ ਲੱਭਦੀ।

ਮੋਰਚੇ ਦੇ ਪਹਿਲੇ ਪੜਾਵਾਂ ਤੋਂ ਬਾਅਦ ਅਸੀਂ ਜਦੋਂ ਕਿਸਾਨਾਂ ਦੇ ਦਿੱਲੀ ਮਾਰਚ ਦੀਆਂ ਪਹਿਲੀਆਂ ਖਬਰਾਂ ਸੁਣੀਆਂ ਤਾਂ ਉਹ ਦਿੱਲੀ ਦੇ ਬਾਰਡਰਾਂ ਉੱਤੇ ਧਰਨੇ ਮਾਰ ਕੇ ਬੈਠ ਜਾਣ ਵਾਲੀਆਂ ਨਹੀਂ ਸਨ। ਉਦੋਂ ਇਹੋ ਕਿਹਾ ਗਿਆ ਸੀ ਕਿ ਉਥੇ ਜਾਣਾ ਅਤੇ ਛੱਬੀ-ਸਤਾਈ ਨਵੰਬਰ ਦੇ ਦੋ ਦਿਨ ਧਰਨਾ ਮਾਰਨਾ ਹੈ। ਜਦੋਂ ਕਿਸਾਨ ਜਥੇ ਜਾਣੇ ਸ਼ੁਰੂ ਹੋਏ ਤਾਂ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਸਾਨਾਂ ਦੇ ਵਿਰੁੱਧ ਪੁਲਸੀਆ ਸਖਤੀ ਨਾਲ ਮਾਹੌਲ ਵਿਗਾੜਨ ਦੀ ਪਹਿਲ ਕੀਤੀ ਤੇ ਫਿਰ ਕੇਂਦਰ ਦੇ ਇਸ਼ਾਰੇ ਉੱਤੇ ਦਿੱਲੀ ਪੁਲਿਸ ਨੇ ਹਾਈਵੇਜ਼ ਨੂੰ ਕਰੇਨਾਂ ਨਾਲ ਉਖਾੜ ਕੇ ਚੌੜੀਆਂ ਖਾਲੀਆਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ, ਜਿਵੇਂ ਕਿਸਾਨਾਂ ਨੂੰ ਨਹੀਂ, ਚੜ੍ਹੇ ਆਉਂਦੇ ਟੈਂਕਾਂ ਨੂੰ ਰੋਕਣ ਦਾ ਇਰਾਦਾ ਹੋਵੇ। ਉਦੋਂ ਕਿਸਾਨਾਂ ਨੂੰ ਦਿੱਲੀ ਵਿਚ ਨਾ ਜਾਣ ਦਿੱਤਾ ਤਾਂ ਉਹ ਧਰਨੇ ਮਾਰ ਕੇ ਉਥੇ



ਬੈਠ ਗਏ ਅਤੇ ਫਿਰ ਪੱਕੇ ਕੈਂਪ ਲੱਗ ਗਏ ਸਨ। ਕਸੂਰ ਤਾਂ ਹਰਿਆਣੇ ਅਤੇ ਕੇਂਦਰ ਦੀਆਂ ਸਰਕਾਰਾਂ ਦਾ ਸੀ, ਭੁਗਤਣਾ ਕਿਸਾਨਾਂ ਨੂੰ ਜਾਂ ਉਸ ਇਲਾਕੇ ਦੇ ਲੋਕਾਂ ਨੂੰ ਪਿਆ ਹੈ। ਇਹ ਮਸਲਾ ਫਿਰ ਦੇਸ਼ ਦੀ ਸੁਪਰੀਮ ਕੋਰਟ ਵਿਚ ਵੀ ਗਿਆ ਤੇ ਉਥੇ ਇਹ ਗੱਲ ਸਾਫ ਹੋ ਗਈ ਕਿ ਕਿਸਾਨਾਂ ਦਾ ਰਾਹ ਦਿੱਲੀ ਪੁਲਿਸ ਵੱਲੋਂ ਰੋਕਣ ਦੇ ਕਾਰਨ ਇਸ ਸੰਕਟ ਵਾਲੀ ਹਾਲਤ ਬਣੀ ਹੈ, ਕਿਸਾਨਾਂ ਨੇ ਕਾਨੂੰਨ ਤੋੜਨ ਵਾਲਾ ਕੋਈ ਕੰਮ ਕੀਤਾ ਹੀ ਨਹੀਂ।

ਜਦੋਂ ਵੇਖਿਆ ਕਿ ਕਿਸਾਨਾਂ ਦੇ ਖਿਲਾਫ ਹੋਰ ਕੋਈ ਹਰਬਾ ਕੰਮ ਨਹੀਂ ਆਇਆ ਤੇ ਇਹ ਵੀ ਵੇਖਿਆ ਕਿ ਕਿਸਾਨਾਂ ਦੀ ਸਾਂਝੀ ਸੰਘਰਸ਼ ਕਮੇਟੀ ਵਿਚ ਸ਼ਾਮਲ ਚਾਲੀ ਸੰਗਠਨਾਂ ਵਿਚੋਂ ਬੱਤੀ ਇਕੱਲੇ ਪੰਜਾਬ ਵਾਲੇ ਹਨ ਤਾਂ ਕੇਂਦਰ ਸਰਕਾਰ ਤੇ ਹਰਿਆਣਾ ਵਾਲੀ ਦੋਵਾਂ ਸਰਕਾਰਾਂ ਦੇ ਮੋਹਰੀਆਂ ਦੀ ਬੋਲੀ ਪੰਜਾਬ ਵਿਰੋਧੀ ਰੰਗ ਫੜਨ ਲੱਗ ਪਈ। ਹਰਿਆਣੇ ਵਾਲਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਇਸ ਕੰਮ ਵਿਚ ਸਭ ਤੋਂ ਵੱਧ ਭੱਦਾ ਪੈਂਤੜਾ ਵਰਤ ਰਿਹਾ ਹੈ। ਕਦੇ ਕਾਂਗਰਸ ਦੇ ਮੁੱਖ ਮੰਤਰੀ ਭਜਨ ਲਾਲ ਨੇ ਪੰਜਾਬੀਆਂ ਦੇ ਖਿਲਾਫ ਹਰਿਆਣੇ ਦੇ ਲੋਕਾਂ ਨੂੰ ਭੜਕਾਇਆ ਸੀ, ਇਸ ਵਾਰੀ ਮਨੋਹਰ ਲਾਲ ਖੱਟਰ ਏਦਾਂ ਦਾ ਕੰਮ ਕਰਦਾ ਦਿੱਸ ਰਿਹਾ ਹੈ। ਜਦੋਂ ਦਿੱਲੀ ਨੂੰ ਕਿਸਾਨਾਂ ਨੇ ਜਾਣਾ ਸੀ, ਪੰਜਾਬ ਦੇ ਕਿਸਾਨ ਛੱਬੀ ਨਵੰਬਰ ਦੇ ਦਿਨ ਜਾਣ ਵਾਲੇ ਸਨ, ਹਰਿਆਣੇ ਦੇ ਕਿਸਾਨ ਆਪਣੇ ਪੰਜਾਬੀ ਭਰਾਵਾਂ ਦਾ ਅਗੇਤਾ ਦਸਤਾ ਬਣ ਕੇ ਪਹਿਲਾਂ ਤੁਰੇ ਸਨ ਅਤੇ ਉਨ੍ਹਾਂ ਨੂੰ ਜਾਣ ਤੋਂ ਰੋਕਣ ਲਈ ਹਰਿਆਣਾ ਪੁਲਿਸ ਨੇ ਆਪਣੇ ਰਾਜ ਵਿਚ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਕਰੀਬ ਚਾਰ ਦਿਨ ਪਹਿਲਾਂ ਸ਼ੁਰੂ ਕਰ ਦਿੱਤੀਆਂ ਸਨ। ਜਦੋਂ ਪੰਜਾਬ ਤੋਂ ਇੱਕ ਦਿਨ ਪਹਿਲਾਂ ਹਰਿਆਣਾ ਦੇ ਕਿਸਾਨਾਂ ਨੇ ਉਥੋਂ ਦੀ ਪੁਲਿਸ ਦੇ ਲਾਏ ਨਾਕੇ ਤੋੜੇ ਅਤੇ ਇੱਕ ਨੌਜਵਾਨ ਨੇ ਕਿਸਾਨਾਂ ਵੱਲ ਪਾਣੀ ਦੀ ਧਾਰ ਸੁੱਟਣ ਵਾਲੀ ਪਾਈਪ ਦਾ ਮੂੰਹ ਮੋੜ ਕੇ ਉਲਟਾ ਪੁਲਿਸ ਵੱਲ ਨੂੰ ਕਰ ਦਿੱਤਾ ਤਾਂ ਕੇਸ ਹਰਿਆਣੇ ਦੇ ਕਿਸਾਨਾਂ ਉੱਤੇ ਦਰਜ ਹੋਏ ਸਨ, ਪਰ ਮੁੱਖ ਮੰਤਰੀ ਮਨੋਹਰ ਲਾਲ ਨੇ ਇਹ ਕਿਹਾ ਕਿ ਹਰਿਆਣੇ ਵਿਚ ਕੋਈ ਸਮੱਸਿਆ ਨਹੀਂ, ਪੁਲਿਸ ਦੇ ਨਾਕੇ ਤਾਂ ਪੰਜਾਬ ਵਾਲਿਆਂ ਨੇ ਤੋੜੇ ਹਨ। ਫਿਰ ਹਾਈ ਕੋਰਟ ਵਿਚ ਕੇਸ ਚਲਾ ਗਿਆ ਤਾਂ ਉਥੇ ਹਰਿਆਣਾ ਪੁਲਿਸ ਦੇ ਇੱਕ ਅਧਿਕਾਰੀ ਨੇ ਮੰਨਿਆ ਕਿ ਅਸੀਂ ਹਰਿਆਣੇ ਦੇ ਕਿਸਾਨਾਂ ਦੀ ਫੜੋ-ਫੜੀ ਵੀ ਕੀਤੀ ਸੀ ਤੇ ਨਾਕੇ ਵੀ ਹਰਿਆਣੇ ਦੇ ਕਿਸਾਨਾਂ ਨੇ ਟੱਪੇ ਹਨ, ਜਿਸ ਬਾਰੇ ਉਨ੍ਹਾਂ ਉੱਤੇ ਕੇਸ ਦਰਜ ਕੀਤਾ ਹੈ, ਪਰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਫਿਰ ਵੀ ਪੰਜਾਬੀਆਂ ਦੇ ਖਿਲਾਫ ਹੀ ਕੌੜੇ ਬੋਲ ਬੋਲਦਾ ਰਿਹਾ। ਹੱਦ ਤਾਂ ਉਸ ਵੇਲੇ ਹੋ ਗਈ, ਜਦੋਂ ਅੰਬਾਲੇ ਵਿਚ ਕਿਸਾਨਾਂ ਨੇ ਮਨੋਹਰ ਲਾਲ ਖੱਟਰ ਨੂੰ ਕਾਲੇ ਝੰਡੇ ਵਿਖਾਏ ਤੇ ਪੁਲਿਸ ਨੇ ਹਰਿਆਣਾ ਦੇ ਕਿਸਾਨਾਂ ਖਿਲਾਫ ਕੇਸ ਦਰਜ ਕੀਤੇ, ਪਰ ਮਨੋਹਰ ਲਾਲ ਖੱਟਰ ਨੇ ਫਿਰ ਇਹੋ ਕਹਿ ਦਿੱਤਾ ਕਿ ਕਾਲੇ ਝੰਡੇ ਵਿਖਾਉਣ ਦਾ ਕੰਮ ਪੰਜਾਬ ਵੱਲੋਂ ਆਏ ਕਿਸਾਨਾਂ ਨੇ ਕੀਤਾ ਹੈ, ਹਰਿਆਣੇ ਵਿਚ ਤਾਂ ਬਿਲਕੁਲ ਕੋਈ ਸਮੱਸਿਆ ਹੀ ਨਹੀਂ।

ਪੰਜਾਬੀਆਂ ਖਿਲਾਫ ਹਰਿਆਣਾ ਦੇ ਲੋਕਾਂ ਨੂੰ ਭੜਕਾਉਣ ਦੀ ਖੇਡ ਏਥੇ ਵੀ ਨਹੀਂ ਰੁਕੀ ਤੇ ਅਗਲੇ ਕਦਮ ਵਜੋਂ ਉਥੋਂ ਦੇ ਇੱਕ ਮੰਤਰੀ ਨੇ ਉਥੋਂ ਦੇ ਕਿਸਾਨਾਂ ਨੂੰ ਸੱਦਾ ਦੇ ਦਿੱਤਾ ਕਿ ਕਾਨੂੰਨਾਂ ਵਿਰੁੱਧ ਲੜਾਈ ਲੜਦੇ ਵਕਤ ਤੁਸੀਂ ਪਹਿਲੀ ਮੰਗ ਪੰਜਾਬ ਤੋਂ ਸਤਲੁਜ-ਯਮਨਾ ਨਹਿਰ ਰਾਹੀਂ ਪਾਣੀ ਦਿਵਾਉਣ ਦੀ ਉਠਾਓ। ਹਰਿਆਣੇ ਦੇ ਕਿਸਾਨਾਂ ਨੇ ਇਸ ਕੁਵੇਲੇ ਦੀ ਬਾਂਗ ਦਾ ਹੁੰਗਾਰਾ ਨਹੀਂ ਭਰਿਆ ਤੇ ਸਾਰੇ ਭਾਰਤ ਦੇ ਕਿਸਾਨਾਂ ਦੇ ਭਵਿੱਖ ਦੀ ਸਾਂਝੀ ਲੜਾਈ ਦੌਰਾਨ ਇਹ ਮੰਗ ਉਠਾਉਣ ਦੀ ਥਾਂ ਦਿੱਲੀ ਬਾਰਡਰ ਉੱਤੇ ਇਕੱਠੇ ਬੈਠੇ ਦਿੱਸੇ ਤਾਂ ਹਰਿਆਣੇ ਦੇ ਮੁੱਖ ਮੰਤਰੀ ਦੇ ਸੰਕੇਤ ਉੱਤੇ ਸਤਲੁਜ-ਯਮਨਾ ਨਹਿਰ ਵਾਲੇ ਮੁੱਦੇ ਵਾਸਤੇ ਲਾਮਬੰਦੀ ਕਰਨ ਲਈ ਉਥੋਂ ਦੇ ਭਾਜਪਾ ਆਗੂ ਨਿਕਲ ਤੁਰੇ। ਇੱਕ-ਦੋ ਥਾਂਈਂ ਏਦਾਂ ਦੀ ਡਰਾਮੇਬਾਜ਼ੀ ਕਰਦੇ ਵਕਤ ਭਾਜਪਾ ਆਗੂਆਂ ਨੂੰ ਹਰਿਆਣਾ ਦੇ ਕਿਸਾਨਾਂ ਨੇ ਖਦੇੜਿਆ ਵੀ, ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦੇ ਆਉਣ ਲਈ ਬਣਾਇਆ ਹੈਲੀਪੈਡ ਵੀ ਕਿਸਾਨਾਂ ਨੇ ਤੋੜ ਦਿੱਤਾ, ਪਰ ਉਥੋਂ ਦੀ ਭਾਜਪਾ ਅਜੇ ਤੱਕ ਵੀ ਇਸ ਮੁੱਦੇ ਨੂੰ ਚੁੱਕ ਕੇ ਧਰਨਿਆਂ ਦੀ ਨੌਟੰਕੀ ਕਰੀ ਜਾਂਦੀ ਹੈ, ਜਿਸ ਦਾ ਸਾਰਾ ਰੌਅ ਪੰਜਾਬ ਵਿਰੋਧੀ ਪ੍ਰਚਾਰ ਵਾਲਾ ਹੁੰਦਾ ਹੈ। ਉਥੋਂ ਦੇ ਮੰਤਰੀ ਖੁਦ ਜਾ ਕੇ ਇਨ੍ਹਾਂ ਪ੍ਰੋਗਰਾਮਾਂ ਵਿਚ ਪੰਜਾਬ ਵਿਰੋਧੀ ਭਾਸ਼ਣ ਕਰਦੇ ਪਏ ਹਨ। ਜਿਹੜੀ ਭਾਜਪਾ ਸਾਰੇ ਦੇਸ਼ ਦੀ ਅਖੰਡਤਾ ਤੇ ਏਕਤਾ ਦੀਆਂ ਡੀਂਗਾਂ ਮਾਰਦੀ ਹੈ, ਉਸ ਦੀ ਹਰਿਆਣਾ ਦੀ ਟੀਮ ਇਹ ਕੁਝ ਉਸ ਦੀ ਹਾਈ ਕਮਾਂਡ ਦੀ ਮਰਜ਼ੀ ਦੇ ਬਗੈਰ ਕਰਦੀ ਨਹੀਂ ਹੋ ਸਕਦੀ। ਫਿਰ ਕੀ ਸਮਝਿਆ ਜਾਵੇ ਕਿ ਪੰਜਾਬ ਦੇ ਖਿਲਾਫ ਇੱਕ ਮਾਹੌਲ ਸਿਰਜਿਆ ਜਾ ਰਿਹਾ ਹੈ।

ਸਾਰੇ ਭਾਰਤ ਦੇ ਕਿਸਾਨਾਂ ਦੀ ਆਪਣਾ ਭਵਿੱਖ ਬਚਾਉਣ ਦੀ ਲੜਾਈ ਵਿਚ ਪੰਜਾਬੀਆਂ ਦਾ ਸਥਾਨ ਮੋਹਰੀ ਹੈ, ਪਰ ਇਸ ਵਿਚ ਉਨ੍ਹਾਂ ਨਾਲ ਹਰਿਆਣਾ ਦੇ ਕਿਸਾਨ ਵੀ ਹਨ; ਰਾਜਸਥਾਨ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉੱਤਰਾ ਖੰਡ ਦੇ ਬਾਅਦ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਦੇ ਕਿਸਾਨ ਵੀ ਨਾਲ ਆਣ ਰਲੇ ਹਨ। ਸਾਰੇ ਰਾਜਾਂ ਦੇ ਕਿਸਾਨਾਂ ਦੇ ਇਸ ਸਾਂਝੇ ਘੋਲ ਵਿਚ ਪੰਜਾਬੀਆਂ ਦਾ ਜੋਸ਼ ਅਤੇ ਇਸ ਘੋਲ ਦੀ ਅਗਵਾਈ ਵਿਚ ਪੰਜਾਬੀ ਆਗੂਆਂ ਦਾ ਮੋਹਰੀ ਹੋਣਾ ਪੰਜਾਬ ਦੇ ਲੋਕਾਂ ਲਈ ਮਾਣ ਵਾਲੀ ਗੱਲ ਹੈ, ਪਰ ਇਹੋ ਮਾਣ ਵਾਲੀ ਗੱਲ ਚਿੰਤਾ ਵੀ ਪੈਦਾ ਕਰਦੀ ਹੈ।

ਪੰਜਾਬ ਪਹਿਲਾਂ ਬਾਰਾਂ ਸਾਲਾਂ ਤੋਂ ਵੱਧ ਅੰਨ੍ਹੀ ਗਲੀ ਵਿਚ ਫਸਿਆ ਰਿਹਾ ਸੀ। ਉਸ ਦੌਰ ਦੇ ਮੁੱਢਲੇ ਦਿਨਾਂ ਵਿਚ ਵੀ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਹਰਿਆਣਾ ਦੇ ਲੋਕਾਂ ਨੂੰ ਪੰਜਾਬੀਆਂ ਵਿਰੁੱਧ ਉਕਸਾਇਆ ਸੀ। ਅੱਜ ਹਰਿਆਣੇ ਦੇ ਲੋਕ ਬਹੁਤ ਸਿਆਣੇ ਹਨ। ਕਿਸੇ ਵੀ ਚੁਸਤ ਸਿਆਸਤਦਾਨ ਵੱਲੋਂ ਦੋ ਰਾਜਾਂ ਦੇ ਲੋਕਾਂ ਨੂੰ ਇੱਕ ਦੂਸਰੇ ਵਿਰੁੱਧ ਖੜ੍ਹੇ ਕਰਨ ਦੀਆਂ ਚਾਲਾਂ ਸਮਝਦੇ ਹਨ, ਪਰ ਜਿਸ ਤਰ੍ਹਾਂ ਦੀਆਂ ਚਾਲਾਂ ਬਦਲ-ਬਦਲ ਕੇ ਚੱਲੀਆਂ ਜਾ ਰਹੀਆਂ ਹਨ, ਇਨ੍ਹਾਂ ਵਿਚੋਂ ਖਾਸ ਤਰ੍ਹਾਂ ਦੇ ਸਾੜ ਦੀ ਬਦਬੂ ਆ ਰਹੀ ਹੈ। ਇਸ ਬਦਬੂ ਬਾਰੇ ਹਰਿਆਣੇ ਦੇ ਲੋਕਾਂ ਨੂੰ ਹੀ ਨਹੀਂ, ਪੰਜਾਬ ਦੇ ਲੋਕਾਂ ਨੂੰ ਵੀ ਵਾਹਵਾ ਸੁਚੇਤ ਰਹਿਣਾ ਹੋਵੇਗਾ।

# ਸ਼ਿਵ ਸੈਨਾ ਵੱਲੋਂ ਭਾਜਪਾ ਵਿਰੋਧੀ ਧਿਰਾਂ ਨੂੰ ਇਕੱਠੇ ਹੋਣ ਦਾ ਸੱਦਾ

**ਮੁੰਬਈ:** ਸ਼ਿਵ ਸੈਨਾ ਨੇ ਆਪਣੇ ਅਖਬਾਰ 'ਸਾਮਨਾ' ਵਿਚ ਕਿਹਾ ਹੈ ਕਿ ਕਾਂਗਰਸ ਜੋ ਕਿ ਕੌਮੀ ਪੱਧਰ 'ਤੇ ਮੁੱਖ ਵਿਰੋਧੀ ਧਿਰ ਹੈ, 'ਟੁੱਟ-ਭੱਜ ਦਾ ਸ਼ਿਕਾਰ ਹੋ ਕੇ ਕਮਜ਼ੋਰ ਹੋ ਗਈ ਹੈ।' ਇਸ ਲਈ ਸ਼ਿਵ ਸੈਨਾ ਸਣੇ ਸਾਰੀਆਂ ਭਾਜਪਾ ਵਿਰੋਧੀ ਧਿਰਾਂ ਨੂੰ ਹੁਣ ਯੂ.ਪੀ.ਏ. ਗੱਠਜੋੜ ਹੇਠ ਇਕੱਠੇ ਹੋ ਜਾਣਾ ਚਾਹੀਦਾ ਹੈ ਤਾਂ ਕਿ ਤਾਕਤਵਰ ਬਦਲ ਦਿੱਤਾ ਜਾ ਸਕੇ।

ਲੇਖ ਵਿਚ ਕਿਹਾ ਗਿਆ ਹੈ ਕਿ ਕੇਂਦਰ ਵਿਚ ਸੱਤਾ ਉਤੇ ਕਾਬਜ ਕਿਸਾਨ ਸੰਘਰਸ਼ ਦੀ ਅਣਦੇਖੀ ਕਰ ਰਹੇ ਹਨ, ਅਤੇ ਵਿਰੋਧੀ ਧਿਰ ਦਾ 'ਪ੍ਰਭਾਵਹੀਣ' ਹੋਣਾ ਵੀ ਇਸ ਦਾ ਇਕ ਮੁੱਖ ਕਾਰਨ ਹੈ। 'ਸਾਮਨਾ' ਮੁਤਾਬਕ ਕੇਂਦਰ ਸਰਕਾਰ ਨੂੰ ਦੋਸ਼ ਦੇਣ ਦੀ ਬਜਾਏ, ਮੁੱਖ ਵਿਰੋਧੀ ਧਿਰ ਨੂੰ ਅਗਵਾਈ ਨਾਲ ਜੁੜੇ ਮੁੱਦਿਆਂ 'ਤੇ ਧਿਆਨ ਦੇਣ ਦੀ ਲੋੜ ਹੈ। ਸੈਨਾ ਮੁਤਾਬਕ ਕਮਜ਼ੋਰ ਵਿਰੋਧੀ ਧਿਰ ਕਾਰਨ ਲੋਕਤੰਤਰ ਵੀ ਟੁੱਟ-ਭੱਜ ਦਾ ਸ਼ਿਕਾਰ ਹੋ ਰਿਹਾ ਹੈ। ਸ਼ਿਵ ਸੈਨਾ ਨੇ ਕਿਹਾ ਕਿ ਮੁੱਖ ਵਿਰੋਧੀ ਧਿਰ ਨੂੰ ਮੰਥਨ ਦੀ ਲੋੜ ਹੈ, ਵਿਰੋਧੀ ਧਿਰ ਦਾ ਲੋਕਾਂ ਵਿਚ ਇਕ ਪ੍ਰਭਾਵ ਹੋਣਾ ਚਾਹੀਦਾ ਹੈ। 'ਸਾਮਨਾ' ਦੇ ਲੇਖ ਮੁਤਾਬਕ 'ਰਾਹੁਲ ਗਾਂਧੀ ਨਿੱਜੀ ਤੌਰ 'ਤੇ ਤਕੜਾ ਮੁਕਾਬਲਾ ਦੇ ਰਹੇ ਹਨ, ਪਰ ਕਿਸੇ ਨਾ ਕਿਸੇ ਚੀਜ ਦੀ ਕਮੀ ਹੈ। ਕਾਂਗਰਸ ਦੀ ਅਗਵਾਈ ਵਾਲੇ ਮੌਜੂਦਾ ਯੂ.ਪੀ.ਏ. ਦੀ ਹਾਲਤ ਕਿਸੇ ਐਨ.ਜੀ.ਓ. (ਗੈਰ ਸਰਕਾਰੀ ਸੰਗਠਨ) ਵਰਗੀ ਹੋ ਗਈ ਹੈ।' ਮਰਾਠੀ ਰੋਜਾਨਾ ਮੁਤਾਬਕ ਯੂ.ਪੀ.ਏ. ਦੇ ਭਾਈਵਾਲ ਵੀ ਕਿਸਾਨਾਂ ਦੇ ਸੰਘਰਸ਼ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਇਨ੍ਹਾਂ ਦੇ ਰੁਖ ਬਾਰੇ ਕੁਝ ਸਪੱਸ਼ਟ ਨਹੀਂ ਹੈ।

ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਕੌਮੀ ਪੱਧਰ ਉਤੇ ਆਵਾਜ ਬੁਲੰਦ ਕਰ ਰਹੇ ਹਨ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਇਕੱਲੇ ਲੜ ਰਹੀ ਹੈ। ਦੇਸ਼ ਦੀ ਮੁੱਖ ਵਿਰੋਧੀ ਧਿਰ ਨੂੰ ਉਸ ਨਾਲ ਖੜ੍ਹਨਾ ਚਾਹੀਦਾ ਹੈ। ਲੇਖ ਵਿਚ ਕਿਹਾ ਗਿਆ ਹੈ ਕਿ ਮਮਤਾ ਨੇ ਸਿਰਫ ਪਵਾਰ ਨੂੰ ਸੱਦਾ ਦਿੱਤਾ ਹੈ ਤੇ ਉਹ ਬੰਗਾਲ ਜਾ ਰਹੇ ਹਨ।

**'ਲੋਕ ਫਤਵਾ ਸਵੀਕਾਰ ਕਰੇ ਭਾਜਪਾ':** ਨੈਸ਼ਨਲ ਕਾਨਫਰੰਸ ਆਗੂ ਉਮਰ ਅਬਦੁੱਲਾ ਨੇ ਕਿਹਾ ਕਿ ਭਾਜਪਾ ਤੇ ਇਸ ਦੇ ਸਹਿਯੋਗੀਆਂ ਅਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਨੂੰ ਜਿਲ੍ਹਾ ਵਿਕਾਸ ਕੌਂਸਲ ਚੋਣਾਂ ਵਿਚ ਲੋਕਾਂ ਵੱਲੋਂ ਦਿੱਤਾ ਫਤਵਾ ਸਵੀਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ 'ਖਰੀਦੋ-ਫਰੋਖਤ' ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਸਿਰਫ ਲੋਕਤੰਤਰ ਅਤੇ ਇਸ ਦੀਆਂ ਸੰਸਥਾਵਾਂ ਦਾ ਨੁਕਸਾਨ ਹੀ ਹੋਵੇਗਾ।

## ਇਕ ਹੋਰ ਪਾਰਟੀ ਨੇ ਐਨ.ਡੀ.ਏ. ਨਾਲੋਂ ਨਾਤਾ ਤੋੜਿਆ

**ਜੈਪੁਰ:** ਰਾਸ਼ਟਰੀ ਲੋਕਤੰਤਰਿਕ ਪਾਰਟੀ ਦੇ ਕਨਵੀਨਰ ਤੇ ਨਾਗੌਰ ਤੋਂ ਸੰਸਦ ਮੈਂਬਰ ਹਨੂਮਾਨ ਬੇਨੀਵਾਲ ਨੇ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਤੋਂ ਖੇਤੀ ਕਾਨੂੰਨਾਂ ਦੇ ਮੁੱਦੇ ਉਤੇ ਨਾਤਾ ਤੋੜ ਲਿਆ ਹੈ। ਅਲਵਰ ਜਿਲ੍ਹੇ ਦੇ ਸ਼ਾਹਜਹਾਂਪੁਰ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਬੇਨੀਵਾਲ ਨੇ ਕਿਹਾ 'ਮੈਂ ਕੋਈ ਫੈਵੀਕੋਲ ਨਾਲ ਐਨ.ਡੀ.ਏ. ਨਾਲ ਨਹੀਂ ਜੁੜਿਆ ਹੋਇਆ। ਅੱਜ ਮੈਂ ਗੱਠਜੋੜ ਤੋਂ ਬਾਹਰ ਹੋ ਰਿਹਾ ਹਾਂ।' ਜਾਣਕਾਰੀ ਮੁਤਾਬਕ ਬੇਨੀਵਾਲ ਦੇ ਸੱਦੇ 'ਤੇ ਹਜ਼ਾਰਾਂ ਕਿਸਾਨ ਜੈਪੁਰ ਨੇੜਲੇ ਕੋਟਪੁਤਲੀ ਵਿਚ ਇਕੱਠੇ ਹੋ ਕੇ ਦਿੱਲੀ ਵੱਲ ਵਧ ਗਏ ਹਨ। ਰਾਜਸਥਾਨ ਦੇ ਕਿਸਾਨ ਰਾਜਸਥਾਨ-ਹਰਿਆਣਾ ਹੱਦ (ਜੈਪੁਰ-ਦਿੱਲੀ ਮਾਰਗ) ਉਤੇ ਸ਼ਾਹਜਹਾਂਪੁਰ ਨੇੜੇ ਖੇਤੀ ਕਾਨੂੰਨਾਂ ਖਿਲਾਫ 14 ਦਿਨਾਂ ਤੋਂ ਧਰਨੇ ਉਤੇ ਬੈਠੇ ਹਨ।



## ਕਾਂਗਰਸਮੈਨ ਐਰਿਕ ਸਵੈਲਵੈੱਲ ਵੱਲੋਂ ਕਿਸਾਨਾਂ ਲਈ 'ਹਾਅ ਦਾ ਨਾਅਰਾ'

**ਸੰਸਾਰ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਜਮਹੂਰੀਅਤ ਦੀ ਕਿਸਾਨੀ ਤੇ ਸ਼ਾਂਤਮਈ ਵਿਰੋਧ ਨਾਲ ਮਾਣਮੱਤੀ ਸਾਂਝ ਰਹੀ ਹੈ। ਮੈਂ ਆਪਣੇ ਭਾਰਤੀ-ਅਮਰੀਕੀ ਸਾਥੀਆਂ ਦੇ ਸਰੋਕਾਰਾਂ ਦਾ ਸਮਰਥਨ ਕਰਦਾ ਹਾਂ, ਜਿਹੜੇ ਭਾਰਤ ਵਿਚ ਖੇਤੀ ਨਾਲ ਸਬੰਧਤ ਰੁਜ਼ਗਾਰ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਨ। ਆਸ ਕਰਦਾ ਹਾਂ ਕਿ ਕਾਨੂੰਨਸਾਜ਼ ਤੇ ਕਿਸਾਨ ਖੁਸ਼ਹਾਲੀ ਖਾਤਰ ਇਕੱਠੇ ਚੱਲ ਸਕਣਗੇ।**

*-ਕਾਂਗਰਸਮੈਨ ਐਰਿਕ ਮਾਈਕਲ ਸਵੈਲਵੈੱਲ*



*Congressman Eric Michael Swalwell*

## Congressman Eric Michael Swalwell Tweets For India Farmers

**The world's oldest democracy and largest democracy share a pride in farming, and also peaceful protests. I support the concerns of my Indian-American constituents who want to ensure agricultural livelihoods in India. Hoping lawmakers and farmers can collaborate for prosperity.**

*-Congressman Eric Michael Swalwell*

ਸਮੂਹ ਗਾਹਕਾਂ ਤੇ ਪਾਠਕਾਂ ਨੂੰ ਸਾਲ 2021 ਮੁਬਾਰਕ!

COVERED CALIFORNIA

Certified Insurance Agent

Global Green INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ

ਫੋਨ:510-487-1000

MANN@GGIABA.COM



Gurcharan Singh Mann

Mann Insurance Brokers Inc.

4123 Dyer St., #230, Union City, CA 94587





ਸ. ਅਵਤਾਰ ਸਿੰਘ
ਫੋਨ: 937-206-4674

ਸਾਲ 2021 ਮੁਬਾਰਕ!

ਵਾਹਿਗੁਰੂ ਅੱਗੇ ਅਰਦਾਸ ਹੈ, ਨਵਾਂ ਸਾਲ ਸਭਨਾਂ ਲਈ ਖੁਸ਼ੀਆਂ-ਖੇੜਿਆਂ ਤੇ ਅਮਨ ਭਰਿਆ ਰਹੇ

Happy New Year 2021

ਆਓ, ਸਾਰੇ ਰਲ ਕੇ ਬਾਬੇ ਨਾਨਕ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਈਏ ਤੇ ਇਸ ਦੁਨੀਆਂ ਨੂੰ ਬਿਹਤਰ ਬਣਾਈਏ

ਅਵਤਾਰ ਸਿੰਘ, ਸਪਰਿੰਗਫੀਲਡ (ਓਹਾਇਓ) ਅਤੇ ਪਰਿਵਾਰ

# ਪਹਾੜ ਦੀ ਲਾਲਟੈਨ

ਕਲਾ ਪਰਿਕਰਮਾ

ਹਿੰਦੀ ਦਾ ਸਿਰਮੌਰ ਕਵੀ ਮੰਗਲੇਸ਼ ਡਬਰਾਲ ਕਰੋਨਾ ਦੀ ਲਪੇਟ ਵਿਚ ਆ ਕੇ ਅਲਵਿਦਾ ਆਖ ਗਿਆ। ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਸਭਿਆਚਾਰ ਦੀ ਲੋਕ ਆਵਾਜ਼ ਅਚਾਨਕ ਇਸ ਤਰ੍ਹਾਂ ਚੁੱਪ ਹੋ ਜਾਵੇਗੀ। ਮੰਗਲੇਸ਼ ਡਬਰਾਲ ਅਸਲ ਵਿਚ ਸਾਡੇ ਸਮਿਆਂ ਦਾ ਉਹ ਚਰਚਿਤ ਕਵੀ ਸੀ ਜਿਸ ਨੂੰ ਆਵਾਮ ਦੀ ਲੋਕ ਪੱਖੀ ਆਵਾਜ਼ ਤੇ ਸੱਤਾ ਪ੍ਰਤੀ ਅਸਹਿਮਤੀ ਦੇ ਹਸਤਾਖਰ ਵਜੋਂ ਜਾਣਿਆ ਜਾਂਦਾ ਸੀ। ਉਹ ਨਿਰੰਤਰ ਲਿਖਦਾ ਰਿਹਾ ਤੇ ਹਰ ਵਿਧਾ 'ਤੇ ਲਿਖਦਾ ਰਿਹਾ। ਆਪਣੀ ਨਿਰੰਤਰ ਖਾਮੋਸ਼ੀ ਭਰੀ ਸ਼ੈਲੀ ਤੇ ਨਿੱਘੇ ਲਫਜ਼ਾਂ ਦਾ ਜਾਦੂਗਰ ਕਵੀ ਵਿਵਸਥਾ ਨੂੰ ਝੰਜੋੜਦਾ ਰਿਹਾ। ਅਸਲ ਵਿਚ ਉਹ ਰੋਹ ਤੇ ਵਿਦਰੋਹ ਦਾ ਕਵੀ ਸੀ ਜਿਸ ਕੋਲ ਭਾਸ਼ਾਈ ਖਜ਼ਾਨਾ ਸੀ।



ਡਾ. ਕ੍ਰਿਸ਼ਨ ਕੁਮਾਰ ਰੱਤੂ
ਫੋਨ: +91-94787-30156

ਮੰਗਲੇਸ਼ ਦੇ ਰਚਨਾ ਸੰਸਾਰ ਵਿਚ ਅਨੇਕ ਕਵਿਤਾ ਸੰਗ੍ਰਹਿ ਸ਼ਾਮਲ ਹਨ। ਇਨ੍ਹਾਂ ਵਿਚੋਂ ਕੁਝ ਪ੍ਰਸਿੱਧ ਸੰਗ੍ਰਹਿ ਹਨ: 'ਪਹਾੜ ਪਰ ਲਾਲਟੈਨ' (1981), 'ਹਮ ਜੋ ਦੇਖਤੇ ਹੈਂ' (1995), 'ਆਵਾਜ਼ ਭੀ ਏਕ ਜਗਹ ਹੈ', 'ਪਹਾੜ ਪਰ ਫੂਲ'। ਡਾਇਰੀ, ਰਿਪੋਰਤਾਜ ਸੰਪਾਦਨ, ਪੱਤਰਕਾਰੀ, ਫਿਲਮੀ ਪਟਕਥਾਵਾਂ, ਗੱਲ ਕੀ ਹਰ ਵਿਧਾ 'ਤੇ ਮੰਗਲੇਸ਼ ਦੀ ਪਕੜ ਸੀ। ਉਸ ਦੀ ਕਾਵਿ-ਪੁਸਤਕ 'ਘਰ ਕਾ ਰਾਸਤਾ' 1988 'ਚ ਆਈ। ਮੰਗਲੇਸ਼ ਸਰੀਰਕ ਰੂਪ ਵਿਚ ਭਾਵੇਂ ਸਾਡੇ ਕੋਲੋਂ ਵਿਛੜ ਗਿਆ ਹੈ, ਪਰ ਉਸ ਦੀ ਦਹਾੜ ਤੇ ਸ਼ਬਦਾਂ ਦਾ ਖੂਬਸੂਰਤ ਗੁਲਦਸਤਾ, ਉਸ ਦੀਆਂ ਰਚਨਾਵਾਂ ਖਾਸਕਰ ਕਵਿਤਾਵਾਂ ਤੇ ਡਾਇਰੀਆਂ ਦੇ ਰੂਪ ਵਿਚ ਸਾਡੇ ਕੋਲ ਰਹੇਗਾ।

ਮੰਗਲੇਸ਼ ਦੀ ਧੀ ਅਲਮਾ ਡਬਰਾਲ ਉਸ ਦੀ ਦੇਖ-ਭਾਲ ਕਰ ਰਹੀ ਸੀ। ਅਲਮਾ ਨੇ ਕਿਹਾ ਹੈ ਕਿ ਉਸ ਦੇ ਪਿਤਾ ਕੋਈ ਸਾਧਾਰਨ ਵਿਅਕਤੀ ਨਹੀਂ ਸਨ। 14 ਮਈ 1948 ਨੂੰ ਟੀਹਰੀ ਗੜ੍ਹਵਾਲ (ਉਤਰਾਖੰਡ) ਦੇ ਪਿੰਡ ਕਾਫਲਪਾਨੀ ਵਿਚ ਪੈਦਾ ਹੋਏ ਮੰਗਲੇਸ਼ ਨੇ ਦੇਸ਼ ਵਿਚ ਥਾਂ-ਥਾਂ ਟਿਕਾਣਾ ਕਰਦਿਆਂ ਅੰਤ ਵਿਚ ਦਿੱਲੀ ਨੂੰ ਆਪਣਾ ਟਿਕਾਣਾ ਬਣਾਇਆ। ਭਾਰਤੀ ਸਮਕਾਲੀਨ ਕਵੀਆਂ ਵਿਚੋਂ ਉਹ ਸਭ ਤੋਂ ਉਚਾ ਤੇ ਚਰਚਿਤ ਨਾਮ ਸੀ। ਅਸਲ ਵਿਚ ਉਹ ਸਾਹਿਤ ਦੀ ਦੁਨੀਆ ਦਾ ਅਜਿਹੇ ਸਿਤਾਰਾ ਸੀ ਜੋ ਆਪਣੇ ਆਪ ਵਿਚ ਵਿਲੱਖਣ ਹਸਤੀ ਸੀ। ਹਰਫਨਮੌਲਾ ਸ਼ਖਸੀਅਤ ਦਾ ਮਾਲਕ ਤੇ ਖੁਰਦਰੇਪਣ ਦੀ ਸ਼ੈਲੀ ਦਾ ਲੇਖਕ। ਉਹ ਮੰਨਦਾ ਸੀ ਕਿ ਖਾਮੋਸ਼ ਰਹਿ ਕੇ ਵਿਅਕਤੀ ਬਹੁਤ ਕੁਝ ਕਰ ਸਕਦਾ ਹੈ।

ਮੰਗਲੇਸ਼ ਨੇ ਲਿਖਿਆ: "ਮੈਂ ਖਾਮੋਸ਼ੀ ਨੂੰ ਜੀਵਿਆ ਤੇ ਖਾਮੋਸ਼ੀ ਨੂੰ ਕਾਗਜ਼ 'ਤੇ ਉਤਾਰਿਆ। ਇਹੀ ਮੇਰੀ ਖਾਮੋਸ਼ੀ ਦੀ ਆਵਾਜ਼ ਹੈ ਜੋ ਦਿਲਾਂ ਦੇ ਆਰ-ਪਾਰ, ਇੱਥੋਂ ਤੱਕ ਕਿ ਰੂਹ ਤੱਕ ਵੀ ਸੁਣੀ ਗਈ ਹੈ।" ਅਸਲ ਵਿਚ ਉਹ ਕਹਿਣਾ ਚਾਹੁੰਦਾ ਸੀ ਕਿ ਇਹ ਦੁਨੀਆ ਉਚਾ ਨਹੀਂ ਸੁਣਦੀ ਸਗੋਂ ਖਾਮੋਸ਼ੀ ਦਾ ਸੰਵਾਦ ਵੀ ਸੁਣਦੀ ਹੈ। ਉਸ ਦੀਆਂ ਸਾਰੀਆਂ ਕਵਿਤਾਵਾਂ ਦੀਆਂ ਕਿਤਾਬਾਂ ਇਸੇ ਖਾਮੋਸ਼ੀ ਦਾ ਸੰਵਾਦ ਹਨ। ਉਸ ਨੇ ਇਕ ਕਵਿਤਾ ਵਿਚ ਇਉਂ ਲਿਖਿਆ ਹੈ:

ਕਵਿਤਾਵਾਂ ਪੜ੍ਹਦੇ ਹੋਏ
ਹਥੇਲੀਆਂ ਦੀਆਂ ਲਕੀਰਾਂ
ਗਾਇਬ ਹੋ ਜਾਣਗੀਆਂ
ਕਿਤਾਬਾਂ ਹੋ ਜਾਣਗੀਆਂ ਗੁੰਮ
ਚਸ਼ਮਾ ਟੁੱਟ ਜਾਏਗਾ
ਕਿਸੇ ਦਿਨ/ਸਮੇਂ ਦੀ ਤਰ੍ਹਾਂ
ਅਸੀਂ ਰਹਾਂਗੇ ਬੈਠੇ
ਦੀਵਾਰ ਨਾਲ ਘਸਰ ਕੇ।

ਦੇਹਰਾਦੂਨ ਜਦੋਂ ਵੀ ਆਉਂਦਾ ਤਾਂ ਦਰਸ਼ਨ ਲਾਲ ਚੌਕ ਵਿਚ ਯੁੱਗਵਾਣੀ ਦਾ ਦਫਤਰ ਪੱਕਾ ਅੱਡਾ ਬਣ ਜਾਂਦਾ। ਇਸ ਨੂੰ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦਾ ਮਿੰਨੀ ਰੂਪ ਵੀ ਕਿਹਾ ਜਾਂਦਾ ਸੀ। ਪਹਾੜੀ ਮਿਠਾਈ ਸੰਗੋਰੀ (ਪੱਤੇ ਵਿਚ ਲਪੇਟੀ ਹੋਈ ਖੋਏ ਦੀ ਮਿਠਾਈ) ਉਸ ਨੂੰ ਦੇਹਰਾਦੂਨ ਦੀ ਉਸੇ ਦੁਕਾਨ ਦੀ ਪਸੰਦ ਸੀ। ਅਸਲ ਵਿਚ ਉਹ ਪਹਾੜ ਦੀ ਸੰਸਕ੍ਰਿਤੀ, ਭਾਸ਼ਾ ਅਤੇ ਸਾਹਿਤ ਨੂੰ ਦਿਲ ਵਿਚ ਸੰਜੋ ਕੇ ਰੱਖਦਾ ਸੀ। ਉਹ ਮੇਰੀਆਂ ਯਾਦਾਂ ਵਿਚ ਹਮੇਸ਼ਾ ਜਿਉਂਦਾ ਰਹੇਗਾ। ਦੇਹਰਾਦੂਨ ਦੀਆਂ ਅਨੇਕ ਯਾਦਾਂ ਤੇ ਫਿਰ ਬਰੇਲੀ ਦੀਆਂ ਸਿਮਰਤੀਆਂ, ਉਸ ਨਾਲ ਬਿਤਾਏ ਪਲ ਅੱਜ ਮੰਗਲੇਸ਼ ਦੀ ਫਰਾਖਦਿਲੀ ਤੇ ਖੁੱਲ੍ਹੇ ਮਿਜ਼ਾਜ ਦੀ ਸ਼ਾਹਦੀ ਭਰਦੀਆਂ ਜਾਪਦੀਆਂ ਹਨ। ਸਾਡੀ ਦੋਵਾਂ ਦੀ ਰੂਹਾਨੀ ਸਾਂਝ ਸੀ।



ਮੰਗਲੇਸ਼ ਡਬਰਾਲ



ਜਵਾਨੀ ਵੇਲੇ ਮੰਗਲੇਸ਼ ਡਬਰਾਲ।




ਮੰਗਲੇਸ਼ ਡਬਰਾਲ ਦੀ ਕਿਤਾਬ 'ਪਹਾੜ ਪਰ ਲਾਲਟੈਨ' ਦਾ ਮੁਖੜਾ।

ਉਸ ਦੇ ਚਲਾਣੇ ਮਗਰੋਂ ਹਰ ਕੋਈ ਖਾਮੋਸ਼ੀ 'ਚ ਉਸ ਸ਼ਖਸ ਨੂੰ ਯਾਦ ਕਰ ਰਿਹਾ ਹੈ ਜਿਸ ਦੇ ਸ਼ਬਦਾਂ 'ਚ ਅਨੋਖੀ ਤਪਸ਼ ਤੇ ਗਹਿਰੀ ਸੰਵੇਦਨਾ ਸੀ। ਉਹ ਜ਼ਿੰਦਗੀ ਭਰ ਖੱਬੇਪੱਖੀ ਵਿਚਾਰਾਂ ਨੂੰ ਪ੍ਰਣਾਇਆ ਰਿਹਾ। ਉਹ ਆਪਣੀਆਂ ਰਚਨਾਵਾਂ ਵਿਚ ਵਿਲੱਖਣ ਪਹੁੰਚ ਤੇ ਮਾਨਵੀ ਰਿਸ਼ਤਿਆਂ ਦੀ ਰਹਿਨੁਮਾਈ ਕਰਦਾ ਸੀ। 'ਹਮ ਜੋ ਦੇਖਤੇ ਹੈਂ' ਸੰਗ੍ਰਹਿ ਵਰਗੀਆਂ ਪੁਸਤਕਾਂ ਦਾ ਰਚੇਤਾ ਕਿਵੇਂ ਸ਼ਬਦਾਂ ਨੂੰ ਆਪਣੇ ਅਹਿਸਾਸ ਪ੍ਰਗਟਾਵੇ ਲਈ ਵਰਤਦਾ ਅਤੇ ਨਵੀਂ ਸ਼ੈਲੀ ਦਾ ਨਿਰਮਾਣ ਕਰਦਾ ਸੀ, ਇਹ ਉਸ ਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਹੀ ਪਤਾ ਲੱਗ ਸਕਦਾ ਹੈ। 2000 ਵਿਚ ਜਦੋਂ ਮੰਗਲੇਸ਼ ਡਬਰਾਲ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਤਾਂ ਉਸ ਨੇ ਕਿਹਾ, "ਇਹ ਮੇਰੇ ਪਹਾੜਾਂ ਦਾ ਪੁਰਸਕਾਰ ਹੈ। ਜੈ ਬਾਬਾ ਬਦਰੀ।" ਧਾਰਮਿਕ ਤਾਕਤ 'ਚੋਂ ਖੱਬੇਪੱਖੀ ਵਿਚਾਰਾਂ ਨੂੰ ਖੋਜਣਾ ਮੰਗਲੇਸ਼ ਦੀ ਵਿਲੱਖਣ ਪ੍ਰਤਿਭਾ ਦਾ ਪ੍ਰਮਾਣ ਸੀ।

ਉਹ ਸਾਹਿਤਕ ਸਿਨੇਮਾ ਦਾ ਉਪਾਸ਼ਕ ਸੀ। ਉਸ ਦੀਆਂ ਕਵਿਤਾਵਾਂ ਵਿਸ਼ਵ ਦੀਆਂ ਕਈ ਭਾਸ਼ਾਵਾਂ- ਜਰਮਨ, ਰੂਸੀ, ਸਪੈਨੀ ਤੇ ਅੰਗਰੇਜ਼ੀ ਵਿਚ ਅਨੁਵਾਦ ਹੋਈਆਂ। ਉਹ ਸੌਂਦਰਯਬੋਧ ਦਾ ਵੱਡਾ ਕਵੀ ਸੀ। ਸੂਖਮ ਅਹਿਸਾਸਾਂ ਨੂੰ ਸ਼ਬਦਾਂ ਦੀ ਇਕ ਲੜੀ ਵਿਚ ਬੰਨ੍ਹੀ ਰੱਖਣ ਦੀ ਖੂਬੀ ਮੰਗਲੇਸ਼ ਦੇ ਹਿੱਸੇ ਹੀ ਆਈ ਹੈ। ਉਸ ਨੇ ਤ੍ਰੈਮਾਸਿਕ ਸਾਹਿਤਕ ਰਸਾਲੇ 'ਪੂਰਬਾਗ੍ਰਹਿ', 'ਪੈਟਰੀਆਟ', 'ਪ੍ਰਤੀਪਕਸ਼', 'ਆਸ-ਪਾਸ' ਵਰਗੇ ਅਖ਼ਬਾਰਾਂ ਵਿਚ ਵੀ ਕੰਮ ਕੀਤਾ। 1983 'ਚ ਉਹ 'ਜਨਸੱਤਾ' ਦਾ ਸਾਹਿਤ ਸੰਪਾਦਕ ਵੀ ਰਿਹਾ। ਉਹ ਰਿਸ਼ਤਿਆਂ ਦੀ ਬਾਰੀਕੀ ਤੇ ਰੰਗਾਂ ਦਾ ਕਵੀ ਸੀ। ਆਪਣੀ ਕਵਿਤਾ 'ਪਿਤਾ ਦਾ ਚਸ਼ਮਾ' ਵਿਚ ਉਹ ਆਖਦਾ ਹੈ:

ਬੱਸ ਇਹੀ ਹਸਰਤ ਰਹਿ ਗਈ
ਕਿ ਤੂੰ ਮੇਰੇ ਲਈ ਫੁਟਪਾਸ 'ਤੇ ਵਿਕਣ ਵਾਲੇ
ਚਸ਼ਮੇ ਲੈ ਆਉਂਦਾ
ਤਾਂ ਉਨ੍ਹਾਂ 'ਚੋਂ ਕੋਈ ਨਾ ਕੋਈ ਜ਼ਰੂਰ
ਮੇਰੀਆਂ ਅੱਖਾਂ 'ਤੇ ਫਿੱਟ ਹੋ ਜਾਂਦਾ।

ਹਿੰਦੀ ਕਵੀਆਂ 'ਚ ਉਹ ਸਭ ਤੋਂ ਚਰਚਿਤ ਨਾਮ ਸੀ ਪਰ ਹਲੀਮੀ ਦੀ ਮੂਰਤ। ਪਹਾੜੀ ਖੇਤਰ ਦੇ ਇਕ ਛੋਟੇ ਜਿਹੇ ਪਿੰਡ ਵਿਚ ਪੈਦਾ ਹੋਇਆ ਡਬਰਾਲ ਸਾਹਿਤਕ ਰੌਸ਼ਨੀ ਦਾ ਸਾਧਕ ਸੀ। ਉਹ ਹਮੇਸ਼ਾ ਆਖਦਾ ਸੀ, "ਮੈਂ ਤਾਂ ਪਹਾੜ ਦੀ ਉਚਾਈ ਵੇਖ ਰਿਹਾ ਹਾਂ। ਕਦੀ ਵਧਦੀ ਹੈ ਤੇ ਕਦੀ ਘਟਦੀ ਹੈ।" ਗੜ੍ਹਵਾਲੀ ਮੁਹਾਵਰੇ ਉਸ ਦੀ ਜ਼ਬਾਨ 'ਤੇ ਹਮੇਸ਼ਾ ਰਹਿੰਦੇ ਸਨ। ਮੈਨੂੰ ਯਾਦ ਹੈ ਕਿ ਗੜ੍ਹਵਾਲੀ ਤੇ ਦੇਹਰਾਦੂਨ ਦੇ ਮਿੱਤਰ ਫੋਨ 'ਤੇ ਅੱਡੇ 'ਚ ਡਬਰਾਲ ਦੇ ਆਉਣ ਬਾਰੇ ਦੱਸਦੇ ਸਨ ਤਾਂ ਫਿਰ ਮੁਲਾਕਾਤਾਂ ਦੇ ਦੌਰ ਚਲਦੇ ਸਨ। ਉਨ੍ਹੀਂ ਦਿਨੀ ਮੈਂ ਦੂਰਦਰਸ਼ਨ ਕੇਂਦਰ, ਦੇਹਰਾਦੂਨ ਦਾ ਡਾਇਰੈਕਟਰ ਸਾਂ। ਮੈਨੂੰ ਕਈ ਵਾਰ ਉਸ ਦੀਆਂ ਕਵਿਤਾਵਾਂ ਨੂੰ ਸੁਣਨ, ਰਿਕਾਰਡ ਕਰਨ ਤੇ ਪਰਖਣ ਦਾ ਮੌਕਾ ਮਿਲਿਆ ਪਰ ਸ਼ਬਦਾਂ ਦੀ ਧੜਕਣ ਨੂੰ ਕਿਵੇਂ ਸੁਣਿਆ ਜਾ ਸਕਦਾ ਹੈ। ਮੰਗਲੇਸ਼ ਦੇ ਸ਼ਬਦਾਂ 'ਚੋਂ ਧੜਕਣ ਸੁਣਦੀ ਸੀ।

ਸ਼ਹਿਰੀ ਜੀਵਨ ਤੇ ਪਹਾੜਾਂ ਤੋਂ ਪਲਾਇਨ ਬਾਰੇ ਉਹ ਚਿੰਤਤ ਸੀ ਤੇ ਆਪਣੀਆਂ ਕਵਿਤਾਵਾਂ ਵਿਚ ਉਹ ਹਮੇਸ਼ਾ ਪਹਾੜ ਬਾਰੇ ਲਿਖਦਾ ਸੀ। ਮੰਗਲੇਸ਼ ਅਖਿਲ ਭਾਰਤੀ ਜਨ ਸੰਸਕ੍ਰਿਤੀ ਮੰਚ ਦਾ ਪ੍ਰਧਾਨ ਵੀ ਰਿਹਾ। ਉਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਤੋਂ ਇਲਾਵਾ ਸ਼ਮਸ਼ੇਰ ਸਨਮਾਨ, ਪਹਿਲ ਸਨਮਾਨ, ਦਿੱਲੀ ਹਿੰਦੀ ਅਕਾਦਮੀ ਪੁਰਸਕਾਰ ਨਾਲ ਵੀ ਨਿਵਾਜਿਆ ਗਿਆ। ਜਦੋਂ ਵੀ ਮੰਗਲੇਸ਼ ਦੇ ਸਾਹਿਤ ਬਾਰੇ ਚਰਚਾ ਚੱਲੇਗੀ ਤਾਂ ਪਹਿਲੀਆਂ ਸਫਾਂ ਵਿਚ ਮੁੱਖ ਪੰਨੇ ਦੀ ਸੁਰਖੀ ਦੀ ਖਬਰ ਹੋਣਗੇ। 'ਨਏ ਯੁਗ ਮੇਂ ਸ਼ਤਰੂ' ਵਿਚ ਉਸ ਦੀਆਂ ਅਦਭੁੱਤ ਕਵਿਤਾਵਾਂ ਆਪਣੀ ਮਿਸਾਲ ਆਪ ਹਨ। ਮੇਰੀਆਂ ਨਿੱਜੀ ਯਾਦਾਂ ਵਿਚ ਮੰਗਲੇਸ਼ ਕਿਧਰੇ-ਕਿਧਰੇ ਯਾਯਾਵਰੀ ਦੇ ਲੇਖਕ ਤੇ ਸ਼ਖਸੀਅਤ ਦੇ ਤੌਰ 'ਤੇ ਸਾਹਮਣੇ ਆਉਂਦਾ ਹੈ। ਇਹ ਅਦਭੁੱਤ ਸੰਯੋਗ ਹੀ ਸੀ ਕਿ ਦੇਹਰਾਦੂਨ ਆਉਣ ਤੇ ਰਹਿਣ ਵਾਲੇ ਹਰ ਅਦੀਬ ਨੂੰ ਉਹ ਪਿਆਰ ਨਾਲ ਵੇਖਦਾ।

ਆਪਣੀਆਂ ਕਵਿਤਾਵਾਂ ਵਿਚ ਉਸ ਨੇ ਪਹਾੜੀ ਘਰ, ਪਿੰਡ, ਸ਼ਹਿਰੀ ਸੰਤਾਪ ਤੇ ਛੋਟੀਆਂ-ਛੋਟੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਮੰਗਲੇਸ਼ ਡਬਰਾਲ ਭਾਰਤੀ ਸਾਹਿਤ ਦਾ ਅਜਿਹਾ ਸਾਹਿਤਕਾਰ ਹੋ ਨਿਬੜਿਆ ਜੋ ਦੇਸ਼ ਦੀ ਆਵਾਮ ਦੀ ਆਵਾਜ਼ ਬਣ ਗਿਆ। ਕਦੇ ਕਵਿਤਾ ਨੂੰ ਸੁੱਕੀ ਹੋਈ ਰੇਤ ਕਹਿਣ ਵਾਲੀ ਕਵੀ ਮੰਗਲੇਸ਼ ਅਸਲ ਵਿਚ ਉਸ ਕਵਿਤਾ ਦੇ ਅੱਖਰਾਂ ਵਿਚ ਹੀ ਸਮਾ ਗਿਆ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਜਨਵਰੀ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-463



*ਘੋਲ ਹੱਕਾਂ ਲਈ ਕਰਨ ਵੇਲੇ ਵੀ,
ਆਲੇ-ਦੁਆਲੇ ਦੀ ਪੂਰੀ ਖਬਰ ਹੈ ਸਾਨੂੰ।
ਬੇਸ਼ੱਕ ਸੜਕਾਂ 'ਤੇ ਦਿਨ ਤੇ ਰਾਤਾਂ ਕੱਟੀਏ,
ਪਰ ਸਿਦਕ ਅਤੇ ਸਬਰ ਹੈ ਸਾਨੂੰ।*

## ਕੈਪਸ਼ਨ ਮੁਕਾਬਲਾ-461



ਮੁਸੀਬਤ ਜਦ ਕਦੇ ਵੀ ਆਉਂਦੀ।
ਕੁਝ ਨਾ ਕੁਝ ਇਹ ਸੋਚਣ ਲਾਉਂਦੀ।
ਗਿਲੇ ਸ਼ਿਕਵੇ ਸਭ ਭੁੱਲ ਜਾਵਣ,
ਭਾਈਆਂ ਨੂੰ ਸਿਰ ਜੋੜ ਬਿਠਾਉਦੀ।

*-ਗੁਰਦੇਵ ਸਿੰਘ ਢਪਾਲੀ
ਗੁਰੂ ਤੇਗ ਬਹਾਦਰ ਨਗਰ, ਬਠਿੰਡਾ।
ਫੋਨ: 91-94176-49275*

---

ਮੇਟ ਦਿੱਤੇ ਨੇ ਧਰਮ ਦੇ ਪਾੜੇ,
ਬੈਠੇ ਦਿੱਲੀ ਡੇਰਾ ਲਾ,
ਵਿੱਢ ਦਿੱਤੇ ਨੇ ਸੰਘਰਸ਼ ਨਵੇਂ,
'ਕੱਠੇ ਹੋ ਕਰਨ ਸਲਾਹ।
ਜਿਉਣਾ ਦੁੱਭਰ ਕਰਨਾ ਸਾਡਾ,
ਲੈਣੀ ਹੈ ਜ਼ਮੀਨ ਖੋਹ,
ਸਰਕਾਰ ਰਲੀ ਸਰਮਾਏਦਾਰਾਂ ਨਾਲ,
ਗਰੀਬ ਮਾਰਨੇ ਕੋਹ ਕੋਹ।

*-ਸੇਵਾ ਸਿੰਘ ਨੂਰਪੁਰੀ*

---

ਛੋਟਾ ਪੁੱਛਦਾ ਵੱਡੇ ਤਾਈਂ,
'ਗੱਲ ਭਾਊ ਹੁਣ ਕਿੱਧਰ ਜਾਵੇ?'
'ਰਹੇ ਲੜਾਉਂਦੇ ਹਾਕਮ ਚਿਰ ਤੋਂ',
ਵੱਡਾ ਛੋਟੇ ਨੂੰ ਸਮਝਾਵੇ।
ਹੁਣ ਸੁਰਤ ਟਿਕਾਣੇ ਆ ਜਾਵੇਗੀ,
ਜੋ ਵੀ ਨਾਢੂ ਖਾਂ ਅਖਵਾਵੇ।

*-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ: 91-98783-37222*

---

ਹੁਣ ਹੋ ਗਏ ਸਾਰੇ ਇਕੱਠੇ
ਇਨਸਾਨੀਅਤ ਬਣ ਗਈ ਧਰਮ।
ਅਨਿਆਂ ਦੇ ਨਾਲ ਲੜਨਾ
ਇਹੋ ਹੈ ਸਾਡਾ ਕਰਮ।
ਸਾਰਿਆਂ ਨੇ ਇਕੱਠੇ ਹੋ ਕੇ
ਤੋੜਨੇ ਦੁਸ਼ਮਣ ਦੇ ਸਾਰੇ ਭਰਮ।

*-ਇੰਦਰਜੀਤ ਮੰਗਾ
ਪਿਟਸਬਰਗ, ਕੈਲੀਫੋਰਨੀਆ।*

ਜਾਤ-ਪਾਤ, ਧਰਮ, ਬੋਲੀ, ਪਾਣੀ,
ਵੰਡੀਆਂ ਪਾ ਕੇ ਰਹੇ ਭੜਕਾਉਂਦੇ।
ਕਿਸਾਨੀ ਘੋਲ ਨੇ 'ਕੱਠੇ ਕਰ'ਤੇ,
ਪੁਰਾਣੇ ਪੰਜਾਬ ਦੀਆਂ ਬਾਤਾਂ ਪਾਉਂਦੇ।
ਲੋਟੂ ਸਰਕਾਰਾਂ ਨੂੰ ਬੈਠ ਫਿਟਕਾਰਨ,
ਏਕੇ ਵਿਚ ਬਰਕਤ ਦੀ ਗੱਲ ਦੁਹਰਾਉਂਦੇ।

*-ਦਵਿੰਦਰ ਕੌਰ*

---

ਕੀਤੀ ਕਿਰਤ ਕਮਾਈ ਸਾਡੀ
ਨਹੀਂ ਜਾਣ ਦੇਣੀ ਅਜਾਈਂ।
ਇਹੋ ਵਿਚਾਰਾਂ ਕਰਦੇ ਸਾਡੇ ਬਾਬੇ
ਇਸ ਦਾ ਹੱਲ ਲੱਭਣਾ ਪੈਣਾ ਭਾਈ।
ਕਿਸਾਨ ਮੋਰਚੇ ਦੀਆਂ ਗੱਲਾਂ
ਹੁਣ ਵਿਚ ਦੁਨੀਆਂ ਦੇ ਹੁੰਦੀਆਂ,
ਸਫਲ ਨਹੀਂ ਹੋਣ ਦੇਣੀਆਂ
ਸਕੀਮਾਂ ਜੋ ਸਰਕਾਰਾਂ ਨੇ ਗੁੰਦੀਆਂ।
ਇੰਜ ਹੀ ਬਣਾਈ ਰੱਖੀਂ ਭਾਈਚਾਰਾ ਰੱਬਾ
ਤਾਂ ਹੀ ਜੱਗ 'ਤੇ ਹੁੰਦੀਆਂ ਕਦਰਾਂ,
ਮਹਾਂ-ਪੰਜਾਬ ਨੂੰ ਬਚਾਈਂ ਬਲਾਵਾਂ ਤੋਂ
ਕਿਤੇ ਫਿਰ ਨਾ ਲੱਗ ਜਾਵਣ ਨਜ਼ਰਾਂ।

*-ਗੋਰਾ ਪ੍ਰਜਾਪਤ, ਨਿਊ ਯਾਰਕ
ਫੋਨ: 718-640-6660*

---

ਸਿਆਸਤੀ ਲੂੰਬੜ ਚਾਲਾਂ ਨਹੀਂ ਚਾਹੁੰਦੀਆਂ
ਸੰਘਰਸ਼ ਕਰਨ ਵਾਲੇ ਇਕੱਠੇ ਹੋਣ।
ਇਤਿਹਾਸਕ ਕਿਸਾਨੀ ਸੰਘਰਸ਼ ਦੇ ਏਕੇ ਨੇ
ਦਿੱਲੀ ਦੇ ਹਾਕਮਾਂ ਨੂੰ ਲਾ'ਤਾ ਰੋਣ।
ਫੁੱਟ-ਪਾਊ, ਟੋਟੇ-ਟੋਟੇ ਗੈਂਗ ਸੋਚਦਾ
ਮਹਾਂ-ਪੰਜਾਬ 'ਚ ਫੁੱਟ ਪਾ ਕੇ
ਮੁੱਕ ਜਾਊ ਇਹ ਲੜਾਈ।
ਪਰ ਅੱਖੀਂ ਦੇਖਿਆ, ਖਿੱਚੀਆਂ ਤਸਵੀਰਾਂ
ਦੁੱਖ-ਸੁੱਖ ਪੁੱਛਦੇ ਲੱਗਦੇ ਹਨ
ਕਿਸਾਨ ਸਾਰੇ ਭਾਈ-ਭਾਈ।

*-ਅਮਰਜੀਤ ਸਿੰਘ ਤੂਰ
ਫੋਨ: 91-98784-69639*

---

ਪਿੰਡ ਪਿੰਡ ਥੜ੍ਹਿਆਂ 'ਤੇ ਹਰ ਪਾਸੇ
ਨਜ਼ਰ ਆਉਣ ਲੱਗੇ ਲੋਕਾਂ ਦੇ ਹਜੂਮ
ਹਰ ਇਕ ਦੇ ਮੂੰਹ 'ਚ ਮਸਲਾ ਇਕੋ
ਕਿਸਾਨ ਸੰਘਰਸ਼ ਕਿਸ ਮੋੜ 'ਤੇ ਹੈ
ਕਿੰਜ ਕਾਲੇ ਕਾਨੂੰਨ ਭੰਗ ਹੋਣਗੇ
ਆਪਣਾ ਘਰੇਲੂ ਗੁੱਭ ਗੁਭਾਟ ਕੱਢ
ਮਨ ਹਲਕਾ ਕਰ ਲੈਂਦੇ
ਸਾਂਝੇ ਮਸਲੇ ਨੇ ਪਿਆਰ
ਨੇੜਤਾ ਅਟੁੱਟ ਕਰ ਦਿਖਾਈ।

*-ਦਰਸ਼ਨਪਾਲ ਦੋਸਾਂਝ*

# ਕਿਸਾਨ ਸੰਘਰਸ਼ ਅਤੇ ਬੇ-ਜ਼ਮੀਨਿਆਂ ਦਾ ਸਵਾਲ

ਕਿਸਾਨ ਅੰਦੋਲਨ ਆਪਣੇ ਪੂਰੇ ਜਲੌਅ ਵਿਚ ਹੈ। ਅਨਪੜ੍ਹ ਕਹੇ ਜਾਣ ਵਾਲੇ ਕਿਸਾਨਾਂ ਦੇ ਇਤਿਹਾਸਕ ਸੰਘਰਸ਼ ਨੇ ਬਹੁਤਿਆਂ ਦੇ ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ। ਇਸ ਨੇ ਏਕਤਾ, ਅਖੰਡਤਾ, ਪਿਆਰ, ਸਮੂਹਿਕਤਾ ਤੇ ਭਾਈਚਾਰਕ ਸਾਂਝ ਦਾ ਨਵਾਂ-ਨਿਵੇਕਲਾ ਅਧਿਆਇ ਲਿਖ ਦਿੱਤਾ ਹੈ। ਇਨ੍ਹਾਂ ਨੇ ਦੱਸ ਦਿੱਤਾ ਹੈ ਕਿ ਜਾਬਰ ਹਕੂਮਤਾਂ ਖਿਲਾਫ ਸੰਘਰਸ਼ ਕਿਵੇਂ ਵਿੱਢੀਦੇ ਹਨ। ਇਸ ਸਮੂਹਕ ਕਿਸਾਨੀ ਸੰਘਰਸ਼ ਨੇ ਰਵਾਇਤੀ ਮੌਕਾਪ੍ਰਸਤ, ਵੰਡ-ਪਾਊ, ਫਿਰਕੂ ਤੇ ਵੋਟ ਬਟੋਰੂ ਪਾਰਟੀਆਂ ਨੂੰ ਖੂੰਜੇ ਲਾ ਦਿੱਤਾ ਹੈ। ਸਾਰੇ ਫੁੱਟਪਾਊ ਦਾਅ-ਪੇਚ ਅਸਫਲ ਹੋ ਰਹੇ ਹਨ। ਕਿਸਾਨੀ ਸੰਘਰਸ਼ ਆਪਣੀ ਇਤਿਹਾਸਕ ਵਿਆਕਰਨ ਲਿਖ ਰਿਹਾ ਹੈ।

**ਸੰਦੀਪ ਕੁਮਾਰ**
ਫੋਨ: +91-99156-12322

ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਲੋਕਾਂ ਨੇ ਆਪਣੇ ਦੁਸ਼ਮਣ ਤੇ ਦੋਸਤਾਂ ਦੀ ਪਛਾਣ ਕਰ ਲਈ ਹੈ। ਪੰਜਾਬ ਦੇ ਬੱਚੇ-ਬੱਚੇ ਨੂੰ ਗੱਲ ਸਮਝ ਪੈ ਰਹੀ ਹੈ ਕਿ ਪੰਜਾਬੀਅਤ ਦਾ ਦੁਸ਼ਮਣ ਦੇਸੀ, ਵਿਦੇਸ਼ੀ ਪੂੰਜੀਪਤੀ ਤੇ ਇਨ੍ਹਾਂ ਦੀਆਂ ਦਲਾਲ ਪਾਰਟੀਆਂ ਹਨ। ਅੰਬਾਨੀ, ਅਡਾਨੀ ਤੇ ਮੋਦੀ ਸਾਫ ਚਿਹਰੇ ਹਨ ਜੋ ਜ਼ਮੀਨਾਂ 'ਤੇ ਕਬਜ਼ਾ ਕਰਨ ਅਤੇ ਆਮ ਲੋਕਾਈ ਨੂੰ ਸ਼ਰ੍ਹੇਆਮ ਲੁੱਟਣ ਲਈ ਕਾਹਲੇ ਹਨ। ਲੋਕ ਚੇਤਨਾ 'ਚੋਂ 'ਬੱਚਾ ਬੱਚਾ ਝੋਕ ਦਿਆਂਗੇ, ਜ਼ਮੀਨ ਤੇ ਕਬਜ਼ਾ ਰੋਕ ਦਿਆਂਗੇ' ਵਰਗੇ ਨਾਅਰੇ ਬੁਲੰਦ ਹੋ ਰਹੇ ਹਨ।

ਇਹ ਸੰਘਰਸ਼ ਹੁਣ ਤੱਕ ਹੋਏ ਸੰਘਰਸ਼ਾਂ ਤੋਂ ਵੱਖਰਾ ਹੈ ਤੇ ਇਸ ਦੀ ਕਾਮਯਾਬੀ ਦੇ ਕਾਰਨ ਸਾਡੇ ਲਈ ਸਮਝਣੇ ਬਹੁਤ ਜ਼ਰੂਰੀ ਹਨ। ਪਹਿਲਾ ਵੱਡਾ ਕਾਰਨ ਕਿਸਾਨਾਂ-ਮਜ਼ਦੂਰਾਂ ਦੀ ਰਾਜਨੀਤਕ, ਸਮਾਜਿਕ ਤੇ ਸੱਭਿਆਚਾਰਕ ਪਛਾਣ ਹੋਰ ਸਾਰੀਆਂ ਪਛਾਣਾਂ ਤੋਂ ਵੱਡੀ ਹੋਣਾ ਹੈ। ਜਾਤ, ਧਰਮ, ਲਿੰਗ, ਭਾਸ਼ਾ ਆਧਾਰਤ ਪਛਾਣ ਦੀ ਰਾਜਨੀਤੀ ਦੀਆਂ ਆਪਣੀਆਂ ਸੀਮਾਵਾਂ ਹਨ। ਇਸ ਨੂੰ ਹਾਕਮ ਜਮਾਤਾਂ ਅਲੱਗ-ਅਲੱਗ ਪਛਾਣਾਂ ਨੂੰ ਸੌੜੇ ਪੈਂਤੜਿਆਂ ਨਾਲ ਆਪਸ ਵਿਚ ਲੜਾ ਕੇ ਆਪਣੇ ਹੱਕ ਵਿਚ ਭੁਗਤਾ ਜਾਂਦੀਆਂ ਹਨ। ਭਾਜਪਾ ਦਾ ਹਿੰਦੀ-ਹਿੰਦੂ-ਹਿੰਦੂਤਵ ਏਜੰਡਾ ਪਛਾਣ ਰਾਜਨੀਤੀ ਦੇ ਕਾਟ ਵਜੋਂ ਇਸਤੇਮਾਲ ਕਰਦੀ ਆ ਰਹੀ ਹੈ। ਕਿਸਾਨ-ਮਜ਼ਦੂਰ ਏਕਤਾ ਦੀ 'ਸਮੂਹਿਕ ਪਛਾਣ' ਖਾਸ ਕਰ ਕੇ ਭਾਜਪਾ ਨੂੰ ਤੇ ਆਮ ਕਰ ਕੇ ਪਛਾਣ ਰਾਜਨੀਤੀ ਨੂੰ ਕਰਾਰੀ ਮਾਤ ਦਿੱਤੀ ਹੈ। ਕਿਸਾਨ-ਮਜ਼ਦੂਰ ਦੀ ਪਛਾਣ ਬਾਕੀ ਸਭ ਪਛਾਣਾਂ ਨੂੰ ਆਪਣੇ 'ਚ ਸਮਾ ਲੈਂਦੀ ਹੈ। ਹਰ ਧਰਮ, ਜਾਤ, ਖਿੱਤਾ, ਭਾਸ਼ਾ, ਲਿੰਗ ਵਾਲੇ ਆਮ ਤੌਰ 'ਤੇ ਕਿਸਾਨ ਜਾਂ ਮਜ਼ਦੂਰ ਹਨ। ਇਹੀ ਵੱਡੀ ਪਛਾਣ, ਇਸ ਸਮੇਂ ਭਾਜਪਾ ਲਈ ਸਿਰਦਰਦੀ ਬਣੀ ਹੋਈ ਹੈ। ਕਦੇ ਖਾਲਿਸਤਾਨੀ, ਕਦੇ ਮਾਓਵਾਦੀ, ਕਦੇ ਵੱਖਵਾਦੀ ਆਦਿ ਦੇ ਠੱਪੇ ਲਾ ਕੇ ਸੰਘਰਸ਼ ਨੂੰ ਤਾਰਪੀਡੋ ਕਰਨ ਦੀਆਂ ਸਭ ਚਾਲਾਂ ਮੂਧੇ ਮੂੰਹ ਪੈ ਰਹੀਆਂ ਹਨ।

ਦੂਜਾ ਵੱਡਾ ਕਾਰਨ ਹੈ ਇਸ ਸੰਘਰਸ਼ ਦਾ ਜਥੇਬੰਦਕ ਹੋਣਾ ਹੈ। ਪੰਜਾਬ ਵਿਚ ਕਿਸਾਨ ਤੇ ਇੱਕ ਹੱਦ ਤੱਕ ਮਜ਼ਦੂਰ ਯੂਨੀਅਨ ਕਾਫੀ ਮਜ਼ਬੂਤ ਹਨ। ਇਸ ਦੀ ਘਾਟ ਹਰਿਆਣਾ ਤੇ ਹੋਰਨਾਂ ਰਾਜਾਂ ਵਿਚ ਸਾਫ ਝਲਕਦੀ ਹੈ। ਜਥੇਬੰਦੀ ਹੋਣ ਦੀ ਕੀ ਅਹਿਮੀਅਤ ਹੁੰਦੀ ਹੈ; ਜਥੇਬੰਦ ਹੋਣ ਦੀ ਕੀ ਲੋੜ ਹੁੰਦੀ ਹੈ, ਉਹ ਇਸ ਲੋਕ ਲਹਿਰ ਨੇ ਕਾਫੀ ਵਧੀਆ ਤਰੀਕੇ ਨਾਲ ਸਿਖਾਇਆ ਹੈ। ਨਾਗਰਿਕਤਾ ਕਾਨੂੰਨ ਵੇਲੇ ਹੋਏ ਵਿਸ਼ਾਲ ਪ੍ਰਦਰਸ਼ਨਾਂ ਵਿਚ ਲਗਭਗ ਲੋਕਾਈ ਦੇ ਹਰ ਜਾਗਦੀ ਜ਼ਮੀਰ ਵਾਲਿਆਂ ਨੇ ਹਿੱਸਾ ਲਿਆ ਸੀ, ਪਰ ਆਪਣੀਆਂ ਜਥੇਬੰਦੀਆਂ ਦੀ ਅਣਹੋਂਦ ਤੇ ਸੰਘਰਸ਼ ਜਥੇਬੰਦਕ ਨਾ ਹੋਣ ਕਰ ਕੇ ਕਰੋਨਾ ਦੀ ਭੇਟ ਚੜ੍ਹ ਗਿਆ। ਦੂਜੇ ਪਾਸੇ, ਜਥੇਬੰਦੀਆਂ ਹੋਣ ਕਰ ਕੇ, ਕਰੋਨਾ ਨੂੰ ਲਾਂਭੇ ਕਰ ਕੇ ਕਿਸਾਨੀ ਅੰਦੋਲਨ ਨੂੰ ਪੱਕੇ ਪੈਰੀਂ ਕਰਨ 'ਚ ਕਾਮਯਾਬ ਹੋਈਆਂ ਹਨ। ਇਸ ਲਈ ਇਨਕਲਾਬੀ ਤੇ ਪੱਕੇ ਇਰਾਦੇ ਵਾਲੀਆਂ ਜਥੇਬੰਦੀਆਂ ਤੇ ਆਮ ਲੋਕਾਈ ਦੀ ਰਾਜਨੀਤਕ ਪ੍ਰਪੱਕਤਾ ਇਸ ਸੰਘਰਸ਼ ਦੀ ਸਭ ਤੋਂ ਵੱਡੀ ਸਿੱਖਿਆ ਹੈ। ਐਵੇਂ ਨਹੀਂ ਕਿ ਮੌਜੂਦਾ ਕਿਸਾਨ ਜਥੇਬੰਦੀਆਂ 'ਚ ਵੋਟਾਂ ਵਾਲੀਆਂ ਪਾਰਟੀਆਂ ਨਾਲ ਸਬੰਧਤ ਕਿਸਾਨੀ ਸੰਗਠਨ ਨਹੀਂ ਹਨ। ਇਹ ਮੋਟੇ ਰੂਪ 'ਚ ਥੋੜ੍ਹੀ ਬਹੁਤ ਸਿਆਸੀ ਸਮਝ ਵਾਲਿਆਂ ਨੂੰ ਪਤਾ ਹੀ ਹੈ ਕਿ ਕਿਹੜੀ ਜਥੇਬੰਦੀ ਕਿਸ ਦੇ ਨੇੜੇ ਰਹੀ ਹੈ ਜਾਂ ਕਿਸ ਪਾਰਟੀ ਪ੍ਰਤੀ ਜਾਂ ਕਿਸ ਵਿਚਾਰਧਾਰਾ ਵੱਲ ਝੁਕਾਅ ਰੱਖਦੀ ਹੈ ਪਰ ਇਸ ਲੋਕ ਲਹਿਰ ਨੇ ਨਾ ਸਿਰਫ ਰਵਾਇਤੀ ਵੋਟ-ਬਟੋਰੂ ਪਾਰਟੀਆਂ ਨੂੰ ਬਲਕਿ ਸਮਝੌਤਾਵਾਦੀ ਜਥੇਬੰਦੀਆਂ ਨੂੰ ਵੀ ਕਿਸਾਨੀ ਅੰਦੋਲਨ ਵੱਲ ਘੜੀਸ ਲੈ ਆਂਦਾ ਹੈ ਪਰ ਸਾਨੂੰ ਉਨ੍ਹਾਂ ਕ੍ਰਾਂਤੀਕਾਰੀ ਕਿਸਾਨ ਜਥੇਬੰਦੀਆਂ ਨੂੰ ਸਿਜਦਾ ਕਰਨਾ ਬਣਦਾ ਹੈ ਜਿਨ੍ਹਾਂ ਨੇ ਦਹਾਕਿਆਂ ਤੱਕ ਬਿਨਾਂ ਸਮਝੌਤਾ ਕੀਤਿਆਂ ਲਗਾਤਾਰ ਕਿਸਾਨਾਂ-ਮਜ਼ਦੂਰਾਂ ਤੇ ਸਮਾਜ ਦੇ ਹਰ ਦੱਬੇ-ਕੁਚਲੇ ਤਬਕਿਆਂ ਲਈ ਆਵਾਜ਼ ਬੁਲੰਦ ਕਰਦੀਆਂ ਆ ਰਹੀਆਂ ਹਨ ਤੇ ਇਸ ਸੰਘਰਸ਼ ਵਿਚ ਵੀ ਮੋਹਰੀ ਭੂਮਿਕਾ ਨਿਭਾ ਰਹੀਆਂ ਹਨ। ਇਸ ਅੰਦੋਲਨ ਦੀ ਅਗਵਾਈ ਲੋਕ, ਕਿਸਾਨ ਜਥੇਬੰਦੀਆਂ ਜ਼ਰੀਏ ਆਪ ਕਰ ਰਹੇ ਹਨ। ਲੋਕਾਂ ਦੀ ਸਮੂਹਕ ਰਾਜਨੀਤਕ ਤੇ ਇਖਲਾਕੀ ਚੇਤਨਾ ਜਥੇਬੰਦੀਆਂ ਨੂੰ ਟੱਸ ਤੋਂ ਮੱਸ ਨਹੀਂ ਹੋਣ ਦੇਵੇਗੀ।

ਕਿਸਾਨੀ ਸਮਜ ਨੇ ਦਰਸਾ ਦਿੱਤਾ ਹੈ ਕਿ ਉਸ ਨੂੰ ਸਭ ਪਤਾ ਹੈ ਕਿ ਇਹ ਮਸਲਾ ਸਿਰਫ ਐਮ.ਐਸ.ਪੀ. ਦਾ ਨਹੀਂ ਹੈ, ਇਹ ਪੱਕੀ ਸਰਕਾਰੀ ਖਰੀਦ ਤੇ ਨਿੱਜੀ ਖੇਤਰ ਨੂੰ ਖੇਤੀ 'ਚੋਂ ਬਾਹਰ ਕੱਢਣ ਨਾਲ ਜੁੜਿਆ ਹੋਇਆ ਹੈ। ਐਮ.ਐਸ.ਪੀ ਤੇ ਸਰਕਾਰੀ ਮੰਡੀਆਂ ਦੋਵੇਂ ਆਪਸ ਵਿਚ ਜੁੜੇ ਹੋਏ ਹਨ ਤੇ ਇੱਕੋ ਮੰਗ ਦਾ ਹਿੱਸਾ ਹੈ; ਭਾਵ, ਸਰਕਾਰੀ ਮੰਡੀ ਤੋਂ ਬਿਨਾਂ ਐਮ.ਐਸ.ਪੀ. ਦਾ ਕੋਈ ਮਤਲਬ ਨਹੀਂ ਹੈ।

ਉਹ ਇਸ ਗੱਲ ਤੋਂ ਵੀ ਅਣਜਾਣ ਨਹੀਂ ਕਿ ਝੋਨਾ ਤੇ ਕਣਕ ਦਾ ਫਸਲੀ ਚੱਕਰ ਪੰਜਾਬ ਲਈ ਕੋਈ ਮਸੀਹਾ ਨਹੀਂ ਹੈ। ਉਹ ਜਾਣਦੇ ਨੇ ਕਿ ਸਾਰੀਆਂ ਫਸਲਾਂ ਦੀ ਪੱਕੀ ਸਰਕਾਰੀ ਖਰੀਦ ਤੇ ਐਮ.ਐਸ.ਪੀ. ਜਦੋਂ ਤਕ ਨਹੀਂ ਹੁੰਦੀ ਉਦੋਂ ਤੱਕ ਉਹ ਝੋਨੇ ਤੇ ਕਣਕ ਦੇ ਫਸਲੀ ਚੱਕਰ 'ਚੋਂ ਨਹੀਂ ਨਿਕਲ ਸਕਦੇ। ਇਹ ਸਮਝ ਯੂਨੀਵਰਸਿਟੀਆਂ 'ਚ ਬੈਠੇ ਬਹੁਤ ਸਾਰੇ ਖੇਤੀ ਵਿਦਵਾਨਾਂ ਨੂੰ ਸਮਝ ਨਹੀਂ ਪੈਂਦੀ। ਖੇਤੀ ਕਾਨੂੰਨਾਂ ਦਾ ਅਸਰ ਐਨਾ ਵਿਆਪਕ ਹੋਣ ਵਾਲਾ ਹੈ ਕਿ ਇਸ ਨਾਲ ਅਡਾਨੀਆਂ, ਅੰਬਾਨੀਆਂ, ਮੋਦੀਆਂ, ਸ਼ਾਹਾਂ ਨੂੰ ਛੱਡ ਕੇ ਹਰ ਤਬਕਾ ਪ੍ਰਭਾਵਿਤ ਹੋਣ ਵਾਲਾ ਹੈ। ਕੰਟਰੈਕਟ ਖੇਤੀ, ਨਿੱਜੀ ਮੰਡੀਆਂ ਦੇ ਆਉਣ ਨਾਲ ਤੇ ਘੱਟੋ-ਘੱਟ ਸਮਰਥਨ ਮੁੱਲ ਤੇ ਸਰਕਾਰੀ ਖਰੀਦ ਦੇ ਖਾਤਮੇ ਨਾਲ ਕਿਸਾਨੀ ਉਤੇ ਸਿੱਧੀ ਮਾਰ ਪੈਣੀ ਤੈਅ ਹੈ ਜਦੋਂਕਿ ਜ਼ਰੂਰੀ ਵਸਤਾਂ ਦੀ ਜਮਾਖੋਰੀ ਤੇ ਕਾਲਾ ਬਾਜ਼ਾਰੀ ਨਾਲ ਹਰ ਤਬਕੇ ਉਪਰ ਪ੍ਰਭਾਵ ਪੈਣਾ ਹੈ।

ਇਨ੍ਹਾਂ ਸਾਰੇ ਕਾਨੂੰਨਾਂ ਨਾਲ ਖਾਸ ਕਰ ਕੇ ਦਲਿਤ ਸਮਾਜ ਨੂੰ ਜਨਤਕ ਪ੍ਰਣਾਲੀ ਰਾਹੀਂ ਮਿਲਦੀਆਂ ਜ਼ਰੂਰੀ ਵਸਤਾਂ ਖਤਮ ਹੋ ਜਾਣਗੀਆਂ; ਭਾਵ, ਕਿਸਾਨਾਂ ਲਈ ਜ਼ਮੀਨ ਬਚਾਉਣ ਦੀ, ਖੇਤ ਮਜ਼ਦੂਰਾਂ ਤੇ ਖੇਤੀ ਧੰਦੇ ਨਾਲ ਜੁੜੇ ਹੋਰ ਮਜ਼ਦੂਰਾਂ ਲਈ ਦਿਹਾੜੀ ਬਚਾਉਣ ਦੀ, ਸੰਘੀ ਢਾਂਚੇ ਨੂੰ ਬਚਾਉਣ ਦੀ ਤੇ ਆਮ ਲੋਕਾਂ ਲਈ ਮਹਿੰਗਾਈ ਤੋਂ ਬਚਣ ਦੀ ਲੜਾਈ ਹੈ। ਇਸ ਕਰ ਕੇ, ਇਹ ਨਿਰਣਾਇਕ ਲੜਾਈ, ਰਾਜਨੀਤਕ, ਸਮਾਜਕ, ਆਰਥਕ, ਸਭਿਆਚਾਰਕ ਦੇ ਨਾਲ-ਨਾਲ ਪੰਜਾਬ ਦੀ ਇਹ ਹੋਂਦ ਦੀ ਵੀ ਲੜਾਈ ਹੈ। ਕਿਸਾਨੀ ਸੰਘਰਸ਼ ਨੇ ਇਸ ਨੂੰ ਨਵਾਂ ਮੋੜ ਦਿੰਦਿਆਂ ਇਸ ਨੂੰ ਮੋਦੀ-ਭਾਜਪਾ ਦੀ ਹੋਂਦ ਦੀ ਲੜਾਈ ਵੀ ਬਣਾ ਛੱਡਿਆ ਹੈ। ਸੰਘਰਸ਼ ਨੂੰ ਹੋਰ ਮਜ਼ਬੂਤ ਤੇ ਵਿਆਪਕ ਕਰਨ ਦੇ ਪੁਆਇੰਟ ਤੋਂ ਇੱਕ-ਦੋ ਜ਼ਰੂਰੀ ਪਹਿਲੂਆਂ 'ਤੇ ਜ਼ੋਰ ਦੇਣ ਦੀ ਲੋੜ ਹੈ, ਜੋ ਇਸ ਲੇਖ ਦਾ ਮੁੱਖ ਮੰਤਵ ਵੀ ਹੈ। ਪਹਿਲਾ, ਆਗੂ ਧਿਰਾਂ ਨੂੰ, ਖੇਤ ਮਜ਼ਦੂਰਾਂ ਖਾਸ ਕਰ ਕੇ ਦਲਿਤ ਸਮਾਜ ਨੂੰ ਅਲੱਗ ਸਪੈਸ਼ਲ ਪ੍ਰੋਗਰਾਮ ਉਲੀਕ ਕੇ ਸੰਘਰਸ਼ ਨਾਲ ਜੋੜਨ ਦਾ ਹੰਭਲਾ ਮਾਰਨ ਦੀ ਫੌਰੀ ਲੋੜ ਹੈ।

ਖੇਤੀ ਦੇ ਦੋ ਕਾਨੂੰਨਾਂ (ਐਮ.ਐਸ.ਪੀ., ਪ੍ਰਾਈਵੇਟ ਮੰਡੀਆਂ ਦੀ ਐਂਟਰੀ ਤੇ ਕਾਰਪੋਰੇਟ ਫਾਰਮਿੰਗ) ਬਾਰੇ ਕਿਸਾਨੀ 'ਤੇ ਅਸਰ ਬਾਰੇ ਕਾਫੀ ਚਰਚਾ ਹੋਈ ਹੈ ਤੇ ਲੋਕਾਂ ਦੇ ਜ਼ਿਹਨ ਵਿਚ ਇਹ ਗੱਲ ਘਰ ਵੀ ਗਈ ਹੈ ਕਿ ਇਹ ਜ਼ਮੀਨਾਂ ਤੇ ਫਸਲਾਂ ਦੇ ਭਾਅ ਬਚਾਉਣ ਦੀ ਲੜਾਈ ਹੈ। ਪਰ ਜਮਾਖੋਰੀ ਵਾਲੇ ਕਾਨੂੰਨ ਦਾ ਦਲਿਤ ਤੇ ਹੋਰ ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਕਿਵੇਂ ਹੋਰ ਖੂੰਜੇ ਨਾਲ ਲਾਵੇਗਾ, ਇਸ ਬਾਰੇ ਦਲਿਤ ਸਮਾਜ ਤੇ ਗਰੀਬ ਤਬਕੇ ਨੂੰ ਵੱਡੇ ਪੱਧਰ 'ਤੇ ਅਸੀਂ ਜੋੜ ਨਹੀਂ ਪਾਏ ਹਾਂ। ਬਾਕੀ ਦਲਿਤ ਸਮਾਜ ਦਾ ਇੱਕ ਹਿੱਸਾ ਝੋਨੇ ਵੇਲੇ ਹੋਏ ਬਾਈਕਾਟ ਕਾਰਨ ਤੇ ਪੰਚਾਇਤੀ ਜ਼ਮੀਨਾਂ ਵਿਚ ਦਲਿਤਾਂ ਦੇ ਇੱਕ ਤਿਹਾਈ ਹਿੱਸਾ ਲੈਣ ਦੇ ਸੰਘਰਸ਼ ਵਿਚ ਹੋਏ ਵਤੀਰੇ ਤੋਂ ਨਾਰਾਜ਼ਗੀ ਦੇ ਬਾਵਜੂਦ ਵੱਡਾ ਦਿਲ ਕਰ ਕੇ ਅੰਦੋਲਨ ਵਿਚ ਸ਼ਿਰਕਤ ਕਰ ਵੀ ਰਿਹਾ ਹੈ। ਇਸ ਲਈ ਇਸ ਅੰਦੋਲਨ ਨੂੰ ਆਪਣੀ ਸਟੇਜ ਤੋਂ ਬੇ-ਜ਼ਮੀਨੇ ਤਬਕੇ ਲਈ ਜ਼ਮੀਨ ਵੰਡਣ ਦੇ ਸਵਾਲ ਨੂੰ ਰਾਜਨੀਤਕ ਚਰਚਾ ਦਾ ਵਿਸ਼ਾ ਬਣਾਉਣਾ ਚਾਹੀਦਾ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਵੱਡੀ ਆਬਾਦੀ ਬੇ-ਜ਼ਮੀਨਿਆਂ ਦੀ ਹੈ ਜਿਸ ਵਿਚ ਦਲਿਤ ਬਹੁਗਿਣਤੀ ਦੀ ਹੈ। ਇਹ ਤਬਕਾ ਜ਼ਿਆਦਾਤਰ ਖੇਤ ਮਜ਼ਦੂਰਾਂ ਵਿਚ ਆਉਂਦਾ ਹੈ। ਖੇਤ ਮਜ਼ਦੂਰਾਂ ਦਾ ਕਿਸਾਨੀ ਨਾਲ 'ਸੰਘਰਸ਼ ਵਾਲਾ ਤੇ ਏਕੇ ਵਾਲਾ' ਦੋਵੇਂ ਰਿਸ਼ਤੇ ਹਨ। ਸੰਘਰਸ਼ ਵਾਲਾ ਰਿਸ਼ਤੇ ਦਾ ਮਤਲਬ ਖੇਤ ਮਜ਼ਦੂਰ ਦਾ ਖੇਤ ਮਾਲਕ ਨਾਲ 'ਮਾਲਕ ਤੇ ਮਜ਼ਦੂਰ' ਵਾਲਾ ਰਿਸ਼ਤਾ ਹੈ ਜੋ 'ਜ਼ਮੀਨ ਹਲ ਵਾਹਕ ਦੀ' ਦੇ ਨਾਅਰੇ ਨਾਲ ਮੇਲ ਨਹੀਂ ਖਾਂਦਾ। ਦੂਜਾ, ਖੇਤੀ ਵਿਚ ਸਾਮਰਾਜੀ ਲੁੱਟ ਜਿਸ ਦੀ ਅਗਵਾਈ ਦਿੱਲੀ ਵਿਚ ਬੈਠੀਆਂ ਸਰਕਾਰਾਂ ਕਰਦੀਆਂ ਨੇ, ਖਿਲਾਫ ਲੜਾਈ ਵਿਚ ਖੇਤ ਮਜ਼ਦੂਰਾਂ ਦਾ ਪਚਾਸੀ ਫੀਸਦੀ ਵਾਲੀ ਛੋਟੀ ਤੇ ਦਰਮਿਆਨੀ ਕਿਸਾਨੀ ਦਾ ਭਾਈਵਾਲ ਹੈ।

ਖੇਤੀ ਵਿਚ ਇੱਕ ਛੋਟਾ ਜਿਹਾ ਤਬਕਾ ਉਨ੍ਹਾਂ ਧਨੀ ਖੇਤ ਮਾਲਕਾਂ ਦਾ ਹੈ ਜਿਨ੍ਹਾਂ ਕੋਲ ਸੈਂਕੜੇ ਤੇ ਕਈਆਂ ਕੋਲ ਹਜ਼ਾਰਾਂ ਏਕੜਾਂ ਦੀ ਮਲਕੀਅਤ ਹੈ। ਕਈ ਮੰਤਰੀਆਂ, ਵਿਧਾਇਕਾਂ, ਅਫਸਰਾਂ ਨੇ ਆਪਣੀ ਸਿਆਸੀ ਤਾਕਤ ਵਰਤ ਕੇ ਸੈਂਕੜੇ ਹਜ਼ਾਰਾਂ ਏਕੜ ਰਕਬਿਆਂ ਦੇ ਫਾਰਮ ਹਾਊਸ ਬਣਾਏ ਹੋਏ ਹਨ। ਕਾਰਪੋਰੇਟਾਂ ਨੇ ਐਵੇਂ ਹੀ ਹਜ਼ਾਰਾਂ ਏਕੜ ਜ਼ਮੀਨਾਂ ਕਿਸਾਨਾਂ ਤੋਂ ਖੋਹ ਕੇ ਰੀਅਲ ਅਸਟੇਟ ਦੇ ਧੰਦੇ ਵਿਚ ਲਾ ਰੱਖੀਆਂ ਹਨ। ਇਸ ਤੋਂ ਇਲਾਵਾ ਹਜ਼ਾਰਾਂ ਏਕੜ ਜ਼ਮੀਨਾਂ ਡੇਰਿਆਂ ਨੇ ਦੱਬ ਰੱਖੀਆਂ ਹੋਈਆਂ ਨੇ। ਇਹ ਤਬਕਾ ਮਾਲਕ ਜ਼ਰੂਰ ਹੈ ਪਰ ਕਿਸਾਨ ਨਹੀਂ ਹੈ। ਪੂਰੇ ਭਾਰਤ ਵਿਚ ਇਸ ਤਰ੍ਹਾਂ ਲੱਖਾਂ ਏਕੜ ਜ਼ਮੀਨ ਐਵੇਂ ਪਈ ਹੈ ਜਿਸ ਨੂੰ ਬੇ-ਜ਼ਮੀਨੇ ਤਬਕੇ ਵਿਚ ਵੰਡਣ ਦੀ ਗੱਲਬਾਤ ਚਲਾਉਣੀ ਚਾਹੀਦੀ ਹੈ।

ਇਸ ਦੀ ਸ਼ੁਰੂਆਤ ਪੰਚਾਇਤੀ ਜ਼ਮੀਨਾਂ ਤੇ ਸੈਂਕੜੇ ਅਤੇ ਹਜ਼ਾਰਾਂ ਏਕੜ ਰਕਬਿਆਂ ਦੀ ਬੇ-ਜ਼ਮੀਨੇ ਵਰਗ ਨੂੰ ਦੇਣ ਲਈ ਸੰਘਰਸ਼ ਵਿੱਢਿਆ ਜਾਵੇ। ਜ਼ਮੀਨ ਵੰਡ ਨੂੰ 'ਜ਼ਮੀਨ ਹੱਲ ਵਾਹਕ ਦੀ' ਦੇ ਸਿਧਾਂਤ ਤਹਿਤ ਦਾ ਘੇਰਾ ਹੋਰ ਵਿਸ਼ਾਲ ਕਰਨ ਦੀ ਲੋੜ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਇਹ ਪੰਜਾਬ ਦੀ ਹੋਂਦ ਦੀ ਲੜਾਈ ਹੈ ਤਾਂ ਸਾਨੂੰ ਇਸ ਪੰਜਾਬ ਦੀ ਹੋਂਦ ਦੇ ਘੇਰੇ ਨੂੰ ਹੋਰ ਵਿਸ਼ਾਲ ਤੇ ਹੋਰ ਜਮਹੂਰੀ ਕਰਨ ਦੀ ਫੌਰੀ ਲੋੜ ਹੈ। ਬੇ-ਜ਼ਮੀਨੇ ਵਰਗ ਖਾਸ ਕਰ ਕੇ ਦਲਿਤ ਸਮਾਜ ਨੂੰ ਵੀ ਮਾਲਕ ਤੇ ਪੰਜਾਬ ਦੀ ਹੋਂਦ ਦਾ ਬਰਾਬਰ ਦਾ ਭਾਗੀਦਾਰ ਬਣਾਉਣ ਦੀ ਕਵਾਇਦ ਸ਼ੁਰੂ ਕਰਨ 'ਚ ਦੇਰੀ ਨਹੀਂ ਕਰਨੀ ਚਾਹੀਦੀ। ਇਸ ਸ਼ੁੱਭ ਕਾਰਜ ਲਈ, ਇਹ ਲੋਕ ਲਹਿਰ ਸਭ ਤੋਂ ਢੁੱਕਵੀਂ ਹੈ।

ਬੰਦਾ ਸਿੰਘ ਬਹਾਦਰ ਇਸ ਸ਼ਾਨਾਮੱਤੀ ਕਿਸਾਨੀ ਘੋਲ ਦੇ ਮਾਰਗਦਰਸ਼ਕ ਹਨ। ਬੰਦਾ ਸਿੰਘ ਬਹਾਦਰ ਨੇ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਸੀ। ਇਸ ਘੋਲ ਦੇ ਦਾਇਰੇ ਨੂੰ ਹੋਰ ਵਿਸ਼ਾਲ ਕਰਨ ਲਈ ਜ਼ਰੂਰੀ ਹੈ ਕਿ ਸਾਨੂੰ ਬੰਦਾ ਸਿੰਘ ਬਹਾਦਰ ਵੱਲੋਂ ਦਿੱਤੇ ਤੇ ਨਾਅਰੇ 'ਜ਼ਮੀਨ ਹੱਲ ਵਾਹਕ' ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ। ਹਜ਼ਾਰਾਂ ਲੱਖਾਂ ਏਕੜ ਜ਼ਮੀਨ ਦੀ ਵੰਡ ਨਾਲ ਦਲਿਤਾਂ ਤੇ ਹੋਰ ਬੇ-ਜ਼ਮੀਨਿਆਂ ਨੂੰ ਵੀ ਮਾਲਕ ਬਣਾਉਣ ਦੀ ਗੱਲ ਛੇੜਨੀ ਚਾਹੀਦੀ ਹੈ।

---

# ਨਵ-ਉਦਾਰਵਾਦ ਦੀ ਸਿਆਸਤ

ਭਾਰਤ ਨਵ-ਉਦਾਰਵਾਦੀ ਨੀਤੀਆਂ ਤਹਿਤ ਖੁੱਲ੍ਹੀ ਮੰਡੀ ਦਾ ਰੂਪ ਲੈ ਚੁੱਕਾ ਹੈ। ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋਫੈਸਰ ਮਿਲਟਨ ਫਾਇਰਡਮੈਨ ਵਰਗੇ ਕਈਆਂ ਦਾ ਨਵ-ਉਦਾਰਵਾਦੀ ਨੀਤੀਆਂ ਪਿੱਛੇ ਦਿਮਾਗ ਹੈ ਜਿਸ ਨੇ ਨਵ-ਉਦਾਰਵਾਦੀ ਪ੍ਰੋਜੈਕਟ ਦੀ ਸ਼ੁਰੂਆਤ ਲਾਤੀਨੀ ਅਮਰੀਕਾ ਦੇ ਦੇਸ਼ ਚਿੱਲੀ ਦੇ ਤਾਨਾਸ਼ਾਹ ਪਿਨੋਚੇ ਦਾ ਸਲਾਹਕਾਰ ਬਣ ਕੇ ਕੀਤੀ ਸੀ। ਉਸ ਨੇ ਨਵ-ਉਦਾਰਵਾਦੀ ਸਲਾਹ ਦਿੱਤੀ ਕਿ ਟੈਕਸਾਂ ਵਿਚ ਕਟੌਤੀ, ਖੁੱਲ੍ਹੇ ਵਪਾਰ, ਜਨਤਕ ਸੇਵਾਵਾਂ ਦਾ ਨਿਜੀਕਰਨ, ਸਮਾਜ ਭਲਾਈ ਦੇ ਕੰਮਾਂ ਵਿਚ ਕਟੌਤੀ, ਆਰਥਿਕ ਰੋਕਾਂ ਹਟਾਉਣ

**ਡਾ. ਕੁਲਦੀਪ ਸਿੰਘ**
ਫੋਨ: +91-98151-15429

ਨਾਲ ਚਿੱਲੀ ਦੀ ਕਾਇਆ ਕਲਪ ਹੋ ਜਾਵੇਗੀ। ਤੱਤ ਰੂਪ ਵਿਚ 'ਸ਼ਿਕਾਗੋ ਸਕੂਲ' ਦਾ ਇਹ 'ਪਹਿਲਾ ਇਨਕਲਾਬ' ਸੀ। ਪ੍ਰੋ. ਫਰਾਇਡਮੈਨ ਨੂੰ ਬਰਤਾਨੀਆ ਦੀ ਪ੍ਰਧਾਨ ਮੰਤਰੀ ਮਾਰਗਰੈਟ ਥੈਚਰ ਨੇ 'ਬੁਧੀਜੀਵੀ ਆਜ਼ਾਦੀ ਘੁਲਾਟੀਆ' ਕਹਿ ਕੇ ਸਲਾਹਿਆ ਸੀ, ਜਦੋਂ ਉਸ ਨੇ ਇੰਗਲੈਂਡ ਵਿਚ ਨਵ-ਉਦਾਰਵਾਦੀ ਨੀਤੀਆਂ ਦੀ ਸ਼ੁਰੂਆਤ ਕੀਤੀ ਤੇ ਕਿਹਾ ਸੀ- 'ਇਸ ਸੰਸਾਰ ਵਿਚ ਇਸ ਦਾ ਕੋਈ ਬਦਲ ਨਹੀਂ।'

ਫਿਰ ਅਮਰੀਕਾ ਦੇ ਰਾਸ਼ਟਰਪਤੀ ਰੀਗਨ ਨੇ ਨਵ-ਉਦਾਰਵਾਦੀ ਨੀਤੀਆਂ ਨੂੰ 'ਸਿਆਸੀ ਪ੍ਰੋਜੈਕਟ' ਹੀ ਬਣਾ ਲਿਆ ਅਤੇ ਇੱਕ ਤੋਂ ਬਾਅਦ ਦੂਸਰੇ ਮੁਲਕ ਨੂੰ ਕਿਹਾ- 'ਜੰਗ ਕਬੂਲ ਕਰੋ ਜਾਂ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰੋ।' ਅਮਰੀਕਾ ਨੇ ਅਰਜਨਟਾਇਨਾ ਨੂੰ ਕਰਜ਼ੇ ਦੇ ਕੇ ਇਹ ਵਰਤਾਰਾ ਸ਼ੁਰੂ ਕੀਤਾ ਜਿਹੜਾ ਇਰਾਕ ਨੂੰ ਤਬਾਹ ਕਰ ਕੇ ਮੁੜ ਉਸਾਰੀ ਅਤੇ ਸੁਧਾਰਾਂ ਦੇ ਨਾਂ ਹੇਠ ਦੁਨੀਆ ਦੇ ਹਰ ਕੋਨੇ ਵਿਚ ਸਥਾਪਤ ਕੀਤਾ। ਇਸ ਕਾਰਜ ਦੀ ਪੂਰਤੀ ਲਈ ਸੰਸਾਰ ਬੈਂਕ ਅਤੇ ਆਈ.ਐਮ.ਐਫ. ਵਰਗੀਆਂ ਸੰਸਥਾਵਾਂ ਸੁਧਾਰਾਂ ਤਹਿਤ ਮੁੜ ਉਸਾਰੀ ਦੇ ਨਾਂ ਹੇਠ ਕਰਜ਼ੇ ਦੇਣ ਲਈ ਖੜ੍ਹੀਆਂ ਹੀ ਸਨ। ਭਾਰਤ ਵਿਚ ਨਵ-ਉਦਾਰਵਾਦ ਪ੍ਰਕਿਰਿਆ ਆਈ.ਐਮ.ਐਫ. ਅਤੇ ਸੰਸਾਰ ਬੈਂਕ ਤੋਂ ਸਿਖਲਾਈ ਪ੍ਰਾਪਤ ਕਰ ਚੁੱਕੇ ਡਾ. ਮਨਮੋਹਨ ਸਿੰਘ ਨੇ ਨਰਸਿਮਹਾ ਰਾਓ ਸਰਕਾਰ ਰਾਹੀਂ ਆਰੰਭ ਕੀਤੀ। ਨਵ-ਉਦਾਰਵਾਦੀ ਨੀਤੀਆਂ ਨੇ ਸਦਮੇ ਦੇ ਨਾਲ ਨਾਲ ਡਰ, ਖਤਰੇ ਅਤੇ ਤਬਾਹੀਆਂ ਵਾਲੇ ਸਮਾਜ ਪੰਜ ਦਹਾਕਿਆਂ ਵਿਚ ਦੁਨੀਆ ਉਪਰ ਸਿਰਜ ਦਿੱਤੇ ਹਨ। ਦੁਨੀਆ ਦੇ ਹਰ ਕੋਨੇ ਤੇ ਜੰਗਾਂ ਦੇ ਨਾਲ ਨਾਲ ਕੁਦਰਤ ਦੀ ਤਬਾਹੀ ਹੋਈ।

ਹੁਣ ਨਵੇਂ ਪੈਦਾ ਹੋਏ ਕਰੋਨਾ ਸੰਕਟ ਨੇ ਨਵ-ਉਦਾਰਵਾਦੀ ਵਿਕਾਸ ਮਾਡਲ ਦੀਆਂ ਕਮਜ਼ੋਰੀਆਂ ਹੀ ਬਾਹਰ ਨਹੀਂ ਲਿਆਂਦੀਆਂ ਬਲਕਿ ਸਮੁੱਚੀ ਦੁਨੀਆ ਅਨਿਸ਼ਚਿਤ ਭਵਿੱਖ ਦੇ ਰਾਹ ਤੇ ਤੋਰ ਦਿੱਤੀ ਹੈ। ਔਕਸਫੈਮ ਦੀ ਇੱਕ ਰਿਪੋਰਟ ਮੁਤਾਬਿਕ ਕੁੱਲ ਦੁਨੀਆ ਦਾ 50 ਫੀਸਦੀ ਸਰਮਾਇਆ ਅੱਠ ਘਰਾਣਿਆਂ ਕੋਲ ਇਕੱਤਰ ਹੋ ਗਿਆ ਹੈ ਜਿਨ੍ਹਾਂ ਵਿਚ ਭਾਰਤ ਦੇ ਧਨਾਢ ਕਾਰੋਬਾਰੀ ਅਡਾਨੀ ਅਤੇ ਅੰਬਾਨੀ ਵੀ ਸ਼ਾਮਿਲ ਹਨ। ਇਸ ਕਾਰਨ ਦੁਨੀਆ ਦੇ ਹਰ ਕੋਨੇ ਵਿਚ ਅਥਾਹ ਗ਼ਰੀਬੀ ਅਤੇ ਕੰਗਾਲੀ ਛਾ ਗਏ ਹਨ।

ਨਵ-ਉਦਾਰਵਾਦ ਨਾਲ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਹਾਲਾਤ ਲੜਖੜਾ ਗਏ ਹਨ। ਰਾਜ ਅਤੇ ਚਲਾਕ ਸਿਆਸਤਦਾਨਾਂ ਦੀ ਚਾਲ-ਢਾਲ ਬਦਲ ਗਈ ਹੈ। ਹੁਣ ਇਨ੍ਹਾਂ ਦਾ ਮਕਸਦ ਲੋਕ ਸੇਵਾ ਉਕਾ ਹੀ ਨਹੀਂ, ਇਨ੍ਹਾਂ ਨੇ ਸਿਆਸਤ ਨੂੰ ਸਗੋਂ ਧੰਦਾ ਬਣਾ ਲਿਆ ਹੈ। ਨਵ-ਉਦਾਰਵਾਦ ਵਿਚ ਰਾਜ ਦਾ ਅਰਥ ਸਿਰਫ ਕਾਰਪੋਰੇਟ ਘਰਾਣਿਆਂ ਲਈ ਨੀਤੀਆਂ ਬਣਾਉਣਾ ਅਤੇ ਉਨ੍ਹਾਂ ਦੀ ਰਾਖੀ ਕਰਨਾ ਹੋ ਗਿਆ ਹੈ। ਤੱਤ ਰੂਪ ਵਿਚ ਕਾਰਪੋਰੇਟ, ਵੱਡੇ ਘਰਾਣੇ ਅਤੇ ਅਫਸਰਸ਼ਾਹੀ ਮਿਲ ਕੇ ਕਾਰਪੋਰੇਟ ਮਾਫੀਏ ਵਿਚ ਬਦਲ ਗਏ ਹਨ।

ਨਵ-ਉਦਾਰਵਾਦੀ ਨੀਤੀਆਂ ਦੇ ਸਿਧਾਂਤਕਾਰ ਪ੍ਰੋ. ਮਿਲਟਨ ਫਰਾਇਡਮੈਨ ਨੇ ਆਪਣੀ ਕਿਤਾਬ 'ਪੂੰਜੀਵਾਦ ਤੇ ਆਜ਼ਾਦੀ' ਵਿਚ ਲਿਖਿਆ ਹੈ: 'ਸਿਰਫ ਸੰਕਟ ਵਿਚੋਂ ਹੀ ਸੱਚੀ ਤਬਦੀਲੀ ਜਨਮ ਲੈਂਦੀ ਹੈ। ਸੰਕਟ ਚਾਹੇ ਹਕੀਕੀ ਹੋਵੇ ਜਾਂ ਮਸਨੂਈ ਪੈਦਾ ਹੋਇਆ ਹੋਵੇ, ਜਦੋਂ ਇਹ ਸੰਕਟ ਆਉਂਦਾ ਹੈ ਤਾਂ ਉਸ ਸਮੇਂ ਹੀ ਤਬਦੀਲੀਆਂ ਸੰਭਵ ਹੁੰਦੀਆਂ ਹਨ। ਇਸ ਕਰ ਕੇ ਇਨ੍ਹਾਂ ਸਮਿਆਂ ਵਿਚ ਹੀ ਸਿਆਸੀ ਤੌਰ ਤੇ ਅਸੰਭਵ ਕੰਮ ਵੀ ਸੰਭਵ ਬਣਾਏ ਜਾ ਸਕਦੇ ਹਨ। ਸੰਕਟ ਪੈਦਾ ਹੁੰਦੇ ਸਾਰ ਫੁਰਤੀ ਨਾਲ ਕਾਰਜ ਕਰਨਾ ਚਾਹੀਦਾ ਹੈ, ਕਿਉਂਕਿ ਹਰ ਸੰਕਟ ਹੁਕਮਰਾਨਾਂ ਨੂੰ 6 ਤੋਂ 9 ਮਹੀਨੇ ਦਾ ਸਮਾਂ ਦਿੰਦਾ ਹੈ ਜਿਸ ਦੌਰਾਨ ਇਸ ਨੇ ਵੱਡੀਆਂ ਤਬਦੀਲੀਆਂ ਕਰਨੀਆਂ ਹੁੰਦੀਆਂ ਹਨ। ਜੇ ਇਸ ਅਰਸੇ ਦੌਰਾਨ ਮੌਕਾ ਨਾ ਸੰਭਾਲਿਆ ਜਾਵੇ ਤਾਂ ਦੁਬਾਰਾ ਇਸ ਤਰ੍ਹਾਂ ਦਾ ਮੌਕਾ ਨਹੀਂ ਮਿਲਦਾ'। ਭਾਰਤ ਦੇ ਨਵ-ਫਾਸ਼ਵਾਦ ਅਤੇ ਕਾਰਪੋਰੇਟ ਘਰਾਣਿਆਂ ਦਾ ਗਠਜੋੜ ਰਾਜ ਕਰ ਰਿਹਾ ਹੈ। ਹੁਣ ਰਾਜਾਂ ਨੂੰ ਮਿਲੇ ਥੋੜ੍ਹੇ ਬਹੁਤੇ ਅਧਿਕਾਰ ਵੀ ਖਤਮ ਕੀਤੇ ਜਾ ਰਹੇ ਹਨ। ਜਿਸ ਢੰਗ-ਤਰੀਕੇ ਨਾਲ ਤਿੰਨ ਖੇਤੀ ਕਾਨੂੰਨ ਬਣਾਏ ਗਏ, ਉਨ੍ਹਾਂ ਨੇ ਦਿਖਾ ਦਿੱਤਾ ਕਿ ਕੇਂਦਰ ਸਰਕਾਰ ਕਰੋਨਾ ਸੰਕਟ ਨੂੰ ਵੀ ਨਵ-ਉਦਾਰਵਾਦੀ ਨੀਤੀਆਂ ਨੂੰ ਅਗਾਂਹ ਵਧਾਉਣ ਦੇ ਤੌਰ ਤੇ ਲੈ ਰਹੀ ਸੀ। ਪ੍ਰਸਿੱਧ ਅਰਥ ਸ਼ਾਸਤਰੀ ਪ੍ਰੋਫੈਸਰ ਉਤਸਾ ਪਟਨਾਇਕ ਅਨੁਸਾਰ- 'ਇਹ ਤਿੰਨੇ ਕਾਨੂੰਨ ਕੇਵਲ ਭਾਰਤੀ ਕਾਰਪੋਰੇਟ ਘਰਾਣਿਆਂ ਅਤੇ ਵਿਦੇਸ਼ੀ ਐਗਰੋ-ਬਿਜ਼ਨੈਸ ਦੀਆਂ ਜ਼ਰੂਰਤਾਂ ਅਨੁਸਾਰ ਹੀ ਨਹੀਂ ਬਣਾਏ ਗਏ ਬਲਕਿ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਬੜੀ ਦੇਰ ਤੋਂ ਖਾਧ-ਖਰਾਕ ਨਾਲ ਸਬੰਧਿਤ ਫਸਲਾਂ ਉਪਰੋਂ ਐਮ.ਐਸ.ਪੀ (ਘੱਟੋ-ਘੱਟ ਸਮਰਥਨ ਮੁੱਲ) ਖਤਮ ਕਰਨ ਦੀ ਵਕਾਲਤ ਕਰਦੇ ਰਹੇ ਹਨ ਤਾਂ ਕਿ ਇਹ ਮੁਲਕ ਜਿਨ੍ਹਾਂ ਕੋਲ ਖਾਧ-ਖੁਰਾਕ ਨਾਲ ਸਬੰਧਿਤ ਫਸਲਾਂ ਦੀ ਬਹੁਤਾਤ ਹੈ, ਭਾਰਤ ਵਰਗੇ ਮੁਲਕ ਵਿਚ ਵੇਚ ਸਕਣ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਮੁਤਾਬਕ ਕੌਫੀ, ਚਾਹ, ਖੰਡ, ਕੱਪੜਿਆਂ ਲਈ ਰੂੰ ਆਦਿ ਜੋ ਭਾਰਤ ਵਿਚ ਵਾਤਾਵਰਨ ਦੇ ਅਨੁਕੂਲ ਪੈਦਾ ਹੁੰਦੀਆਂ ਹਨ, ਉਨ੍ਹਾਂ ਦੀ ਹੀ ਪੈਦਾਵਾਰ ਹੋਵੇ ਅਤੇ ਦੂਸਰੀਆਂ ਫਸਲਾਂ ਹੌਲੀ-ਹੌਲੀ ਸਰਕਾਰੀ ਸਹਾਇਤਾ ਤੋਂ ਬਿਨਾਂ ਦਮ ਤੋੜ ਜਾਣ। ਅਜਿਹੀ ਹਾਲਤ ਉਦੋਂ ਸੀ ਜਦੋਂ ਬਸਤੀਵਾਦ ਦੌਰ ਵਿਚ ਵਾਰ ਵਾਰ ਕਾਲ ਪੈਂਦੇ ਸੀ। ਇਸ ਦਾ ਕਾਰਨ ਖਾਧ-ਖੁਰਾਕ ਦੀ ਤੋਟ ਹੀ ਸੀ। ਇਸੇ ਕਰ ਕੇ ਹੁਣ ਇਨ੍ਹਾਂ ਤਿੰਨਾਂ ਕਾਨੂੰਨਾਂ ਦੇ ਅਮਲ ਵਿਚ ਆਉਂਦਿਆਂ ਹੀ ਦੇਸ਼ ਦੀ ਖਾਧ-ਖੁਰਾਕ ਦੀ ਖੁਦਮੁਖਤਾਰੀ ਤਬਾਹ ਹੋ ਜਾਵੇਗੀ ਅਤੇ ਭਵਿੱਖ ਵਿਚ ਮੁੜ ਕਾਲ ਪੈਣ ਦੀ ਸੰਭਾਵਨਾ ਬਣ ਜਾਵੇਗੀ'।

2018 ਵਿਚ ਭਾਰਤ ਬਾਰੇ ਇੱਕ ਸ਼ਿਕਾਇਤ ਸੰਸਾਰ ਵਪਾਰ ਸੰਸਥਾ (ਡਬਲਿਊ.ਟੀ.ਓ.) ਨੂੰ ਗਈ ਸੀ ਕਿ ਭਾਰਤ ਐਮ.ਐਸ.ਪੀ. ਰਾਹੀਂ ਕਣਕ ਦੀ ਖਰੀਦ ਕਰਦਾ ਹੈ। ਇਸ ਬਾਬਤ ਅਮਰੀਕਾ ਨੇ ਕਿਹਾ ਸੀ ਕਿ ਭਾਰਤ ਐਗਰੀਮੈਂਟ ਆਨ ਐਗਰੀਕਲਚਰ ਦੇ ਨਿਰਦੇਸ਼ਾਂ ਨੂੰ ਨਹੀਂ ਮੰਨ ਰਿਹਾ; ਹਾਲਾਂਕਿ ਅਮਰੀਕਾ ਅਤੇ ਯੂਰਪ ਆਪਣੇ ਕਿਸਾਨਾਂ ਨੂੰ ਵੱਡੇ ਮੁਨਾਫੇ ਦੇ ਰਹੇ ਹਨ। ਉਸ ਸਮੇਂ ਵੀ ਡਬਲਿਊ.ਟੀ.ਓ. ਇੱਕ ਤਰ੍ਹਾਂ ਨਾਲ ਭਾਰਤ ਦੇ ਕਿਸਾਨਾਂ ਨੂੰ 'ਕਬਰਾਂ' ਵਿਚ ਸੁੱਟਣ ਦੇ ਬਰਾਬਰ ਨੀਤੀਆਂ ਲਈ ਜ਼ੋਰ ਦੇ ਰਿਹਾ ਸੀ। ਮੋਦੀ ਸਰਕਾਰ ਨੇ ਹੁਣ ਇੱਕ ਤਰ੍ਹਾਂ ਨਾਲ ਇਨ੍ਹਾਂ ਦੀ ਇਹ ਇੱਛਾ ਪੂਰੀ ਕਰ ਦਿੱਤੀ ਹੈ। ਅਸਲ ਵਿਚ, ਦੁਨੀਆ ਦੇ ਸਾਮਰਾਜੀ ਮੁਲਕਾਂ ਦਾ ਗਠਜੋੜ, ਐਗਰੋ-ਬਿਜ਼ਨੈਸ ਅਤੇ ਭਾਰਤੀ ਕਾਰਪੋਰੇਟ ਘਰਾਣੇ ਕਿਸਾਨੀ ਨੂੰ ਤਬਾਹ ਕਰਨ ਦੇ ਰਸਤੇ ਪਏ ਹੋਏ ਹਨ ਅਤੇ ਨਾਲ ਹੀ ਦੇਸ਼ ਦੀ ਖਾਧ-ਖੁਰਾਕ ਦੀ ਸੁਰੱਖਿਆ ਨੂੰ ਤਬਾਹ ਕਰਨਾ ਚਾਹੁੰਦੇ ਹਨ। ਇਸ ਕਰ ਕੇ ਪ੍ਰੋ. ਉਤਸਾ ਪਟਨਾਇਕ ਦਾ ਕਹਿਣਾ ਹੈ ਕਿ ਖੇਤੀ ਕਾਨੂੰਨਾਂ ਉਪਰ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ, ਇਹ ਵਾਪਸ ਹੀ ਹੋਣੇ ਚਾਹੀਦੇ ਹਨ।

ਨਵ-ਉਦਾਰਵਾਦ ਪੰਜਾਬ ਸਮੇਤ ਸਮੁੱਚੇ ਭਾਰਤ ਉਤੇ ਪੂਰੀ ਤਰ੍ਹਾਂ ਛਾ ਚੁੱਕਾ ਹੈ। ਪੰਜਾਬ ਵਿਚ ਹਰੇ ਇਨਕਲਾਬ ਦੀ ਸ਼ੁਰੂਆਤ 1965 ਵਿਚ ਹੋਈ ਸੀ ਅਤੇ ਇਹ 1980 ਤੱਕ ਪੂਰੇ ਪੰਜਾਬ ਦੀ ਆਬਾਦੀ ਉਤੇ ਛਾ ਗਿਆ ਸੀ। ਉਸ ਵਕਤ ਇਕ ਵਾਰ ਤਾਂ ਫਸਲਾਂ ਦੀ ਪੈਦਾਵਾਰ ਵਿਚ ਬੇਤਹਾਸ਼ਾ ਵਾਧਾ ਹੋਇਆ, ਹੌਲੀ-ਹੌਲੀ ਘਰ ਕੱਚਿਆ ਤੋਂ ਪੱਕੇ ਹੋਣ ਲੱਗੇ ਤੇ ਫਿਰ ਕੋਠੀਆਂ ਬਣਨ ਲੱਗੀਆਂ। ਆਰਥਿਕ ਤਬਦੀਲੀ ਨੇ ਜੀਵਨ ਜਾਚ ਵਿਚ ਵੀ ਵੱਡੀ ਤਬਦੀਲੀ ਲਿਆਂਦੀ। ਨਵੀਆਂ ਸੰਸਥਾਵਾਂ ਦਾ ਨਿਰਮਾਣ ਹੋਇਆ। ਭਾਰਤ ਵਿਚ ਪੰਜਾਬ ਖੁਸ਼ਹਾਲ ਸੂਬੇ ਵਜੋਂ ਜਾਣਿਆ ਜਾਣ ਲੱਗਾ ਪਰ ਖੇਤੀ ਖੇਤਰ ਵਿਚ ਪੈਦਾਵਾਰ ਨਾਲੋਂ ਲਾਗਤਾਂ ਦੀ ਦਰ ਲਗਾਤਾਰ ਉਚੀ ਹੋਣ ਲੱਗੀ। ਜਿਸ ਕਾਰਨ ਕਰਜ਼ੇ ਦੇ ਜੰਜਾਲ ਨੇ ਕਿਸਾਨ ਨੂੰ ਫਸਾ ਲਿਆ। ਪੰਜਾਬ ਪਿਛਲੇ ਸਮੇਂ ਤੋਂ ਸੰਕਟ-ਦਰ-ਸੰਕਟ ਫਸ ਰਿਹਾ ਹੈ; ਵੱਖ ਵੱਖ ਵਰਗਾਂ ਦੇ ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ।

ਇਸੇ ਕਰ ਕੇ ਕਿਸਾਨਾਂ ਨੂੰ ਜਾਪਣ ਲੱਗ ਪਿਆ ਕਿ ਨਵੇਂ ਖੇਤੀ ਕਾਨੂੰਨ ਗਲੇ ਦਾ ਫੰਧਾ ਬਣ ਜਾਣਗੇ। ਇਸੇ ਕਰ ਕੇ ਪੰਜਾਬ ਇਨ੍ਹਾਂ ਖੇਤੀ ਕਾਨੂੰਨਾਂ ਖਿਲਾਫ ਉਠ ਖੜ੍ਹਾ ਹੋਇਆ ਹੈ। ਕਿਸਾਨਾਂ ਨੇ ਕਿਸਾਨ ਯੂਨੀਅਨਾਂ ਦੀ ਅਗਵਾਈ ਹੇਠ ਪਹਿਲਾਂ ਪੰਜਾਬ 'ਚ ਆਪਣੀ ਭਰਵੀਂ ਹਾਜ਼ਰੀ ਲੁਆਈ ਅਤੇ ਫਿਰ ਦਿੱਲੀ ਵੱਲ ਕੂਚ ਕਰ ਦਿੱਤਾ। ਪੰਜਾਬ ਦਾ ਕਿਸਾਨ ਹੁਣ ਵੱਡੇ ਸੰਕਟ ਤੋਂ ਰਾਹਤ ਲਈ ਆਪਣਾ ਸਭ ਕੁਝ ਦਾਅ ਉਤੇ ਲਾ ਕੇ ਜਾਨ ਹੂਲਣੇ ਸੰਘਰਸ਼ ਵਿਚ ਕੁੱਦ ਪਿਆ ਹੈ। ਇਸ ਸੰਘਰਸ਼ ਦਾ ਕੱਦ ਇੰਨਾ ਜ਼ਿਆਦਾ ਉਚਾ ਹੋ ਗਿਆ ਹੈ ਕਿ ਸਭ ਸਿਆਸੀ ਪਾਰਟੀਆਂ ਇਸ ਅੱਗੇ ਬੌਣੀਆਂ ਹੋ ਕੇ ਰਹਿ ਗਈਆਂ ਹਨ। ਉਂਜ ਵੀ ਪਿਛਲੇ ਸਮੇਂ ਦੌਰਾਨ ਰਵਾਇਤੀ ਸਿਆਸੀ ਪਾਰਟੀਆਂ ਲੋਕਾਂ ਅੰਦਰ ਆਪਣਾ ਭਰੋਸਾ ਗੁਆ ਚੁੱਕੀਆਂ ਹਨ। ਅੱਜ ਹਾਲਾਤ ਇਹ ਹਨ ਕਿ ਸਭ ਪਾਰਟੀਆਂ ਇਕ ਤਰ੍ਹਾਂ ਨਾਲ ਗੈਰ ਪ੍ਰਸੰਗਕ ਹੋ ਚੁੱਕੀਆਂ ਹਨ। ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਲੋਕ ਬਦਲਵੇਂ ਸਿਆਸੀ ਬਦਲ ਬਾਰੇ ਸੰਜੀਦਗੀ ਨਾਲ ਸੋਚਣਗੇ।

# ਕਿਸਾਨ ਸੰਘਰਸ਼ ਦੇ ਵੱਖ-ਵੱਖ ਪੱਖ

ਜੂਨ ਵਿਚ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀਬਾੜੀ ਆਰਡੀਨੈਂਸਾਂ ਨੂੰ ਪਾਸ ਕਰਨ ਅਤੇ ਸਤੰਬਰ ਵਿਚ ਤਿੰਨ ਖੇਤੀ ਬਿਲ ਪਾਰਲੀਮੈਂਟ ਵੱਲੋਂ ਪਾਸ ਕਰਕੇ ਕਾਨੂੰਨ ਬਣਾਉਣ ਕਾਰਨ ਪੰਜਾਬ ਵਿਚੋਂ ਸ਼ੁਰੂ ਹੋਇਆ ਕਿਸਾਨ ਸੰਘਰਸ਼ ਬਹੁਤ ਪੱਖਾਂ ਤੋਂ ਵਿਲੱਖਣ ਹੈ। ਪੂਰੀ ਦੁਨੀਆਂ ਵਿਚ ਇਸ ਤਰ੍ਹਾਂ ਦੇ ਲੋਕਤੰਤਰੀ ਅਤੇ ਸਾਂਤਮਈ ਕਿਸਾਨ ਸੰਘਰਸ਼ ਦੀ ਹੋਰ ਕੋਈ ਬਰਾਬਰ ਦੀ ਮਿਸਾਲ ਨਹੀਂ ਮਿਲਦੀ। ਇਹ ਸੰਘਰਸ਼ ਪੰਜਾਬ ਤੋਂ ਸ਼ੁਰੂ ਹੋ ਕੇ ਮੁਲਕ ਦੇ ਬਹੁਤੇ ਹਿੱਸਿਆਂ ਵਿਚ ਪਹੁੰਚ ਗਿਆ ਹੈ। ਕਿਸਾਨ ਸੰਘਰਸ਼ ਨੇ ਜਿਸ ਤਰ੍ਹਾਂ ਸਮਾਜ ਦੇ ਵੱਖ-ਵੱਖ ਵਰਗਾਂ ਦਾ ਧਿਆਨ ਆਪਣੇ ਵੱਲ ਖਿੱਚਦਿਆਂ ਉਨ੍ਹਾਂ ਦੀ ਹਮਦਰਦੀ ਅਤੇ ਸ਼ਮੂਲੀਅਤ ਪ੍ਰਾਪਤ ਕੀਤੀ ਹੈ, ਹੁਣ ਇਹ ਸੰਘਰਸ਼ ਲੋਕ ਸੰਘਰਸ਼ ਬਣ ਗਿਆ ਹੈ। ਇਹ ਸੰਘਰਸ਼ ਦੀਆਂ ਸਿਫਤਾਂ ਸਿਰਫ ਭਾਰਤੀ ਸਮਾਜ ਦੇ ਵੱਖ-ਵੱਖ ਵਰਗ ਹੀ ਨਹੀਂ ਕਰ ਰਹੇ ਹਨ, ਸਗੋਂ ਦੁਨੀਆਂ ਦੇ ਵੱਖ-ਵੱਖ ਮੁਲਕਾਂ ਦੇ

**ਡਾ. ਗਿਆਨ ਸਿੰਘ**
ਫੋਨ: +91-42442-27025

ਰਾਜਸੀ ਆਗੂ ਵੀ ਇਸ ਨੂੰ ਸਲਾਹ ਰਹੇ ਹਨ ਅਤੇ ਯੂਨਾਟਿਡ ਨੇਸ਼ਨਜ਼ ਦੇ ਮੁਖੀ ਨੇ ਇਸ ਤਰ੍ਹਾਂ ਦੇ ਕਿਸਾਨ ਸੰਘਰਸ਼ ਨੂੰ ਕਿਸਾਨਾਂ ਦਾ ਹੱਕ ਦੱਸਿਆ ਹੈ।

ਕਿਸਾਨ ਸੰਘਰਸ਼ ਸਿਰਫ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਾਉਣ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਇਸ ਦੇ ਸਰਕਾਰ ਅਤੇ ਸਮਾਜ ਲਈ ਬਹੁਤ ਸੁਨੇਹੇ ਹਨ, ਜੋ ਇਸ ਦੇ ਵੱਖ-ਵੱਖ ਪੱਖ ਦੇਖਣ ਤੋਂ ਮਿਲਦੇ ਹਨ। ਇਸ ਸੰਘਰਸ਼ ਨੇ ਜੋ ਸੁਨੇਹੇ ਦਿੱਤੇ ਹਨ, ਉਨ੍ਹਾਂ ਵਿਚ ਸੰਘਵਾਦ ਨੂੰ ਮਜ਼ਬੂਤ ਕਰਨਾ, ਆਰਥਕ ਵਿਕਾਸ ਮਾਡਲ ਨੂੰ ਬਦਲਣਾ, ਸਮਾਜਕ ਸਭਿਆਚਾਰਕ ਪੱਖਾਂ ਨੂੰ ਨਿੱਘਾ ਤੇ ਮਜ਼ਬੂਤ ਕਰਨਾ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਚਾਓ ਦੀ ਜਗ੍ਹਾ ਸੰਘਰਸ਼ਾਂ ਨੂੰ ਅਪਨਾਉਣਾ ਪ੍ਰਮੁੱਖ ਹਨ। ਇਨ੍ਹਾਂ ਸੁਨੇਹਿਆਂ ਤੋਂ ਪਤਾ ਲੱਗਦਾ ਹੈ ਕਿ ਕਿਸਾਨ ਸੰਘਰਸ਼ ਕਿਰਤੀਆਂ ਦੀ ਮੁਕਤੀ ਦਾ ਹੈ ਅਤੇ ਲੰਮਾ ਹੋ ਸਕਦਾ ਹੈ, ਪਰ ਜਿੱਤ ਸੰਘਰਸ਼ਸ਼ੀਲ ਕਿਰਤੀਆਂ ਦੀ ਹੋਵੇਗੀ।

ਮਨੁੱਖੀ ਬੇਇਨਸਾਫੀ ਵਿਰੁੱਧ ਸੰਘਰਸ਼ ਕਰਕੇ ਹੀ ਮਨੁੱਖ ਰਹਿ ਸਕਦਾ ਹੈ, ਉਹ ਕਿਸਾਨਾਂ ਸਮੇਤ ਹੋਰ ਵੱਖ-ਵੱਖ ਕਿਰਤੀ ਵਰਗ ਕਰ ਰਹੇ ਹਨ। ਆਪਣੇ ਹੱਕਾਂ ਲਈ ਜੂਝਣਾ ਅਤੇ ਸੰਘਰਸ਼ ਕਰਨੇ ਮਨੁੱਖਾਂ ਦੇ ਜਿੰਦਾ ਹੋਣ ਦੀ ਨਿਸ਼ਾਨੀ ਹੁੰਦੀ ਹੈ। ਸਿਰਨਾਵਾਂ ਸਿਰਫ ਉਨ੍ਹਾਂ ਜਿਉਂਦੇ ਮਨੁੱਖਾਂ ਦਾ ਹੁੰਦਾ ਹੈ, ਜੋ ਜਾਗਦੇ ਹੋਏ ਆਪਣੇ ਹੱਕਾਂ ਲਈ ਜੂਝਦੇ ਅਤੇ ਸੰਘਰਸ਼ ਕਰਦੇ ਹਨ। ਇਸ ਸੰਘਰਸ਼ ਨੇ ਪਗੜੀ ਸੰਭਾਲ ਜੱਟਾ, ਗਦਰ ਪਾਰਟੀ, ਗੁਰਦੁਆਰਾ ਸੁਧਾਰ ਲਹਿਰ ਅਤੇ ਕਈ ਹੋਰ ਲਹਿਰਾਂ ਅਤੇ ਮੋਰਚਿਆਂ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ ਹਨ। ਇਸ ਸੰਘਰਸ਼ ਨੇ ਸਿਆਸਤ ਨੂੰ ਪ੍ਰਭਾਵਿਤ ਕੀਤਾ ਹੈ। ਇਸ ਸੰਘਰਸ਼ ਤੋਂ ਜਿੱਤ ਦੀਆਂ ਬਹੁਤ ਜ਼ਿਆਦਾ ਉਮੀਦਾਂ ਹਨ, ਪਰ ਇਕ ਅਹਿਮ ਸੁਨੇਹਾ ਇਹ ਹੈ ਕਿ ਭਵਿੱਖ ਵਿਚ ਸਰਕਾਰਾਂ ਲੋਕ-ਵਿਰੋਧੀ ਕਾਨੂੰਨ ਨਾ ਬਣਾਉਣ।

ਇਸ ਸੰਘਰਸ਼ ਦੁਆਰਾ ਕਿਸਾਨਾਂ ਅਤੇ ਕਿਰਤੀਆਂ ਨੇ ਆਪਣੇ ਆਪ ਨੂੰ ਜਾਗ੍ਰਿਤ ਤੇ ਭੈਅਮੁਕਤ ਕੀਤਾ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੰਘਰਸ਼ ਕਰਨ ਦਾ ਸਬਕ ਦਿੱਤਾ ਹੈ। ਇਸ ਸੰਘਰਸ਼ ਨੇ ਨਾਉਮੀਦਗੀ ਵਿਚ ਉਮੀਦ ਜਗਾਉਂਦਿਆਂ ਇਹ ਸੁਨੇਹਾ ਦਿੱਤਾ ਹੈ ਕਿ ਕਿਰਤੀ ਸੰਘਰਸ਼ ਕਰਕੇ ਹੀ ਜਿੱਤ ਪ੍ਰਾਪਤ ਕਰਦੇ ਹੋਏ ਆਪਣੀ ਅਤੇ ਮੁਲਕ ਦੀ ਤਕਦੀਰ ਬਦਲ ਸਕਦੇ ਹਨ। ਕਿਸਾਨ ਸੰਘਰਸ਼ 'ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ' ਵਾਲੀ ਕਹਾਵਤ ਦੀ ਮਹੱਤਤਾ ਦੱਸਦੇ ਹੋਏ ਮੁਲਕ ਦੇ ਆਰਥਕ ਅਤੇ ਰਾਜਸੀ ਪ੍ਰਬੰਧ ਨੂੰ ਦਰੁਸਤ ਕਰਨ ਲਈ ਜਾਗ ਲਾਉਣ ਦਾ ਕੰਮ ਕਰ ਰਿਹਾ ਹੈ। ਇਹ ਸੰਘਰਸ਼ ਸਾਫ ਤੌਰ 'ਤੇ ਇਹ ਦਰਸਾਉਂਦਾ ਹੈ ਕਿ ਕਾਨੂੰਨ ਲੋਕਾਂ ਲਈ ਹੁੰਦੇ ਹਨ, ਨਾ ਕਿ ਲੋਕ ਕਾਨੂੰਨਾਂ ਲਈ ਅਤੇ ਲੋਕ ਹੀ ਸਰਕਾਰਾਂ ਬਣਾ ਸਕਦੇ, ਨਾ ਕਿ ਸਰਕਾਰਾਂ ਲੋਕ ਬਣਾ ਸਕਦੀਆਂ ਹਨ। ਖੇਤੀਬਾੜੀ ਕਾਨੂੰਨ ਰੱਦ ਹੋਣ ਪਿਛੋਂ ਕਿਸਾਨ ਪਹਿਲਾਂ ਵਾਲੀ ਉਸ ਥਾਂ ਉੱਪਰ ਪਹੁੰਚ ਜਾਣਗੇ, ਜੋ ਬਹੁਤ ਵਧੀਆ ਨਹੀਂ ਹੈ ਅਤੇ ਜਿਸ ਵਿਚ ਗਰੀਬੀ, ਕਰਜ਼ਾ, ਤੰਗੀਆਂ-ਤੁਰਸ਼ੀਆਂ, ਖੁਦਕੁਸ਼ੀਆਂ ਅਤੇ ਹੋਰ ਬਹੁਤ ਸਾਰੀਆਂ ਮੁਸੀਬਤਾਂ ਹਨ, ਪਰ ਇਨ੍ਹਾਂ ਮੁਸੀਬਤਾਂ ਨੂੰ ਖਤਮ ਕਰਨ ਲਈ ਹੋਰ ਸੰਘਰਸ਼ ਅਤੇ ਉਪਰਾਲੇ ਕਰਨੇ ਪੈਣਗੇ।

ਮੌਜੂਦਾ ਸਮੇਂ ਦੌਰਾਨ ਮੁਲਕ ਦੀਆਂ 500 ਦੇ ਕਰੀਬ ਕਿਸਾਨ ਜਥੇਬੰਦੀਆਂ ਤੇ ਹੋਰ ਵੱਖ-ਵੱਖ ਵਰਗਾਂ ਦੀਆਂ ਜਥੇਬੰਦੀਆਂ ਅਤੇ ਮੁਲਕ ਦੇ ਸੂਝਵਾਨ ਲੋਕ ਇਸ ਸੰਘਰਸ਼ ਦੀ ਹਮਾਇਤ ਕਰਦੇ ਹੋਏ ਇਸ ਵਿਚ ਆਪਣਾ ਯੋਗਦਾਨ ਪਾ ਰਹੇ ਹਨ, ਪਰ ਸ਼ੁਰੂ ਵਿਚ ਇਸ ਸੰਘਰਸ਼ ਸਬੰਧੀ ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਦੀ ਆਪਸ ਵਿਚ ਸਹਿਮਤੀ ਬਣਨੀ ਬਹੁਤ ਹੀ ਮਹੱਤਤਾ ਰੱਖਦੀ ਹੈ, ਕਿਉਂਕਿ ਇਸ ਤੋਂ ਪਹਿਲਾਂ ਇਸ ਸੂਬੇ ਦੀਆਂ ਖੱਬੇ ਅਤੇ ਸੱਜੇਪੱਖੀ ਕਿਸਾਨ ਜਥੇਬੰਦੀਆਂ ਇਕ-ਦੂਜੇ ਵੱਲ ਪਿੱਠ ਕਰਕੇ ਖੜ੍ਹਦੀਆਂ ਹੀ ਨਹੀਂ ਸਨ, ਸਗੋਂ ਨੱਠਦੀਆਂ ਹੋਈਆਂ ਵਿਰੋਧੀ ਸੋਚ ਵਾਲੀਆਂ ਜਥੇਬੰਦੀਆਂ ਬਾਰੇ ਕਦੇ-ਕਦਾਈਂ ਮਾੜਾ ਵੀ ਬੋਲ ਜਾਂਦੀਆਂ ਸਨ। ਹੁਣ ਇਨ੍ਹਾਂ ਜਥੇਬੰਦੀਆਂ ਦੁਆਰਾ ਲੋਕਤੰਤਰੀ ਅਤੇ ਸਾਂਤਮਈ ਢੰਗ ਨਾਲ ਐਕਸ਼ਨ ਦੀ ਸਾਂਝ ਨੇ ਇਸ ਸੰਘਰਸ਼ ਨੂੰ ਮੁਲਕ ਦੇ ਬਹੁਤੇ ਸੂਬਿਆਂ ਤੱਕ ਪਹੁੰਚਾਉਂਦੇ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਦੀ ਹਮਦਰਦੀ ਤੇ ਸਹਿਯੋਗ ਲੈਂਦੇ ਹੋਏ ਕਿਸਾਨ ਸੰਘਰਸ਼ ਨੂੰ ਲੋਕ ਸੰਘਰਸ਼ ਬਣਾ ਦਿੱਤਾ ਹੈ। ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਵਿਚੋਂ ਸਿਰਫ ਇਕ ਜਥੇਬੰਦੀ ਦੇ ਆਗੂ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਆਪਣੇ ਮੈਂਬਰਾਂ



ਦੇ ਹਿੱਤਾਂ ਦੀ ਬਲੀ ਦੇਣ ਵੱਲ ਨੂੰ ਤੁਰੇ ਹੀ ਸਨ, ਪਰ ਇਸ ਜਥੇਬੰਦੀ ਦੇ ਆਗੂਆਂ ਨੂੰ ਮੂੰਹ ਦੀ ਖਾਣੀ ਪਈ, ਕਿਉਂਕਿ ਇਸ ਜਥੇਬੰਦੀ ਦੇ ਮੈਂਬਰਾਂ ਨੇ ਆਪਣੇ ਆਗੂਆਂ ਦੀ ਇਸ ਸੰਘਰਸ਼-ਵਿਰੋਧੀ ਚਾਲ ਦਾ ਵੱਡੇ ਪੱਧਰ ਉੱਪਰ ਸ਼ੱਰੇਆਮ ਵਿਰੋਧ ਕੀਤਾ।

ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਜਿਨਸਾਂ ਦੇ ਮੰਡੀਕਰਨ ਲਈ ਨਿੱਜੀ ਮੰਡੀਆਂ ਨੂੰ ਹੋਂਦ ਵਿਚ ਲਿਆਉਣ, ਏ. ਪੀ. ਐੱਮ. ਸੀ. ਮੰਡੀਆਂ ਦਾ ਭੋਗ ਪਾਉਣ, ਇਕਰਾਰਨਾਮਿਆਂ ਦੀ ਖੇਤੀਬਾੜੀ ਦੁਆਰਾ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਐਲਾਨਣ ਅਤੇ ਉਨ੍ਹਾਂ ਉੱਪਰ ਖਰੀਦਦਾਰੀ ਕਰਨ ਤੋਂ ਭੱਜਣ ਦੇ ਸਿੱਧੇ ਤੇ ਸਾਫ ਸੁਨੇਹੇ ਹਨ, ਜਿਨ੍ਹਾਂ ਨੂੰ ਆਮ ਕਿਸਾਨਾਂ ਨੇ ਬਹੁਤ ਹੀ ਆਸਾਨੀ ਨਾਲ ਸਮਝ ਲਿਆ। ਉਂਜ ਸਰਕਾਰ ਵਲੋਂ ਇਨ੍ਹਾਂ ਕਾਨੂੰਨਾਂ ਨਾਲ ਕਿਸਾਨਾਂ ਦੀ ਆਮਦਨ ਨੂੰ 2022 ਤੱਕ ਦੁੱਗਣਾ ਕਰਨ ਸਬੰਧੀ ਪ੍ਰਚਾਰ ਅਤੇ ਇਨ੍ਹਾਂ ਕਾਨੂੰਨਾਂ ਦੀ ਭਾਸ਼ਾ ਵਿਚ ਵਰਤੇ ਗਏ ਸ਼ਬਦਾਂ ਦੀ ਚਲਾਕੀ ਰਾਹੀਂ ਵਾਰ ਵਾਰ ਭੁਲੇਖਾ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਸਬੰਧੀ ਪ੍ਰਚਾਰ ਬਾਰੇ ਇਕ ਹੋਰ ਤੱਥ ਜਾਣਨਾ ਵੀ ਜ਼ਰੂਰੀ ਹੈ ਕਿ ਐੱਨ. ਡੀ. ਏ. ਦੀ ਸਰਕਾਰ ਨੇ 2016 ਦੌਰਾਨ ਵੀ ਇਹ ਵਾਅਦਾ ਕੀਤਾ ਸੀ।

ਖੇਤੀਬਾੜੀ ਨਾਲ ਸਬੰਧਿਤ ਤੀਜੇ ਕਾਨੂੰਨ ਰਾਹੀਂ ਕਿਸਾਨਾਂ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ 'ਜ਼ਰੂਰੀ ਵਸਤਾਂ ਐਕਟ 1955' ਵਿਚ ਸੋਧ ਕਰਕੇ ਕੰਪਨੀਆਂ/ਵਪਾਰੀਆਂ ਲਈ ਅਨਾਜਾਂ, ਦਾਲਾਂ, ਤੇਲ ਬੀਜਾਂ, ਆਲੂਆਂ, ਪਿਆਜਾਂ ਆਦਿ ਨੂੰ ਸਟੋਰ/ਸਟਾਕ ਕਰਨ ਦੀ ਹੱਦ ਨੂੰ ਖਤਮ ਕਰ ਦਿੱਤਾ ਗਿਆ ਹੈ। ਇਹ ਕਾਨੂੰਨ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਿਵੇਂ ਕਰੇਗਾ, ਇਸ ਦਾ ਇਸ ਕਾਨੂੰਨ ਵਿਚ ਉੱਕਾ ਹੀ ਜ਼ਿਕਰ ਨਹੀਂ, ਪਰ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨੀ ਤਾਂ ਦੂਰ ਰਹੀ, ਉਨ੍ਹਾਂ ਲਈ ਇਨ੍ਹਾਂ ਵਸਤਾਂ ਵਿਚੋਂ ਕੁਝ ਦੀਆਂ ਕੀਮਤਾਂ ਵਿਚ ਹੋਇਆ ਵਾਧਾ ਤਸਵੀਰ ਦਾ ਦੂਜਾ ਪਾਸਾ ਸਾਹਮਣੇ ਲਿਆਇਆ ਹੈ।

ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਦੇ ਨਾਲ ਨਾਲ ਕਿਸਾਨ ਜਥੇਬੰਦੀਆਂ ਦੀ ਇਕ ਮੰਗ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਕਾਨੂੰਨੀ ਜਾਮਾ ਪਹਿਨਾਉਣ ਦੀ ਹੈ, ਜਿਸ ਲਈ ਕੇਂਦਰ ਸਰਕਾਰ ਨੇ ਸ਼ੱਰੇਆਮ ਜਵਾਬ ਦੇ ਦਿੱਤਾ ਹੈ। ਇਸ ਸਬੰਧੀ ਇਕ ਤੱਥ ਜਾਣਨਾ ਜ਼ਰੂਰੀ ਹੈ ਕਿ 2011 ਵਿਚ ਕੁਝ ਮੁੱਖ ਮੰਤਰੀਆਂ ਨੇ ਉਸ ਸਮੇਂ ਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਇਕ ਰਿਪੋਰਟ ਤਿਆਰ ਕਰਕੇ ਕੇਂਦਰ ਸਰਕਾਰ ਨੂੰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਕਾਨੂੰਨੀ ਦਰਜਾ ਦੇਣ ਦੀ ਸਿਫਾਰਸ਼ ਕੀਤੀ ਸੀ। ਐੱਨ. ਡੀ. ਏ. ਦੀ ਹਕੂਮਤ ਮੌਕੇ ਕੇਂਦਰ ਸਰਕਾਰ ਵੱਲੋਂ ਬਣਾਈ ਗਈ ਸਾਂਤਾ ਕੁਮਾਰ ਕਮੇਟੀ ਨੇ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਅਤੇ ਐੱਫ. ਸੀ. ਆਈ. ਦਾ ਭੋਗ ਪਾਉਣ ਦੀ ਸਿਫਾਰਸ਼ ਕਰਦਿਆਂ ਦਲੀਲ ਦਿੱਤੀ ਸੀ ਕਿ ਇਸ ਨੀਤੀ ਦਾ ਫਾਇਦਾ ਮੁਲਕ ਦੇ ਸਿਰਫ 6 ਫੀਸਦ ਕਿਸਾਨਾਂ ਨੂੰ ਹੁੰਦਾ ਹੈ।

ਦਰਬਾਰੀ ਅਰਥਵਿਗਿਆਨੀਆਂ ਨੇ ਆਪਣਾ ਰਾਗ ਅਲਾਪਦਿਆਂ ਪ੍ਰਚਾਰ ਕਰਨਾ ਸ਼ੁਰੂ ਕੀਤਾ ਹੋਇਆ ਹੈ ਕਿ ਮੁਲਕ ਦੇ ਸਿਰਫ 10 ਫੀਸਦ ਕਿਸਾਨਾਂ ਨੂੰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਬਾਰੇ ਪਤਾ ਹੈ ਅਤੇ ਇਨ੍ਹਾਂ ਕੀਮਤਾਂ ਦਾ ਫਾਇਦਾ ਸਿਰਫ ਵੱਡੇ ਕਿਸਾਨਾਂ ਨੂੰ ਹੀ ਹੋ ਰਿਹਾ ਹੈ ਅਤੇ ਇਸ ਦੇ ਉਲਟ ਜਦੋਂ ਸ਼ਰਦ ਪਵਾਰ ਮੁਲਕ ਦੇ ਖੇਤੀਬਾੜੀ ਮੰਤਰੀ ਸਨ ਤਾਂ ਉਨ੍ਹਾਂ ਨੇ ਕਿਹਾ ਸੀ ਕਿ 71 ਫੀਸਦ ਕਿਸਾਨ ਇਨ੍ਹਾਂ ਕੀਮਤਾਂ ਬਾਰੇ ਜਾਣਦੇ ਹਨ। ਇਸ ਸਬੰਧੀ ਇਹ ਵੀ ਜਾਣ ਲੈਣਾ ਬਣਦਾ ਹੈ ਕਿ ਭਾਵੇਂ ਕੇਂਦਰ ਸਰਕਾਰ ਇਨ੍ਹਾਂ ਕੀਮਤਾਂ ਉੱਪਰ ਖਰੀਦਦਾਰੀ ਕੁਝ ਕੁ ਖੇਤਰਾਂ ਵਿਚੋਂ ਹੀ ਕਰਦੀ ਹੈ, ਪਰ ਇਨ੍ਹਾਂ ਕੀਮਤਾਂ ਦੇ ਐਲਾਨਣ ਨਾਲ ਸੁਨੇਹਾ ਉਨ੍ਹਾਂ ਖੇਤਰਾਂ ਵਿਚ ਜਾ ਰਹਿੰਦਾ ਹੈ। ਜਿੱਥੇ ਕਿਸਾਨ ਆਪਣੀਆਂ ਜਿਨਸਾਂ ਵਪਾਰੀਆਂ ਨੂੰ ਵੇਚਦੇ ਹਨ, ਜਿਸ ਕਾਰਨ ਉਨ੍ਹਾਂ ਦੀ ਲੁੱਟ ਦੀ ਤੀਬਰਤਾ ਘਟ ਜਾਂਦੀ ਹੈ। ਜਿਹੜੇ ਖੇਤਰਾਂ ਵਿਚ ਇਨ੍ਹਾਂ ਕੀਮਤਾਂ ਉੱਪਰ ਖਰੀਦਦਾਰੀ ਹੁੰਦੀ ਹੈ, ਉੱਥੇ ਸੀਮਾਂਤ/ਛੋਟੇ/ਅਰਧ ਦਰਮਿਆਨੇ ਕਿਸਾਨ ਮੰਡੀਆਂ ਵਿਚ ਕੀਮਤਾਂ ਦੀ ਗਿਰਾਵਟ ਦੀ ਮਾਰ ਤੋਂ ਬਚ ਜਾਂਦੇ ਹਨ।

ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਐਲਾਨਣ ਅਤੇ ਉਨ੍ਹਾਂ ਉੱਤੇ ਕੁਝ ਖੇਤੀਬਾੜੀ ਜਿਨਸਾਂ ਖਰੀਦਣਾ 1964-65 ਤੋਂ ਸ਼ੁਰੂ ਹੋਇਆ। ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ 1965-69 ਦੇ 5 ਸਾਲਾਂ ਦੌਰਾਨ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀਆਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਬੰਧੀ ਸਿਫਾਰਸ਼ਾਂ ਕਿਸਾਨਾਂ ਦੇ ਹੱਕ ਵਿਚ ਸਨ, ਪਰ 1970 ਤੋਂ ਅੱਜ ਤੱਕ ਇਹ ਸਿਫਾਰਸ਼ਾਂ ਕਿਸਾਨਾਂ ਦੇ ਵਿਰੁੱਧ ਰਹੀਆਂ। 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀਆਂ ਕਿਸਾਨ-ਵਿਰੋਧੀ ਸਿਫਾਰਸ਼ਾਂ ਕਾਰਨ ਉਪਜੀ ਨੁਕਤਾਚੀਨੀ ਅਤੇ ਵਿਰੋਧ ਉੱਪਰ ਕਾਬੂ ਪਾਉਣ ਲਈ ਇਸ ਕਮਿਸ਼ਨ ਦਾ ਨਾਮ ਬਦਲ ਕੇ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਇਹ ਕਮਿਸ਼ਨ ਆਪਣੀਆਂ ਸਿਫਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੋਵੇ, ਪਰ ਇਹ ਭੁਲੇਖਾ ਪਾਉਣ ਵਾਲਾ ਹੀ ਸਾਬਿਤ ਹੋਇਆ।

ਕਿਸਾਨ ਸੰਘਰਸ਼ ਦਾ ਇਕ ਮੁੱਖ ਮੁੱਦਾ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਅਤੇ ਉਨ੍ਹਾਂ ਉੱਪਰ ਸਰਕਾਰ ਵੱਲੋਂ ਖਰੀਦਦਾਰੀ ਕਰਨ ਦਾ ਰਿਹਾ ਹੈ। ਯੂ. ਪੀ. ਏ. ਦੀ ਹਕੂਮਤ ਤੋਂ ਲੈ ਕੇ ਹੁਣ ਤੱਕ ਦੀ ਐੱਨ. ਡੀ. ਏ. ਸਰਕਾਰ ਸਵਾਮੀਨਾਥਨ ਕਮਿਸ਼ਨ ਦੀ ਇਕ ਸਿਫਾਰਸ਼ ਅਨੁਸਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਤੋਂ ਭੱਜਦੀਆਂ ਆਈਆਂ ਹਨ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਬੀ. ਜੇ. ਪੀ. ਨੇ ਆਪਣੇ ਚੋਣ ਮੈਨੀਫੈਸਟੋ ਵਿਚ ਇਸ ਸਿਫਾਰਸ਼ ਅਨੁਸਾਰ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਨੂੰ ਅਮਲ ਵਿਚ ਲਿਆਉਣ ਦਾ ਵਾਅਦਾ ਤਾਂ ਕੀਤਾ ਸੀ, ਪਰ ਬਾਅਦ ਵਿਚ ਸੁਪਰੀਮ ਕੋਰਟ ਵਿਚ ਇਕ ਹਲਫਨਾਮਾ ਦਾਖਲ ਕਰਕੇ ਅਜਿਹਾ ਕਰਨ ਵਿਚ ਆਪਣੀ ਅਸਮਰੱਥਾ ਦਿਖਾਉਂਦਿਆਂ ਕਿਹਾ ਸੀ ਕਿ ਅਜਿਹਾ ਕਰਨ ਨਾਲ ਮੰਡੀ ਲੜਖੜਾ ਜਾਵੇਗੀ।

ਐੱਨ. ਡੀ. ਏ. ਦੀ ਹਕੂਮਤ ਰਾਹੀਂ ਇਸ ਸਿਫਾਰਸ਼ ਨੂੰ ਅਮਲ ਵਿਚ ਲਿਆਉਣ ਦਾ ਦਾਅਵਾ ਕਰ ਦਿੱਤਾ ਗਿਆ, ਜੋ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ। ਜੇ ਕੇਂਦਰ ਸਰਕਾਰ ਸਵਾਮੀਨਾਥਨ ਕਮਿਸ਼ਨ ਅਨੁਸਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਵੀ ਕਰ ਦਿੰਦੀ ਹੈ ਤਾਂ ਹੁਣ ਵਾਲੀ ਘਾਟੇ ਵਾਲੀ ਖੇਤੀਬਾੜੀ ਨਫੇ ਵਾਲੀ ਹੋ ਜਾਵੇਗੀ, ਪਰ ਮੁਲਕ ਵਿਚ 86 ਫੀਸਦ ਤੋਂ ਵੱਧ ਸੀਮਾਂਤ ਅਤੇ ਛੋਟੇ ਕਿਸਾਨ ਹੋਣ ਕਾਰਨ ਉਨ੍ਹਾਂ ਦੀ ਆਮਦਨ ਉਨ੍ਹਾਂ ਦੀਆਂ ਮੁਢਲੀਆਂ ਲੋੜਾਂ ਨੂੰ ਪੂਰਾ ਕਰਨ ਦੇ ਸਮਰੱਥ ਨਹੀਂ ਹੋਵੇਗੀ। ਖੇਤੀਬਾੜੀ ਆਰਥਕਤਾ ਦੇ ਪੌੜੀ ਦੇ ਥੱਲੇ ਵਾਲੇ ਦੋ ਡੰਡਿਆਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ, ਜਿਹੜੇ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ ਅਤੇ ਜਿਨ੍ਹਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ, ਨੂੰ ਇਨ੍ਹਾਂ ਕੀਮਤਾਂ ਦਾ ਕੋਈ ਵੀ ਫਾਇਦਾ ਹੋ ਹੀ ਨਹੀਂ ਸਕਦਾ, ਕਿਉਂਕਿ ਇਨ੍ਹਾਂ ਦੋਹਾਂ ਵਰਗਾਂ ਕੋਲ ਆਪਣੀ ਕਿਰਤ ਨੂੰ ਵੇਚਣ ਤੋਂ ਬਿਨਾ ਉਤਪਾਦਨ ਦਾ ਹੋਰ ਕੋਈ ਵੀ ਸਾਧਨ ਨਹੀਂ ਹੈ। ਇਸ ਲਈ ਲੋੜ ਹੈ ਕਿ ਸਰਕਾਰ ਖੇਤੀਬਾੜੀ ਨੀਤੀਆਂ ਵਿਚ ਲੋੜੀਂਦੀਆਂ ਤਬਦੀਲੀਆਂ ਕਰਕੇ ਖੇਤੀਬਾੜੀ ਖੇਤਰ ਉੱਪਰ ਨਿਰਭਰ ਸਾਰੇ ਵਰਗਾਂ ਦੀ ਆਮਦਨ ਦਾ ਇਕ ਘੱਟੋ-ਘੱਟ ਪੱਧਰ ਯਕੀਨੀ ਬਣਾਵੇ, ਜਿਸ ਨਾਲ ਉਹ ਰੋਟੀ, ਕੱਪੜੇ, ਮਕਾਨ, ਸਿੱਖਿਆ, ਸਿਹਤਸੰਭਾਲ, ਸਾਫ ਵਾਤਾਵਰਨ ਅਤੇ ਸਮਾਜਕ ਸੁਰੱਖਿਆ ਦੀਆਂ ਆਪਣੀਆਂ ਬੁਨਿਆਦੀ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ।

ਕੇਂਦਰ ਸਰਕਾਰ ਨੇ ਖੇਤੀਬਾੜੀ ਨਾਲ ਸਬੰਧਿਤ ਤਿੰਨ ਕਾਨੂੰਨ ਬਣਾ ਕੇ ਮੁਲਕ ਦੇ ਪਹਿਲਾਂ ਤੋਂ ਕਮਜ਼ੋਰ ਕੀਤੇ ਜਾਂਦੇ ਸੰਘੀ ਢਾਂਚੇ ਦੀ ਸੰਘੀ ਘੁੱਟੀ ਹੈ। ਭਾਰਤ ਦੇ ਸੰਵਿਧਾਨ ਅਨੁਸਾਰ ਖੇਤੀਬਾੜੀ ਅਤੇ ਖੇਤੀਬਾੜੀ ਜਿਨਸਾਂ ਦਾ ਮੰਡੀਕਰਨ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਇਹ ਕਾਨੂੰਨ ਬਣਾਉਣ ਮੌਕੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੋਰ ਕਿਰਤੀਆਂ ਦੀਆਂ ਜਥੇਬੰਦੀਆਂ ਅਤੇ ਸੂਬਾ ਸਰਕਾਰਾਂ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਦੀ ਪੂਰੀ ਅਣਦੇਖੀ ਕੀਤੀ ਗਈ ਹੈ। ਮੁਲਕ ਦੀਆਂ ਕਿਸਾਨ ਜਥੇਬੰਦੀਆਂ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਆਪਣੀ ਅਵਾਜ਼ ਬੁਲੰਦ ਕਰ ਰਹੀਆਂ ਹਨ।

9 ਦਸੰਬਰ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਵੱਲੋਂ ਬੁਲਾਈ ਪ੍ਰੈਸ ਕਾਨਫਰੰਸ ਵਿਚ ਖੇਤੀਬਾੜੀ ਕਾਨੂੰਨਾਂ ਨੂੰ ਗੈਰਸੰਵਿਧਾਨਕ ਕਹੇ ਜਾਣ ਸਬੰਧੀ ਉਨ੍ਹਾਂ ਦਾ ਜਵਾਬ ਸੀ ਕਿ ਕੇਂਦਰ ਸਰਕਾਰ ਨੇ ਵਣਜ ਅਤੇ ਵਪਾਰ ਬਾਰੇ ਆਪਣੇ ਖੇਤਰ ਵਿਚ ਰਹਿ ਕੇ ਹੀ ਕਾਨੂੰਨ ਬਣਾਏ ਹਨ, ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਭਲੇ ਲਈ ਨਾ ਹੋ ਕੇ ਵਣਜ ਅਤੇ ਵਪਾਰ ਦੇ ਰਾਹ ਦੀਆਂ ਰੁਕਾਵਟਾਂ ਦੂਰ ਕਰਨ ਲਈ ਬਣਾਏ ਗਏ ਹਨ। ਮੁਲਕ ਵਿਚ ਭੂਗੋਲਿਕ, ਆਰਥਕ, ਸਮਾਜਕ, ਸਭਿਆਚਾਰਕ, ਰਾਜਸੀ ਅਤੇ ਹੋਰ ਵਖਰੇਵਿਆਂ ਨੂੰ ਦੇਖਦੇ ਮੁਲਕ ਦੇ ਸੰਘੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਕਿ ਸੂਬੇ ਆਪਣੀਆਂ ਲੋੜਾਂ ਅਨੁਸਾਰ ਆਪਣਾ ਵਿਕਾਸ ਕਰਦੇ ਹੋਏ ਮੁਲਕ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾ ਸਕਣ।

ਕਿਸਾਨ ਸੰਘਰਸ਼ ਦੁਆਰਾ ਉਠਾਇਆ ਗਿਆ ਇਕ ਅਹਿਮ ਮੁੱਦਾ ਆਰਥਕ ਵਿਕਾਸ ਮਾਡਲ ਦਾ ਹੈ। ਮੁਲਕ ਦੇ ਆਜ਼ਾਦ ਹੋਣ ਪਿਛੋਂ 1950 ਵਿਚ ਯੋਜਨਾ ਕਮਿਸ਼ਨ ਬਣਾਇਆ ਗਿਆ ਅਤੇ 1951 ਤੋਂ ਪੰਜ ਸਾਲਾ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਇਨ੍ਹਾਂ ਯੋਜਨਾਵਾਂ ਦੁਆਰਾ ਮਿਸ਼ਰਤ ਅਰਥਵਿਵਸਥਾ ਹੋਂਦ ਵਿਚ ਆਈ। 1951 ਤੋਂ 1980 ਤੱਕ ਦੇ ਸਮੇਂ ਨੂੰ ਯੋਜਨਾਬੰਦੀ ਦਾ ਸਮਾਂ ਮੰਨਿਆ ਗਿਆ ਹੈ ਅਤੇ ਇਸ ਸਮੇਂ ਦੌਰਾਨ ਜਨਤਕ ਖੇਤਰ ਦਾ ਪਸਾਰਾ ਹੋਇਆ ਅਤੇ ਨਿੱਜੀ ਖੇਤਰ ਦੇ ਕੰਮਕਾਜ ਉੱਪਰ ਸਰਕਾਰ ਨੇ ਨਿਗਰਾਨੀ ਰੱਖੀ। ਇਸ ਯੋਜਨਾਬੰਦੀ ਸਮੇਂ ਦੀਆਂ ਕੁਝ ਊਣਤਾਈਆਂ ਦੇ ਬਾਵਜੂਦ ਮੁਲਕ ਵਿਚ ਰੁਜ਼ਗਾਰ ਵਧਿਆ ਅਤੇ ਆਰਥਕ ਅਸਮਾਨਤਾਵਾਂ ਵਿਚ ਕਮੀ ਆਈ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ ਗਿਆ ਅਤੇ ਐੱਨ. ਡੀ. ਏ. ਹਕੂਮਤ ਨੇ ਤਾਂ ਇਸ ਦਾ ਭੋਗ ਹੀ ਪਾ ਦਿੱਤਾ। 1991 ਤੋਂ ਸਰਮਾਏਦਾਰ/ਕਾਰਪੋਰੇਟ ਜਗਤਪੱਖੀ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ 'ਨਵੀਆਂ ਆਰਥਕ ਨੀਤੀਆਂ' ਅਪਨਾਉਣ ਕਾਰਨ ਕਿਰਤੀ ਵਰਗਾਂ ਨੂੰ ਅਕਹਿ ਅਤੇ ਅਸਹਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁਲਕ ਦੇ ਅਤਿ ਦੇ ਅਮੀਰ 1 ਫੀਸਦ ਲੋਕਾਂ ਅਤੇ ਬਾਕੀ 99 ਫੀਸਦ ਲੋਕਾਂ ਵਿਚਕਾਰ ਆਰਥਕ ਅਸਮਾਨਤਾਵਾਂ ਵਧ ਰਹੀਆਂ ਹਨ।

1951 ਵਿਚ ਮੁਲਕ ਦੀ 82 ਫੀਸਦ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸੀ ਅਤੇ ਇਸ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ 55 ਫੀਸਦ ਹਿੱਸਾ ਦਿੱਤਾ ਗਿਆ। ਵਰਤਮਾਨ ਸਮੇਂ ਦੌਰਾਨ ਮੁਲਕ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰ 50 ਫੀਸਦ ਦੇ ਕਰੀਬ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ਸਿਰਫ 16 ਫੀਸਦ ਹਿੱਸਾ ਹੀ ਦਿੱਤਾ ਜਾ ਰਿਹਾ ਹੈ, ਜੋ ਦਿਨੋ-ਦਿਨ ਘਟਦਾ ਜਾ ਰਿਹਾ ਹੈ। ਓ. ਈ. ਸੀ. ਡੀ. ਅਤੇ ਆਈ. ਸੀ. ਆਰ. ਆਈ. ਈ. ਆਰ. ਦੇ ਇਕ ਖੋਜ ਅਧਿਐਨ ਅਨੁਸਾਰ 2001 ਤੋਂ 2016-17 ਦੇ ਅਰਸੇ ਦੌਰਾਨ ਭਾਰਤ ਦੇ ਕਿਸਾਨਾਂ ਉੱਪਰ 45 ਲੱਖ ਕਰੋੜ ਰੁਪਏ ਦੇ ਲੁਪਤ ਕਰ ਲਗਾਏ ਗਏ, ਜੋ ਪ੍ਰਤੀ ਸਾਲ 2 ਲੱਖ 65 ਹਜ਼ਾਰ ਕਰੋੜ ਰੁਪਏ ਬਣਦੇ ਹਨ।

ਇਸ ਅਧਿਐਨ ਅਨੁਸਾਰ ਜਿਹੜੇ 52 ਮੁਲਕਾਂ ਲਈ ਇਹ ਅਧਿਐਨ ਕੀਤਾ ਗਿਆ, ਉਨ੍ਹਾਂ ਵਿਚੋਂ ਭਾਰਤ ਵਿਚ ਕਿਸਾਨਾਂ ਉੱਪਰ ਸਭ ਤੋਂ ਵੱਧ ਕਰ ਲਾਏ ਗਏ। ਕਾਰਪੋਰੇਟ ਆਰਥਕ ਵਿਕਾਸ ਮਾਡਲ ਅਪਨਾਉਣ ਦੇ ਨਤੀਜੇ ਵਜੋਂ ਮੁਲਕ ਵਿਚ ਰੁਜ਼ਗਾਰ ਦੇ ਮੌਕੇ ਘਟਣ ਅਤੇ ਪ੍ਰਾਪਤ ਰੁਜ਼ਗਾਰ ਦੇ ਮਿਆਰ ਦੇ ਬਹੁਤ ਨੀਵਾਂ ਹੋਣ ਕਾਰਨ ਸਾਡੇ ਨੌਜਵਾਨ ਬੱਚੇ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ। ਨੌਜਵਾਨ ਬੱਚਿਆਂ ਦਾ ਇਹ ਪਰਵਾਸ ਬੌਧਿਕ ਅਤੇ ਪੂੰਜੀ ਦੇ ਖੱਪੇ ਅਤੇ ਨੌਜਵਾਨ ਬੱਚਿਆਂ ਦੀ ਕਾਰਜਕੁਸ਼ਲਤਾ ਦੇ ਪੱਖ ਸਬੰਧੀ ਘਾਟੇ ਵਾਲਾ ਹੈ। ਉਪਰੋਕਤ ਸਾਰੇ ਤੱਥ ਅਤਿ ਦੇ ਅਮੀਰ ਬੰਦਿਆਂ ਨੂੰ ਦਿੱਤੇ ਜਾਂਦੇ

***(ਬਾਕੀ ਅਗਲੇ ਸਫੇ 'ਤੇ)***

# ਕਿਸਾਨ ਅੰਦੋਲਨ ਦੇ ਸ਼ੱਰਾਟਿਆਂ ਨੇ ਫਿਰਕੂ ਹਵਾਵਾਂ ਕੀਤੀਆਂ ਸਾਫ

ਪੰਜਾਬ ਅਤੇ ਹਰਿਆਣਾ ਵਿਚੋਂ ਉੱਠਿਆ ਕਿਸਾਨ ਅੰਦੋਲਨ ਪੂਰੇ ਦੇਸ਼ ਨੂੰ ਆਪਣੇ ਕਲਾਵੇ ਵਿਚ ਲੈਂਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਇਸ ਅੰਦੋਲਨ ਦੀ ਤਾਕਤ ਨੂੰ ਘਟਾ ਕੇ ਦੇਖਿਆ ਸੀ। ਕਿਸਾਨਾਂ ਦੀ ਘੇਰਾਬੰਦੀ ਕਰਦੀ ਕਰਦੀ ਸਰਕਾਰ ਖੁਦ ਕਿਸਾਨਾਂ ਦੇ ਘੇਰੇ ਵਿਚ ਫਸ ਚੁਕੀ ਹੈ। 'ਮੋਦੀ ਹੈ ਤੋ ਮੁਮਕਿਨ ਹੈ' ਵਾਲਾ ਤਲਿਸਮ ਟੁੱਟ ਚੁਕਾ ਹੈ। ਹੁਣ ਤੱਕ ਦੇ ਘਟਨਾਕ੍ਰਮ ਨੂੰ ਦੇਖ

**ਹਰਜਿੰਦਰ ਸਿੰਘ ਗੁਲਪੁਰ**
**ਮੈਲਬੌਰਨ (ਆਸਟ੍ਰੇਲੀਆ)**
**ਫੋਨ: +0061411218801**

ਕੇ ਸਪਸ਼ਟ ਹੋ ਗਿਆ ਹੈ ਕਿ ਕੇਂਦਰ ਸਰਕਾਰ ਦੀ ਨੀਤੀ ਅਤੇ ਨੀਅਤ ਸਾਫ ਨਹੀਂ ਹੈ। ਪ੍ਰਧਾਨ ਮੰਤਰੀ ਅਤੇ ਉਸ ਦੇ ਜੋਟੀਦਾਰ ਦੇਸ਼ ਵਾਸੀਆਂ ਨੂੰ ਗੁਮਰਾਹ ਕਰਨ ਲਈ ਝੂਠ 'ਤੇ ਝੂਠ ਬੋਲ ਰਹੇ ਹਨ। ਕਿਸਾਨ ਆਗੂਆਂ ਵਲੋਂ ਇਨ੍ਹਾਂ ਝੂਠਾਂ ਦਾ ਭਾਂਡਾ ਲੋਕਾਂ ਦੀ ਕਚਹਿਰੀ ਵਿਚ ਆਏ ਦਿਨ ਭੰਨਿਆ ਜਾ ਰਿਹਾ ਹੈ। 'ਮਨ ਕੀ ਬਾਤ' ਪ੍ਰੋਗਰਾਮ ਵਿਚ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨੇ ਝੂਠ ਬੋਲਿਆ, ਉਸ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਕਿਸ ਤਰ੍ਹਾਂ ਆਪਣੇ ਦੇਸ਼ ਦੇ ਲੋਕਾਂ ਨੂੰ ਮੂਰਖ ਬਣਾਉਣ ਲਈ ਯਤਨਸ਼ੀਲ ਹੈ। ਸਭ ਤੋਂ ਵੱਡਾ ਝੂਠ ਬੋਲਦਿਆਂ ਪੀ. ਐਮ. ਨੇ ਦਾਅਵਾ ਕੀਤਾ ਹੈ ਕਿ ਮੇਰੀ ਸਰਕਾਰ ਨੇ ਉਸ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰ ਦਿੱਤਾ ਹੈ, ਜੋ ਕਾਂਗਰਸ ਸਰਕਾਰ ਨੇ ਠੰਡੇ ਬਸਤੇ ਵਿਚ ਪਾਈ ਹੋਈ ਸੀ। ਇਸ ਦਾ ਮਾਕੂਲ ਜਵਾਬ ਦਿੰਦਿਆਂ ਕਿਸਾਨ ਆਗੂ ਜਗਦੀਪ ਸਿੰਘ ਡੱਲੇਵਾਲ ਨੇ ਕਿਹਾ ਹੈ ਕਿ ਜੇ ਪ੍ਰਧਾਨ ਮੰਤਰੀ ਸੱਚ ਬੋਲ ਰਹੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਵਾਰੇ ਨੋਟੀਫਿਕੇਸ਼ਨ ਜਾਰੀ ਕਰਨ। ਸੱਚ ਪੁੱਛੋ ਤਾਂ ਪ੍ਰਧਾਨ ਮੰਤਰੀ, ਉਸ ਦੇ ਵਜ਼ੀਰਾਂ ਅਤੇ ਪਾਰਟੀ ਆਗੂਆਂ ਵਲੋਂ ਆਏ ਦਿਨ ਬੋਲੇ ਜਾ ਰਹੇ ਝੂਠ ਤੋਂ ਅੰਦੋਲਨਕਾਰੀ ਉਕਤਾ ਗਏ ਹਨ। ਪੀ. ਐਮ. ਦੀ ਭਰੋਸੇਯੋਗਤਾ ਨੂੰ ਇਸ ਅੰਦੋਲਨ ਦੌਰਾਨ ਵੱਡਾ ਧੱਕਾ ਲੱਗਾ ਹੈ। ਲੋਕ ਮਨਾਂ ਵਿਚ ਦੇਸ਼ ਦੇ ਸਰਬ ਉੱਚ ਅਹੁਦੇ 'ਤੇ ਬੈਠੇ ਆਗੂ ਦੀ ਭਰੋਸੇਯੋਗਤਾ ਦਾ ਖਤਮ ਹੋ ਜਾਣਾ ਕੋਈ ਛੋਟੀ ਗੱਲ ਨਹੀਂ ਹੈ।

ਇਸ ਸਮੇਂ ਦੇਸ਼ ਦਾ ਕਿਸਾਨ ਜਿੱਥੇ ਪੂਰੇ ਦੇਸ਼ ਦੀ ਲੜਾਈ ਲੜ ਰਿਹਾ ਹੈ, ਉਥੇ ਸੰਘੀ ਢਾਂਚੇ ਨੂੰ ਬਚਾਉਣ ਦੀ ਲੜਾਈ ਵੀ ਲੜ ਰਿਹਾ ਹੈ। ਜਿਹੜੀਆਂ ਰਾਜਨੀਤਕ ਪਾਰਟੀਆਂ 70 ਸਾਲ ਤੋਂ ਸੰਘੀ ਢਾਂਚੇ ਨੂੰ ਮਜਬੂਤ ਕਰਨ ਦੀ ਮੰਗ ਕਰ ਰਹੀਆਂ ਸਨ, ਅੱਜ ਕਿਤੇ ਵੀ ਦਿਖਾਈ ਨਹੀਂ ਦੇ ਰਹੀਆਂ। ਇਹ ਅੰਦੋਲਨ ਜਨ ਅੰਦੋਲਨ ਵਿਚ ਤਬਦੀਲ ਹੋ ਰਿਹਾ ਹੈ। ਇਸ ਅੰਦੋਲਨ ਨੇ ਦੇਸ਼ ਦੇ ਰਾਜਨੀਤਕ ਅਤੇ ਸਮਾਜਕ ਸਮੀਕਰਨ ਪੂਰੀ ਤਰ੍ਹਾਂ ਬਦਲ ਦਿੱਤੇ ਹਨ। ਹਰ ਪਾਰਟੀ ਦਾ ਹੀਜ ਪਿਆਜ਼ ਲੋਕਾਂ ਦੇ ਸਾਹਮਣੇ ਆ ਗਿਆ ਹੈ। ਜੇ ਇਹ ਕਹਿ ਲਿਆ ਜਾਵੇ ਕਿ ਸੰਘ ਪਰਿਵਾਰ ਵਲੋਂ ਦੇਸ਼ ਦੀਆਂ ਹਵਾਵਾਂ ਵਿਚ ਜਿੰਨੀ ਫਿਰਕੂ ਜ਼ਹਿਰ ਘੋਲੀ ਸੀ, ਉਹ ਅੰਦੋਲਨ ਦੇ ਜ਼ੋਰਦਾਰ ਸ਼ੱਰਾਟਿਆਂ ਨੇ ਧੋ ਕੇ ਰੱਖ ਦਿੱਤੀ ਹੈ। ਹੁਣ ਤੱਕ ਮੋਦੀ ਸਰਕਾਰ ਹਿੰਦੂ-ਮੁਸਲਿਮ ਅਤੇ ਪਾਕਿਸਤਾਨ ਵਰਗੇ ਵਿਸ਼ਿਆਂ ਨੂੰ ਰਟਦੀ ਆਈ ਹੈ। ਉਸ ਦੀ ਹਾਲਤ ਪ੍ਰੀਖਿਆ ਵਿਚ ਬੈਠੇ ਉਸ ਵਿਦਿਆਰਥੀ ਵਰਗੀ ਹੈ, ਜਿਸ ਨੂੰ ਇਸ ਵਿਸ਼ੇ ਬਾਰੇ ਕੁਝ ਵੀ ਪਤਾ ਨਹੀਂ। ਸੰਵਿਧਾਨ ਨੂੰ ਦਰ ਕਿਨਾਰ ਕਰਕੇ ਜਿਸ ਤਰ੍ਹਾਂ ਉਸ ਨੇ ਚੋਰ ਦਰਵਾਜਿਉਂ ਇਹ ਕਾਨੂੰਨ ਬਣਾਏ ਹਨ, ਉਸ ਨਾਲ ਉਸ ਦੀ ਹਾਲਤ 'ਤਾਲੋਂ ਖੁੰਝੀ ਡੂੰਮਣੀ ਭਾਲੇ ਆਲ ਪਤਾਲ' ਵਾਲੀ ਹੋ ਕੇ ਰਹਿ ਗਈ ਹੈ।

ਇਹ ਅਸਲੀਅਤ ਜੱਗ ਜਾਹਰ ਹੋ ਗਈ ਹੈ ਕਿ ਖੇਤੀਬਾੜੀ ਕਾਨੂੰਨਾਂ ਦਾ ਡਰਾਫਟ ਕਿਸੇ ਹੋਰ ਨੇ ਨਹੀਂ ਬਣਾਇਆ, ਅਡਾਨੀ-ਅੰਬਾਨੀ ਸਮੇਤ ਸਮੁੱਚੇ ਕਾਰਪੋਰੇਟ ਜਗਤ ਨੇ ਬਣਾਇਆ ਹੈ। ਮੋਦੀ ਸਰਕਾਰ ਨੇ ਤਾਂ ਇਸ ਡਰਾਫਟ ਉੱਤੇ ਸਰਕਾਰੀ ਠੱਪਾ ਲਾਇਆ ਹੈ। ਮੋਦੀ ਸਰਕਾਰ ਦੇ ਇਸ਼ਾਰੇ ਉੱਤੇ ਸਾਇਲੋ (ਗੁਦਾਮ) ਆਦਿ ਪਹਿਲਾਂ ਹੀ



ਬਣਾਏ ਜਾ ਚੁਕੇ ਹਨ। ਇਹ ਸਾਰਾ ਤਾਣਾ-ਬਾਣਾ ਵਿਸ਼ਵ ਵਪਾਰ ਸੰਸਥਾ ਦੇ ਦਬਾਅ ਅਧੀਨ ਬੁਣਿਆ ਜਾ ਰਿਹਾ ਹੈ। ਇਸ ਸੰਧਰਭ 'ਚ ਜੇ ਦੇਖਿਆ ਜਾਵੇ ਤਾਂ ਅਡਾਨੀ-ਅੰਬਾਨੀ ਸਮੇਤ ਭਾਰਤੀ ਕਾਰਪੋਰੇਟ ਛੋਟੀਆਂ ਮੱਛੀਆਂ ਹਨ। ਵੱਡੇ 'ਪੱਛਮੀ ਮਗਰਮੱਛ' ਤਾਂ ਬਾਅਦ ਵਿਚ ਆਉਣਗੇ। ਟਰੂਡੋ ਵਰਗੇ ਆਗੂ ਸਿਰਫ ਮਗਰਮੱਛ ਦੇ ਹੰਝੂ ਵਹਾ ਰਹੇ ਹਨ, ਜਦੋਂ ਕਿ ਇਨ੍ਹਾਂ ਕਨੂੰਨਾਂ ਦੇ ਸੂਤਰਧਾਰ ਉਹੀ ਹਨ।

ਇਹ ਅੰਦੋਲਨ ਪੰਜਾਬ ਤੋਂ ਸ਼ੁਰੂ ਹੋ ਕੇ ਭਾਰਤ ਦੀਆਂ ਹੱਦਾਂ ਟੱਪ ਗਿਆ ਹੈ। ਦੁਨੀਆਂ ਭਰ ਦੇ ਕਿਸਾਨਾਂ ਸਮੇਤ ਵਿਸ਼ਵ ਪੰਚਾਇਤ ਨੇ ਵੀ ਇਸ ਸ਼ਾਂਤਮਈ ਅੰਦੋਲਨ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ। ਇੰਨੀਆਂ ਬੈਠਕਾਂ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਆਪਣੀ ਅੜੀ 'ਤੇ ਕਾਇਮ ਹੈ। ਕੇਂਦਰ ਸਰਕਾਰ ਵਲੋਂ ਗੱਲਬਾਤ ਦੇ ਤਾਜਾ ਸੱਦੇ ਵਿਚ ਵੀ ਪੁਰਾਣਾ ਰਾਗ ਅਲਾਪਦਿਆਂ ਇਹ ਕਿਹਾ ਗਿਆ ਹੈ ਕਿ ਆਉ ਭੋਲਿਓ ਕਿਸਾਨੋ! ਤੁਹਾਡੀਆਂ ਗਲਤਫਹਿਮੀਆਂ ਦੂਰ ਕਰੀਏ। ਇਸ ਤਰ੍ਹਾਂ ਦਾ ਵਰਤਾਅ ਕਰ ਕੇ ਕੇਂਦਰ ਸਰਕਾਰ ਕਿਸਾਨਾਂ ਦੇ ਜਖਮਾਂ ਉੱਤੇ ਲੂਣ ਛਿੜਕ ਰਹੀ ਹੈ, ਜੋ ਦੇਸ਼ ਹਿਤ ਵਿਚ ਨਹੀਂ ਹੈ।

ਅਸਲ ਵਿਚ ਸਰਕਾਰ ਤਰ੍ਹਾਂ ਤਰ੍ਹਾਂ ਦੇ ਹਥਕੰਡੇ ਵਰਤ ਕੇ ਅੰਦੋਲਨ ਦੀ ਅਹਿੰਸਕ ਚੂਲ ਨੂੰ ਭੰਨਣਾ ਚਾਹੁੰਦੀ ਸੀ, ਜਿਸ ਵਿਚ ਉਸ ਨੂੰ ਅੱਜ ਦੀ ਤਰੀਕ ਤੱਕ ਸਫਲਤਾ ਨਹੀਂ ਮਿਲੀ। ਹਰਿਆਣਾ ਦੇ ਕਿਸਾਨਾਂ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਆੜ ਹੇਠ ਪੰਜਾਬੀ ਕਿਸਾਨਾਂ ਖਿਲਾਫ ਭੜਕਾਇਆ ਜਾ ਰਿਹਾ ਹੈ। ਜਿੰਨੀ ਚੇਤਨਾ ਇਸ ਅੰਦੋਲਨ ਰਾਹੀਂ ਕਿਸਾਨ ਭਾਈਚਾਰੇ ਵਿਚ ਆਈ ਹੈ, ਉਨੀ ਚੇਤਨਾ ਸ਼ਾਇਦ ਵੱਡੀ ਤੋਂ ਵੱਡੀ ਸਕੂਲਿੰਗ ਕਰ ਕੇ ਵੀ ਨਾ ਆਉਂਦੀ। ਹੁਣ ਤੱਕ ਸਿੱਖ ਫਲਸਫੇ ਨੂੰ ਸ਼ਾਤਰ ਲੋਕਾਂ ਨੇ ਆਪਣੇ ਸੌੜੇ ਮਨਸੂਬਿਆਂ ਦੀ ਪੂਰਤੀ ਲਈ ਵਰਤਿਆ ਸੀ। ਇਹ ਪਹਿਲੀ ਵਾਰ ਹੈ ਕਿ ਸਿੱਖ ਫਲਸਫਾ ਅਸਲੀ ਰੂਪ 'ਚ ਅਵਾਮ ਦੇ ਸਾਹਮਣੇ ਰੂਪਮਾਨ ਹੋਇਆ ਹੈ।

ਕਿਸਾਨ ਜਥੇਬੰਦੀਆਂ ਨੇ ਆਪਣੇ ਅੰਦੋਲਨ ਦੇ ਪ੍ਰਚਾਰ ਅਤੇ ਪਰਸਾਰ ਲਈ ਇੱਕ ਅਫੀਸ਼ੀਅਲ ਡਿਜੀਟਲ ਪੇਜ ਬਣਾਇਆ ਸੀ। ਜਦੋਂ ਮੋਦੀ ਦੇ 'ਮਨ ਕੀ ਬਾਤ' ਪ੍ਰੋਗਰਾਮ ਵਿਚ ਬੋਲੇ ਝੂਠ ਦਾ ਇਸ ਪੇਜ ਤੋਂ ਕਿਸਾਨ ਆਗੂਆਂ ਨੇ ਜਵਾਬ ਦਿੱਤਾ ਤਾਂ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਇਸ ਪੇਜ ਨੂੰ ਹਟਾ ਦਿੱਤਾ ਗਿਆ। ਇਸ ਕਾਰਵਾਈ ਦਾ ਜ਼ਬਰਦਸਤ ਵਿਰੋਧ ਕਰਨ ਦੇ ਨਤੀਜੇ ਵਜੋਂ ਇਸ ਪੇਜ ਨੂੰ ਫਿਰ ਤੋਂ ਚਾਲੂ ਕਰਨ ਲਈ ਪ੍ਰਬੰਧਕਾਂ ਨੂੰ ਮਜਬੂਰ ਹੋਣਾ ਪਿਆ ਹੈ। ਜੀਉ ਸਿਮ ਅਤੇ ਕਾਰਪੋਰੇਟ ਜਗਤ 'ਤੇ ਆਰਥਕ ਸੱਟ ਮਾਰਨ ਦੇ ਵੀ ਵਧੀਆ ਸਿੱਟੇ ਸਾਹਮਣੇ ਆ ਰਹੇ ਹਨ। ਮੋਦੀ ਸਰਕਾਰ ਨੂੰ ਇਤਿਹਾਸ ਦਾ ਇਹ ਨੁਕਤਾ ਪੱਲੇ ਬੰਨ੍ਹ ਲੈਣਾ ਚਾਹੀਦਾ ਹੈ ਕਿ ਜਦੋਂ ਚੌਧਰੀ ਮਹਿੰਦਰ ਸਿੰਘ ਟਿਕੈਤ ਦੀ ਅਗਵਾਈ ਹੇਠ ਦੇਸ਼ ਦੀ ਰਾਜਧਾਨੀ ਵਿਚ 5 ਲੱਖ ਕਿਸਾਨ ਇਕੱਤਰ ਹੋਏ ਸਨ ਤਾਂ ਕਾਂਗਰਸ ਸਰਕਾਰ ਦੇ 400 ਸੰਸਦ ਸਨ।

ਕਿਸਾਨ ਜਥੇਬੰਦੀਆਂ ਦੀ ਚਾਰ ਦਹਾਕਿਆਂ ਦੀ ਮਿਹਨਤ ਦਾ ਫਲ ਹੈ, ਇਹ ਅੰਦੋਲਨ। ਇਨ੍ਹਾਂ ਜਥੇਬੰਦੀਆਂ ਨੇ ਸੰਘਰਸ਼ਾਂ ਦੇ ਜੋਰ 'ਤੇ ਅਸੰਭਵ ਨੂੰ ਸੰਭਵ ਕਰ ਕੇ ਦਿਖਾਇਆ ਹੈ। ਉਮਰ ਕੈਦ ਵਰਗੇ ਅਦਾਲਤੀ ਫੈਸਲੇ ਉਲਟਾਉਣ ਦਾ ਸਿਹਰਾ ਇਨ੍ਹਾਂ ਜਥੇਬੰਦੀਆਂ ਦੇ ਸਿਰ ਹੀ ਬੱਝਦਾ ਹੈ।

# ਕਿਸਾਨ ਸੰਘਰਸ਼ ਦੇ ਵੱਖ-ਵੱਖ ਪੱਖ

*(ਪਿਛਲੇ ਸਫੇ ਦੀ ਬਾਕੀ)*

ਫਜ਼ੂਲ ਗੱਫਿਆਂ ਨੂੰ ਨੰਗਾ ਕਰਦੇ ਹੋਏ ਲੋਕਪੱਖੀ ਆਰਥਕ ਮਾਡਲ ਨੂੰ ਅਪਨਾਉਣ ਦੀ ਪੁਰਜ਼ੋਰ ਵਕਾਲਤ ਕਰਦੇ ਹਨ।

ਕਿਸਾਨ ਸੰਘਰਸ਼ ਦੀ ਕਾਮਯਾਬੀ ਵਿਚ ਵੱਖ-ਵੱਖ ਵਰਗਾਂ ਜਿਵੇਂ ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ, ਨੌਜਵਾਨਾਂ, ਔਰਤਾਂ, ਛੋਟੇ ਵਪਾਰੀਆਂ, ਮੁਲਾਜ਼ਮਾਂ ਅਤੇ ਹੋਰ ਕਿਰਤੀਆਂ ਦੀਆਂ ਜਥੇਬੰਦੀਆਂ ਦਾ ਯੋਗਦਾਨ ਸ਼ਲਾਘਾਯੋਗ ਹੈ। ਆਉਣ ਵਾਲੇ ਸਮੇਂ ਦੌਰਾਨ ਕਿਸਾਨ ਜਥੇਬੰਦੀਆਂ ਦਾ ਫਰਜ਼ ਬਣਦਾ ਹੈ ਕਿ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨਾਲ ਕੀਤੇ ਜਾਂਦੇ ਵਿਤਕਰਿਆਂ/ਧੱਕਿਆਂ ਨੂੰ ਨਕੇਲ ਪਾਉਣ। ਪਿੰਡਾਂ ਵਿਚ ਪੰਚਾਇਤੀ ਜ਼ਮੀਨਾਂ ਵਿਚੋਂ ਦਲਿਤਾਂ ਦੇ ਬਣਦੇ ਤੀਜੇ ਹਿੱਸੇ ਦੇ ਹੱਕ ਨੂੰ ਮਾਰਨ ਦੀ ਥਾਂ ਖਿੜੇ ਮੱਥੇ ਪ੍ਰਵਾਨ ਕਰਦਿਆਂ ਉਨ੍ਹਾਂ ਦੀ ਹੋਰ ਲੋੜੀਂਦੀ ਮਦਦ ਵੀ ਕਰਨ। ਹੋਰ ਵੱਖ-ਵੱਖ ਜਥੇਬੰਦੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਹਾਅ ਦਾ ਨਾਅਰਾ ਮਾਰਨ ਦੇ ਨਾਲ ਨਾਲ ਆਪਣਾ ਬਣਦਾ ਯੋਗਦਾਨ ਪਾਉਣ ਲਈ ਕਿਸਾਨ ਜਥੇਬੰਦੀਆਂ ਤੇਜ਼ੀ ਨਾਲ ਅੱਗੇ ਆਉਣ।

ਕਿਸਾਨ ਸੰਘਰਸ਼ ਤੋਂ ਇਕ ਹੋਰ ਪੱਖ ਇਹ ਵੀ ਸਾਹਮਣੇ ਆਇਆ ਹੈ ਕਿ ਖੇਤੀਬਾੜੀ ਨਾਲ ਸਬੰਧਿਤ ਗਰੀਬ ਅਤੇ ਸਾਧਨਵਿਹੂਣੇ ਕਿਰਤੀਆਂ ਦੇ ਹੱਕ ਵਿਚ ਜ਼ਮੀਨੀ ਸੁਧਾਰ ਇਮਾਨਦਾਰੀ ਨਾਲ ਕੀਤੇ ਜਾਣ। ਜ਼ਮੀਨ ਦੀ ਹੱਦਬੰਦੀ ਦੇ ਨਤੀਜੇ ਵਜੋਂ ਵਾਧੂ ਜ਼ਮੀਨ ਨੂੰ ਇਨ੍ਹਾਂ ਵਰਗਾਂ ਵਿਚ ਵੰਡਿਆ ਜਾਵੇ, ਪੰਚਾਇਤੀ ਜ਼ਮੀਨਾਂ ਵਿਚੋਂ ਇਨ੍ਹਾਂ ਦਾ ਬਣਦਾ ਹਿੱਸਾ ਅਤੇ ਹੋਰ ਧਾਰਮਿਕ ਅਚਾਰਿਆਂ ਦੀ ਜ਼ਮੀਨ ਵੀ ਇਨ੍ਹਾਂ ਵਰਗਾਂ ਨੂੰ ਦਿੱਤੀ ਜਾਵੇ। ਅਜਿਹਾ ਕਰਨ ਨਾਲ ਉਤਪਾਦਕਤਾ, ਉਤਪਾਦਨ, ਰੁਜ਼ਗਾਰ ਤੇ ਆਮਦਨ ਵਿਚ ਯਕੀਨਨ ਵਾਧਾ ਹੋਵੇਗਾ ਅਤੇ ਇਸ ਨਾਲ ਸਮਾਜਕ ਕੁੜੱਤਣਾਂ ਵਿਚ ਵੀ ਕਮੀ ਆਵੇਗੀ।

ਪੰਜਾਬ ਦੇ ਦਲਿਤ ਕਿਰਤੀਆਂ ਅਤੇ ਕੇਰਲਾ ਦੀਆਂ ਭੂਮੀਹੀਣ ਔਰਤਾਂ ਨੇ ਸਹਿਕਾਰੀ ਖੇਤੀਬਾੜੀ ਕਰਕੇ ਇਕ ਨਵਾਂ ਖੇਤੀਬਾੜੀ ਮਾਡਲ ਬਣਾਉਣ ਦਾ ਰਾਹ ਦਿਖਾਇਆ ਹੈ, ਜੋ ਕਿਸਾਨਾਂ, ਖਾਸ ਕਰਕੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੀਆਂ ਬਹੁਤ ਸਾਰੀਆਂ ਆਰਥਕ, ਸਮਾਜਕ ਸਮੱਸਿਆਵਾਂ ਨੂੰ ਘਟਾਉਣ ਵਿਚ ਸਹਾਈ ਹੋਵੇਗਾ। ਮਸ਼ੀਨਰੀ ਅਤੇ ਵਿੱਤੀ ਲੋੜਾਂ ਨੂੰ ਪੂਰਾ ਕਰਨ ਲਈ ਸਹਿਕਾਰਤਾ ਆਪਣਾ ਯੋਗਦਾਨ ਤਾਂ ਪਾਵੇਗੀ ਹੀ, ਇਸ ਤੋਂ ਬਿਨਾ ਖੇਤੀਬਾੜੀ ਜਿਨਸਾਂ ਦੀ ਪ੍ਰੋਸੈਸਿੰਗ ਕਰਨ ਲਈ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਸਹਿਕਾਰੀ ਮਾਲਕੀ ਵਾਲੀਆਂ ਛੋਟੀਆਂ ਉਦਯੋਗਿਕ ਇਕਾਈਆਂ ਸਥਾਪਿਤ ਕਰਨਾ ਇਨ੍ਹਾਂ ਵਰਗਾਂ ਨੂੰ ਮੁੱਲਵਾਧੇ ਦਾ ਫਾਇਦਾ ਦੇਣ ਤੋਂ ਇਨ੍ਹਾਂ ਦੇ ਰੁਜ਼ਗਾਰ ਅਤੇ ਆਮਦਨ ਵਿਚ ਵਾਧਾ ਕਰਦੇ ਹੋਏ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਵਿਚ ਵੀ ਸਹਾਈ ਹੋਵੇਗਾ।

ਮੁਲਕ ਦਾ ਕਿਸਾਨ ਸੰਘਰਸ਼ ਇਹ ਸਨੇਹੇ ਦੇਣ ਵਿਚ ਵੀ ਕਾਮਯਾਬ ਰਿਹਾ ਹੈ ਕਿ ਕਿਰਤੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਰਾਜਸੀ ਅਤੇ ਬੌਧਿਕ ਪ੍ਰਦੂਸ਼ਣ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਵਰਤਮਾਨ ਸਮੇਂ ਤੱਕ ਵੱਖ-ਵੱਖ ਰਾਜਸੀ ਪਾਰਟੀਆਂ ਆਪਣੀ ਹਕੂਮਤ ਕਾਇਮ ਕਰਨ ਲਈ ਲੋਕਾਂ ਨਾਲ ਵਾਅਦੇ-ਦਾਅਵੇ ਕਰਦੀਆਂ ਆ ਰਹੀਆਂ ਹਨ। ਕਿਸਾਨਾਂ ਦੀਆਂ ਇਕ ਵਿਅਕਤੀ ਦੀ ਅਗਵਾਈ ਵਾਲੀਆਂ ਜਥੇਬੰਦੀਆਂ ਵਿਚ ਅਗਵਾਈ ਕਰਨ ਵਾਲੇ ਸੱਜਣ ਦੁਆਰਾ ਆਪਣੀਆਂ ਨਿੱਜੀ ਲੋੜਾਂ/ਖਾਹਸ਼ਾਂ ਨੂੰ ਪੂਰਾ ਕਰਨ ਲਈ ਆਪਣੇ ਮੈਂਬਰਾਂ ਦੇ ਹਿੱਤਾਂ ਨੂੰ ਵੇਚਣ ਦੀਆਂ ਮਿਸਾਲਾਂ ਸਾਹਮਣੇ ਆਈਆਂ ਹਨ। ਇਸ ਲਈ ਇਹ ਜਥੇਬੰਦੀਆਂ ਸਮੂਹਿਕ ਅਗਵਾਈ ਵਾਲੀਆਂ ਹੋਣੀਆਂ ਜ਼ਰੂਰੀ ਹਨ, ਜੋ ਆਪਣੀਆਂ ਸਮੱਸਿਆਵਾਂ ਨੂੰ ਰਲ-ਮਿਲ ਕੇ ਵਿਚਾਰਨ ਅਤੇ ਮੀਡੀਆ ਰਾਹੀਂ ਇਨ੍ਹਾਂ ਨੂੰ ਸਮਾਜ ਅਤੇ ਸਰਕਾਰ ਤੱਕ ਲਿਜਾ ਕੇ ਉਨ੍ਹਾਂ ਦਾ ਹੱਲ ਕਰਵਾਉਣ। ਅਜਿਹਾ ਕਰਨ ਲਈ ਰਾਜਸੀ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਤੋਂ ਬਿਨਾ 'ਬੌਧਿਕ' ਪ੍ਰਦੂਸ਼ਣ ਉੱਤੇ ਵੀ ਕਾਬੂ ਪਾਉਣਾ ਅਤਿ ਜ਼ਰੂਰੀ ਹੈ।

ਕੁਝ ਤੇਜ਼ ਦਿਮਾਗ ਵਿਅਕਤੀ ਆਪਣੇ ਆਪ ਜਾਂ ਆਪਣੇ ਚੇਲਿਆਂ ਰਾਹੀਂ ਆਪਣੇ ਆਪ ਬਾਰੇ ਬੁੱਧੀਜੀਵੀ ਹੋਣ ਦਾ ਰੌਲਾ ਪਾਉਂਦੇ ਮਿਲ ਜਾਂਦੇ ਹਨ। ਅਜਿਹੇ ਵਿਅਕਤੀ ਸੰਘਰਸ਼ ਕਰ ਰਹੇ ਲੋਕਾਂ ਵਿਚ ਆ ਕੇ ਉਨ੍ਹਾਂ ਨੂੰ ਸਲਾਹਾਂ ਦਿੰਦੇ ਹੋਏ ਉਨ੍ਹਾਂ ਤੋਂ ਅਹਿਮ ਜਾਣਕਾਰੀ ਪ੍ਰਾਪਤ ਕਰਕੇ ਹੁਕਮਰਾਨਾਂ ਕੋਲ ਪੇਸ਼ ਹੋ ਕੇ ਸੰਘਰਸ਼ ਨੂੰ ਕੁਚਲਣ ਦੀ ਵਿਧੀਆਂ ਸੁਝਾਉਣ ਵਿਚ ਆਪਣਾ ਪੂਰਾ ਜ਼ੋਰ ਲਾ ਦਿੰਦੇ ਹਨ। ਅਜਿਹੇ ਵਿਅਕਤੀਆਂ ਦੀਆਂ ਕਰਤੂਤਾਂ ਨੂੰ ਨੰਗਾ ਕਰਨ ਅਤੇ ਰੌਸ਼ਨ ਦਿਮਾਗ ਵਿਅਕਤੀਆਂ ਨਾਲ ਸਲਾਹ-ਮਸ਼ਵਰਾ ਕਰਨਾ ਕਿਰਤੀ ਵਰਗਾਂ ਦੇ ਸੰਘਰਸ਼ਾਂ ਦੀ ਕਾਮਯਾਬੀ ਵਿਚ ਯੋਗਦਾਨ ਪਾ ਸਕਦਾ ਹੈ।

# ਸੰਘਰਸ਼ੀ ਯੋਧੇ

ਮੱਥਾ ਨਾਲ ਜਿਨ੍ਹਾਂ ਤੂੰ ਲਾਇਐ
ਇਹ ਡਾਢੇ ਬਲਵਾਨ ਨੇ ਮੋਦੀ।
ਆਪਣਾ ਹੱਕ ਲੈਣਾ ਜਾਣਨ
ਪੰਜਾਬ ਦੇ ਇਹ ਕਿਰਸਾਨ ਨੇ ਮੋਦੀ।
ਤੇਰੇ ਚਿਹਰੇ ਤੋਂ ਲੁੱਟ ਲੈਣੀ
ਇਨ੍ਹਾਂ ਨੇ ਮੁਸਕਾਨ ਹੈ ਮੋਦੀ।
ਜਦ ਆਈ 'ਤੇ ਆ ਜਾਵਣ ਇਹ
ਬਣ ਜਾਂਦੇ ਤੂਫਾਨ ਨੇ ਮੋਦੀ।

ਨਾ ਤੂੰ ਬੰਦਾ ਨਾ ਬੰਦਿਆਂ ਜਿਹਾ
ਆਪਣਾ ਆਪ ਪਛਾਣ ਵੇ ਮੋਦੀ।
ਦਿੱਲੀ ਘੇਰ ਕੇ ਬੈਠੇ ਨੇ ਜੋ
ਗੋਬਿੰਦ ਦੀ ਸੰਤਾਨ ਵੇ ਮੋਦੀ।
ਨਾਮ ਵੀ ਜਪਦੇ ਕਿਰਤ ਵੀ ਕਰਦੇ
ਨਾਲੇ ਵੰਡ ਕੇ ਖਾਣ ਵੇ ਮੋਦੀ।
ਪੁੱਛ ਚਾਂਦਨੀ ਚੌਕ ਤੋਂ ਜਾ ਕੇ
ਕਿੰਜ ਦਿੰਦੇ ਬਲੀਦਾਨ ਵੇ ਮੋਦੀ।

ਜਦੋਂ ਜੈਕਾਰੇ ਲਾਉਣ ਫਤਹਿ ਦੇ
ਕੰਬ ਜਾਂਦੇ ਅਸਮਾਨ ਵੇ ਮੋਦੀ।
ਠਿੱਲ ਪੈਂਦੇ ਜਦ ਆਖ ਵਾਹਿਗੁਰੂ
ਅਟਕਾਂ ਨੂੰ ਅਟਕਾਣ ਵੇ ਮੋਦੀ।
ਸਾਰੀ ਦੁਨੀਆਂ ਵਿਚ ਇਨ੍ਹਾਂ ਦੇ




ਝੂਲਣ ਪਏ ਨਿਸ਼ਾਨ ਵੇ ਮੋਦੀ।
ਪਰ ਉਪਕਾਰੀ ਸੰਤ ਸੂਰਮੇ
ਕਰ ਉਠ ਕੇ ਸਨਮਾਨ ਵੇ ਮੋਦੀ।

ਇਹ ਮਾਂਵਾਂ, ਭੈਣਾਂ ਤੇ ਧੀਆਂ
ਮਾਂ ਗੁਜਰੀ ਦੀ ਸ਼ਾਨ ਨੇ ਮੋਦੀ।
ਪੰਜ ਆਬਾਂ ਦੀਆਂ ਇਹ ਨੇ ਜਾਈਆਂ
ਮਾਂ ਭਾਗੋ ਦੀ ਆਨ ਨੇ ਮੋਦੀ।

ਸੀਸ ਤਲੀ 'ਤੇ ਧਰ ਕੇ ਤੁਰੀਆਂ
ਆਪਣੇ ਹੱਕ ਨੂੰ ਪਾਉਣ ਨੇ ਮੋਦੀ।
ਸਭ ਕੁਝ ਛਡ ਕੇ ਆ ਗਈਆਂ
ਅੱਜ ਹੋਵਣ ਲਈ ਕੁਰਬਾਨ ਨੇ ਮੋਦੀ।

ਬਹਿ ਸੜਕਾਂ 'ਤੇ ਹੱਕ ਪਏ ਮੰਗਦੇ
ਤੂੰ ਵੀ ਮੰਨ ਅਹਿਸਾਨ ਵੇ ਮੋਦੀ।
ਹੱਕ ਲੁੱਟਣਾ ਨਾ ਲੁੱਟਣ ਦੇਣਾ
ਇਨ੍ਹਾਂ ਨੂੰ ਵਰਦਾਨ ਵੇ ਮੋਦੀ।
ਮੁੜ ਮੁੜ ਕੇ ਨਾ ਪਰਖ ਇਨ੍ਹਾਂ ਨੂੰ
ਇਹ ਨੇ ਪੁਰਸ਼ ਮਹਾਨ ਵੇ ਮੋਦੀ।
ਊਧਮ, ਭਗਤ, ਸਰਾਭੇ ਆਏ
ਅੱਜ ਤੈਨੂੰ ਸਮਝਾਣ ਵੇ ਮੋਦੀ।

ਤੇਰੇ ਅੜੇ ਅੰਬਾਨੀ ਵਰਗੇ
ਬੇ-ਈਮਾਨ ਸ਼ੈਤਾਨ ਵੇ ਮੋਦੀ।
ਤੂੰ ਤੇ ਤੇਰੇ ਸ਼ਾਹ ਜਿਹੇ ਮੂਰਖ
ਹੋਂਦੇ ਨਹੀਂ ਇਨਸਾਨ ਵੇ ਮੋਦੀ।
ਨਾ 'ਸੁਰਜੀਤ' ਭਰਮ ਵਿਚ ਬੈਠੀਂ
ਕਰ ਲਏਂਗਾ ਨੁਕਸਾਨ ਵੇ ਮੋਦੀ।
ਹੱਕ ਆਪਣੇ ਅਸੀਂ ਲੈ ਕੇ ਜਾਣਾ
ਗੱਲਾਂ ਕਰੂ ਜਹਾਨ ਵੇ ਮੋਦੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਅਸੀਂ ਫਿਰ ਇਤਿਹਾਸ ਲਿਖਾਂਗੇ

31 ਦਸੰਬਰ 1600 ਨੂੰ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਕਾਗਜ਼ ਤਿਆਰ ਹੋ ਕੇ ਮੋਹਰ ਲੱਗੀ ਸੀ। ਅੰਗਰੇਜ਼ਾਂ ਨੇ ਬਹੁਤ ਸਾਰੇ ਬੰਦੇ ਇਕੱਠੇ ਕੀਤੇ; ਯੋਜਨਾ ਬਣਾਈ ਗਈ, ਬਹੁਤ ਵੱਡੀ ਟੀਮ ਤਿਆਰ ਕੀਤੀ ਗਈ। ਸਰ ਵਿਲੀਅਮ ਹਾਵਕਿਨਸ ਨੂੰ ਇਸ ਦਾ ਮੁਖੀ ਬਣਾਇਆ ਗਿਆ। ਸਾਰੀਆਂ ਸਕੀਮਾਂ ਤਿਆਰ ਕਰਕੇ 1608 ਈਸਵੀ ਨੂੰ ਜਹਾਂਗੀਰ ਦੇ ਦਰਬਾਰ ਵਿਚ ਪੇਸ਼ ਹੋਇਆ। ਜਦੋਂ ਇਨ੍ਹਾਂ ਨੇ ਵਪਾਰ ਦੀ ਇਜਾਜ਼ਤ ਮੰਗੀ, ਉਸ ਸਮੇਂ ਜਹਾਂਗੀਰ ਨੇ ਕੋਰਾ ਜਬਾਬ ਦੇ ਦਿੱਤਾ। ਅੰਗਰੇਜ਼ ਫਿਰ ਪੂਰੇ ਸੱਤ ਸਾਲ ਸਕੀਮਾਂ ਘੜ੍ਹਦੇ ਰਹੇ ਕਿ ਕਿਵੇਂ ਜਹਾਂਗੀਰ ਨੂੰ ਮਨਾਇਆ ਜਾਵੇ।

ਅਖੀਰ 1615 ਈਸਵੀ ਵਿਚ ਸਰ ਥੋਮਸ ਰਾਓ ਜਹਾਂਗੀਰ ਦੇ ਦਰਬਾਰ ਵਿਚ ਪੇਸ਼ ਹੋਇਆ। ਇਸ ਤੋਂ ਪਹਿਲਾਂ ਜਹਾਂਗੀਰ ਦੇ ਸਾਰੇ ਦਰਬਾਰੀ ਅੰਗਰੇਜ਼ਾਂ ਨੇ ਖਰੀਦ ਲਏ ਸਨ। ਲਾਲਚੀ ਦਰਬਾਰੀਆਂ ਨੇ ਜਹਾਂਗੀਰ ਦੇ ਕੰਨ ਭਰ ਦਿੱਤੇ। ਕਿਹਾ, ਬਾਦਸ਼ਾਹ ਇਹ ਮਾਲ ਬਣਾਉਣਗੇ, ਫਿਰ ਵੇਚਣਗੇ। ਆਪਾਂ ਨੂੰ ਫਿਰ ਫਰੀ ਟੈਕਸ ਮਿਲੇਗਾ, ਵਿਹਲੇ ਬਹਿ ਕੇ ਖਾਵਾਂਗੇ। ਇਸ ਲਾਲਚ ਵਿਚ ਆ ਕੇ ਜਹਾਂਗੀਰ ਮੰਨ ਗਿਆ। ਇਸ ਵੱਡੇ ਕਾਰਪੋਰੇਟ ਨੂੰ ਵਪਾਰ ਕਰਨ ਦੀ ਇਜਾਜ਼ਤ ਦੇ ਦਿੱਤੀ।

ਅੰਗਰੇਜ਼ ਦੇਸ਼ ਵਿਚ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਅੱਗੇ ਵੱਧਦੇ ਗਏ। ਕਲਕੱਤੇ ਤੋਂ ਸ਼ੁਰੂਆਤ ਕੀਤੀ ਤੇ ਹੌਲੀ ਹੌਲੀ ਪੂਰੇ ਭਾਰਤ 'ਤੇ ਆਪਣਾ ਰਾਜ ਕਾਇਮ ਕਰ ਲਿਆ। ਉਨ੍ਹਾਂ ਨੇ ਇਕ ਵਾਰ ਪੈਰ ਇਥੇ ਟਿਕਾ ਲਏ, ਫਿਰ ਸ਼ਹਾਦਤਾਂ ਹੀ ਸ਼ਹਾਦਤਾਂ ਦੇਣੀਆਂ ਪਈਆਂ। ਪੂਰੇ ਸਵਾ ਦੋ ਸੌ ਸਾਲ ਬਾਅਦ ਇਸ ਕਾਰਪੋਰੇਟ ਘਰਾਣੇ ਨੂੰ ਇਜਾਜ਼ਤ ਦੇਣ ਵਾਲੇ ਜਹਾਂਗੀਰ ਦੀ ਪੀੜ੍ਹੀ 'ਚੋਂ ਬਹਾਦਰ ਸ਼ਾਹ ਜ਼ਫਰ ਰਹਿ ਗਿਆ ਸੀ, ਜੋ ਕਾਰਪੋਰੇਟ ਘਰਾਣਿਆਂ ਤੋਂ ਪੈਨਸ਼ਨ ਲੈਣ ਲਈ ਹਾੜ੍ਹੇ ਕੱਢਦਾ ਰਿਹਾ। ਅੰਗਰੇਜ਼ਾਂ ਨੇ ਬਹਾਦਰ ਸ਼ਾਹ ਜ਼ਫਰ ਨੂੰ ਰੰਗੂਨ ਦੀ ਜੇਲ੍ਹ ਵਿਚ ਤਰਸਾ ਤਰਸਾ ਕੇ ਤੇ ਤੜਫਾ ਤੜਫਾ ਕੇ ਮਾਰਿਆ। ਦਰਬਾਰੀ ਜਹਾਂਗੀਰ ਦੇ ਰਾਜ ਵਿਚ ਵੀ ਨਜ਼ਾਰੇ ਲੁਟਦੇ ਸਨ, ਫਿਰ ਅੰਗਰੇਜ਼ਾਂ ਵੇਲੇ ਗੱਦਾਰ ਬਣ ਕੇ ਵੀ ਨਜ਼ਾਰੇ ਲੈਂਦੇ ਰਹੇ। ਉਹੀ ਗੱਦਾਰ ਅੱਜ ਵੀ ਮੰਤਰੀ ਬਣ ਕੇ ਨਜ਼ਾਰੇ ਲੁੱਟ ਰਹੇ ਹਨ।

ਕਿਸਾਨ ਵੀਰੋ ਤੁਸੀਂ ਅੱਜ ਆਪਣੀ ਜਮੀਨ ਦੇ ਮਾਲਕ ਹੋ। ਤੁਸਾਂ ਆਪਣੇ ਹੱਕਾਂ ਦੀ ਰਾਖੀ ਆਪ ਕਰਨੀ ਹੈ। ਭੁੱਲ ਕੇ ਵੀ ਜਹਾਂਗੀਰ ਵਾਲੀ ਗਲਤੀ ਨਾ ਕਰਿਓ। ਬਥੇਰੇ ਸਰਕਾਰੀ ਚਮਚੇ ਤੁਹਾਡੇ ਕੰਨ ਭਰਨ ਦੀ ਕੋਸ਼ਿਸ਼ ਕਰਨਗੇ। ਇਸ ਦੁਨੀਆਂ ਵਿਚ ਵਿਚੋਲਿਆਂ ਦੀ ਕੋਈ ਘਾਟ ਨਹੀਂ। ਤੁਸੀਂ ਹੌਸਲੇ ਬੁਲੰਦ ਰੱਖਿਓ, ਸਮਾਂ ਕੋਰਾ ਕਾਗਜ਼ ਲਈ ਤੁਹਾਡੇ ਸਾਹਮਣੇ ਖੜ੍ਹਾ ਹੈ। ਅਸੀਂ ਫਿਰ ਇਤਿਹਾਸ ਲਿਖਾਂਗੇ।

***-ਜਸਵਿੰਦਰ ਸਿੰਘ ਭੁਲੇਰੀਆ***
***ਮਮਦੋਟ, ਫਿਰੋਜ਼ਪੁਰ***
***ਫੋਨ: 91-75891-55501***

# ਧਰਮ ਹੇਤ ਸਾਕਾ ਜਿਨਿ ਕੀਆ...

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਿਸੇ ਨੇ 'ਹਿੰਦ ਦੀ ਚਾਦਰ' ਕਿਹਾ, ਕਿਸੇ ਨੇ 'ਤਿਲਕ ਜੰਞੂ ਦਾ ਰਖਵਾਲਾ'। ਕੁਝ ਕੁ ਵਿਆਖਿਆਕਾਰ ਗੁਰੂ ਜੀ ਦੀ ਸ਼ਹਾਦਤ ਨੂੰ ਇਸ ਕਰਕੇ ਲਾਸਾਨੀ ਮੰਨਦੇ ਹਨ ਕਿ ਦੂਜਿਆਂ ਦੇ ਧਰਮ ਦੀ ਰਾਖੀ ਕਰਨ ਹਿਤ ਸ਼ਹਾਦਤ ਦਿੱਤੀ। ਇਹ



ਸਾਰੀਆਂ ਉਕਤੀਆਂ ਠੀਕ ਹਨ ਪਰ ਸਮੇਂ ਅਤੇ ਸਥਾਨ ਦੀ ਸੀਮਾ ਵਿਚ ਬੰਨ੍ਹੀਆਂ ਹੋਈਆਂ। ਚਿੜੀ ਦੀ ਅੱਖ ਨੇ ਜੰਗਲ ਦੇਖ ਕੇ ਵਾਹ ਵਾਹ ਕਿਹਾ, ਸੋ ਸਹੀ ਪਰ ਅਸਮਾਨ ਦੀਆਂ ਅੱਖਾਂ, ਚੰਦ ਅਤੇ ਸੂਰਜ

**ਹਰਪਾਲ ਸਿੰਘ ਪੰਨੂ**
ਫੋਨ: +91-94642-51454

ਵੀ ਤਾਂ ਜੰਗਲ ਨੂੰ ਦੇਖ ਰਹੀਆਂ ਹਨ। ਵੱਡਾ ਜੰਦਰਾ ਖੋਲ੍ਹਣ ਲਈ ਵੱਡੀ ਚਾਬੀ ਲਾਈਏ। ਸ੍ਰੀ ਗੁਰ ਸੋਭਾ ਵਿਚ ਸੇਨਾਪਤਿ ਜੀ ਦਾ ਪੰਨਾ 10-11 ਉਪਰ ਕਥਨ ਹੈ:

ਪ੍ਰਗਟ ਭਏ ਗੁਰੁ ਤੇਗ ਬਹਾਦਰ।
ਸਗਲ ਸ੍ਰਿਸਟਿ ਪੈ ਢਾਪੀ ਚਾਦਰ॥
ਕਰਮ ਧਰਮ ਕੀ ਜਿਨ ਪਤਿ ਰਾਖੀ।
ਅਟਲ ਕਰੀ ਕਲਿਜੁਗ ਮਹਿ ਸਾਖੀ॥

ਸੰਸਾਰ ਤੋਂ ਵਿਦਾ ਹੋਣ ਵਰਤ ਗੁਰੂ ਅਰਜਨ ਦੇਵ ਫਰਮਾਨ ਕਰ ਗਏ ਸਨ ਕਿ ਹਰਗੋਬਿੰਦ ਸ਼ਸਤਰਧਾਰੀ ਹੋ ਕੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਕਿਉਂਕਿ ਹੋਰ ਵੀ ਸਖਤ ਸਮਾਂ ਆਉਣ ਵਾਲਾ ਹੈ। ਛੇਵੇਂ ਪਾਤਸਾਹ ਨੇ ਮੀਰੀ ਪੀਰੀ ਦੀਆਂ ਤੇਗਾਂ ਤਾਂ ਪਹਿਨੀਆਂ ਹੀ, ਸ਼ਸਤਰਬਧ ਘੁੜਸਵਾਰਾਂ ਦੀ ਸੈਨਾ ਸਥਾਪਤ ਕੀਤੀ।

ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਘਰ ਇਕ ਅਪਰੈਲ 1621 ਈਸਵੀ ਨੂੰ ਜਿਸ ਪੁੱਤਰ ਦਾ ਜਨਮ ਅੰਮ੍ਰਿਤਸਰ ਹੋਇਆ, ਉਸ ਦਾ ਨਾਮ ਤਿਆਗ ਮੱਲ ਰੱਖਿਆ। ਜਨਮ ਸਥਾਨ ਦਾ ਨਾਮ ਗੁਰੂ ਕੇ ਮਹਿਲ ਹੈ। ਸੁਭਾਅ ਸ਼ਾਂਤ, ਇਕਾਂਤ ਪਸੰਦ, ਗੰਭੀਰ, ਸਿਮਰਨ ਵਲ ਰੁਚਿਤ। ਅਜਿਹੇ ਸੁਭਾਅ ਵਾਲੀ ਸ਼ਖਸੀਅਤ ਲਈ ਤਿਆਗ ਮੱਲ ਨਾਮ ਢੁਕਵਾਂ ਜਾਪਦਾ ਸੀ। ਪਿਤਾ ਦੀ ਨਿਗਰਾਨੀ ਤਹਿਤ ਤਿਆਗ ਮੱਲ ਨੇ ਗ੍ਰੰਥਾਂ ਦੀ ਵਿਦਿਆ ਹਾਸਲ ਤਾਂ ਕੀਤੀ ਹੀ, ਘੁੜਸਵਾਰੀ ਅਤੇ ਸ਼ਸਤਰ ਵਿਦਿਆ ਵਿਚ ਵੀ ਨਿਪੁੰਨਤਾ ਹਾਸਲ ਕੀਤੀ।

ਗੁਰੂ ਹਰਗੋਬਿੰਦ ਸਾਹਿਬ ਨੂੰ ਚਾਰ ਮੁੱਖ ਜੰਗਾਂ ਮੁਗਲਾਂ ਵਿਰੁਧ ਲੜਨੀਆਂ ਪਈਆਂ। ਪਹਿਲੀ ਮੁਖਲਿਸਖਾਨ ਸੈਨਾਨੀ ਨਾਲ ਅੰਮ੍ਰਿਤਸਰ, ਦੂਜੀ ਹਰਗੋਬਿੰਦ ਪੁਰ ਅਬਦੁਲਾ ਖਾਨ ਵਿਰੁਧ, ਤੀਜੀ ਕਮਰ ਬੇਗ ਸੈਨਾਨੀ ਨਾਲ ਮਹਿਰਾਜ ਅਤੇ ਚੌਥੀ ਕਾਲੇਖਾਨ ਪੈਂਦੇ ਖਾਨ ਵਿਰੁਧ ਕਰਤਾਰਪੁਰ। ਤਿਆਗਮੱਲ ਨੇ ਘੋੜੇ 'ਤੇ ਸਵਾਰ ਹੋ ਕੇ ਉਹ ਕਿਰਪਾਨ ਵਾਹੀ ਕਿ ਪਿਤਾ ਜੀ ਅਸ਼-ਅਸ਼ ਕਰ ਉਠੇ। ਜੰਗ ਖਤਮ ਹੋਣ 'ਤੇ ਪ੍ਰੇਮ ਨਾਲ ਥਾਪੀ ਦਿੰਦਿਆਂ ਕਿਹਾ- ਤਿਆਗ ਮੱਲ ਨਹੀਂ, ਤੁਸੀਂ ਤੇਗ ਬਹਾਦਰ ਸਾਬਤ ਹੋਏ। ਤੇਗ ਬਹਾਦਰ ਤਾਂ ਖਿਤਾਬ ਮਿਲਿਆ ਸੀ ਪਰ ਇਹੋ ਨਾਮ ਥਿਰ ਹੋ ਗਿਆ। ਜੇ.ਐਸ. ਗੋਰਡਨ ਅਨੁਸਾਰ ਗੁਰੂ ਜੀ ਅਕਸਰ ਕਿਹਾ ਕਰਦੇ- ਸਾਨੂੰ ਤੇਗ ਵਾਹੁਣ ਦਾ ਸ਼ੌਕ ਨਹੀਂ। ਹਮਲਾਵਰ ਚੜ੍ਹ ਆਏ, ਤਦ ਤੇਗ ਵਾਹੁਣੀ ਧਰਮ ਹੈ ਪਰ ਤੇਗ ਦੀ ਥਾਂ ਸਾਡਾ ਮਨ ਦੇਗ ਵਰਤਾਉਣ ਦਾ ਇੱਛਕ ਹੈ, ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਹੋਣ। ਸਾਡਾ ਨਾਮ ਦੇਗ ਬਹਾਦਰ ਹੋਣਾ ਚਾਹੀਦਾ ਸੀ।

20 ਮਾਰਚ 1665 ਈਸਵੀ ਨੂੰ ਗੁਰਿਆਈ ਮਿਲਣ ਵਕਤ ਸ਼ਰੀਕ ਆਪੋ-ਆਪਣੀਆਂ ਮੰਜੀਆਂ ਡਾਹ ਕੇ ਖੁਦ-ਬ-ਖੁਦ ਗੁਰੂ ਹੋ ਗਏ ਪਰ ਗੁਰੂ ਜੀ ਇਸ ਖਿਚ ਧੂਹ ਤੋਂ ਨਿਰਲੇਪ ਰਹੇ, ਕਿਸੇ ਵਿਵਾਦ ਵਿਚ ਨਾ ਪੈ ਕੇ ਸਿਮਰਨ ਕਰਦੇ ਰਹੇ। ਮੱਖਣ ਸ਼ਾਹ ਲੁਬਾਣਾ ਆਪਣੇ ਲਾਉ ਲਸ਼ਕਰ ਸਮੇਤ ਆਇਆ, ਗੁਰੂ ਦੀ ਪਛਾਣ ਕੀਤੀ ਅਤੇ ਦੰਭੀ ਸ਼ਰੀਕਾਂ ਨੂੰ ਖਦੇੜ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਜਿਹੜੀ ਬੀੜ ਭਾਈ ਗੁਰਦਾਸ ਪਾਸੋਂ ਲਿਖਵਾਈ, ਉਹ ਧੀਰਮੱਲ ਕੋਲ ਸੀ, ਮੱਖਣਸ਼ਾਹ ਉਹ ਵੀ ਖੋਹ ਲਿਆਇਆ। ਗੁਰੂ ਜੀ ਨੂੰ ਖਬਰ ਮਿਲੀ, ਤਦ ਉਨ੍ਹਾਂ ਮੱਖਣ ਸ਼ਾਹ ਨੂੰ ਕਿਹਾ- ਇਹ ਪਵਿੱਤਰ ਬੀੜ ਖੋਹ ਖਿੰਜ ਵਾਸਤੇ ਤਿਆਰ ਨਹੀਂ, ਮੱਥਾ ਟੇਕਣ ਵਾਸਤੇ ਹੈ, ਸਤਿਕਾਰ ਨਾਲ ਧੀਰਮੱਲ ਨੂੰ ਵਾਪਸ ਕਰੋ। ਅਸੀਂ ਹੋਰ ਬੀੜ ਤਿਆਰ ਕਰਨ ਲਈ ਸਮਰੱਥ ਹਾਂ, ਉਹ ਤਿਆਰ ਨਹੀਂ ਕਰ ਸਕਦੇ। ਬੀੜ ਵਾਪਸ ਪਰਤਾਈ ਗਈ ਜੋ ਹੁਣ ਤੱਕ ਧੀਰਮੱਲੀਆਂ ਪਾਸ ਕਰਤਾਰਪੁਰ ਹੈ। ਇਸ ਨੂੰ ਕਰਤਾਰਪੁਰੀ ਬੀੜ ਆਖਦੇ ਹਨ।

ਗੁਰੂ ਜੀ ਦੇਖ ਰਹੇ ਸਨ ਕਿ ਇਕ ਪਾਸੇ ਮੁਗਲ ਸਟੇਟ ਰਾਜ ਧਰਮ ਛੱਡ ਕੇ ਖੁੰਰੇਜ਼ੀ ਵਲ ਵਧ ਰਹੀ ਹੈ, ਦੂਜੇ ਪਾਸੇ ਆਪਣੇ ਘਰ ਦੇ ਮੈਂਬਰ ਸ਼ਰੀਕੇਬਾਜ਼ੀ ਉਤੇ ਉਤਰ ਆਏ ਹਨ ਤੇ ਸਟੇਟ ਦੀ ਸ਼ਰਨ ਵਿਚ ਜਾ ਰਹੇ ਹਨ। ਇਸ ਟਕਰਾਓ ਤੋਂ ਕਿਨਾਰਾ ਕਰਦਿਆਂ ਪਹਿਲਾਂ ਕੀਰਤਪੁਰ ਟਿਕਾਣਾ ਕੀਤਾ, ਫਿਰ ਸਤਲੁਜ ਕਿਨਾਰੇ ਰਕਮ ਤਾਰ ਕੇ ਪਹਾੜੀ ਰਾਜੇ ਪਾਸੋਂ ਜ਼ਮੀਨ ਖਰੀਦੀ, ਆਨੰਦਪੁਰ ਵਸਾਇਆ। ਫੈਸਲਾ ਕੀਤਾ ਕਿ ਦੂਰ ਨੇੜੇ ਸੰਗਤਾਂ ਨੂੰ ਮਿਲਿਆ ਜਾਵੇ। ਪਹਿਲੋਂ ਮਾਝੇ, ਦੁਆਬੇ, ਮਾਲਵੇ, ਤੇ ਬਾਂਗਰ ਦਾ ਦੌਰਾ ਕੀਤਾ; ਫਿਰ ਬਿਹਾਰ, ਬੰਗਾਲ ਤੇ ਅਸਾਮ ਤੱਕ ਗਏ। ਗੁਰੂ ਜੀ ਨੇ ਯਾਤਰਾ ਦਾ ਰੂਟ ਉਹੋ ਰੱਖਿਆ ਜਿਸ ਰਸਤੇ ਗੁਰੂ ਨਾਨਕ ਦੇਵ ਜੀ ਗਏ ਸਨ। ਪਾਠਕਾਂ ਨੂੰ ਯਾਦ ਕਰਵਾ ਦੇਈਏ ਕਿ ਗੁਰੂ ਨਾਨਕ ਦੇਵ ਆਪਣੀਆਂ ਉਦਾਸੀਆਂ ਦੌਰਾਨ ਏਸ਼ੀਆ ਦੇ ਜਿਨ੍ਹਾਂ ਲੋਕਾਂ ਨੂੰ ਮਿਲੇ, ਪਹਿਲੀ ਵਾਰ ਮਿਲੇ ਸਨ ਤੇ ਆਖਰੀ ਵਾਰ ਮਿਲੇ। ਦੂਜੀ ਵਾਰ ਤਾਂ ਗਏ ਹੀ ਨਹੀਂ ਸਨ। ਗੁਰੂ ਨਾਨਕ ਦੇਵ ਜੀ ਤੋਂ ਦੋ ਸੌ ਸਾਲ ਬਾਅਦ ਸੰਗਤਾਂ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਕਰਦੀਆਂ, ਸਵਾਗਤ ਕਰਦੀਆਂ, ਚਰਨ ਛੂੰਹਦੀਆਂ ਇਤਰਾਜ਼ ਜਤਾਂਦੀਆਂ- ਏਨੀ ਦੇਰ ਬਾਅਦ ਦੀਦਾਰ ਮਹਾਰਾਜ? ਦੋ ਸਦੀਆਂ ਵਿਚ ਦਸ ਪੀੜ੍ਹੀਆਂ ਬਦਲ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਟਕਸਾਲ ਦਾ ਸਿੱਕਾ ਖਸਣ ਵਾਲਾ, ਮੱਧਮ ਪੈਣ ਵਾਲਾ ਨਹੀਂ ਸੀ। ਮਾਰਿਆ ਸਿੱਕਾ ਜਗਤ ਵਿਚ, ਨਾਨਕ ਨਿਰਮਲ ਪੰਥ ਚਲਾਇਆ। ਭਾਈ ਗੁਰਦਾਸ ਜੀ।

ਇਹ ਯਾਤਰਾ ਗੁਰੂ ਜੀ ਪਰਿਵਾਰ ਸਮੇਤ ਕਰ ਰਹੇ ਸਨ। ਪਿੰਡ, ਸ਼ਹਿਰ ਦੇ ਬਾਹਰਵਾਰ ਬਾਗ ਵਿਚ ਜਾਂ ਦਰਿਆ ਕਿਨਾਰੇ ਤੰਬੂ ਤਾਣਦੇ, ਬਿਸਰਾਮ ਕਰਦੇ, ਪ੍ਰਵਚਨ ਹੁੰਦੇ, ਅਗਲੇ ਨਗਰ ਵਲ ਕੂਚ ਕਰਦੇ। ਗੋਬਿੰਦ ਰਾਇ ਦੇ ਜਨਮ ਦਾ ਸਮਾਂ ਨੇੜੇ ਆ ਗਿਆ, ਮਾਤਾ ਗੁਜਰੀ ਜੀ ਨੂੰ ਸਿੱਖ ਸੇਵਕਾਂ ਦੀ ਮੇਜ਼ਬਾਨੀ ਵਿਚ ਪਟਨੇ ਛੱਡ ਕੇ ਆਪ ਆਪਣੀ ਸੰਗਤ ਸਮੇਤ ਬੰਗਾਲ ਪੁੱਜੇ। ਪੁੱਤਰ ਦੇ ਜਨਮ ਦੀ ਖਬਰ ਉਥੇ ਹੀ ਮਿਲੀ, ਪੱਤਰ ਰਾਹੀਂ ਅਸੀਸਾਂ ਭੇਜੀਆਂ ਅਤੇ ਗੋਬਿੰਦ ਰਾਇ ਨਾਮ ਲਿਖ ਕੇ ਭੇਜਿਆ। ਜਦੋਂ ਵਾਪਸ ਪਰਤੇ, ਪਹਿਲੀ ਵਾਰ ਪੁੱਤਰ ਦਾ ਮੂੰਹ ਦੇਖਿਆ, ਗੋਬਿੰਦ ਰਾਇ ਪੰਜ ਸਾਲਾਂ ਦੇ ਹੋ ਗਏ ਸਨ। ਸੰਗਤ ਪ੍ਰਤੀ ਜ਼ਿੰਮੇਵਾਰੀ ਪ੍ਰਥਮ, ਪਰਿਵਾਰ ਵੱਲ ਤਵੱਜੋ ਬਾਅਦ ਵਿਚ। ਪੰਜਾਬ ਵਲ ਕੂਚ ਕਰ ਦਿੱਤਾ।

ਦਰਬਾਰ ਸਾਹਿਬ ਦੇ ਦਰਸ਼ਨ ਕਰਨ, ਮੱਥਾ ਟੇਕਣ ਨੂੰ ਮਨ ਕੀਤਾ। ਪੁੱਜ ਗਏ। ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਦਿੱਤੇ ਕਿ ਮੱਥਾ ਟੇਕਣ ਥੋੜ੍ਹਾ ਆਏ ਹਨ, ਕਬਜ਼ਾ ਕਰਨਗੇ। ਚਾਹੁੰਦੇ ਤਾਂ ਕਰ ਸਕਦੇ ਸਨ ਪਰ ਪਰਿਵਾਰ ਨਾਲ ਝਤਪ ਹੋਵੇ, ਅਜਿਹਾ ਇਰਾਦਾ ਨਹੀਂ ਸੀ। ਫਿਰ ਵੀ ਬੇਨਤੀ ਕੀਤੀ ਕਿ ਗੁਰੂ ਕੇ ਮਹਿਲ ਵਿਖੇ ਜਾਣ ਦੀ ਆਗਿਆ ਦੇ ਦਿਉ, ਆਪਣਾ ਜਨਮ ਸਥਾਨ ਜਿਥੇ ਬਚਪਨ ਬਿਤਾਇਆ, ਦੇਖਣਾ ਹੈ। ਆਗਿਆ ਨਹੀਂ ਦਿੱਤੀ ਕਿ ਇਹ ਵੀ ਕਬਜ਼ਾ ਕਰਨ ਦਾ ਬਹਾਨਾ ਹੈ।

ਇਹੋ ਜਿਹੇ ਹਾਲਾਤ ਕਾਰਨ ਗੁਰੂ ਗੋਬਿੰਦ ਸਿੰਘ ਜੀ ਵੀ ਦਰਬਾਰ ਸਾਹਿਬ ਦਰਸ਼ਨ ਕਰਨ ਨਹੀਂ ਜਾ ਸਕੇ ਸਨ, ਕਿਉਂਕਿ ਹਾਲਾਤ ਨਾਗਵਾਰ



ਸਨ ਪਰ ਚੁਸਤ ਬੁੱਧੀਵਾਨ ਲੋਕ ਆਪਣੇ ਤੇਗ ਸਿਆਸੀ ਮਨੋਰਥਾਂ ਤਹਿਤ ਅਜਿਹੀ ਹਾਲਤ ਨੂੰ ਕਿਵੇਂ ਇਸਤੇਮਾਲ ਕਰਦੇ ਹਨ, ਇਸ ਦੀ ਸਟੀਕ ਉਦਾਹਰਨ ਡਾ. ਜਸਬੀਰ ਸਿੰਘ ਆਹਲੂਵਾਲੀਆ ਸਨ। ਪਾਠਕਾਂ ਨੂੰ ਯਾਦ ਹੋਏਗਾ, 1999 ਵਿਚ ਜਦੋਂ ਖਾਲਸਾ ਪੰਥ ਦੇ ਪ੍ਰਕਾਸ਼ ਦੀ 300ਵੀਂ ਸ਼ਤਾਬਦੀ ਮਨਾਈ ਗਈ, ਉਦੋਂ ਕੇਂਦਰ ਵਿਚ ਵਾਜਪਈ ਦੀ ਸਰਕਾਰ ਸੀ ਤੇ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ। ਸ਼ਤਾਬਦੀ ਸਮਾਰੋਹਾਂ ਵਾਸਤੇ ਕੇਂਦਰ ਸਰਕਾਰ ਨੇ ਇਕ ਸੌ ਕਰੋੜ ਰੁਪਿਆ ਪੰਜਾਬ ਨੂੰ ਸੁਗਾਤ ਦਿੱਤਾ।

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ, ਇਹ ਰਕਮ ਪੰਜਾਬ ਸਰਕਾਰ ਖਰਚੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਐਲਾਨ ਕੀਤਾ, ਨਹੀਂ ਇਹ ਧਾਰਮਿਕ ਕਾਰਜਾਂ ਵਾਸਤੇ ਆਈ ਰਕਮ ਸ਼੍ਰੋਮਣੀ ਕਮੇਟੀ ਖਰਚੇਗੀ। ਦੋਵਾਂ ਸ਼ਖਸੀਅਤਾਂ ਵਿਚਕਾਰ ਟੱਕਰ ਹੋ ਗਈ, ਵਾਦ ਵਿਵਾਦ, ਬਿਆਨ ਦਰ ਬਿਆਨ। ਟੌਹੜਾ ਪੱਖੀ ਜਥੇਦਾਰ ਨੇ ਬਾਦਲ ਸਾਹਿਬ ਨੂੰ ਅਕਾਲ ਤਖਤ 'ਤੇ ਤਲਬ ਕਰ ਲਿਆ। ਇਸ ਪੜਾਉ ਤੇ ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਟ੍ਰਿਬਿਊਨ ਲਈ ਲੇਖ ਲਿਖਿਆ ਜਿਸ ਵਿਚ ਨਤੀਜਾ ਇਹ ਕੱਢਿਆ ਕਿ ਖਾਲਸਾ ਪੰਥ ਵਿਚ ਅਕਾਲ ਤਖਤ ਦੀ ਜੋ ਬਹੁਤੀ ਅਹਿਮੀਅਤ ਹੁੰਦੀ, ਤਦ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਉਥੇ ਦਰਸ਼ਨਾਰਥ ਨਾ ਪੁੱਜਦੇ? ਬਾਦਲਾਂ ਨੂੰ ਉਥੇ ਜਾਣ ਦੀ ਲੋੜ ਨਹੀਂ।

ਮੈਂ ਆਹਲੂਵਾਲੀਆ ਦੀ ਇਹ ਲਿਖਤ ਪੜ੍ਹ ਕੇ ਪ੍ਰਤੀਕਰਮ ਭੇਜਿਆ ਜੋ ਛਪਿਆ। ਮੇਰੀ ਦਲੀਲ ਸੀ ਕਿ ਨੌਵੇਂ ਤੇ ਦਸਵੇਂ ਗੁਰੂ ਸਾਹਿਬਾਨ ਅਕਾਲ ਤਖਤ ਵਿਖੇ ਨਹੀਂ ਜਾ ਸਕੇ, ਇਸ ਲਈ ਨਹੀਂ ਕਿ ਅਕਾਲ ਤਖਤ ਦੀ ਅਹਿਮੀਅਤ ਨਹੀਂ, ਖਾਨਾਜੰਗੀ ਤੋਂ ਟਲਦਿਆਂ ਉਨ੍ਹਾਂ ਅਜਿਹਾ ਨਹੀਂ ਕੀਤਾ। ਆਹਲੂਵਾਲੀਆ ਇਹ ਤੱਥ ਭੁੱਲ ਗਏ ਕਿ ਨੌਵੇਂ ਤੇ ਦਸਵੇਂ ਗੁਰੂ ਸਾਹਿਬਾਨ ਤਾਂ ਦਰਬਾਰ ਸਾਹਿਬ ਵੀ ਮੱਥਾ ਨਹੀਂ ਟੇਕ ਸਕੇ ਸਨ। ਡਾ. ਆਹਲੂਵਾਲੀਆ ਜੀ ਇਹ ਵੀ ਲਿਖਣ ਕਿ ਹਰਿਮੰਦਰ ਦੀ ਖਾਲਸਾ ਪੰਥ ਵਿਚ ਕੋਈ ਅਹਿਮੀਅਤ ਨਹੀਂ ਹੈ। ਇਨ੍ਹਾਂ ਬਾਵਾਂ ਦੀ ਅਹਿਮੀਅਤ ਦਾ ਤਾਂ ਮਸਲਾ ਨਹੀਂ ਸੀ, ਮਸਲਾ ਵਾਈਸ ਚਾਂਸਲਰੀ ਪ੍ਰਾਪਤ ਕਰਨ ਦਾ ਸੀ, ਪ੍ਰਾਪਤ ਹੋਈ।

ਇਸੇ ਨਾਲ ਮਿਲਦਾ ਜੁਲਦਾ ਇਕ ਪ੍ਰਸੰਗ ਹੋਰ। ਸਾਲ 1975 ਵਿਚ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦੀ 300ਵੀਂ ਸ਼ਹਾਦਤ ਸਾਰੀ ਦੁਨੀਆ ਵਿਚ ਮਨਾਈ, ਉਦੋਂ ਮੈਂ ਵਿਦਿਆਰਥੀ ਸਾਂ। ਇਸ ਸਾਲ ਡਾ. ਫੌਜਾ ਸਿੰਘ, ਮੁਖੀ ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਸ਼ਹਾਦਤ ਉਤੇ ਪੇਪਰ ਲਿਖ ਕੇ ਛਪਵਾਇਆ ਜਿਸ ਵਿਰੁੱਧ ਭਾਰੀ ਵਿਵਾਦ ਛਿੜ ਗਿਆ। ਫੌਜਾ ਸਿੰਘ ਨੇ ਇਸ ਲੇਖ ਵਿਚ ਫਾਰਸੀ ਦੇ ਇਕ ਇਤਿਹਾਸਕਾਰ ਗੁਲਾਮ ਹੁਸੈਨ ਦਾ ਹਵਾਲਾ ਦਿੱਤਾ ਜੋ ਉਸ ਦੀ ਕਿਤਾਬ 'ਸੀਅਰ ਉਲ ਮੁਤਾਖਰੀਨ' ਵਿਚੋਂ ਸੀ। ਗੁਲਾਮ ਹੁਸੈਨ ਦਾ ਸਮਾਂ 1727-1817 ਹੈ ਅਤੇ ਕਿਤਾਬ 1786 ਈਸਵੀ ਦੀ ਹੈ। ਇਹ ਕਿਤਾਬ ਮਦਰਾਸ ਰਜਮੈਂਟ ਦੇ ਕਰਨਲ ਜਾਨ ਬਰਿਗਜ਼ ਨੇ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ 1831 ਵਿਚ ਲੰਡਨ ਤੋਂ ਛਪਵਾਈ। ਇਸ ਬੰਦੇ ਨੇ ਲਿਖਿਆ, "He (Guru Teg Bahadur) used to commit plunder and rapine." ਅਰਥਾਤ ਗੁਰੂ ਤੇਗ ਬਹਾਦਰ ਅਕਸਰ ਮਾਰਧਾੜ ਡਕੈਤੀਆਂ ਕਰਦਾ ਹੁੰਦਾ ਸੀ। ਗੁਲਾਮ ਹੁਸੈਨ ਅਨੁਸਾਰ ਸਟੇਟ ਨੇ ਇਸ ਅਪਰਾਧੀ ਨੂੰ ਫੜ ਕੇ ਮੌਤ ਦੀ ਸਜ਼ਾ ਦਿੱਤੀ।

ਫੌਜਾ ਸਿੰਘ ਨੇ ਇਸ ਟੂਕ ਨੂੰ ਤਾਂ ਦਰਜ ਕਰ ਦਿਤਾ ਪਰ ਇਸ ਦੀ ਕੋਈ ਵਿਆਖਿਆ ਨਾ ਕੀਤੀ ਜਿਸ ਤੋਂ ਲਗਦਾ ਸੀ, ਲੇਖਕ ਗੁਲਾਮ ਹੁਸੈਨ ਨਾਲ ਸਹਿਮਤ ਹੈ। ਸ਼ੋਰ ਪਹਿਲਾਂ ਲੋਕਾਂ ਵਿਚ ਉਠਿਆ, ਫਿਰ ਅਕਾਲ ਤਖਤ ਤੱਕ ਪੁੱਜਾ। ਧਮਕੀਆਂ ਕਾਰਨ ਉਨ੍ਹਾਂ ਨੂੰ ਕੁਝ ਸਮਾਂ ਰੂਪੋਸ਼ ਵੀ ਹੋਣਾ ਪਿਆ। ਆਖਰ ਪੰਥ ਪਾਸੋਂ ਖਿਮਾ ਮੰਗ ਕੇ ਖਹਿੜਾ ਛੁਡਾਇਆ। ਫੌਜਾ ਸਿੰਘ ਦੀ ਇਸ ਹਲਕੀ ਲਿਖਤ ਦਾ ਜਵਾਬ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਨੇ 1977 ਵਿਚ ਆਪਣੇ ਲੇਖ Who Killed Guru Teg Bahadur ਵਿਚ ਦਿੱਤਾ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੈਨੇਟ ਹਾਲ ਵਿਚ ਡਾ. ਗੰਡਾ ਸਿੰਘ ਦੀ ਪ੍ਰਧਾਨਗੀ ਹੇਠ ਪੜ੍ਹਿਆ ਗਿਆ। ਸਰੋਤਿਆਂ ਵਿਚ ਮੈਂ ਵੀ ਸਾਂ।

ਬਾਅਦ ਵਿਚ ਇਸੇ ਲੇਖ ਦੇ ਪਿਛੋਕੜ ਬਾਰੇ ਵੀ ਜਾਣਕਾਰੀ ਮਿਲੀ। ਕੇਂਦਰ ਵਿਚ ਉਦੋਂ ਉਚੇਰੀ ਸਿਖਿਆ ਦੇ ਮੰਤਰੀ ਸੱਯਦ ਨੂਰੁਲ ਹਸਨ (26 ਨਵੰਬਰ 1921-12 ਜੁਲਾਈ 1993) ਕਿਸੇ ਸੈਮੀਨਾਰ ਵਿਚ ਡਾ. ਫੌਜਾ ਸਿੰਘ ਨੂੰ ਮਿਲੇ ਤੇ ਕਿਹਾ- ਸ਼ਹੀਦੀ ਸ਼ਤਾਬਦੀ ਸਮਾਰੋਹਾਂ ਵਿਚ ਸਿੱਖਾਂ ਮੁਸਲਮਾਨਾਂ ਵਿਚਕਾਰ ਦੂਰੀ ਨਾ ਵਧੇ, ਇਸ ਤੋਂ ਬਚਣ ਲਈ ਤੁਸੀਂ ਕੋਈ ਲੇਖ ਲਿਖੋ ਜਿਸ ਨਾਲ ਕ੍ਰੋਧ ਸ਼ਾਂਤ ਹੋਵੇ, ਸਦਭਾਵਨਾ ਵਧੇ। ਸਦਭਾਵਨਾ ਦੀ ਪੂਰਤੀ ਲਈ ਗੁਲਾਮ ਹੁਸੈਨ ਹਾਜ਼ਰ ਕਰ ਲਿਆ। ਦੂਜੀ ਖੋਜ ਇਹ ਕੀਤੀ ਕਿ ਗੁਰੂ ਜੀ ਦੀ ਸ਼ਹਾਦਤ ਮੌਕੇ ਔਰੰਗਜ਼ੇਬ ਤਾਂ ਦਿੱਲੀ ਵਿਚ ਹੈ ਈ ਨਹੀਂ ਸੀ, ਉਹ ਤਾਂ ਹਸਨ ਅਬਦਾਲ ਵਿਚ ਬਗਾਵਤ ਦਬਾਉਂਦਾ ਫਿਰਦਾ ਸੀ। ਸੋ ਬਰੀ।

ਦੱਸਣ ਵਾਲੇ ਦੱਸਦੇ ਹਨ ਕਿ ਮਾੜੀ ਕਿਸਮਤ ਨੂੰ ਰੌਲਾ ਪੈ ਗਿਆ, ਨਹੀਂ ਤਾਂ ਡਾ. ਫੌਜਾ ਸਿੰਘ, ਵਾਈਸ ਚਾਂਸਲਰ ਦੀ ਕੁਰਸੀ ਉਪਰ ਸੁਸ਼ੋਭਿਤ ਹੋ ਜਾਣੇ ਯਕੀਨੀ ਸਨ। ਇਹ ਲੇਖ ਛਪਣ ਪਿਛੋਂ ਵਧੀਆ ਇਤਿਹਾਸਕਾਰ ਦੀ ਰਹਿੰਦੀ ਉਮਰ ਗੁਮਨਾਮੀ ਵਿਚ ਬਤੀਤ ਹੋਈ।

ਬਕਲ ਗੁਰੂ ਗੋਬਿੰਦ ਸਿੰਘ:
ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਯਾਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨ ਹੂੰ ਆਨ॥

## ਗੁਰੂ ਤੇਗ ਬਹਾਦਰ ਜੀ

ਨੌਵੇਂ ਗੁਰੂ ਜੀ ਦੀਆਂ, ਆਓ ਕਰੀਏ ਕਹਾਣੀਆਂ,
ਧੰਨ ਧੰਨ ਕਰੀਏ ਨਾਲੇ, ਚੱਲੋ ਗਾਈਏ ਬਾਣੀਆਂ।
ਪ੍ਰਕਾਸ਼ ਗੁਰਾਂ ਨੇ ਸੀ, ਸ੍ਰੀ ਅੰਮ੍ਰਿਤਸਰ ਧਾਰਿਆ,
ਪਿਤਾ ਹਰਗੋਬਿੰਦ ਮਾਤਾ ਨਾਨਕੀ ਦੇ ਦੁਲਾਰਿਆ।

ਪਹਿਲੀ ਅਪਰੈਲ ਸੋਲਾਂ ਸੌ ਇੱਕੀ ਦੀ ਤਾਰੀਕ ਸੀ,
ਤਿਆਗ ਮੱਲ ਪਹਿਲਾ ਨਾਮ, ਬੜਾ ਹੀ ਸਟੀਕ ਸੀ।
ਛੇਵੇਂ ਗੁਰਾਂ ਦੇ ਪੰਜ ਪੁੱਤਰਾਂ 'ਚੋਂ, ਉਹ ਛੋਟੇ ਲਾਲ ਜੀ,
ਧਾਰਮਿਕ, ਸ਼ਾਸਤਰ ਵਿੱਦਿਆ, ਪੜ੍ਹੀ ਕਮਾਲ ਜੀ।

ਮੁਗਲਾਂ ਨਾਲ ਜੰਗਾਂ ਵਿਚ, ਜਦੋਂ ਦਿਖਾਏ ਜੌਹਰ ਜੀ,
ਤੀਰ ਤੇਗਾਂ ਵਾਹੁੰਦੇ ਤੱਕ ਕੇ, ਮੁਗਲ ਹੋਏ ਡੌਰ ਭੌਰ ਜੀ।
ਖੁਸ਼ ਸੀ ਪਿਤਾ ਹਰਗੋਬਿੰਦ, ਮੈਦਾਨ-ਏ-ਜੰਗ ਦੇਖ ਕੇ,
ਬਖਸ਼ਿਆ ਖਿਤਾਬ 'ਤੇਗ ਬਹਾਦਰ' ਦਾ ਢੰਗ ਦੇਖ ਕੇ।

ਤਿਆਗ ਮੱਲ ਤੋਂ ਫਿਰ, ਤੇਗ ਦੇ ਧਨੀ ਉਹ ਬਣ ਗਏ,
ਪਰ ਵੈਰਾਗ ਭਗਤੀ ਵਿਚ, ਬਾਬੇ ਬਕਾਲੇ ਠਣ ਗਏ।

ਬਣਾ ਲਿਆ ਸੀ ਗੁਰਾਂ ਨੇ, ਭੋਰਾ ਧਰਤੀ ਦੇ ਹੇਠ ਜੀ,
ਲੀਨ ਹੋਏ ਪ੍ਰਭੂ ਭਗਤੀ 'ਚ, ਚੌਕੜਾ ਮਾਰ ਬੈਠ ਜੀ।

ਅਗਿਆਤ ਵਾਸ ਹੋ ਰਹੇ, ਬਕਾਲੇ ਚੌਦਾਂ ਸਾਲ ਜੀ,
ਸੋਲਾਂ ਸੌ ਚੌਂਹਠ ਵਿਚ ਬੈਠੇ, ਗੁਰਗੱਦੀ ਸੰਭਾਲ ਜੀ।
ਗੱਦੀ ਕਿੰਜ ਮਿਲੀ ਇੱਕ, ਵੱਖਰੀ ਕਹਾਣੀ ਮਾਣੋ ਜੀ,
ਅੱਠਵੇਂ ਗੁਰਾਂ ਨੇ ਆਖਿਆ, 'ਬਾਬਾ' ਬਕਾਲੇ ਜਾਣੋ ਜੀ।

ਕੋਈ ਨਹੀਂ ਜਾਣਦਾ ਸੀ ਕਿ ਕੌਣ ਤੇਗ ਬਹਾਦਰ ਜੀ,
ਚਾਂਦਨੀ ਚੌਕ ਦੇਊ ਕੁਰਬਾਨੀ, ਬਣੂ ਹਿੰਦ ਚਾਦਰ ਜੀ?
ਮੱਖਣ ਸ਼ਾਹ ਲੁਬਾਣੇ ਵਪਾਰੀ, ਆਣ ਕੇ ਸੀ ਲੱਭਿਆ,
ਗੁਰੂ ਲਾਧੋ ਦਾ ਨਾਅਰਾ ਲਾ ਕੇ, ਜੱਗ ਨੂੰ ਸੀ ਦੱਸਿਆ।

ਚੱਲ ਪਏ ਧਰਮ ਪ੍ਰਚਾਰ ਹੇਤ, ਪਟਨਾ ਜਾ ਪਹੁੰਚੇ ਸੀ,
ਛੱਡ ਕੇ ਪਰਿਵਾਰ ਪਿੱਛੇ ਪਟਨੇ, ਧਰਮ ਪ੍ਰਚਾਰ 'ਚ ਰੁੱਝੇ ਸੀ।
ਅਸਾਮੋਂ ਵਾਪਿਸ ਚੱਲ ਪਏ, ਪੰਜਾਬ ਆ ਜੁਗਤ ਬਣਾਈ,
ਲੈ ਕੇ ਮੁੱਲ ਜ਼ਮੀਨ ਰਾਜੇ ਤੋਂ, ਆ ਅਨੰਦਪੁਰੀ ਵਸਾਈ।

ਸ਼ਾਂਤ ਚਿੱਤ ਫਿਰ ਰਹਿ ਕੇ ਮਨੁੱਖਤਾ ਦੀ ਸੇਵਾ 'ਚ ਜੁਟੇ,
ਤੋੜਦੇ ਬੰਧਨ ਜਾਤ-ਪਾਤ ਦੇ, ਭਰਮ ਉਚ-ਨੀਚ ਦੇ ਟੁੱਟੇ।
ਬਾਣੀ ਪੜ੍ਹਦੇ ਸਵੇਰ ਸ਼ਾਮ, ਨਾਲੇ ਨਿੱਤ ਦੀਵਾਨ ਸਜਾਉਂਦੇ,
ਭੁੱਲੀ ਭਟਕੇ ਇਨਸਾਨ ਨੂੰ, ਸਮਝਾ ਸਿੱਧੇ ਰਾਸਤੇ ਪਾਉਂਦੇ।

ਕਸ਼ਮੀਰੀ ਪੰਡਿਤਾਂ ਨੂੰ ਮੁਗਲਾਂ, ਸੀ ਰੱਜ ਕੇ ਸਤਾਇਆ,
ਸਵਾ ਮਣ ਜੰਞੂ ਲਾਹੁਣ ਦਾ, ਹੁਕਮ ਦਿੱਲੀਓਂ ਆਇਆ।
ਅੱਤਿਆਚਾਰ ਜਦੋਂ ਵਧ ਗਿਆ, ਸਾਰੇ ਹਿੰਦੂ ਸੀ ਸਹਿਮੇ,
ਆ ਹਾਜਰ ਹੋਏ ਗੁਰੂ ਜੀ ਅੱਗੇ, ਅਰਜ਼ੋਈ ਕਰ ਰਹਿਮੇ।

ਜਦੋਂ ਵਿਚਾਰਦੇ ਨੌਵੇਂ ਪਾਤਸ਼ਾਹ, ਬਾਲ ਗੋਬਿੰਦ ਜੀ ਆਏ,
ਦੇਖ ਕੇ ਗੰਭੀਰ ਪਿਤਾ ਜੀ ਨੂੰ, ਸਿੱਧੇ ਕਾਰਨ ਸੀ ਪੁਛਾਏ।
'ਕੁਰਬਾਨੀ ਮਹਾਂਪੁਰਸ਼ ਦੀ ਹੈ, ਧਰਮ ਦੀ ਰੱਖਿਆ ਮੰਗੇ',
ਪਿਤਾ ਜੀ ਹੋ ਜਾਉ ਤਿਆਰ, ਨਾ ਦਸ਼ਮੇਸ਼ ਕਹਿਣੋਂ ਸੰਗੇ।

ਝੱਟ ਤਿਆਰ ਹੋਏ ਦਿੱਲੀ ਨੂੰ, ਚਾਂਦਨੀ ਚੌਕ ਜਾ ਡੇਰੇ ਲਾਏ,
ਹਿੰਦੂ ਧਰਮ ਬਚਾਉਣ ਲਈ, ਗੁਰੂ ਜੀ ਜਾ ਸੀਸ ਕਟਾਏ।
ਇੰਜ ਵੱਡਾ ਸਾਕਾ ਹੋਇਆ, ਗੁਰੂ ਸਿਧਾਰ ਗਏ ਪਰਲੋਕ,
ਹੈ ਹੈ ਸਭ ਜੱਗ ਭਇਉ ਤੇ, 'ਨੂਰਪੁਰੀ' ਜੈ ਜੈ ਸਰਲੋਕ।

**-ਸੇਵਾ ਸਿੰਘ ਨੂਰਪੁਰੀ**

# ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ

ਦਸੰਬਰ 1704 ਦੇ ਤੀਜੇ ਹਫਤੇ ਕਲਗੀਧਰ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਦੀਆਂ ਰੌਣਕਾਂ ਨੂੰ ਛੱਡ ਅੱਗੇ ਵੱਲ ਚਾਲੇ ਪਾ ਦਿਤੇ। ਸ਼ਦੀਦ ਸਰਦ ਸਮਾਂ, ਮੋਹਲੇਧਾਰ ਮੀਂਹ ਦਾ ਕਹਿਰ ਅਤੇ ਰਾਹ ਵਿਚ ਪੈਂਦੀ ਨਦੀ ਸਰਸਾ ਛੂਕ ਰਹੀ ਸੀ। ਵੈਰੀ ਨੇ ਤਮਾਮ ਵਾਅਦੇ ਤੋੜ, ਸਿੰਘਾਂ 'ਤੇ ਧਾਵਾ ਬੋਲ ਦਿੱਤਾ। ਸਰਸਾ ਤਕ ਪਹੁੰਚਦਿਆਂ ਖਾਲਸੇ ਨੂੰ ਭਾਰੀ ਜਾਨੀ-ਮਾਲੀ ਨੁਕਸਾਨ ਸਾਹਮਣਾ ਕਰਨਾ ਪਿਆ। ਵੱਡੀ ਗਿਣਤੀ ਵਿਚ ਸਿਰਕੱਢ ਘੋੜ ਸਵਾਰ ਤੇ ਸਿੰਘ ਸੂਰਮੇ ਸ਼ਹੀਦੀਆਂ ਪਾ ਗਏ, ਬੱਸ ਗੁਰੂ ਸਾਹਿਬ ਦੇ ਨਾਲ ਦੋਹਾਂ ਸਾਹਿਬਜ਼ਾਦਿਆਂ ਸਮੇਤ ਚਾਲੀ ਦੇ ਕਰੀਬ ਸਿੰਘ ਹੀ ਰਹਿ ਗਏ ਸਨ।



ਗੱਜਣਵਾਲਾ ਸੁਖਮਿੰਦਰ ਸਿੰਘ
ਫੋਨ: +91-99151 06449

ਗੁਰੂ ਸਾਹਿਬ ਵੱਡੇ ਤੜਕੇ ਆਪਣੇ ਸਿੰਘਾਂ ਸਮੇਤ ਚੱਲ ਕੇ, ਚਮਕੌਰ ਪਿੰਡ ਆ ਪਹੁੰਚੇ। ਗੁਰੂ ਮਨ ਨੂੰ ਐਸ ਵੇਲੇ ਅਲੌਕਿਕ ਇਤਿਹਾਸਕ ਜੰਗ ਦਰਜ ਕਰਨ ਲਈ ਬਾ-ਖਾਸੂਸ ਸਥਾਨ ਦੀ ਤਲਾਸ਼ ਸੀ। ਪਾਤਸ਼ਾਹ ਨੇ ਦੂਰ ਤਕ ਇਲਾਕਾ ਦ੍ਰਿਸ਼ਟੀ ਗੋਚਰ ਕੀਤਾ। ਸਾਹਿਬ ਨੇ ਸਥਾਨ ਚਮਕੌਰ ਦੀ ਮਿੱਟੀ ਨੂੰ ਮਨਜ਼ੂਰ ਕਰ ਲਿਆ। ਪਿੰਡ ਦੇ ਇਕ ਪਾਸੇ ਕੱਚੀ ਗੜ੍ਹੀ ਸੀ, ਸਾਹਿਬ ਨੇ ਮਾਲਕ ਪਾਸੋਂ ਕਬਜ਼ਾ ਮੰਗਿਆ। ਹਾਂ ਹੋਈ, ਘੋੜਸਵਾਰ ਗੋਲੀ ਸਿੱਕੇ ਸਮੇਤ ਗੜ੍ਹੀ ਵਿਚ ਤਾਇਨਾਤ ਹੋ ਗਏ।

ਭੁੱਖੇ ਭਾਣੇ ਤੇ ਉਨੀਂਦਰੇ ਦੇ ਮਾਰੇ ਅਨੰਦਪੁਰੋਂ ਚੱਲੇ ਚਾਲੀ ਸਿੰਘ ਜਦ ਚਮਕੌਰ ਸਾਹਿਬ ਆ ਕੇ ਘੂਕ ਸੁੱਤੇ ਪਏ ਸਨ ਤਾਂ ਉਸ ਰਾਤ ਗੁਰੂ ਸਾਹਿਬ ਨੇ ਉਠ ਕੇ ਇਕੱਲੇ-ਇਕੱਲੇ ਵੱਲ ਤਕਿਆ- ਮੇਰੇ, ਰੂਹ ਤੋਂ ਪਿਆਰੇ ਇਨ੍ਹਾਂ ਮੁਹੱਬਤੀ ਸਿੱਖਾਂ ਨੇ ਕੱਲ੍ਹ ਨੂੰ ਸ਼ਹੀਦੀਆਂ ਪਾ ਜਾਣੀਆਂ ਹਨ। ਤਦ ਸਾਹਿਬ ਨੇ ਕਿਸੇ ਦਾ ਕੰਠ, ਕਿਸੇ ਦਾ ਮੁੱਖ, ਕਿਸੇ ਦੇ ਕੇਸਾਂ ਨੂੰ ਚੁੰਮਿਆ।

ਮੁਅੱਰਿਖ ਲਿਖਦਾ ਹੈ, ਪਹਾੜੀਏ ਤੇ ਸ਼ਾਹੀ ਸੈਨਾ ਸਮੁੰਦਰ ਦੇ ਉਛਾਲ ਵਾਂਗ ਚੜ੍ਹੀ ਆ ਰਹੀ ਸੀ। ਮਲੇਰਕੋਟਲੇ ਦਾ ਜਰਨੈਲ ਨਾਹਰ ਖਾਨ, ਖਵਾਜਾ ਮਹਿਮੂਦ ਅਲੀ, ਵਜ਼ੀਦ ਖਾਂ ਸੂਬਾ ਸਰਹਿੰਦ ਅਤੇ ਸੂਬਾ ਲਾਹੌਰ ਵਰਗਿਆਂ ਦੀ ਸਿਆਹ ਲਿਬਾਸ ਵਾਲੀ ਭਾਰੀ ਮੁਗਲ ਫੌਜ ਨੇ ਚਮਕੌਰ ਦਾ ਘੇਰਾ ਘੱਤ ਲਿਆ। ਪਿੰਡ ਖਾਲੀ ਹੋ ਚੁੱਕਾ ਸੀ। 'ਗੁਰੂ ਸੋਭਾ' ਦਾ ਕਰਤਾ ਲਿਖਦਾ - ਇਕ ਪਾਸੇ ਚਾਲੀ ਭੁੱਖੇ ਭਾਣੇ ਸਿੰਘ ਤੇ ਦੂਜੇ ਪਾਸੇ ਲੱਖਾਂ ਦੀ ਨਫਰੀ। ਦਸੰਬਰ 22 ਦਾ ਦਿਨ ਚੜ੍ਹਿਆ, ਵੈਰੀ ਹਨੇਰੀ ਵਾਂਗ ਛਾ ਗਿਆ।

ਗੁਰੂ ਸਾਹਿਬ ਨੇ ਗੜ੍ਹੀ ਅੰਦਰ ਚਹੁੰਆਂ ਬਾਹੀਆਂ 'ਤੇ ਅੱਠ-ਅੱਠ ਸਿੰਘ ਤਾਇਨਾਤ ਕਰ ਦਿੱਤੇ। ਮੁੱਖ ਦਰਵਾਜ਼ੇ ਪਰ ਭਾਈ ਕੋਠਾ ਸਿੰਘ ਤੇ ਭਾਈ ਮਦਨ ਸਿੰਘ ਨੂੰ ਡਟਾ ਦਿੱਤਾ। ਭਾਈ ਦਇਆ ਸਿੰਘ, ਭਾਈ ਸੰਤ ਸਿੰਘ ਤੇ ਦੋਨਾਂ ਵੱਡੇ ਸਾਹਿਬਜ਼ਾਦਿਆਂ ਸਮੇਤ ਗੁਰੂ ਜੀ ਖੁਦ ਉਪਰਲੀ ਅਟਾਰੀ ਪਰ ਡਟ ਗਏ ਸਨ। ਭਾਈ ਆਲਮ ਸਿੰਘ ਤੇ ਭਾਈ ਮਾਨ ਨਿਗਰਾਨੀ ਲਈ ਲਾ ਦਿੱਤੇ।

ਦੁਸ਼ਮਣ ਗੜ੍ਹੀ ਵੱਲ ਵਧਿਆ ਤਾਂ ਅੰਦਰੋਂ ਯੱਕਮੁਸ਼ਤ ਬੰਦੂਕਾਂ ਚੱਲੀਆਂ, ਗੋਲੀਆਂ ਦੀ ਬੁਛਾੜ ਹੋਈ। ਦੁਸ਼ਮਣ ਤ੍ਰਭਕ ਗਿਆ। ਸਿੰਘ ਵਿੰਨ੍ਹ-ਵਿੰਨ੍ਹ ਨਿਸ਼ਾਨੇ ਲਾਉਂਦੇ ਰਹੇ। ਮੁਗਲ ਦੌੜ ਕੇ ਗੜ੍ਹੀ ਵੱਲ ਆਉਂਦੇ। ਮੁਅੱਰਿਖ ਲਿਖਦਾ ਹੈ, ਕੋਠਾ ਸਿੰਘ ਤੇ ਮਦਨ ਸਿੰਘ ਉਨ੍ਹਾਂ ਨੂੰ ਗੜ੍ਹੀ 'ਚ ਵੜਨ ਤੋਂ ਪਹਿਲਾਂ, ਥਾਏਂ ਹੀ ਮੌਤ ਦੇ ਘਾਟ ਉਤਾਰ ਦਿੰਦੇ। ਦੁਪਹਿਰ ਤਕ ਤੁਰਕਾਂ ਦੇ ਹੱਲੇ ਹੁੰਦੇ ਰਹੇ। ਸਿੰਘਾਂ ਦੀ ਗਿਣਤੀ ਵੀ ਘੱਟ ਸੀ ਤੇ ਗੋਲੀ ਸਿੱਕਾ ਵੀ ਪਰ ਸਿਦਕ ਤੇ ਆਤਮਕ ਬਲ ਦੁਆਰਾ ਛੱਡੇ ਹੋਏ ਉਨ੍ਹਾਂ ਦੇ ਤੀਰਾਂ ਤੁਫੰਗਾਂ ਨੇ ਮੁਗਲਾਂ, ਪਹਾੜੀਆਂ ਨੂੰ ਅੱਗੇ ਨਾ ਵਧਣ ਦਿੱਤਾ। ਇਸ ਬੇਮਿਸਾਲ ਜੰਗ ਵਿਚ ਸਿਰ-ਧੜ ਦੀ ਬਾਜ਼ੀ ਲਾਉਣ ਵਾਲੇ ਚਾਲੀ ਸਿੰਘਾਂ ਵਿਚ ਬ੍ਰਾਹਮਣ ਵੀ ਸਨ, ਰੰਘਰੇਟੇ ਤੇ ਰਵਿਦਾਸੀਏ ਵੀ, ਖੱਤਰੀ ਵੀ, ਰਾਜਪੂਤ ਵੀ ਤੇ ਹੋਰ ਕਈ ਸ਼੍ਰੇਣੀਆ ਦੇ ਜੁਝਾਰੂ ਸੂਰਮੇ ਸਨ। ਗੜ੍ਹੀ ਕੋਲ ਵੈਰੀ ਦੀਆਂ ਲਾਸ਼ਾਂ ਦੇ ਸੱਥਰ ਵਿਛ ਗਏ। ਭਾਈ ਮਦਨ ਸਿੰਘ ਤੇ ਕੋਠਾ ਸਿੰਘ ਵੀ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ ਸਨ। ਸਿੰਘਾਂ ਜਦ ਜਾਣਿਆ ਕਿ ਜੰਗ ਆਖਰੀ ਮਰਹਲੇ ਵਿਚ ਪਹੁੰਚ ਚੁੱਕੀ ਹੈ, ਉਨ੍ਹਾਂ ਗੜ੍ਹੀ 'ਚੋਂ ਬਾਹਰ ਨਿਕਲ ਕੇ ਜੂਝਣ ਲਈ ਅਰਜ਼ ਕੀਤੀ। ਤਦ ਗੁਰੂ ਸਾਹਿਬ ਨੇ ਪੰਜ-ਪੰਜ ਸਿੰਘਾਂ ਦੇ ਜੱਥੇ ਬਣਾ ਦਿੱਤੇ। ਉਹ ਫਤਹਿ ਦਾ ਨਾਅਰਾ ਬੁਲੰਦ ਕਰਦੇ ਹੋਏ ਦੁਸ਼ਮਣ ਦੇ ਆਹੂ ਲਾਹੁੰਦੇ ਹੋਏ ਸ਼ਹੀਦੀਆਂ ਪਾਉਂਦੇ ਗਏ। ਫਿਰ ਵੱਡੇ ਪੁੱਤਰ ਬਾਬਾ ਅਜੀਤ ਸਿੰਘ ਨੂੰ ਸਾਹਿਬ ਨੇ ਥਾਪੜਾ ਦੇ ਕੇ ਤੋਰਿਆ। ਉਹ ਪੂਰੇ ਜਾਹੋ-ਜਲਾਲ ਸਹਿਤ ਸਵਾਰ ਹੋ ਕੇ ਪੰਜ ਸਿੰਘਾਂ



ਸਮੇਤ ਜੰਗ ਵਿਚ ਆ ਕੁੱਦਿਆ। ਉਹ ਵੀ ਤਲਵਾਰ ਨਾਲ ਵਾਰ ਕਰਦਾ ਹੋਇਆ ਵੈਰੀਆਂ ਨੂੰ ਪਾਰ ਬੁਲਾਉਂਦਾ, ਸ਼ਹਾਦਤ ਪਾ ਗਿਆ। ਫਿਰ ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਨੇ ਤਲਵਾਰ ਸੂਤ ਲਈ ਤੇ ਆਪਣੇ ਵੱਡੇ ਭਰਾ ਵਾਂਗ ਰਣਭੂਮੀ ਵਿਚ ਜੌਹਰ ਵਿਖਾਉਂਦਾ ਹੋਇਆ ਆਪਣੀ ਜਾਨ ਕੌਮ ਦੇ ਲੇਖੇ ਲਾ ਗਿਆ।

'ਗੁਰੂ ਕੀਆਂ ਸਾਖੀਆਂ' ਦਾ ਕਰਤਾ ਲਿਖਦਾ ਹੈ - ਨਾਹਰ ਖਾਨ ਮਲੇਰੀਆ ਮਾਨਾ ਹੂਆ ਸਿਪਾਹ ਸਲਾਰ ਤੇ ਗਿਨਤੀ ਕਾ ਜੋਧਾ ਥਾ। ਜਦ ਉਹ ਤੇਜ਼ੀ ਨਾਲ ਗੜ੍ਹੀ ਉਪਰ ਚੜ੍ਹਨ ਲੱਗਾ ਤਾਂ ਗੁਰੂ ਸਾਹਿਬ ਉਪਰ ਮਮਟੀ 'ਤੇ ਬੈਠੇ ਸਨ। ਉਨ੍ਹਾਂ ਸ਼ਿਸਤ ਲਾ ਕੇ ਐਸਾ ਤੀਰ ਮਾਰਿਆ, ਨਾਹਰ ਖਾਨ ਥਾਏਂ ਚਿੱਤ ਹੋ ਗਿਆ। ਉਸ ਨੂੰ ਡਿੱਗੇ ਪਏ ਨੂੰ ਵੇਖ ਕੇ ਇਕ ਹੋਰ ਪਠਾਣ ਗੈਰਤ ਖਾਨ ਅੱਗੇ ਵਧਿਆ, ਗੁਰੂ ਜੀ ਨੇ ਉਸ ਨੂੰ ਵੀ ਉਥੇ ਹੀ ਢੇਰ ਦਿਤਾ। ਉਸ ਤੋਂ ਬਾਅਦ ਕਿਸੇ ਨੇ ਗੜ੍ਹੀ ਕੋਲ ਆਉਣ ਲਈ ਹੀਆ ਨਹੀਂ ਕੀਤਾ।

ਸੂਰਜ ਅਸਤ ਹੋਣ ਤਕ ਗਿਣਤੀ ਦੇ ਗਿਆਰਾਂ ਸਿੰਘ ਹੀ ਬਚੇ ਸਨ। ਤਦ ਭਾਈ ਦਇਆ ਸਿੰਘ ਦੀ ਅਗਵਾਈ ਵਿਚ ਪੰਜ ਸਿੰਘ ਗੁਰੂ ਜੀ ਕੋਲ ਆਏ ਤੇ ਅਰਜ਼ ਕੀਤੀ- ਕਲਗੀਧਰ ਪਾਤਸ਼ਾਹ! ਅਸੀਂ ਆਪ ਜੀ ਦੇ ਚਰਨਾਂ ਉਪਰ ਸੀਸ ਅਰਪਣ ਕਰਦੇ ਹਾਂ। ਸਾਡੇ ਵਰਗੇ ਤਾਂ ਤੁਹਾਡੇ ਲਈ ਇਸ ਧਰਤੀ ਉਪਰ ਲੱਖਾਂ ਹੋਣਗੇ ਪਰ ਸਾਡੇ ਲਈ ਤਾਂ ਤੁਸੀਂ ਹੀ ਈਸ਼ਵਰ ਰੂਪ ਹੋ; ਪਰ ਗੁਰੂ ਜੀ ਨੇ ਹਾਂ ਪੱਖੀ ਹੁੰਗਾਰਾ ਨਾ ਦਿਤਾ। ਉਨ੍ਹਾਂ ਪੰਜਾਂ ਸਿੰਘਾਂ ਨੇ ਫਿਰ ਅਰਜ਼ ਕੀਤੀ- ਖਾਲਸਾ ਆਪ ਜੀ ਨੂੰ ਗੜ੍ਹੀ 'ਚੋਂ ਬਾਹਰ ਨਿਕਲ ਜਾਣ ਦਾ ਹੁਕਮ ਦੇ ਰਿਹਾ ਹੈ। ਬਹੁਤ ਭਲਾ ਸਮਾਂ ਹੈ। ਪੰਥ ਸਿਰਫ ਆਪ ਜੀ ਦੇ ਅਧੀਨ ਹੈ। ਜਿਥੇ ਵੀ ਰਹੋਗੇ, ਫਿਰ ਹਜ਼ਾਰਾਂ ਸਿੰਘ ਹੋਰ ਸਜਾ ਲਵੋਗੇ। ਆਪ ਸਲਾਮਤ; ਖਾਲਸਾ ਸਲਾਮਤ। ਆਪ ਦੀ ਸਲਾਮਤੀ ਪੰਥ ਦੀ ਸਲਾਮਤੀ।

ਗੁਰੂ ਜੀ ਅਰਜ਼ ਮੰਨ ਗਏ। ਉਨ੍ਹਾਂ ਨੇ ਤਿੰਨ ਸਿੰਘ ਭਾਈ ਦਇਆ ਸਿੰਘ, ਭਾਈ ਮਾਨ ਸਿੰਘ ਤੇ ਭਾਈ ਧਰਮ ਸਿੰਘ ਆਪਣੇ ਨਾਲ ਲੈ ਲਏ ਤੇ ਬਾਕੀ ਸਿੰਘਾਂ ਦੀ ਗੜ੍ਹੀ ਵਿਚ ਤੀਰ ਤੁਫੰਗ ਚਲਾਉਂਦੇ ਰਹਿਣ ਦੀ ਡਿਊਟੀ ਲਾ ਦਿੱਤੀ। ਮੁਅੱਰਿਖ ਲਿਖਦਾ ਹੈ, ਸ਼ਾਹੀ ਸੈਨਾ ਨੇ ਮਸ਼ਵਰਾ ਕੀਤਾ- ਗੜ੍ਹੀ ਅੰਦਰ ਹੁਣ ਕੁਝ ਕੁ ਸਿੰਘ ਹੋਣਗੇ, ਸੁਬ੍ਹਾ ਹੋਣ 'ਤੇ ਹੱਲਾ ਕੀਤਾ ਜਾਵੇਗਾ; ਪਰ ਗੁਰੂ ਸਾਹਿਬ ਅੱਧੀ ਰਾਤ ਨੂੰ ਭਾਈ ਸੰਗਤ ਸਿੰਘ ਨੂੰ ਆਪਣਾ ਪੁਸ਼ਾਕਾ ਤੇ ਕਲਗੀ ਪਹਿਨਾ ਕੇ ਸਹੀ-ਸਲਾਮਤ ਗੜ੍ਹੀ ਚੋਂ ਨਿਕਲ ਗਏ ਸਨ। ਸਵੇਰ ਹੋਈ, ਜੰਗ ਦਾ ਬਿਗਲ ਵੱਜਿਆ। ਤੁਰਕ ਹੱਲਾ ਕਰ ਕੇ ਗੜ੍ਹੀ ਅੰਦਰ ਦਾਖਲ ਹੋਏ। ਗੜ੍ਹੀ ਵਿਚ ਪਿੱਛੇ ਜੋ ਭਾਈ ਸੰਤ ਸਿੰਘ ਅਤੇ ਭਾਈ ਸੰਗਤ ਸਿੰਘ ਆਦਿ ਸਿੰਘ ਰਹਿ ਗਏ ਸਨ, ਉਨ੍ਹਾਂ ਡਟ ਕੇ ਮੁਕਾਬਲਾ ਕੀਤਾ ਤੇ ਸ਼ਹੀਦੀਆਂ ਪਾ ਗਏ।

ਭਾਈ ਸੰਗਤ ਸਿੰਘ ਦਾ ਚਿਹਰਾ ਮੋਹਰਾ ਤੇ ਲਿਬਾਸ ਵੇਖ ਕੇ ਤੁਰਕਾਂ ਨੂੰ ਲੱਗਿਆ, ਗੁਰੂ ਗੋਬਿੰਦ ਸਿੰਘ ਸ਼ਹੀਦ ਹੋ ਗਏ ਹਨ। ਜਦ ਖਵਾਜ਼ਾ ਮਰਦੂਦ ਮਲੇਰੀਏ ਨੇ ਨਜ਼ਦੀਕ ਆ ਕੇ ਵੇਖਿਆ ਤਾਂ ਉਨ੍ਹਾਂ ਦੀ ਵੱਡੀ ਸਫਲਤਾ ਦਾ ਅਹਿਸਾਸ ਨਿਰਾਸ਼ਾ 'ਚ ਬਦਲ ਗਿਆ- ਇਹ ਸੀਸ ਗੁਰੂ ਗੋਬਿੰਦ ਸਿੰਘ ਦਾ ਨਹੀਂ ਹੈ। ਉਸ ਨੇ ਸੂਬਾ ਸਰਹਿੰਦ ਵਜ਼ੀਦ ਖਾਂ ਨੂੰ ਆਖਿਆ- ਗੁਰੁ ਸਾਹਿਬ ਬਚ ਕੇ ਨਿਕਲ ਗਏ ਹਨ। ਗੁਰੂ ਦੀ ਤਲਾਸ਼ ਲਈ ਫਿਰ ਸਾਰੇ ਇਲਾਕੇ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ।

ਸ਼ਾਹੀ ਸੈਨਾ ਭਾਰੀ ਸ਼ਿਕਸਤ ਖਾ ਗਈ ਸੀ। ਹਿੰਦੋਸਤਾਨ ਦੇ ਭਵਿੱਖ ਦੀ ਹੋਣੀ ਦੇ ਅਰਥ ਬਦਲ ਗਏ ਸਨ। ਚੜ੍ਹ ਕੇ ਆਈ ਦੁਸ਼ਮਣਾਂ ਦੀ ਵਿਸ਼ਾਲ ਸੈਨਾ ਖਾਲੀ ਹੱਥ ਰਹਿ ਗਈ ਸੀ। ਚਮਕੌਰ ਦੀ ਧਰਤ ਨੇ ਸਿੰਘਾਂ ਦੀ ਸ਼ਹਾਦਤ ਨੂੰ ਵੱਡੀ ਸਰਦਾਰੀ ਦਾ ਲਕਬ ਬਖਸ਼, ਖੁਦ ਲਈ ਪੂਜਣਯੋਗ ਮਹਾਨ ਸਥੱਲ ਦਾ ਮੁਰਾਤਬਾ ਪਾ ਲਿਆ। ਹੇ ਚਮਕੌਰ ਦੀ ਧਰਤੀ! ਤੇਰੇ ਮਿੱਟੀ ਦੇ ਜ਼ੱਰਿਆਂ ਵਿਚ ਉਹ ਸੂਰਜੀ ਚਮਕ ਹੈ ਜਿਥੋਂ ਸਿੰਘ ਸ਼ਹੀਦੀਆਂ ਪਾ ਕੇ ਅਸਮਾਨ ਦੇ ਸਿਤਾਰੇ ਬਣ ਗਏ।

ਚਮਕ ਹੈ ਮਿਹਰ ਕੀ ਚਮਕੌਰ! ਤੇਰੇ ਜ਼ੱਰੋਂ ਮੇਂ।
ਯਹੀਂ ਸੇ ਬਨ ਕੇ ਸਤਾਰੇ ਗਏ ਸਮਾ ਕੇ ਲਿਯੇ ॥ 117 ॥

ਚਮਕੌਰ ਦੀ ਜੰਗ ਸਰੀਰਾਂ ਦੀ ਨਹੀਂ, ਖਾਲਸੇ ਦੀ ਰੂਹ ਦੇ ਜ਼ੋਰ ਦੀ ਦਾਸਤਾਨ ਹੋ ਨਿਬੜੀ। ਚਾਲੀ ਸਿੰਘਾਂ ਦੀ ਸ਼ਹਾਦਤ ਨੇ ਪਹਾੜੀ ਦਗੇਬਾਜ਼ਾਂ ਤੇ ਕਪਟੀ ਮੁਗਲ ਬਾਦਸ਼ਾਹਿਤ ਨੂੰ ਘੋਰ ਨਿਰਾਸ਼ਾ ਦੇ ਆਲਮ ਵਿਚ ਰੋਲ ਦਿੱਤਾ ਸੀ। ਮੁੱਠੀ ਭਰ ਸਿੰਘਾਂ ਦੁਆਰਾ ਲੜੀ ਗਈ ਚਮਕੌਰ ਦੀ ਗਹਿ-ਗੱਡਵੀਂ ਜੰਗ, ਕੁਲ ਆਲਮ ਦੀਆਂ ਮਹਾਨ ਜੰਗਾਂ ਵਿਚ ਆਪਣਾ ਵਿਸ਼ੇਸ਼ ਨਾਮ ਦਰਜ ਕਰਵਾ ਗਈ। ਗਿਣਤੀ ਦੇ ਸਿਦਕੀ ਸਿੰਘਾਂ ਦੀ ਸ਼ਹਾਦਤ, ਆਲਮੀ ਇਤਿਹਾਸ ਦੇ ਪੰਨਿਆਂ 'ਤੇ ਵਿਲੱਖਣ ਤਵਾਰੀਖ ਰਕਮ ਕਰ ਗਈ।

ਗੁਰੂ ਸਾਹਿਬ ਨੇ ਆਪਣੇ ਹੱਥੀਂ ਦੋਨਾਂ ਸਾਹਿਬਜ਼ਾਦਿਆਂ ਨੂੰ ਜੰਗ ਵਿਚ ਤੋਰ ਕੇ ਸਾਬਿਤ ਕਰ ਦਿੱਤਾ, ਖਾਲਸਾ ਮੈਨੂੰ ਪੁੱਤਰਾਂ ਨਾਲੋਂ ਵੀ ਵੱਧ ਪਿਆਰਾ ਹੈ। ਚਮਕੌਰ ਦੇ ਸਿੰਘਾਂ ਕੋਲ ਨਾ ਅੰਨ ਸੀ ਨਾ ਅਸਲਾ ਬਾਰੂਦ, ਉਨ੍ਹਾਂ ਕੋਲ ਜੇਕਰ ਸੀ ਤਾਂ ਬੱਸ 'ਗੁਰੂ' ਹੀ ਸੀ।

ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।

# ਕੁਰਬਾਨੀ ਬਿਰਥੀ ਕਦੀ ਨਾ ਜਾਵੇ

ਸਿੱਖ ਇਤਿਹਾਸ ਵਿਚ ਦਸੰਬਰ 20 ਤੋਂ 27 ਤੱਕ ਦਾ ਹਫਤਾ ਲਹੂ ਭਿੱਜੀਆਂ ਲਾਸਾਨੀ ਕੁਰਬਾਨੀਆਂ ਤੇ ਅਦੁੱਤੀ ਸ਼ਹਾਦਤਾਂ ਦਾ ਹਫਤਾ ਮੰਨਿਆ ਜਾਂਦਾ ਹੈ। ਇਸ ਨੂੰ ਸ਼ਹੀਦੀ ਸਾਤਾ ਆਖਿਆ ਜਾਂਦਾ ਹੈ। 20 ਦਸੰਬਰ ਨੂੰ ਅਨੰਦਪੁਰ ਛੱਡਣਾ, 21 ਦਸੰਬਰ ਨੂੰ ਸਰਸਾ ਨਦੀ ਉਤੇ ਭਿਆਨਕ ਜੰਗ, ਗੁਰੂ ਜੀ ਦੇ ਪਰਿਵਾਰ ਦਾ ਖੇਰੂੰ-ਖੇਰੂੰ ਹੋਣਾ, 22 ਦਸੰਬਰ ਨੂੰ ਚਮਕੌਰ ਦੀ ਗੜ੍ਹੀ ਵਿਚ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ, 23 ਤੋਂ 26 ਤੱਕ ਚਾਰ ਦਿਨ ਛੋਟੇ ਸਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਨੂੰ ਸਰਹੰਦ ਦੇ ਹਾਕਮਾ ਵੱਲੋਂ ਤਰ੍ਹਾਂ-ਤਰ੍ਹਾਂ ਦੇ ਤਸੀਹੇ, ਡਰਾਵੇ ਤੇ ਲਾਲਚ। ਅੰਤ 27 ਦਸੰਬਰ 1704 ਨੂੰ ਨੀਹਾਂ ਵਿਚ ਚਿਣ ਦਿੱਤੇ ਤੇ ਸ਼ਹੀਦ ਕੀਤੇ ਗਏ।



ਪੂਰਨ ਸਿੰਘ ਪਾਂਧੀ
ਫੋਨ: 905-789-6670


11 ਨਵੰਬਰ 1675 ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੀ ਕੇਵਲ 9 ਸਾਲ ਦੀ ਕਿਸ਼ੋਰ ਉਮਰ ਸੀ, ਜਦੋਂ ਵਕਤ ਦੇ ਜਰਵਾਣਿਆਂ ਨੇ ਗੁਰੂ ਜੀ ਦੇ ਪਿਤਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤਾ। ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪੁੱਜਾ। ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਕਿਸੇ ਹੋਰ ਥਾਂ ਦਿੱਲੀ ਵਿਚ ਅਤੇ ਸੀਸ ਦਾ ਕਿਸੇ ਹੋਰ ਥਾਂ ਅਨੰਦਪੁਰ ਹੋਇਆ ਹੋਵੇ।

ਉਦੋਂ ਤੋਂ ਹੀ ਬਾਲ ਗੋਬਿੰਦ ਰਾਇ ਜੀ ਦੇ ਅੰਦਰ ਇਕ ਵੱਖਰੀ ਤੇ ਨਿਆਰੀ ਕੌਮ ਦੀ ਸਿਰਜਣਾ ਦਾ ਸੰਕਲਪ ਸੀ। ਨੌਂ ਸਾਲ ਤੋਂ ਆਪਣੀ ਸਾਰੀ ਆਯੂ, 42 ਵਿਚੋਂ ਕੇਵਲ 33 ਸਾਲਾਂ ਵਿਚ ਆਪ ਜੀ ਨੇ ਸਿੱਖ ਜੱਥੇਬੰਦੀ ਮਜ਼ਬੂਤ ਕਰਨ, ਸਿੱਖਾਂ ਵਿਚ ਸੂਰਬੀਰਤਾ ਭਰਨ, ਸ਼ਿਕਾਰ ਖੇਡਣ, ਨਗਾਰੇ ਵਜਾਉਣ ਅਤੇ ਕਿਲ੍ਹੇ ਬਣਾਉਣ ਉਤੇ ਜ਼ੋਰ ਦਿੱਤਾ।

ਆਪ ਜੀ ਨੇ ਸਮੇਂ ਦੀ ਲੋੜ ਮੁਤਾਬਕ, ਜੰਗੀ ਦ੍ਰਿਸ਼ਟੀਕੋਣ ਤੋਂ ਪੰਜ ਕਿਲ੍ਹਿਆਂ ਦੀ ਉਸਾਰੀ ਕੀਤੀ: ਲੋਹਗੜ੍ਹ, ਹੋਲਗੜ੍ਹ, ਫਤਹਿਗੜ੍ਹ, ਅਨੰਦਗੜ੍ਹ ਤੇ ਕੇਸਗੜ੍ਹ। ਗੁਰੂ ਸਾਹਿਬਾਂ ਦੇ ਸਮੇਂ ਅਨੰਦਪੁਰ ਠੀਕ ਅਰਥਾਂ ਵਿਚ ਅਨੰਦ ਤੇ ਆਤਮਕ ਖੁਸ਼ੀ ਦਾ ਸੋਮਾ ਸੀ। ਸੂਰਮਿਆਂ, ਸਾਹਿਤਕਾਰਾਂ ਤੇ ਸੰਗੀਤਕਾਰਾਂ ਦਾ ਅਨੰਦਪੁਰ ਗੜ੍ਹ ਬਣ ਗਿਆ। ਗੁਰੂ ਜੀ ਦੇ ਦਰਬਾਰ ਵਿਚ ਕਵੀਆਂ ਦੀ ਗਿਣਤੀ 52 ਤੱਕ ਮੰਨੀ ਜਾਂਦੀ ਹੈ। ਹੋਲੀ ਤੋਂ ਹੋਲਾ ਮਹੱਲਾ ਦੀ ਰੀਤ ਤੋਰੀ। ਇੱਕ ਪਾਸੇ ਜੰਗਾਂ ਯੁੱਧਾਂ ਲਈ ਸਿੱਖਾਂ ਵਿਚ ਜੁਝਾਰੂ ਸਪਿਰਟ ਭਰੀ ਜਾ ਰਹੀ ਸੀ, ਰਣਜੀਤ ਨਗਾਰੇ ਵੱਜ ਰਹੇ ਸਨ; ਦੂਜੇ ਪਾਸੇ ਗੁਰਬਾਣੀ ਤੇ ਸੰਗੀਤ ਦੀਆਂ ਧੁਨਾਂ ਦੀ ਗੁੰਜਾਰ ਸੀ, ਸਾਹਿਤ ਰਚਿਆ ਜਾ ਰਿਹਾ ਸੀ। ਹਰ ਪੱਖ ਤੋਂ ਨਵੇਂ, ਨਰੋਏ ਤੇ ਸਮਰੱਥ ਮਨੁੱਖ ਦਾ ਮਾਡਲ ਤਿਆਰ ਹੋ ਰਿਹਾ ਸੀ।

ਇਸ ਸੰਕਲਪ ਨੂੰ ਸਾਕਾਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਕੇਸਗੜ੍ਹ (ਅਨੰਦਪੁਰ) ਦੇ ਸਥਾਨ 'ਤੇ ਖਾਲਸੇ ਦੀ ਸਿਰਜਣਾ ਕੀਤੀ। ਇਹ ਇਨਕਲਾਬੀ ਜੱਥੇਬੰਦੀ ਸੀ ਜਿਸ ਦਾ ਰੂਪ ਸਰੂਪ, ਰਹਿਤ ਬਹਿਤ, ਪੁਸ਼ਾਕ ਤੇ ਬਾਹਰੀ ਦਿੱਖ ਸੰਸਾਰ ਦੀਆਂ ਹੋਰ ਕੌਮਾਂ ਤੋਂ ਅਨੋਖੀ ਤੇ ਨਿਆਰੀ ਸੀ। ਗੁਰੂ ਜੀ ਨੇ ਅੰਮ੍ਰਿਤ ਛਕਾਉਣ ਦੀ ਰਸਮ ਆਰੰਭ ਕੀਤੀ। ਹਰ ਸਿੱਖ ਦੇ ਨਾਂ ਨਾਲ 'ਸਿੰਘ' ਅਤੇ ਹਰ ਸਿੱਖਣੀ ਦੇ ਨਾਂ ਨਾਲ 'ਕੌਰ' ਲਾਉਣ ਦੀ ਰੀਤ ਤੋਰੀ। ਹਿੰਦੂਆਂ ਵਾਲੀਆਂ ਰੀਤਾਂ ਰਸਮਾਂ ਤੇ ਜਾਤਾ ਪਾਤਾਂ ਖਤਮ ਕੀਤੀਆਂ। ਸਭ ਨੂੰ ਇੱਕੋ ਬਾਟੇ ਵਿਚ ਅੰਮ੍ਰਿਤ ਛਕਣ, ਇੱਕੋ ਥਾਂ ਉਤੇ ਇੱਕੋ ਜਿਹਾ ਲੰਗਰ ਛਕਣ ਅਤੇ ਸਭ ਨੂੰ ਭਾਈ ਭਾਈ ਹੋਣ ਦਾ ਸੰਦੇਸ਼ ਦਿੱਤਾ।

ਗੁਰੂ ਗੋਬਿੰਦ ਸਿੰਘ ਦੇ ਸਿੱਖਾਂ, ਉਸ ਦੇ ਪਰਿਵਾਰ ਤੇ ਮਿਸ਼ਨ ਨੂੰ ਤਹਿਸ ਨਹਿਸ ਕਰਨ ਲਈ ਮੁਗਲ ਫੌਜਾਂ ਨੇ ਹਮਲਾ ਕਰ ਦਿੱਤਾ ਅਤੇ ਅਨੰਦਪੁਰ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਆਖਿਆ ਜਾਂਦਾ ਹੈ ਕਿ ਇਹ ਘੇਰਾ 7 ਮਹੀਨੇ ਤੱਕ ਲਗਾਤਾਰ ਰਿਹਾ। ਅੰਦਰ ਖੁਰਾਕ ਦੀ ਤੋਟ ਆਉਣ ਲੱਗੀ। ਭੁੱਖੇ ਭਾਣੇ ਕਿੰਨਾ ਕੁ ਚਿਰ ਮੁਕਾਬਲਾ ਕਰਦੇ? ਆਖਰ ਮੁਗਲਾਂ ਤੇ ਹਿੰਦੂ ਰਾਜਿਆਂ ਦੀਆਂ ਕਸਮਾਂ ਉਤੇ ਇਤਬਾਰ ਕਰ ਕੇ 20 ਦਸੰਬਰ 1704 ਨੂੰ



ਗੁਰੂ ਜੀ ਨੇ ਆਪਣਾ ਪਿਆਰਾ ਅਨੰਦਪੁਰ ਛਡ ਦਿੱਤਾ। ਛੱਡ ਤਾਂ ਦਿੱਤਾ ਪਰ ਹਿੰਦੂ ਰਾਜਿਆਂ ਤੇ ਮੁਗਲਾਂ ਦੀਆਂ ਕਸਮਾਂ, ਭਰੋਸੇ ਤੇ ਇਤਬਾਰ ਝੂਠੇ ਨਿਕਲੇ। ਬਾਹਰ ਨਿਕਲਦਿਆਂ ਹੀ ਸ਼ਾਹੀ ਫੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕਿਨਾਰੇ ਭਿਆਨਕ ਜੰਗ ਹੋਈ। ਬੇਅੰਤ ਸਿੰਘ ਸ਼ਹੀਦ ਹੋਏ। ਪਰਿਵਾਰ ਖੇਰੂੰ-ਖੇਰੂੰ ਹੋ ਗਿਆ।

ਗੁਰੂ ਜੀ ਲੜਦੇ ਹੋਏ 40 ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਚਮਕੌਰ ਪਹੁੰਚੇ। ਉਥੇ ਕੱਚੀ ਗੜ੍ਹੀ ਵਿਚ ਘਿਰੇ ਭੁੱਖੇ ਭਾਣੇ 40 ਸਿੰਘਾਂ ਨੇ ਮੁਗਲ ਫੌਜਾਂ ਦਾ ਟਾਕਰਾ ਕੀਤਾ। ਸੰਸਾਰ ਦੀ ਸਭ ਤੋਂ ਭਿਆਨਕ ਤੇ ਅਸਾਵੀਂ ਚਮਕੌਰ ਦੀ ਇਸ ਜੰਗ ਵਿਚ 40 ਸਿੰਘ ਤੇ ਦੋਵੇਂ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋਏ ਪਰ ਗੁਰੂ ਜੀ ਇੱਥੋਂ ਸਹੀ ਸਲਾਮਤ ਨਿਲਕਣ ਵਿਚ ਕਾਮਯਾਬ ਹੋ ਗਏ ਅਤੇ ਮਾਛੀਵਾੜੇ ਪਹੁੰਚ ਗਏ। ਇੱਥੋਂ 'ਉਚ ਦਾ ਪੀਰ' ਬਣ ਕੇ ਦੀਨੇ ਕਾਂਗੜ ਗਏ। ਇੱਥੇ ਫਾਰਸੀ ਵਿਚ ਜ਼ਫਰਨਾਮਾ (ਫਤਹਿ ਦੀ ਚਿੱਠੀ) ਲਿਖ ਕੇ ਔਰੰਗਜ਼ੇਬ ਨੂੰ ਭੇਜਿਆ। ਇੱਥੋਂ ਗੁਰੂ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਗਏ। ਇੱਥੇ ਗੁਰੂ ਜੀ 9 ਮਹੀਨੇ ਤੋਂ ਵੱਧ ਸਮਾਂ ਰਹੇ। ਦਮਦਮਾ ਸਾਹਿਬ ਨੂੰ ਸਾਹਿਤ, ਸੰਗੀਤ ਤੇ ਕਲਾ ਦਾ ਘਰ ਬਣਾਇਆ। ਇੱਥੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾਈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਵਰਤਮਾਨ ਸਰੂਪ ਦਿੱਤਾ।

ਉਧਰ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ, ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਗੁਰੂ ਜੀ ਦਾ ਰਸੋਈਆ ਗੰਗੂ ਰਾਮ ਆਪਣੇ ਪਿੰਡ ਸਹੇਰੀ ਲੈ ਗਿਆ ਸੀ। ਉਸ ਨੇ ਮਾਤਾ ਜੀ ਦਾ ਧਨ ਤੇ ਗਹਿਣੇ ਹੜੱਪ ਲਏ ਅਤੇ ਮਾਤਾ ਜੀ ਤੇ ਸਾਹਿਬਜ਼ਾਦੇ ਮੁਗਲਾਂ ਦੇ ਹਵਾਲੇ ਕਰ ਦਿੱਤੇ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੇ ਸਖਤ ਠੰਢ ਵਿਚ ਠੰਢੇ ਬੁਰਜ ਵਿਚ ਰੱਖ ਕੇ ਤਸੀਹੇ ਦਿੱਤੇ। ਅੰਤ 27 ਦਸੰਬਰ 1704 ਨੂੰ ਸਾਹਿਬਜ਼ਾਦੇ ਬੜੀ ਬੇਦਰਦੀ ਨਾਲ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤੇ। ਉਦੋਂ ਇਨ੍ਹਾਂ ਦੀ ਉਮਰ 6 ਸਾਲ ਤੇ 8 ਸਾਲ ਸੀ। ਇਸ ਭਿਆਨਕ ਸਦਮੇ ਨੂੰ ਉਸ ਦਾ ਭਾਣਾ ਮੰਨਦੇ ਹੋਏ ਮਾਤਾ ਜੀ ਵੀ ਉਥੇ ਹੀ ਸੁਰਗਵਾਸ ਹੋ ਗਏ।

ਇਸ ਪਿੱਛੋਂ ਗੁਰੂ ਜੀ ਨੇ ਕਈ ਵੱਡੇ ਫੈਸਲੇ ਕੀਤੇ: 1) ਮਸੰਦਾਂ ਦੀਆਂ ਆਚਰਣਕ ਗਿਰਾਵਟਾਂ ਦੇਖ ਕੇ ਚੌਥੇ ਗੁਰੂ ਰਾਮਦਾਸ ਜੀ ਦੀ ਆਰੰਭ ਕੀਤੀ ਮਸੰਦ ਪ੍ਰਣਾਲੀ ਖਤਮ ਕੀਤੀ।

2) ਵਿਅਕਤੀ ਗੁਰਤਾ ਸਮਾਪਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਬਖਸ਼ੀ ਅਤੇ ਪੰਥ ਨੂੰ ਸਦਾ ਲਈ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। 3) ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲ ਸਾਮਰਾਜ ਨਾਲ ਟੱਕਰ ਲੈਣ ਅਤੇ ਸਿੱਖ ਰਾਜ ਦੀ ਨੀਂਹ ਰੱਖਣ ਲਈ ਥਾਪੜਾ ਦਿੱਤਾ ਅਤੇ ਪੰਜਾਬ ਨੂੰ ਰਵਾਨਾ ਕੀਤਾ। ਬੰਦਾ ਸਿੰਘ ਬਹਾਦਰ ਦੀਆਂ ਲਾਸਾਨੀ ਜਿੱਤਾਂ, ਪ੍ਰਾਪਤੀਆਂ ਤੇ ਅਦੁੱਤੀ ਕੁਰਬਾਨੀਆਂ ਦਾ ਬੇਹੱਦ ਸਿਰੜ, ਸਿਦਕ ਤੇ ਦਰਦ ਭਰਿਆ ਵੱਖਰਾ ਕਾਂਡ ਹੈ।

7 ਅਕਤੂਬਰ 1708 ਨੂੰ ਨਾਂਦੇੜ ਦੇ ਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਉਣ ਪਿੱਛੋਂ 18ਵੀਂ ਸਦੀ ਸਿੱਖ ਕੌਮ ਦੀ ਸਾੜ੍ਹਸਤੀ ਦੀ ਸਦੀ ਹੈ। ਇਸ ਵਿਚ ਦੋ ਵੱਡੇ ਘੱਲੂਘਾਰੇ ਹੋਏ, ਹਜ਼ਾਰਾਂ ਸਿੰਘ ਸਿੰਘਣੀਆਂ ਸ਼ਹੀਦ ਹੋਏ। ਪੂਰੀ ਕੌਮ ਘਰੋਂ ਬੇਘਰ ਹੋ ਗਈ ਪਰ ਆਣ ਅਣਖ ਤੇ ਸਿਰੜ, ਸਿਦਕ ਦੇ ਨਗਾਰੇ ਵਜਦੇ ਰਹੇ, ਕੇਸਰੀ ਨਿਸ਼ਾਨ ਝੂਲਦੇ ਰਹੇ। ਇਨ੍ਹਾਂ ਕੁਰਬਾਨੀਆਂ ਸਦਕਾ ਹੀ ਇਸੇ 18ਵੀਂ ਸਦੀ ਦੇ ਅੰਤ ਤੱਕ ਸਿੱਖ ਰਾਜ ਸਥਾਪਤ ਹੋ ਸਕਿਆ।

ਇਤਿਹਾਸ ਦੇ ਤਿੰਨ ਸੌ ਸਾਲਾਂ ਪਿੱਛੋਂ ਅੱਜ ਫੇਰ ਪੂਰੀ ਕੌਮ ਜੁਝਾਰੂ ਪ੍ਰੀਖਿਆ ਵਿਚੋਂ ਲੰਘ ਰਹੀ ਹੈ। ਉਹੋ ਹੀ ਦਸੰਬਰ ਦਾ ਮਹੀਨਾ, ਪੋਹ ਦੀਆਂ ਠੰਢੀਆਂ ਰਾਤਾਂ ਹਨ। ਦਿੱਲੀ ਦੀਆਂ ਸੜਕਾਂ 'ਤੇ ਕਿਰਤੀਆਂ ਦਾ ਟਰਾਲੀਆਂ ਵਿਚ ਰੈਣ ਬਸੇਰਾ ਹੈ ਪਰ ਸਮੇਂ ਨਾਲ ਇਸ ਦਾ ਰੂਪ ਸਰੂਪ ਬਦਲੇ ਹੋਏ ਰੰਗ ਵਿਚ ਹੈ। ਅੱਜ ਜਾਤਾਂ, ਗੋਤਾਂ, ਬੋਲੀ, ਪਹਿਰਾਵਿਆਂ ਤੇ ਭਿੰਨ-ਭਿੰਨ ਸਭਿਆਚਾਰਾਂ ਦੇ ਵਿਤਕਰਿਆਂ ਦੇ ਬੰਧਨ ਤੋੜ ਕੇ ਸਾਰੇ ਵਰਗ, ਸਾਰੀਆਂ ਮਾਈਆਂ ਬੀਬੀਆਂ, ਸਾਰੇ ਕਿਸਾਨ ਭਾਈ-ਭਾਈ ਬਣ ਕੇ ਇੱਕ ਮੰਚ ਉਤੇ ਇਕੱਤਰ ਹੋ ਕੇ ਸਾਂਝੇ ਕਾਜ ਲਈ ਸੰਘਰਸ਼ ਵਿਚ ਕੁੱਦੇ ਹੋਏ ਹਨ। ਦਿੱਲੀ ਦੇ ਇਕਹਿਰੀ ਸੋਚ ਵਾਲੇ ਔਰੰਗਜ਼ੇਬੀ ਹਾਕਮਾਂ ਨਾਲ ਅੱਜ ਫੇਰ ਟੱਕਰ ਹੈ। ਜੋਸ਼ ਤੇ ਜਜ਼ਬਾ ਸਾਂਝਾ ਹੈ, ਨਿਸ਼ਾਨਾ ਇੱਕੋ ਹੈ- ਨਾ ਧੱਕਾ ਕਰਨੈ, ਨਾ ਧੱਕਾ ਸਹਿਣੈ। ਕਿਸੇ ਦੀ ਆਜ਼ਾਦੀ ਤੇ ਹੱਕ ਮਾਰਨਾ ਨਹੀਂ, ਆਪਣੀ ਆਜ਼ਾਦੀ ਤੇ ਹੱਕ ਖੋਹਣ ਨਹੀਂ ਦੇਣੇ। ਭੈ ਕਾਹੂੰ ਕੋ ਦੇਤ ਨਹਿ, ਨਹਿ ਭੈ ਮਾਨਤ ਆਨ। ਦਿੱਲੀ ਦੀ ਸਰਕਾਰ ਦੇ ਕਿਸਾਨ ਵਿਰੋਧੀ ਬਣਾਏ ਕਾਨੂੰਨ ਕਿਸੇ ਵੀ ਢੰਗ ਨਾਲ ਲਾਗੂ ਨਹੀਂ ਹੋਣ ਦੇਣੇ। ਦਿੱਲੀ ਘੇਰੀ ਹੋਈ ਹੈ। ਕੁਰਬਾਨੀਆਂ ਘੱਟ ਜਾਂ ਵੱਧ ਹੋ ਸਕਦੀਆਂ ਹਨ, ਅਖੀਰ ਜਿੱਤ ਸੱਚ ਦੀ ਹੀ ਹੋਵੇਗੀ। ਸੱਚ ਦੇ ਰਾਹ ਉਤੇ ਚੱਲ ਰਹੇ ਕਿਸਾਨਾਂ ਦੀ ਹੋਵੇਗੀ। ਇਹ ਅੱਜ ਦੇ ਸਮਿਆਂ ਦਾ ਯਕੀਨ ਹੈ। ਇਹ ਬੀਤੇ ਕੱਲ੍ਹ ਦੇ ਇਤਿਹਾਸ ਦੇ ਪੰਨੇ-ਪੰਨੇ, ਸਤਰ-ਸਤਰ 'ਤੇ ਲਿਖਿਆ ਯਕੀਨ ਹੈ। ਕਿਰਤੀਓ ਡਟੇ ਰਹੋ। ਹਉਮੈ ਦੇ ਕਿੰਗਰੇ ਢਹਿ ਕੇ ਰਹਿਣਗੇ।

# ਬੇਜੋੜ ਸਿਰਜਣਾ 'ਜ਼ਫਰਨਾਮਾ' ਪੜ੍ਹਦਿਆਂ...

ਸੰਸਾਰ ਦੇ ਇਤਿਹਾਸ 'ਚ ਗੁਰੂ ਗੋਬਿੰਦ ਸਿੰਘ ਜੀ ਦਾ ਵਿਅਕਤਿਤਵ ਸੂਰਜ ਵਾਂਗ ਵਿਲੱਖਣ ਪਛਾਣ ਵਾਲਾ ਹੈ। 'ਗੁਰੂ ਗੋਬਿੰਦ ਸਿੰਘ' ਮਹਿਜ਼ ਕਿਸੇ ਵਿਅਕਤੀ ਦਾ ਨਾਮ ਨਹੀਂ, ਇਕ 'ਪ੍ਰਤੀਕ' ਹੈ, ਜਿਸ ਦਾ ਜ਼ਿਕਰ ਛਿੜਦੇ ਹੀ ਕਾਲੀਆਂ ਤਾਕਤਾਂ ਮੂੰਹ ਛੁਪਾਉਂਦੀਆਂ ਦਿਖਾਈ ਦਿੰਦੀਆਂ ਨੇ। ਗਊਆਂ ਸ਼ੇਰਾਂ 'ਤੇ ਭਾਰੂ ਹੋ ਜਾਂਦੀਆਂ ਨੇ। ਚਿੜੀਆਂ ਤੋਂ ਡਰਦੇ ਬਾਜ਼ ਆਲ੍ਹਣਿਆਂ ਵਿਚ ਜਾ ਛੁਪਦੇ ਨੇ। ਫਿਜ਼ਾ 'ਚ



**ਸੁਰਿੰਦਰ ਸੋਹਲ**

ਧੁੱਪ ਵਰਗੀ ਇਨਸਾਨੀਅਤ ਦੀ ਮਹਿਕ ਬਿਖਰ ਜਾਂਦੀ ਹੈ। ਦਿੱਲੀ ਚਮਕ ਉੱਠਦੀ ਹੈ। ਚਮਕੌਰ ਸੁਨਹਿਰਾ ਹੋ ਜਾਂਦਾ ਹੈ। ਸਰਹਿੰਦ ਬੱਚਿਆਂ ਵਰਗੀ ਸਾਫ-ਸ਼ੱਫਾਫ ਹੋ ਕੇ ਪਵਿੱਤਰ ਅਵਾਜ਼ 'ਚ ਛੱਡੇ ਜੈਕਾਰਿਆਂ ਨਾਲ ਗੂੰਜ ਉਠਦੀ ਹੈ। ਮਾਛੀਵਾੜੇ ਦੀਆਂ ਸੂਲਾਂ 'ਤੇ ਫੁੱਲਾਂ ਦਾ ਇਤਿਹਾਸ ਲਿਖਿਆ ਜਾਂਦਾ ਹੈ। ਕਾਇਨਾਤ ਕਵਿਤਾ-ਕਵਿਤਾ ਹੋ ਨਿਬੜਦੀ ਹੈ।


ਗੁਰੂ ਗੋਬਿੰਦ ਸਿੰਘ ਜੀ ਵਾਸਤੇ ਕਵਿਤਾ ਮਹਿਜ਼ ਭਾਵਨਾਵਾਂ ਦੀ ਪੇਸ਼ਕਾਰੀ ਨਹੀਂ। ਉਨ੍ਹਾਂ ਵਾਸਤੇ ਕਲਮ ਤੇ ਕਿਰਪਾਨ ਇੱਕੋ ਵਸਤੂ ਦੇ ਦੋ ਨਾਮ ਹਨ। ਉਨ੍ਹਾਂ ਜਿੰਨੀ ਨਿਪੁੰਨਤਾ ਨਾਲ ਕਿਰਪਾਨ ਵਾਹੀ, ਓਨੀ ਹੀ ਸੁਘੜਤਾ ਨਾਲ ਕਲਮ ਚਲਾਈ। ਅਜਿਹਾ ਸਾਹਿਤਕ-ਸਿਪਾਹੀ ਸੰਸਾਰ 'ਚੋਂ ਭਾਲਣਾ ਸਹਿਲ ਨਹੀਂ ਹੈ। ਕਲਮ ਦੀ ਨੋਕ ਜਦੋਂ ਕਾਗਜ਼ 'ਤੇ ਘਿਸਦੀ ਹੈ ਤਾਂ ਅੱਖਰ ਨਹੀਂ, ਅੰਗਾਰ ਪੈਦਾ ਹੁੰਦੇ ਨੇ। ਇਨ੍ਹਾਂ ਅੰਗਾਰਾਂ ਵਿਚ ਰਾਜ-ਸੱਤਾ ਦਾ ਨਸ਼ਾ, ਹੰਕਾਰ ਦਾ ਤਾਜ, ਤਾਕਤ ਦਾ ਆਡੰਬਰ ਰਾਖ ਬਣ ਕੇ ਹਵਾ ਵਿਚ ਉੱਡ ਜਾਂਦੇ ਨੇ।

ਅੰਗਾਰਾਂ ਦੇ ਅੱਖਰਾਂ ਨਾਲ, ਸੇਕ ਦੀ ਲਿਪੀ 'ਚ ਵਕਤ ਦੇ ਕਾਗਜ਼ 'ਤੇ ਲਿਖੀ ਗਈ ਅਜਿਹੀ ਹੀ ਇਕ ਰਚਨਾ ਹੈ, 'ਜ਼ਫਰਨਾਮਾ।'

ਇਕ ਪਲ ਲਈ ਆਪਣੀ ਸੁਰਤ ਨੂੰ ਅਤੀਤ ਦੇ ਉਸ ਕਾਂਡ ਵਿਚ ਲੈ ਜਾਣਾ ਚਾਹੀਦਾ ਹੈ, ਜਿੱਥੇ ਇਤਿਹਾਸ 'ਫਰੀਜ਼' ਹੋਏ ਦ੍ਰਿਸ਼ ਅਜੇ ਵੀ ਸੰਭਾਲੀ ਬੈਠਾ ਹੈ।

ਦਸੰਬਰ 1704 ਦੀ ਸਰਦੀ ਨਾਲ ਠੁਰ-ਠੁਰ ਕਰਦੀ ਰਾਤ। ਪਾਲੇ ਨਾਲ ਠਰੀਆਂ ਪਹਾੜਾਂ ਦੀਆਂ ਚੋਟੀਆਂ। ਠੰਢ ਨਾਲ ਯਖ ਵਾਦੀਆਂ। ਸਿਆਲ ਦੇ ਝੰਬੇ ਪੱਤਰ-ਹੀਣ ਮੂਕ ਖਲੋਤੇ ਦਰਖਤ। ਗਹਿਰੀ ਸਾਜ਼ਿਸ਼ ਦੇ ਹਨੇਰੇ 'ਚ ਘਿਰਿਆ ਆਨੰਦਪੁਰ ਸਾਹਿਬ ਦਾ ਕਿਲਾ। ਬਿੜਕਾਂ ਲੈਂਦੇ ਸਾਜ਼ਿਸ਼ੀ ਕੰਨ। ਹੱਥਾਂ 'ਚ ਘੁੱਟੇ ਹੋਏ ਨੇਜ਼ੇ, ਭਾਲੇ, ਤੀਰ, ਤਲਵਾਰਾਂ। ਇਹ ਹਥਿਆਰ ਜਿਵੇਂ ਰਾਤ ਦੇ ਕਾਗਜ਼ 'ਤੇ ਜ਼ੁਲਮ ਦੀ ਇਬਾਰਤ ਲਿਖਣ ਲਈ ਤਤਪਰ ਹੋਣ। ਵਿਸ਼ਵਾਸਘਾਤ ਦੀ ਅਤਿ ਸਰਦ ਹਵਾ ਨੇ ਸਭ ਕੁਝ ਠਾਰ ਦਿੱਤਾ ਸੀ। ਕੁਰਾਨ ਦੀਆਂ ਕਸਮਾਂ ਦਾ ਲਹੂ, ਧੋਖੇ ਦੀਆਂ ਨਾੜਾਂ 'ਚ ਜੰਮ ਗਿਆ ਸੀ।

ਹਨੇਰੇ ਵਿਚ ਅਜੇ ਮੰਜ਼ਿਲ ਤਾਂ ਕੀ, ਮੰਜ਼ਿਲ ਦੀ ਦਿਸ਼ਾ ਵੀ ਤੈਅ ਨਹੀਂ ਸੀ ਹੋਈ। ਬੇਈਮਾਨ ਤੇਜ਼ ਹਨੇਰੀ ਆਈ ਸੀ ਤੇ ਸਾਰਾ ਕੁਝ ਇੰਜ ਖਿੱਲਰ ਗਿਆ ਸੀ, ਜਿਵੇਂ ਤੇਜ਼ ਝੱਖੜ ਵਿਚ ਰੁੱਖ ਦੀ ਸਿਖਰ 'ਤੇ ਬਣਿਆ ਆਲ੍ਹਣਾ ਤੀਲਾ-ਤੀਲਾ ਹੋ ਜਾਂਦਾ ਹੈ। ਪਿੱਛੇ ਜ਼ੁਲਮ ਦਾ ਝੱਖੜ। ਅੱਗੇ ਸਰਸਾ ਦਾ ਤੂਫਾਨ। ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੁੰਦੇ ਰਹੇ। ਰੂਹ ਵਰਗੇ ਲਿਖਾਰੀਆਂ ਦੀਆਂ ਲਿਖਤਾਂ ਸਰਸਾ ਦੀਆਂ ਲਹਿਰਾਂ ਨੇ ਧੋ ਸੁੱਟੀਆਂ। ਆਲ੍ਹਣੇ ਦੇ ਤੀਲੇ ਐਸੇ ਵਿਛੜੇ ਕਿ ਮੁੜ ਕਦੇ ਮਿਲ ਹੀ ਨਾ ਸਕੇ।




ਇਸ ਸਾਰੇ ਘਟਨਾਕ੍ਰਮ ਵਿਚ ਸਭ ਕੁਝ ਤਬਾਹੋ-ਬਰਬਾਦ ਹੋ ਗਿਆ, ਪਰ ਇਕ ਚੀਜ਼ ਦੀ ਜਿੱਤ ਹੋਈ, ਉਹ ਸੀ, 'ਈਮਾਨ।'...ਤੇ 'ਜ਼ਫਰਨਾਮਾ' ਵਰਗੀ ਰਚਨਾ 'ਈਮਾਨ' ਵਾਲਾ ਸ਼ਖਸ ਹੀ ਰਚ ਸਕਦਾ ਹੈ।

'ਜ਼ਫਰਨਾਮਾ' ਮੇਰੀ ਮਨ-ਪਸੰਦ ਰਚਨਾ ਹੈ। ਹਰ ਸਾਲ ਦਸੰਬਰ ਮਹੀਨੇ ਮੈਂ ਇਸ ਦਾ ਅਰਥਾਂ ਸਮੇਤ ਅਧਿਐਨ ਕਰਦਾ ਹਾਂ। ਇਹ ਸਿਲਸਿਲਾ ਪਿਛਲੇ ਕਈ ਸਾਲਾਂ ਤੋਂ ਚਲਦਾ ਆ ਰਿਹਾ ਹੈ। ਇਸ ਵਿਚਲੇ ਕੁਝ ਨੁਕਤੇ ਮੈਨੂੰ ਬੇਹੱਦ ਪ੍ਰਭਾਵਿਤ ਕਰਦੇ ਨੇ।

'ਜ਼ਫਰਨਾਮਾ' ਯਾਨਿ 'ਫਤਹਿ ਦੀ ਚਿੱਠੀ' ਹੌਸਲੇ ਦੀ ਡਿੱਗਦੀ ਛੱਤ ਵਾਸਤੇ ਥੰਮੀ ਦਾ ਕੰਮ ਕਰਦੀ ਹੈ। ਉਸ ਵੇਲੇ ਦੀ ਕਲਪਨਾ ਕਰਨ ਉਪਰੰਤ ਜਦੋਂ ਅਸੀਂ 'ਜ਼ਫਰਨਾਮਾ' ਦਾ ਪਾਠ ਕਰਦੇ ਹਾਂ ਤਾਂ ਇਸ ਦਾ ਵਜ਼ਨ-ਬਹਿਰ ਬਹੁਤ ਪ੍ਰਭਾਵਿਤ ਕਰਦਾ ਹੈ। ਰਤਾ-ਮਾਸਾ ਵੀ ਤੋਲ-ਤੁਕਾਂਤ ਉੱਖੜਦਾ ਨਹੀਂ। ਅਸਲ ਵਿਚ ਇਹ 'ਜ਼ਫਰਨਾਮਾ' ਦਾ ਤੋਲ-ਤੁਕਾਂਤ ਨਹੀਂ, ਏਨੀਆਂ ਹਨੇਰੀਆਂ ਵਿਚੋਂ ਲੰਘਣ ਤੋਂ ਬਾਅਦ ਵੀ ਗੁਰੂ ਸਾਹਿਬ ਦੇ ਕਾਇਮ ਦਿਮਾਗੀ ਤਵਾਜ਼ਨ ਦਾ ਅਕਸ ਹੈ। ਗੁਰੂ ਸਾਹਿਬ ਦੀ ਅਡੋਲਤਾ, ਸਿਰੜ, ਰੌਸ਼ਨ-ਰੂਹ ਦਾ ਝਲਕਾਰਾ ਹੈ। 'ਮੁਤਕਾਰਿਬ ਮੁਸੱਮਨ ਮਕਸੂਰ' (ਵਜ਼ਨ-ਫਊਲੁਨ ਫਊਲੁਨ ਫਊਲੁਨ ਫਊਲ ਜਾਂ ਫਊ) ਬਹਿਰ ਵਿਚ ਲਿਖਿਆ ਜ਼ਫਰਨਾਮਾ ਗੁਰੂ ਸਾਹਿਬ ਦੀ ਸਾਵੀਂ ਸੋਚ ਦਾ ਪ੍ਰਗਟਾਵਾ ਹੈ। ਇਹ ਬਹਿਰ ਬਹੁਤ ਕਾਟਵੀਂ ਹੈ। ਛੁਰੀਆਂ ਵਾਂਗ ਦਿਲ ਵਿਚ ਖੁੱਭਦੀ ਜਾਂਦੀ ਹੈ। ਇਸ ਬਹਿਰ ਵਿਚ ਖਤ ਲਿਖਣਾ ਇਹ ਵੀ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਨੂੰ ਵਿਸ਼ੇ ਦੇ ਮਹੱਤਵ ਦੇ ਨਾਲ-ਨਾਲ ਕਵਿਤਾ ਦੇ ਰੂਪਕ ਪੱਖ ਦੇ ਅਸਰ ਦੀ ਵੀ ਕਿੰਨੀ ਸੂਝ ਤੇ ਸਮਝ ਸੀ। ਉਨ੍ਹਾਂ ਨੇ ਸੁਸਤ ਜਿਹੀ ਬਹਿਰ ਦੀ ਥਾਂ ਬੇਹੱਦ ਚੁਸਤ ਬਹਿਰ ਦੀ ਚੋਣ ਕੀਤੀ।

'ਜ਼ਫਰਨਾਮਾ' ਆਵੇਸ਼ ਵਿਚ ਆ ਕੇ ਲਿਖੀ ਹੋਈ ਭਾਵੁਕ ਰਚਨਾ ਨਹੀਂ। ਸੋਚ-ਸਮਝ ਕੇ ਵਰਤਿਆ ਗਿਆ ਹਥਿਆਰ ਹੈ। ਗੁਰੂ ਸਾਹਿਬ ਇਸ ਦੇ ਅਸਰ ਤੋਂ ਬਾਖੂਬੀ ਵਾਕਿਫ ਸਨ। ਕਿਸ ਨੂੰ ਲਿਖਣਾ ਹੈ? ਕੀ ਲਿਖਣਾ ਹੈ? ਕਿਵੇਂ ਲਿਖਣਾ ਹੈ? ਕਿਉਂ ਲਿਖਣਾ ਹੈ? ਇਨ੍ਹਾਂ ਗੱਲਾਂ ਦੇ ਜਵਾਬ ਭਲੀ-ਭਾਂਤ 'ਜ਼ਫਰਨਾਮਾ' ਦਾ ਅਧਿਐਨ ਕਰਦਿਆਂ ਮਿਲ ਜਾਂਦੇ ਹਨ।

'ਜ਼ਫਰਨਾਮਾ' ਗੁਰੂ ਸਾਹਿਬ ਦੇ ਦ੍ਰਿੜ ਇਰਾਦੇ, ਦੂਰ-ਅੰਦੇਸ਼ੀ, ਕਾਵਿਕ ਸਮਝ ਦੇ ਨਾਲ-ਨਾਲ ਇਹ ਵੀ ਦਰਸਾਉਂਦਾ ਹੈ ਕਿ ਕਮਾਲ ਦੇ ਹੱਥਾਂ ਵਿਚ ਆ ਕੇ ਕਲਮ ਵੀ ਸਿਰ ਕਲਮ ਕਰਨ ਦੀ ਸਮਰੱਥਾ ਰੱਖਦੀ ਹੈ।

ਵਿਰੋਧੀ ਜਾਂ ਦੁਸ਼ਮਣ ਨਾਲ ਸੰਵਾਦ ਰਚਾਉਣ ਦਾ ਸਲੀਕਾ ਸਿਖਾਉਣ ਵਾਲੀ ਮਹਾਨ ਕ੍ਰਿਤ ਹੈ, 'ਜ਼ਫਰਨਾਮਾ।' ਔਰੰਗਜ਼ੇਬ ਵਲੋਂ ਗੁਰੂ ਸਾਹਿਬ ਅਤੇ ਅਵਾਮ ਨਾਲ ਕੀਤੀਆਂ ਜ਼ਿਆਦਤੀਆਂ ਨਾਲ ਇਤਿਹਾਸ ਭਰਿਆ ਪਿਆ ਹੈ, ਪਰ ਗੁਰੂ ਸਾਹਿਬ ਦਾ ਬਿਬੇਕ ਕਮਾਲ ਦਾ ਹੈ। ਉਹ ਔਰੰਗਜ਼ੇਬ ਦੀਆਂ ਖੂਬੀਆਂ ਦਾ ਬਿਆਨ ਕਰਨ ਵੇਲੇ ਵੀ ਦਿਲ ਖੁੱਲ੍ਹਾ ਰੱਖਦੇ ਹਨ। ਉਸ ਦੇ ਗੁਣਾਂ ਦਾ ਰੱਜ ਕੇ ਖੁਲਾਸਾ ਕਰਦੇ ਹਨ। ਨਾਲ ਨਾਲ ਉਸ ਦੇ ਔਗੁਣਾਂ ਦਾ ਬੇਧੜਕ ਤਜ਼ਕਰਾ ਕਰਦੇ ਹਨ।

ਖੁਸ਼ਸ਼ ਸ਼ਾਹੇ-ਸ਼ਾਹਾਨ ਔਰੰਗਜ਼ੇਬ।
ਕਿ ਚਾਲਾਕ ਦਸਤਅਸਤ ਚਾਬੁਕ ਰਕੇਬ।
(85)

(ਹੇ ਔਰੰਗਜ਼ੇਬ! ਤੂੰ ਸ਼ਾਹਾਂ ਦਾ ਸ਼ਾਹ ਤੇ ਭਗਵਾਨ ਏਂ ਅਤੇ ਪ੍ਰਬੰਧ ਵਿਚ ਹੁਸ਼ਿਆਰ ਤੇ ਸ਼ਾਹ-ਸਵਾਰ ਏਂ।)

ਬਾ ਤਰਤੀਬ ਦਾਨਿਸ਼ ਬਾ ਤਦਬੀਰ ਤੇਗ਼।
ਖੁਦਾਵੰਦੇ-ਦੇਗੋ-ਖੁਦਾਵੰਦੇ-ਤੇਗ਼। (86)

(ਤੂੰ ਆਪਣੀ ਸਿਆਣਪ ਦੇ ਢੰਗ ਨਾਲ ਤੇ ਤਲਵਾਰ ਦੇ ਜ਼ੋਰ ਨਾਲ ਦੇਗ ਤੇ ਤੇਗ ਦਾ ਧਨੀ ਏਂ।)

ਕਿ ਹੁਸਨ-ਉਲ-ਜਮਾਲ ਅਸਤ ਓ ਰੌਸ਼ਨ ਜ਼ਮੀਰ।
ਖੁਦਾਵੰਦ ਮੁਲਕ ਅਸਤ ਸਾਹਿਬ ਅਮੀਰ। (87)

(ਹੇ ਔਰੰਗਜ਼ੇਬ! ਤੂੰ ਸੋਹਣਾ, ਸੁੰਦਰ ਅਤੇ ਸਿਆਣਾ ਵੀ ਏਂ। ਤੂੰ ਮੁਲਕ ਦਾ ਬਾਦਸ਼ਾਹ ਤੇ ਹਾਕਮਾਂ ਦਾ ਸਰਦਾਰ ਏਂ।)

ਬ ਬਖਸ਼ਿਸ਼ ਕਬੀਰ ਅਸਤੋ-ਦਰ ਜੰਗ ਕੋਹ।
ਮਲਾਇਕ ਸਿਫਤ ਚੂੰ ਸਰੱਯਾ ਸ਼ਿਕੋਹ। (88)

(ਤੂੰ ਬਖਸ਼ਿਸ਼ ਦਾਨ ਕਰਨ ਵਿਚ ਵੱਡਾ ਏਂ ਤੇ ਜੰਗ ਵਿਚ ਪਹਾੜ ਵਾਂਗ ਅਡੋਲ ਰਹਿਣ ਵਾਲਾ ਏਂ। ਤੂੰ ਫਰਿਸ਼ਤਿਆਂ ਦੇ ਗੁਣਾਂ ਵਾਲਾ ਤੇ ਉੱਚੀ ਸ਼ਾਨ ਵਾਲਾ ਏਂ।)

ਸ਼ਹਿਨਸ਼ਾਹੇ-ਔਰੰਗਜ਼ੇਬ ਆਲਮੀਂ।
ਕਿ ਦਾਰਾਇ ਦੌਰ ਅਸਤੋ-ਦੂਰ ਅਸਤ ਦੀਂ।
(90)

(ਪਰ ਹੇ ਔਰੰਗਜ਼ੇਬ! ਭਾਵੇਂ ਤੂੰ ਦੁਨੀਆਂ ਦਾ ਸ਼ਹਿਨਸ਼ਾਹ ਏਂ ਤੇ ਸਮੇਂ ਦਾ ਹਾਕਮ ਵੀ ਏਂ, ਪਰ ਤੂੰ ਸੱਚੇ ਧਰਮ ਤੋਂ ਬਹੁਤ ਦੂਰ ਏਂ।)

ਤੁਰਾ ਮਨ ਨਦਾਨਮ ਕਿ ਯਜ਼ਦਾਂ ਸ਼ਨਾਸ।
ਬਰਆਮਦ ਜ਼ਿ ਤੂ ਕਾਰਹਾ ਦਿਲ ਖਰਾਸ਼।
(81)

(ਮੈਂ ਇਹ ਨਹੀਂ ਮੰਨਦਾ ਕਿ ਤੂੰ ਖੁਦਾ ਨੂੰ ਪਛਾਣਨ ਵਾਲਾ ਏਂ, ਕਿਉਂਕਿ ਤੇਰੇ ਕੋਲੋਂ ਅਨੇਕਾਂ ਦਿਲ ਦੁਖਾਉਣ ਵਾਲੇ ਕੰਮ ਹੋਏ ਹਨ।)

ਅਗਰ ਸਦ ਕੁਰਾਂ ਰਾ ਬਖੁਰਦੀ ਕਸਮ।
ਮਰਾ ਇਅਤਬਾਰੇ ਨਾ ਯਕ ਜ਼ੱਰਾ ਦਮ।
(83)

(ਜੇ ਤੂੰ ਕੁਰਾਨ ਸ਼ਰੀਫ ਦੀਆਂ ਸੌ ਕਸਮਾਂ ਵੀ ਖਾਏਂ ਤਾਂ ਮੈਨੂੰ ਉਨ੍ਹਾਂ 'ਤੇ ਰਤਾ ਵੀ ਇਤਬਾਰ ਨਹੀਂ।)

'ਜ਼ਫਰਨਾਮਾ' ਦਾ ਬਿੰਬ-ਵਿਧਾਨ ਕਮਾਲ ਦਾ ਹੈ। ਗੁਰੂ ਸਾਹਿਬ ਦੀ ਉੱਚੀ ਸੋਚ ਦਾ ਲਖਾਇਕ ਵੀ ਹੈ। ਪਰਿਵਾਰ ਖਿੰਡ-ਪੁੰਡ ਗਿਆ ਹੈ। ਬੱਚੇ ਸ਼ਹੀਦ ਹੋ ਗਏ ਨੇ ਗੁਰੂ ਸਾਹਿਬ ਦੀ ਸੋਚ ਵਿਚ ਰਤਾ ਵੀ ਤਰੇੜ ਨਹੀਂ ਆਈ। ਉਹ ਕਵਿਤਾ ਵਿਚ ਜ਼ਫਰਨਾਮਾ ਲਿਖ ਰਹੇ ਹਨ ਤੇ ਕਵਿਤਾ ਦੀ ਬਿੰਬਾਵਲੀ ਖਿਲਰਨ ਨਹੀਂ ਦਿੰਦੇ। ਦ੍ਰਿਸ਼-ਬਿੰਬ ਦਾ ਖੂਬਸੂਰਤ ਨਜ਼ਾਰਾ ਦੇਖੋ,

ਬਸੇ-ਬਾਨ ਬਾਰੀਦ ਤੀਰੋ-ਤੁਫੰਗ।
ਜ਼ਿਮੀ ਗਸ਼ਤ ਹਮਚੂ ਗਲੇ-ਲਾਲਾ ਰੰਗ।
(37)

(ਤੀਰਾਂ ਤੇ ਬੰਦੂਕਾਂ ਦੀ ਇਤਨੀ ਬਰਖਾ ਹੋਈ ਕਿ ਜ਼ਮੀਨ ਲਹੂ ਨਾਲ ਪੋਸਤ ਦੇ ਫੁੱਲ ਵਾਂਗ ਲਾਲ ਹੋ ਗਈ।)

ਸਰੋਪਾਇ ਅੰਬੋਹ ਚੰਦਾਂ ਸ਼ੁਦਹ।
ਕਿ ਮੈਦਾਂ ਪੁਰ ਅਜ਼ ਗੂ ਓ ਚੋਗਾਂ ਸ਼ੁਦਹ।
(38)

(ਮ੍ਰਿਤਕਾਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ-ਖੂੰਡੀਆਂ ਨਾਲ ਭਰਿਆ ਹੋਵੇ। (ਭਾਵ ਰਣ-ਭੂਮੀ ਵਿਚ ਸਿਰ ਖਿਦੋਆਂ ਵਾਂਗ ਅਤੇ ਲੱਤਾਂ-ਬਾਹਾਂ ਖੂੰਡੀਆਂ ਵਾਂਗ ਖਿੱਲੀਆਂ ਪਈਆਂ ਸਨ।)

ਗੁਰੂ ਸਾਹਿਬ ਦੀ ਪਵਿੱਤਰ ਰੂਹ ਦੇ ਦਰਸ਼ਨ ਜ਼ਫਰਨਾਮਾ ਵਿਚੋਂ ਭਲੀ-ਭਾਂਤ ਹੁੰਦੇ ਨੇ। ਗੁਰੂ ਸਾਹਿਬ ਕਿਸੇ ਧਰਮ ਜਾਂ ਧਰਮ-ਗ੍ਰੰਥ ਦੇ ਵਿਰੋਧੀ ਨਹੀਂ। ਉਨ੍ਹਾਂ ਅੰਦਰ ਕੁਰਾਨ ਪ੍ਰਤੀ ਸਤਿਕਾਰ ਹਮੇਸ਼ਾ ਕਾਇਮ ਰਿਹਾ ਹੈ,

ਹਰ ਆਂ ਕਸ ਬ-ਕੌਲ-ਏ-ਕੁਰਾਂ ਆਯਦਸ਼।
ਕਿ ਯਜ਼ਦਾਂ ਬਰੋ ਰਹਨੁਮਾ ਆਯਦਸ਼। (43)

(ਜੇ ਕੋਈ ਕੁਰਾਨ ਦੀ ਕਸਮ ਉੱਤੇ ਭਰੋਸਾ ਕਰੇ, ਰੱਬ ਉਸ ਨੂੰ ਰਾਹ ਵਿਖਾਉਂਦਾ ਹੀ ਹੈ।)

'ਜ਼ਫਰਨਾਮਾ' ਵਾਰ-ਵਾਰ ਪੜ੍ਹਨ ਵਾਲੀ ਇਕ ਅਜਿਹੀ ਇਤਿਹਾਸਕ ਰਚਨਾ ਹੈ, ਜਿਸ 'ਚੋਂ ਹਰ ਵਾਰ ਗੁਰੂ ਸਾਹਿਬ ਦੀ ਸ਼ਖਸੀਅਤ ਦਾ ਅਣਮੁੱਲਾ ਮੋਤੀ ਲੱਭਦਾ ਜਾਂਦਾ ਹੈ। ਵਿਰੋਧੀ ਨਾਲ ਗੱਲ ਕਰਨ ਵੇਲੇ ਧੀਰਜ ਰੱਖਣ ਦੀ ਬਖਸ਼ਿਸ਼ ਇਹ ਰਚਨਾ ਕਰਦੀ ਹੈ। ਔਖੀ ਤੋਂ ਔਖੀ ਘੜੀ ਵਿਚ ਜ਼ਿਹਨੀ ਤਵਾਜ਼ਨ ਰੱਖਣ ਦੀ ਸ਼ਕਤੀ ਇਹ ਕ੍ਰਿਤ ਪ੍ਰਦਾਨ ਕਰਦੀ ਹੈ। ਇਹ ਰਚਨਾ ਸਾਡੇ ਸੱਚੇ ਪਾਤਸ਼ਾਹ ਦੀ ਹੈ, ਇਸ ਤੋਂ ਵੱਡੀ ਹੋਰ ਮਾਣ ਵਾਲੀ ਗੱਲ ਸਾਡੇ ਵਾਸਤੇ ਕਿਹੜੀ ਹੋ ਸਕਦੀ ਹੈ!

**ਸਹਾਇਕ ਪੁਸਤਕਾਂ:**

1. ਸੁਖੈਨ ਗ਼ਜ਼ਲ (ਗੁਰਦਰਸ਼ਨ ਬਾਦਲ)
2. ਸਿੱਖ ਚਿੰਤਨ: ਪਰੰਪਰਾ ਅਤੇ ਪਰਿਵਰਤਨ (ਡਾ. ਸੁਰਜੀਤ ਸਿੰਘ ਭੱਟੀ)
3. ਜ਼ਫਰਨਾਮਾ: ਪਾਠ ਤੇ ਪ੍ਰਸੰਗ (ਭਗਵੰਤ ਸਿੰਘ ਕੈਲੇ)
4. ਸਹਿਜੇ ਰਚਿਓ ਖਾਲਸਾ (ਹਰਿੰਦਰ ਸਿੰਘ ਮਹਿਬੂਬ)
5. ਜ਼ਫਰਨਾਮਾ (ਉਰਦੂ ਅਨੁਵਦ: ਮਾਸਟਰ ਸਾਧੂ ਸਿੰਘ ਸਾਧੂ ਫਰੀਦਕੋਟੀ)
6. ਸ੍ਰੀ ਦਸਮ-ਗ੍ਰੰਥ ਸਾਹਿਬ: ਪਾਠ-ਸੰਪਾਦਨ ਅਤੇ ਵਿਆਖਿਆ (ਭਾਗ ਪੰਜਵਾਂ) (ਡਾ. ਰਤਨ ਸਿੰਘ ਜੱਗੀ-ਡਾ. ਗੁਰਸ਼ਰਨ ਕੌਰ ਜੱਗੀ)
7. ਜ਼ਫਰਨਾਮਹ ਦੀ ਪੜਤਾਲ (ਨਿਸ਼ਾਨ ਸਿੰਘ ਜੌਹਲ)

# ਪਰਿਵਾਰ ਵਿਛੋੜਾ ਬਨਾਮ ਪਰਿਵਾਰ ਮਿਲਾਪ

21 ਦਸੰਬਰ ਤੋਂ ਲੈ ਕੇ ਦਸੰਬਰ ਦਾ ਸਾਰਾ ਮਹੀਨਾ ਪੰਜਾਬੀਆਂ ਲਈ ਆਪਣੇ ਵਿਰਸੇ ਦੇ ਵਰਕੇ ਫਰੋਲਣ ਦਾ ਸਮਾਂ ਹੁੰਦਾ ਹੈ। ਇਹ ਉਹ ਦਿਨ ਹਨ, ਜਿਨ੍ਹਾਂ ਦੌਰਾਨ ਜਬਰ-ਜ਼ੁਲਮ ਵਿਰੁੱਧ ਯੁੱਧ ਲੜਨ ਵਾਲੇ ਮਹਾ-ਨਾਇਕ, ਮਰਦ ਅਗੰਮੜੇ, ਲਾਸਾਨੀ ਕਵੀ, ਬੇਮਿਸਾਲ ਜਰਨੈਲ ਦਸਮ-ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਪਰਿਵਾਰ ਸ਼ਹਾਦਤ ਦੇ ਜਾਮ ਪੀ ਗਿਆ। ਇਹ ਜਿੱਥੇ ਮਾਤਮ ਦਾ ਸਮਾਂ ਹੁੰਦਾ ਹੈ, ਉਥੇ ਆਤਮ-ਚਿੰਤਨ ਦਾ ਵੀ!

**ਇੰਦਰਜੀਤ ਚੁਗਾਵਾਂ**

ਪੰਜਾਬ ਦੀ ਧਰਤੀ ਨੂੰ ਹੀ ਮਾਣ ਹਾਸਲ ਹੈ ਅਜਿਹੇ ਮਹਾ-ਮਾਨਵ ਨੂੰ ਗੋਦ 'ਚ ਖਿਡਾਉਣ ਦਾ। ਇਸ ਮਹਾ-ਜਰਨੈਲ ਨੇ ਦੱਬੇ-ਕੁਚਲੇ ਲੋਕਾਂ 'ਚ ਅਜਿਹੀ ਚਿੰਗਾੜੀ ਫੂਕੀ ਕਿ ਉਨ੍ਹਾਂ ਆਪਣੇ-ਆਪ ਨੂੰ ਧਰਤੀ-ਧੱਕ ਸਮਝਦੇ ਜਰਵਾਣਿਆਂ ਨੂੰ ਸਿਰ-ਭਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਮਹਾ-ਯੋਧੇ ਨੇ ਇਹ ਲੜਾਈ ਕੋਈ ਸੱਤਾ ਹਾਸਲ ਕਰਨ ਲਈ ਨਹੀਂ, ਸਗੋਂ ਜਬਰ-ਜ਼ੁਲਮ ਦੇ ਖਾਤਮੇ ਲਈ ਲੜੀ ਸੀ ਤੇ ਆਪਣੇ ਪਰਿਵਾਰ ਨੂੰ ਇਸ ਲੜਾਈ ਤੋਂ ਬਚਾਉਣ ਦੀ ਜ਼ਰਾ ਜਿੰਨੀ ਕੋਸ਼ਿਸ਼ ਨਹੀਂ ਕੀਤੀ। ਇਸ ਦੇ ਉਲਟ ਆਪਣੇ ਨਾਲ ਰਹਿਣ ਵਾਲੇ ਲੜਾਕੂ ਸੈਨਿਕਾਂ ਨੂੰ ਪੁੱਤਾਂ ਤੋਂ ਵੀ ਵੱਧ ਪਿਆਰ ਦਿੱਤਾ। ਜੇ ਉਹ ਚਾਹੁੰਦੇ ਤਾਂ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਦਾ ਉਪਰਾਲਾ ਵੀ ਕਰ ਸਕਦੇ ਸਨ, ਪਰ ਨਹੀਂ! ਉਨ੍ਹਾਂ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਨੂੰ ਆਪਣੇ ਹੱਥੀਂ ਜੰਗ ਦੇ ਮੈਦਾਨ ਵੱਲ ਤੋਰਿਆ। ਉਨ੍ਹਾਂ ਦੇ ਛੋਟੇ ਸਾਹਿਬਜਾਦੇ ਤੇ ਮਾਤਾ ਗੁਜਰੀ ਵੀ ਜਾਲਮ ਸੂਬਾ ਸਰਹਿੰਦ ਦੀ ਈਨ ਨਾ ਮੰਨਦੇ ਹੋਏ ਸ਼ਹੀਦੀ ਪਾ ਗਏ। ਇਹ ਸਮੁੱਚਾ ਪਰਿਵਾਰ ਆਪਣੀ ਲਾਸਾਨੀ ਸ਼ਹਾਦਤ ਨਾਲ ਪੰਜਾਬ ਦੀ ਮਿੱਟੀ ਨੂੰ ਅਜਿਹੀ ਪਾਣ ਚਾੜ੍ਹ ਗਿਆ ਕਿ ਇਸ ਦੇ ਜ਼ੱਰੇ-ਜ਼ੱਰੇ 'ਚੋਂ ਜੰਗਜੂ ਪੈਦਾ ਹੋਣ ਲੱਗੇ।

'ਫਖਰ-ਇ-ਕੌਮ' ਦਾ ਮੁਖੌਟਾ ਪਾ ਕੇ ਕੁਝ ਇੱਕ ਲੂੰਬੜਾਂ ਨੇ ਪੰਜਾਬ ਦੀ ਮਿੱਟੀ 'ਚੋਂ ਇਸ ਮਹਾ-ਨਾਇਕ ਵੱਲੋਂ ਪੈਦਾ ਕੀਤੇ ਲੋਹ-ਕਣਾਂ ਨੂੰ ਖਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਉਨ੍ਹਾਂ ਪੰਜਾਬ ਦੇ ਦਗਦਗ ਕਰਦੇ ਸੂਹੇ ਮੱਥੇ 'ਤੇ 'ਚਿੱਟਾ' ਮਲਣ 'ਚ ਕੋਈ ਕਸਰ ਨਹੀਂ ਛੱਡੀ। ਉਹ ਪੂਰੀ ਤਰ੍ਹਾਂ ਨਿਸ਼ਚਿੰਤ ਹੋ ਗਏ ਸਨ ਕਿ ਹੁਣ ਕੋਈ ਸਿਰ ਚੁੱਕਣ ਜੋਗਾ ਨਹੀਂ ਰਿਹਾ। ਉਨ੍ਹਾਂ ਦਿੱਲੀ ਦੇ ਤਖਤ 'ਤੇ ਬਿਰਾਜਮਾਨ 'ਭਗਵੇਂ ਔਰੰਗਜ਼ੇਬ' ਨੂੰ ਆਪਣੇ ਵੱਲੋਂ ਪੂਰਾ ਯਕੀਨ ਦੁਆ ਛੱਡਿਆ ਸੀ ਕਿ ਹੁਣ ਤੇਰੇ ਲਈ ਮੈਦਾਨ ਸਾਫ ਹੈ, ਪਰ ਸਾਡਾ ਹਿੱਸਾ ਸਾਨੂੰ ਪੂਰਾ ਮਿਲਣਾ ਚਾਹੀਦੈ। ਉਹ ਇਹ ਭੁੱਲ ਗਏ ਕਿ ਮਿੱਟੀ 'ਚੋਂ ਲੋਹੇ ਦੀ ਤਾਸੀਰ ਕਦੇ ਖਤਮ ਨਹੀਂ ਹੁੰਦੀ। ਅੱਜ ਦਾ ਆਲਮ ਇਹੋ ਕੁਝ ਦੱਸ ਰਿਹਾ ਹੈ।

'ਭਗਵੇਂ ਔਰੰਗਜ਼ੇਬ' ਵੱਲੋਂ 'ਧਰਤੀ-ਪੁੱਤਰਾਂ' ਦੇ ਖਾਤਮੇ ਲਈ ਘੜੇ ਗਏ ਕਾਲੇ ਕਾਨੂੰਨਾਂ ਵਿਰੁੱਧ ਤਿੰਨ ਮਹੀਨੇ ਪਹਿਲਾਂ ਸ਼ੁਰੂ ਹੋਏ ਅੰਦੋਲਨ ਨੇ ਅਜਿਹਾ ਜ਼ੋਰ ਫੜਿਆ ਹੈ ਕਿ ਇਸ ਦੀ ਧਮਕ ਪੂਰੀ ਦੁਨੀਆਂ 'ਚ ਪੈਣ ਲੱਗੀ ਹੈ। ਦਿੱਲੀ ਨੂੰ ਘੇਰੀ ਬੈਠੇ ਲੋਕਾਂ ਦੇ ਚਿਹਰਿਆਂ 'ਚੋਂ ਸਾਡੇ ਇਸ ਮਹਾ-ਜਰਨੈਲ ਦੇ ਪਰਿਵਾਰ ਦੀ ਝਲਕ ਦੇਖਣ ਨੂੰ ਮਿਲ ਰਹੀ ਹੈ। ਟੈਂਟ 'ਚ ਬਿਮਾਰ ਪਈ ਬੁੱਢੜੀ ਬੇਬੇ 'ਚੋਂ ਮੈਨੂੰ ਮਾਤਾ ਗੁਜਰੀ ਦੀ ਝਲਕ ਪੈਂਦੀ ਹੈ। ਮੋਰਚੇ 'ਚ ਸ਼ਾਮਲ ਹੋਣ ਜਾਂਦੇ ਜਾਂ ਵਾਪਸੀ ਸਮੇਂ ਹਾਦਸਿਆਂ 'ਚ ਸ਼ਹੀਦ ਹੋ ਰਹੇ ਗੱਭਰੂਆਂ 'ਚੋਂ ਮੈਨੂੰ ਵੱਡੇ ਸਾਹਿਬਜ਼ਾਦਿਆਂ ਦੀ ਨੁਹਾਰ ਲੱਭਦੀ ਹੈ। ਆਪਣੀਆਂ ਦਾਦੀਆਂ ਦੀ ਗੋਦ 'ਚ ਹੱਥਾਂ ਵਿਚ ਝੰਡੇ ਫੜੀ ਬੈਠੇ ਬਾਲਾਂ ਤੋਂ ਲਗਦੈ ਜਿਵੇਂ ਛੋਟੇ ਸਾਹਿਬਜ਼ਾਦੇ ਸਰਹਿੰਦ ਦੀਆਂ ਕੰਧਾਂ ਤੋੜ ਕੇ ਜਿਊ ਉੱਠੇ ਹੋਣ। ਮੈਂ ਮਹਿਸੂਸ ਕਰ ਰਿਹਾ ਹਾਂ ਜਿਵੇਂ ਪਰਿਵਾਰ ਵਿਛੋੜੇ ਦੇ ਵਿਯੋਗ ਨੂੰ ਪਰਿਵਾਰ ਮਿਲਾਪ 'ਚ ਢਾਲ ਲਿਆ ਹੋਵੇ ਮੇਰੇ ਪੰਜਾਬ ਨੇ...! ਮਾਣ ਨਾਲ ਮੇਰਾ ਸੀਨਾ ਚੌੜਾ ਹੋ ਜਾਂਦਾ ਹੈ...!

ਜਦ ਵੀ ਏਥੇ ਕਿੱਧਰੇ ਕਿਸੇ ਨਾਲ ਗੱਲਬਾਤ ਹੁੰਦੀ ਹੈ ਤਾਂ ਫਖਰ ਨਾਲ ਆਖ ਹੋ ਜਾਂਦੈ, "ਯੂ ਨੋ, ਵੁਈ ਆਰ ਪੰਜਾਬੀ...! ਵੁਈ ਆਰ ਲੀਡਿੰਗ ਦ ਫਾਈਟ ਅਗੇਂਸਟ ਐਂਟੀ ਪੀਪਲ ਪਾਲਿਸੀਜ ਆਫ ਮੋਦੀ ਗਵਰਨਮੈਂਟ...!"

ਜਦ ਇਸ ਲੋਕ-ਯੁੱਧ 'ਚ ਡਟੇ ਹੋਏ ਸਧਾਰਨ ਕਿਸਾਨ-ਮਜ਼ਦੂਰਾਂ ਨੂੰ ਮੀਡੀਆ ਸਾਹਮਣੇ ਬੋਲਦਿਆਂ ਦੇਖਦਾ ਹਾਂ ਤਾਂ ਪਤਾ ਲੱਗਦੈ ਕਿ ਜਿਸ ਪੰਜਾਬ ਨੂੰ ਖਤਮ ਸਮਝੀ ਬੈਠੀ ਸੀ ਚੰਡਾਲ-ਚੌਕੜੀ, ਉਸ ਨੇ ਇੱਕ ਦਮ ਨੀਂਦ 'ਚੋਂ ਜਾਗ ਕੇ ਦਹਾੜ ਮਾਰੀ ਹੈ ਤੇ ਆਲਾ-ਦੁਆਲਾ ਕੰਬ ਉੱਠਿਆ ਹੈ!

ਇਸ ਯੁੱਧ ਦੇ ਮੈਦਾਨ 'ਚੋਂ ਵੱਖ ਵੱਖ ਇਤਿਹਾਸਕ ਯੋਧਿਆਂ ਨੂੰ ਜਿਉਂ ਉੱਠੇ ਦੇਖ ਰਿਹਾ ਹਾਂ...ਇਸ ਯੁੱਧ ਦੀ ਅਗਵਾਈ ਕਰ ਰਹੇ ਕਿਸਾਨ ਆਗੂਆਂ 'ਚ ਹਰੀ ਸਿੰਘ ਨਲੂਆ ਦੀ ਰੂਹ ਪ੍ਰਵੇਸ਼ ਹੋ ਗਈ ਪ੍ਰਤੀਤ ਹੁੰਦੀ ਹੈ; ਕਿੱਧਰੇ ਬਾਬਾ ਬਘੇਲ ਸਿੰਘ ਸਾਕਾਰ ਸਨਮੁਖ ਖੜ੍ਹਾ ਜਾਪਦੈ! ਕਿੱਧਰੇ ਭਗਤ ਸਿੰਘ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰੇ ਲਾਉਂਦਾ ਨਜ਼ਰੀਂ ਪੈਂਦਾ ਹੈ, ਕਿਧਰੇ ਕਰਤਾਰ ਸਰਾਭਾ 'ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ' ਗਾ ਕੇ ਵੰਗਾਰ ਰਿਹਾ ਹੈ ਤੇ ਊਧਮ ਸਿੰਘ ਬਾਂਹ ਖੜ੍ਹੀ ਕਰ ਆਖ ਰਿਹਾ ਦਿਸਦੇ, "ਵੈਰੀ ਤੇ ਮਿੱਤਰ ਦੀ ਪਛਾਣ ਕਰਨਾ ਸਾਨੂੰ ਭਲੀ-ਭਾਂਤ ਆਉਂਦੈ!"

ਸੋਚਿਆ ਕਿ ਹੁਣ ਹੋਣਾ ਚਾਹੀਦਾ ਸੀ ਸ਼ਾਹ ਮੁਹੰਮਦ, ਜੋ ਲਿਖਦਾ ਇਸ ਯੁੱਧ ਦੀ ਗਾਥਾ। ਫੇਰ ਇਹ ਸੋਚ ਕੇ ਮਨ ਨੂੰ ਤਸੱਲੀ ਮਿਲਦੀ ਹੈ ਕਿ ਸਾਡਾ ਗੁਰਮੀਤ ਕੜਿਆਲਵੀ ਜੁ ਹੈ, ਜੋ ਇਸ ਲੋਕ-ਯੁੱਧ ਦੇ ਨਾਲ ਪਰਛਾਵੇਂ ਵਾਂਗ ਤੁਰਿਆ ਹੋਇਐ! ਉਸ ਦੀਆਂ ਲਿਖਤਾਂ ਇਸ ਯੁੱਧ ਦੇ ਰੌਂਅ ਨੂੰ ਬਿਆਨਦੀਆਂ ਹੀ ਨਹੀਂ, ਸਗੋਂ ਇਸ ਦੀ ਧਾਰ ਨੂੰ ਹੋਰ ਤਿੱਖੇਰਾ ਕਰਦੀਆਂ ਹਨ। ਉਹ ਸਪੱਸ਼ਟ ਲਕੀਰ ਖਿੱਚਦੀਆਂ ਹਨ ਕਿ ਵਿਚ-ਵਿਚਾਲਾ ਕੋਈ ਨਹੀਂ, ਹੁਣ ਗੱਲ ਆਰ ਜਾਂ ਪਾਰ ਦੀ ਹੈ।

ਬੱਸ, ਇੱਕੋ ਦੁੱਖ ਹੈ ਕਿ ਇਸ ਯੁੱਧ ਦੀ ਅਗਲੇਰੀ ਚੌਂਕੀ 'ਤੇ ਪਲ-ਪਲ ਦੀ ਖਬਰ ਰੱਖਣ ਤੇ ਲੋਕਾਂ ਨਾਲ ਸਾਂਝੀ ਕਰਨ ਲਈ ਮੈਨੂੰ ਵੀ ਹਾਜ਼ਰ ਹੋਣਾ ਚਾਹੀਦਾ ਸੀ, ਪਰ ਇਹ ਸੋਚ ਕੇ ਮਨ ਸ਼ਾਂਤ ਕਰ ਲੈਂਦਾ ਹਾਂ, "ਜੇ ਤੂੰ ਖੁਦ ਨਹੀਂ ਤਾਂ ਕੀ ਹੋਇਆ, ਸੁਸ਼ੀਲ ਦੁਸਾਂਝ ਕਸਰ ਪੂਰੀ ਕਰੀ ਜਾ ਰਿਹੈ! ਉਸ 'ਚੋਂ ਦੇਖ ਆਪਣੇ ਆਪ ਨੂੰ!" ਅਜਿਹਾ ਨਹੀਂ ਕਿ ਇਨ੍ਹਾਂ ਤੋਂ ਇਲਾਵਾ ਕੁਝ ਵੀ ਨਹੀਂ, ਹੋਰ ਵੀ ਹਨ, ਪਰ ਇਹ ਮੇਰੇ ਵੱਧ ਨਜ਼ਦੀਕ ਹਨ ਨਾ, ਇਸ ਕਰਕੇ...!

ਯੁੱਧ ਲੜਿਆ ਜਾ ਰਿਹੈ!
ਸ਼ਹਾਦਤਾਂ ਦਾ ਦੌਰ ਜਾਰੀ ਹੈ!
ਮੇਰੇ ਪੰਜਾਬ ਦੇ ਸੀਨੇ 'ਚ ਇੱਕ ਤੂਫਾਨ ਹੈ, ਇਸ ਨੂੰ ਸ਼ਾਂਤ ਕਰਨਾ ਕੋਈ ਸੌਖਾ ਕਾਰਜ ਨਹੀਂ!
ਸ਼ਹਾਦਤਾਂ 'ਤੇ ਅਸੀਂ ਫਖਰ ਕਰਦੇ ਹਾਂ,
ਮਾਤਮ ਮਨਾਉਣ ਦਾ ਅਜੇ ਸਮਾਂ ਨਹੀਂ ਹੈ!
ਖੁਸ਼ੀ ਵੇਲੇ ਕਦੇ ਰੋ ਵੀ ਲਵਾਂਗੇ...!
ਜਿਵੇਂ ਪ੍ਰੋ. ਮੋਹਨ ਸਿੰਘ ਨੇ ਲਿਖਿਆ ਸੀ,
ਵਿਚ ਨਾ ਰੋਣਾ ਜਾਣੀਏਂ ਅਸੀਂ ਦੁੱਖਾਂ ਤੰਗੀਆਂ
ਵਿਚ ਖੁਸ਼ੀਆਂ ਦੇ ਰੋਣਾ ਹੈ ਰੀਤ ਅਸਾਡੀ!

ਆਓ, ਪਰਿਵਾਰ ਵਿਛੋੜੇ ਵਾਲੇ ਆਪਣੇ ਮਹਾ-ਨਾਇਕਾਂ ਦੀ ਵਿਰਾਸਤ ਨੂੰ ਜਿਉਂਦਾ ਰੱਖਦਿਆਂ ਪਰਿਵਾਰ-ਮਿਲਾਪ ਦੇ ਇਸ ਦੌਰ ਦਾ ਜਸ਼ਨ ਮਨਾਈਏ ਤੇ ਇਸ ਲੋਕ-ਯੁੱਧ ਨੂੰ ਇਸ ਦੇ ਮੁਕਾਮ ਤੱਕ ਲੈ ਕੇ ਜਾਈਏ!

ਇਸ ਲੋਕ-ਯੁੱਧ ਦੀ ਵਿਰਾਸਤ ਨੂੰ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਹਵਾਲੇ ਕਰਨਾ ਹੈ ਤੇ ਉਨ੍ਹਾਂ ਦੇ ਸਿਰ ਪਲੋਸ ਕੇ ਆਖਣਾ ਹੈ, "ਪਰਿਵਾਰ ਵਿਛੋੜੇ ਦੀ ਵਿਰਾਸਤ ਨੂੰ ਸਿਰਫ ਯਾਦ ਰੱਖਣਾ ਹੀ ਕਾਫੀ ਨਹੀਂ ਹੁੰਦਾ, ਮੌਜੂਦਾ ਹਾਲਾਤ ਮੁਤਾਬਕ ਇਸ 'ਚੋਂ ਸਬਕ ਕੱਢ ਕੇ ਆਪਣਾ ਰਾਹ ਚੁਣਨਾ ਹੀ ਸੱਚੇ ਵਾਰਿਸ ਹੋਣਾ ਹੁੰਦਾ ਹੈ!"

# ਡਾ. ਮਨਬੀਰ ਸਿੰਘ ਅਤੇ ਪਰਿਵਾਰ ਵਲੋਂ

## ਸਮੂਹ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਨਵਾਂ ਵਰ੍ਹਾ 2021 ਮੁਬਾਰਕ

### ਵਾਹਿਗੁਰੂ ਕਰੇ ਨਵਾਂ ਸਾਲ ਕੁਲ ਲੋਕਾਈ ਲਈ ਅਮਨ ਤੇ ਖੁਸ਼ਹਾਲੀ ਲੈ ਕੇ ਆਵੇ






ਬੇਕਰਜ਼ਫੀਲਡ ਇਲਾਕੇ ਵਿਚ ਪਿਛਲੇ 31 ਸਾਲਾਂ ਤੋਂ ਤੁਹਾਡੀ ਸੇਵਾ 'ਚ ਅਸੀਂ ਸਾਰੇ ਹੀ ਫਿਜ਼ੀਕਲ ਇਗਜ਼ਾਮ ਕਰਦੇ ਹਾਂ ਜਿਵੇਂ ਖੇਡਾਂ, ਟਰੱਕ ਡਰਾਈਵਰਾਂ ਦਾ ਫਿਜ਼ੀਕਲ, ਇਮੀਗ੍ਰੇਸ਼ਨ ਵੀਜ਼ਾ ਆਦਿ।

**ਹਫਤੇ ਦੇ 6 ਦਿਨ ਤੁਹਾਡੀ ਸੇਵਾ ਵਿਚ**

***Dedicated to all the Medical, Immigration, Citizenship, Truck Drivers Physical and related needs at both the locations.***

ਸਾਡੀ ਪੈਰਾਲੀਗਲ ਟੀਮ ਨੋਟਰੀ ਪਬਲਿਕ ਵੀਜ਼ਾ, ਪਾਸਪੋਰਟ, ਸਿਟੀਜ਼ਨਸ਼ਿਪ ਦੀਆਂ ਲੋੜਾਂ ਪੂਰੀਆਂ ਕਰਦੀ ਹੈ।

**ਅਸੀਂ ਪੰਜਾਬੀ ਬੋਲਦੇ ਹਾਂ**

## Dr. Manbir Singh
**MD. FACP**

SINGH MEDICAL CLINIC



**Mc Farland Location**
733, 3rd Street, Mc Farland CA 93250
Tel : 661.792.3097
Fax : 661.792.3095

**Bakersfield Location**
3905 Hughes Ln, Suite E1, Bakersfield CA 93304
Tel : 661.827.1033
Fax : 661.827.1138

# ਹੋਕਰਾ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜੀਵਨ-ਮਾਰਗ ਨੂੰ ਰੁਸ਼ਨਾਉਣ ਵਾਲੇ ਚਿਰਾਗਾਂ ਦਾ ਜ਼ਿਕਰ ਛੇੜਦਿਆਂ ਨਸੀਹਤ ਕੀਤੀ ਸੀ ਕਿ ਦੀਵਿਆਂ ਦਾ ਸਾਥ ਮਾਣਦੇ ਮਾਣਦੇ ਕਦੇ ਕਦਾਈਂ ਆਪ ਵੀ ਰੌਸ਼ਨੀ ਵੰਡਣ ਦਾ ਉਪਕਾਰ ਕਰਨ ਲਈ ਕਰਮਯੋਗ ਜਰੂਰ ਕਮਾਉਣਾ, ਕਿਉਂਕਿ ਕਰਮਯੋਗਤਾ ਹੀ ਜੀਵਨ ਦੀ ਸੁੱਚਮਤਾ ਅਤੇ ਉਚਤਮਾ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਹੋਕਰੇ ਲਾਏ ਹਨ, "ਪਾਣੀ ਦੇ ਪਿੰਡੇ 'ਤੇ ਤਰੇੜਾਂ ਪਾਉਣ ਵਾਲਿਓ! ਪਾਣੀ 'ਚ ਤਰੇੜ ਨਹੀਂ ਪੈਂਦੀ, ਸਗੋਂ ਤੁਹਾਡੇ ਮਨ ਵਿਚਲੀ ਤਰੇੜ ਹੀ ਨਜ਼ਰ ਆਉਂਦੀ ਹੈ; ਰੌਸ਼ਨੀ ਵਿਚ ਚੀਰ ਪਾਉਣ ਵਾਲਿਓ! ਕਿੰਜ ਚੀਰੋਗੇ ਚਾਨਣ ਨੂੰ? ਇਸ ਦੀ ਫਿਤਰਤ ਨੂੰ? ਉਡਦੇ ਪਰਿੰਦੇ ਦੇ ਪਰ ਕੱਟਣ ਦੀ ਜੁਗਤ ਮਨ ਵਿਚ ਧਾਰਨ ਵਾਲਿਓ! ਪਰਿੰਦੇ ਤਾਂ ਟੁੱਟੇ ਪਰਾਂ ਨਾਲ ਵੀ ਉਡਾਣ ਭਰ ਲੈਂਦੇ ਨੇ, ਬਸ਼ਰਤੇ ਮਨ ਵਿਚ ਉਡਾਰੀ ਭਰਨ ਦਾ ਹੱਠ ਹੋਵੇ; ਮਨ ਵਿਚ ਮੌਲਦੇ ਵਿਚਾਰਾਂ ਨੂੰ ਜ਼ੰਜੀਰਾਂ ਵਿਚ ਕੈਦ ਕਰਨ ਵਾਲਿਓ! ਵਿਚਾਰ ਕਦੇ ਕੈਦ ਨਹੀਂ ਹੁੰਦੇ।" ਉਹ ਕਹਿੰਦੇ ਹਨ, "ਲਿਬੜੀ ਸੋਚ ਨੂੰ ਧੋਣ ਦਾ ਹੀਆ ਕਰੋ, ਤੁਹਾਡੀ ਬਦਨੀਤ ਵਿਚ ਵੀ ਸੁਨੀਤ ਦਾ ਨਿਆਰਾਪਣ ਅਤੇ ਸੁਚਿਆਰਾਪਣ ਪੈਦਾ ਹੋਵੇਗਾ।...ਸਾਡੇ ਵਿਚ ਇੰਨੀ ਕੁ ਇਨਸਾਨੀਅਤ ਜਿੰਦਾ ਰਹੇ ਕਿ ਅਸੀਂ ਲੋੜਵੰਦ, ਲਾਚਾਰ, ਨਿਆਸਰੇ, ਨਿਥਾਂਵੇਂ, ਨਿਰਵਸਤਰ ਅਤੇ ਭੁੱਖਣਭਾਣੇ ਦਾ ਹੁੰਗਾਰਾ ਬਣ ਸਕੀਏ। ਮਾਨਵਤਾ ਕਦੇ ਵੀ ਸ਼ਰਮਸ਼ਾਰ ਨਹੀਂ ਹੋਵੇਗੀ।" -ਸੰਪਾਦਕ*

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਪਾਣੀ ਦੇ ਪਿੰਡੇ 'ਤੇ ਤਰੇੜਾਂ ਪਾਉਣ ਵਾਲਿਓ! ਤੁਸੀਂ ਭਰਮ ਵਿਚ ਹੋ। ਪਾਣੀ 'ਚ ਤਰੇੜ ਨਹੀਂ ਪੈਂਦੀ। ਸਗੋਂ ਤੁਹਾਡੇ ਮਨ ਵਿਚਲੀ ਤਰੇੜ ਹੀ ਨਜ਼ਰ ਆਉਂਦੀ ਹੈ। ਸਤਹੀ ਤਰੇੜਾਂ ਨਾਲ ਪਾਣੀ ਦੀ ਤਾਸੀਰ ਨਹੀਂ ਬਦਲਦੀ, ਕਿਉਂਕਿ ਪਾਣੀ ਤਾਂ ਬੰਦੇ ਦੀ ਮਾਨਸਿਕਤਾ ਨੂੰ ਬਦਲਣ ਦੀ ਤੌਫੀਕ ਰੱਖਦੇ ਨੇ।

ਕਦੇ ਵੀ ਹਵਾ ਦੇ ਪਿੰਡੇ 'ਤੇ ਉਗੇ ਹੋਏ ਹਰਫਾਂ ਨੂੰ ਹਉਕੇ ਨਾ ਬਣਾਓ, ਸਗੋਂ ਇਨ੍ਹਾਂ ਹਰਫਾਂ ਦੀ ਸੁੱਚਮਤਾ ਅਤੇ ਉਚਤਮਤਾ ਨੂੰ ਮਨ ਦੀਆਂ ਬਰੂਹਾਂ ਵਿਚ ਚੋਵੋ। ਹਵਾ ਤਾਂ ਰੋਣ ਲੱਗ ਪੈਂਦੀ ਹੈ, ਜਦ ਉਹਨੂੰ ਵਿਰਲਾਪਾਂ, ਵੈਣਾਂ ਜਾਂ ਕੀਰਨਿਆਂ ਸੰਗ ਜੀਵਨ ਨੂੰ ਅਕਾਰਥ ਗਵਾਉਣਾ ਪੈਂਦਾ।

ਸਮੁੰਦਰ ਵਿਚ ਕੰਧਾਂ ਉਗਾ ਕੇ ਇਸ ਨੂੰ ਆਪਣੀ ਮਲਕੀਅਤ ਬਣਾਉਣਾ ਲੋਚਦਿਓ! ਕਦੇ ਅਸੀਮਤ ਸਮੁੰਦਰ ਨੂੰ ਸੀਮਤ ਦਾਇਰਿਆਂ ਵਿਚ ਕੈਦ ਕੀਤਾ ਜਾ ਸਕਦੈ? ਸਮੁੰਦਰ ਦੇ ਸੁੱਚਮ ਅਤੇ ਵਿਸ਼ਾਲਤਾ ਨੂੰ ਆਪਣੀ ਚੇਤਨਾ ਅਤੇ ਚਿੰਤਨ ਦੇ ਨਾਮ ਲਾਉਣਾ, ਤੁਹਾਡੇ ਮਨ ਵਿਚ ਸੁੰਗੜਨ ਦੀ ਥਾਂ ਫੈਲਾਅ ਦੀ ਭਾਵਨਾ ਪੈਦਾ ਹੋਵੇਗੀ। ਸਮੁੰਦਰ ਤਾਂ ਕਸਬਿਆਂ, ਸ਼ਹਿਰਾਂ ਅਤੇ ਸੰਸਾਰ ਨੂੰ ਕਲਾਵੇ ਵਿਚ ਲੈ ਕੇ ਇਸ ਦੀਆਂ ਦੁਆਵਾਂ ਮੰਗਦਾ ਏ।

ਰੌਸ਼ਨੀ ਵਿਚ ਚੀਰ ਪਾਉਣ ਵਾਲਿਓ! ਕਿੰਜ ਚੀਰੋਗੇ ਚਾਨਣ ਨੂੰ? ਇਸ ਦੀ ਫਿਤਰਤ ਨੂੰ? ਇਸ ਦੀ ਸੰਵੇਦਨਾ ਭਰੀ ਰੰਗੀਲੀ ਆਬਸ਼ਾਰ ਨੂੰ? ਇਸ ਵਿਚ ਸਮਾਏ ਹੋਏ ਰੰਗਾਂ ਵਰਗੀ ਆਪਣੀ ਸ਼ਖਸੀਅਤ ਬਣਾਵੋਗੇ ਤਾਂ ਰੌਸ਼ਨੀ ਵਾਂਗ ਚਾਨਣ ਦਾ ਵਣਜਾਰਾ ਬਣ ਸਕਦੇ ਹੋ। ਕਦੇ ਭੁੱਲ ਕੇ ਰੌਸ਼ਨੀ ਦਾ ਚੀਰ-ਹਰਨ ਨਾ ਕਰਿਓ, ਕਿਉਂਕਿ ਰੌਸ਼ਨੀ ਦਾ ਕਤਲ ਖੁਦ ਦਾ ਕਤਲ ਹੁੰਦਾ।

ਅੰਬਰ ਨੂੰ ਆਪਣੀ ਰਿਆਸਤ ਸਮਝਣ ਵਾਲਿਓ! ਪਹਿਲਾਂ ਆਪਣੇ ਹਿੱਸੇ ਦੇ ਅੰਬਰ ਵਿਚ ਉਡਾਰੀ ਤਾਂ ਭਰੋ। ਫਿਰ ਸੂਰਜਾਂ, ਤਾਰਿਆਂ ਅਤੇ ਚੰਨਾਂ ਨੂੰ ਗਾਹੋ ਤਾਂ ਪਤਾ ਲੱਗੇਗਾ ਕਿ ਆਪਣੇ ਹਿੱਸੇ ਦਾ ਅੰਬਰ ਹੀ ਵਸੀਹ ਹੁੰਦਾ ਹੈ ਵਿਸਥਾਰ ਲਈ, ਆਪਣੇ ਆਪ ਨੂੰ ਪਰਿਭਾਸ਼ਤ ਕਰਨ ਅਤੇ ਪੈੜਾਂ ਸਿਰਜਣ ਲਈ। ਅੰਬਰ ਨੂੰ ਖਿੱਤੀਆਂ, ਅਕਾਸ਼-ਗੰਗਾਵਾਂ ਜਾਂ ਗ੍ਰਹਿਆਂ ਵਿਚ ਵੰਡਣ ਤੋਂ ਪਹਿਲਾਂ ਆਪਣੇ ਸਮੁੱਚ ਦੇ ਖੰਡਰਾਤ ਨੂੰ ਤਾਂ ਸਮੇਟੋ। ਫਿਰ ਅਹਿਸਾਸ ਹੋਵੇਗਾ ਕਿ ਅੰਬਰ ਵਰਗੀ ਵਿਸ਼ਾਲਤਾ ਨੂੰ ਕਿਆਸਣਾ ਅਤੇ ਇਸ ਦਾ ਹਾਣੀ ਹੋਣਾ, ਕਿੰਨਾ ਸਕੂਨ ਦਿੰਦਾ ਹੈ। ਅੰਬਰ ਬਣ ਕੇ ਕਿਸੇ ਦੇ ਸਿਰ ਦੀ ਛੱਤ ਵੀ ਬਣਿਆ ਜਾ ਸਕਦਾ। ਤਾਰਿਆਂ ਦੇ ਦੇਸ਼ ਵਿਚ ਵਿਚਰਦਿਆਂ, ਤਾਰਿਆਂ ਦੀਆਂ ਮਹਿਫਿਲਾਂ ਦਾ ਅੰਗ ਬਣ ਕੇ, ਤਾਰੇ ਬਣਨ ਦੀ ਲੋਚਾ ਨੂੰ ਪੂਰਾ ਕੀਤਾ ਜਾ ਸਕਦਾ।

ਬਹਾਰ ਦੇ ਪਿੰਡੇ 'ਤੇ ਪੱਤਝੱੜ ਦਾ ਸਿਰਨਾਵਾਂ ਲਿਖਣ ਵਾਲਿਓ! ਬਹਾਰ ਦੀ ਹਿੱਕ ਵਿਚ ਉਗੀਆਂ ਸੱਧਰਾਂ ਅਤੇ ਸੁਪਨਿਆਂ ਨੂੰ ਕਿਵੇਂ ਸੂਲੀ 'ਤੇ ਟੰਗਿਆ ਜਾ ਸਕਦਾ? ਬਹਾਰ ਸਦਾ ਬੰਦਗੀ, ਬੰਦਿਆਈ ਅਤੇ ਬਹੁਲਤਾ ਦਾ ਨਾਮਕਰਣ। ਇਹ ਤਾਂ ਕੋਮਲ ਕਰੂੰਬਲਾਂ, ਨਵੀਆਂ ਡੋਡੀਆਂ ਅਤੇ ਰੰਗਦਾਰ ਫੁੱਲਪੱਤੀਆਂ ਦੀ ਆਮਦ ਨਾਲ ਬਗੀਚੀ ਨੂੰ ਬਹਿਸ਼ਤ ਵੀ ਬਣਾਉਂਦੀ ਅਤੇ ਭੌਰਿਆਂ ਤੇ ਤਿੱਤਲੀਆਂ ਲਈ ਸੈਰਗਾਹ ਵੀ ਬਣਨਾ ਹੁੰਦਾ। ਪੱਤਝੱੜ ਵਰਗਿਆ! ਕਦੇ ਬਹਾਰਾਂ ਦਾ ਨਿੱਘ ਮਾਣਨਾ। ਫਿਰ ਤੂੰ ਕਦੇ ਵੀ ਪੱਤਝੱੜ ਵਰਗੇ ਪਲਾਂ ਨੂੰ ਬਹਾਰ ਦੇ ਨਾਵੇਂ ਲਾਉਣ ਦੀ ਕੋਝੀ ਹਰਕਤ ਨਹੀਂ ਕਰੇਂਗਾ।

ਧੁੱਪ ਨੂੰ ਸੂਲੀ 'ਤੇ ਲਟਕਾਉਣ ਵਾਲਿਓ! ਸ਼ਾਇਦ ਤੁਹਾਨੂੰ ਭੁੱਲ ਹੀ ਗਿਆ ਏ ਕਦੇ ਵੀ ਧੁੱਪਾਂ ਨੂੰ ਸੂਲੀ 'ਤੇ ਨਹੀਂ ਟੰਗੀਦਾ। ਸੂਲੀ ਤਾਂ ਕਾਫਰਾਂ, ਕਾਤਲਾਂ, ਕੁਕਰਮੀਆਂ ਅਤੇ ਕੂੜ ਦੇ ਵਪਾਰੀਆਂ ਲਈ ਹੁੰਦੀ। ਧੁੱਪ ਨੂੰ ਸੂਲੀ ਤੇ ਲਟਕਾ ਕੇ, ਆਪਣੀ ਕਬਰ ਪੁੱਟਣ ਵਾਲਿਓ, ਕਦੇ ਧੁੱਪ ਸੰਗ ਦੋਸਤੀ ਪਾਉਣਾ, ਧੁੱਪ ਦੀ ਨਿਆਮਤਾਂ ਨਾਲ ਸਦੀਵੀ ਤੌਰ 'ਤੇ ਵਰਸੋਏ ਜਾਵੋਗੇ।

ਬਸਤੇ ਵਿਚ ਸਹਿਕ ਰਹੇ ਗਿਆਨ ਦੀ ਸੰਘੀ ਨੱਪਣ ਵਾਲਿਓ! ਕਦੇ ਆਪਣੇ ਮੋਢੇ 'ਤੇ ਲਟਕਦੇ



ਉਸ ਬਸਤੇ ਨੂੰ ਯਾਦ ਕਰਨਾ, ਜਿਸ ਵਿਚੋਂ ਅੱਖਰ-ਜੋਤ ਦਾ ਅਹਿਸਾਸ ਹੋਇਆ ਸੀ ਅਤੇ ਔਕਾਤ ਨੂੰ ਪਛਾਣ ਮਿਲੀ ਸੀ। ਪਰ ਦੁੱਖ ਇਸ ਦਾ ਕਿ ਤੁਸੀਂ ਗਿਆਨ ਦੀ ਪਾਕੀਜ਼ਗੀ ਦੀ ਥਾਂ ਇਸ ਦੇ ਪਲੀਤਪੁਣੇ ਨੂੰ ਆਪਣੀ ਤਰਜ਼ੀਹ ਬਣਾ ਲਿਆ। ਬਸਤੇ ਵਿਚ ਸਹਿਮੇ ਹੋਏ ਪੂਰਨਿਆਂ, ਕੁੰਗੜੀਆਂ ਕਲਮਾਂ ਅਤੇ ਦਵਾਤਾਂ ਵਿਚ ਸੁੱਕ ਚੁਕੀ ਸਿਆਹੀ ਦਾ ਵਾਸਤਾ ਈ! ਹਰਫ-ਚਿਰਾਗਾਂ ਨੂੰ ਲੋਅ ਬਿਖੇਰਨ ਦਿਓ। ਸ਼ਾਇਦ ਤੁਹਾਡੇ ਅੰਦਰਲਾ ਹਨੇਰ ਕੁਝ ਘਟ ਸਕਣ ਅਤੇ ਚਾਨਣ-ਪਗਡੰਡੀ ਤਰਜ਼ੀਹ ਬਣ ਸਕੇ।

ਭੁੱਖੇ ਬਾਲ ਦੀ ਤਲੀ 'ਤੇ ਸੁੱਕੇ ਟੁੱਕਰ ਉਪਰ ਆਪਣਾ ਨਾਮ ਲਿਖਣ ਵਾਲਿਓ! ਭੁੱਖਮਰੀ ਦਾ ਸਰਾਪ ਬਹੁਤ ਵੱਡਾ ਹੁੰਦਾ। ਗਰਕ ਜਾਣਾ ਏ ਤੁਹਾਡੀਆਂ ਕਈ ਨਸਲਾਂ ਨੇ। ਭੁੱਖ ਜਦ ਵਿਕਦੀ ਜਾਂ ਨਿਲਾਮ ਹੁੰਦੀ ਤਾਂ ਸ਼ੱਰੇ-ਬਾਜ਼ਾਰ ਵਿਕਦੀ ਏ ਹਯਾ। ਇਸ ਤੋਂ ਬਾਅਦ ਤਾਂ ਮਨੁੱਖਤਾ ਸ਼ਰਮਸਾਰ ਹੋਣ ਜੋਗੀ ਹੀ ਰਹਿ ਜਾਂਦੀ। ਭੁੱਖ ਕਦੇ ਵੀ ਅਮੀਰੀ-ਗਰੀਬੀ, ਉਚੇ-ਨੀਵੇਂ ਜਾਂ ਰਈਸ ਜਾਂ ਰੰਕ ਵਿਚ ਨਹੀਂ ਵਟੀਂਦੀ। ਭੁੱਖ ਤੋਂ ਬਗੈਰ ਤਾਂ ਜੀਵਿਆ ਨਹੀਂ ਜਾ ਸਕਦਾ ਅਤੇ ਤੁਸੀਂ ਭੁੱਖ 'ਤੇ ਵੀ ਕਾਬਜ਼ ਹੋਣਾ ਚਾਹੁੰਦੇ ਹੋ। ਇੰਜ ਨਾ ਕਰੋ ਕਿ ਇਹ ਭੁੱਖ ਹੀ ਤੁਹਾਨੂੰ ਹਜ਼ਮ ਕਰ ਜਾਵੇ। ਭੁੱਖ ਨੂੰ ਸੀਮਤ ਕਰੋ, ਇਸ ਨੂੰ ਭੋਖੜਾ ਨਾ ਬਣਾਓ।

ਸੁਪਨਿਆਂ ਨੂੰ ਅਗਵਾ ਕਰਨ ਵਾਲਿਓ! ਇਨ੍ਹਾਂ ਨੂੰ ਕਿਸੇ ਦੇ ਨੈਣਾਂ ਵਿਚੋਂ ਕਿਵੇਂ ਚੁਰਾਵੋਗੇ? ਕਿਵੇਂ ਸੁਪਨਿਆਂ ਦੀ ਵੱਖੀ ਵਿਚ ਸੂਲਾਂ ਬੀਜ ਕੇ ਸਕੂਨ ਪ੍ਰਾਪਤ ਕਰੋਗੇ? ਸੁਪਨੇ ਤਾਂ ਲੈਣ, ਪੂਰੇ ਕਰਨ ਅਤੇ ਜਿਉਣ ਲਈ ਹੁੰਦੇ। ਸੁਪਨੇ ਤਾਂ ਲਏ ਵੀ ਜਾ ਸਕਦੇ, ਕਿਸੇ ਦੇ ਨੈਣਾਂ ਵਿਚ ਬੀਜੇ ਵੀ ਜਾ ਸਕਦੇ ਜਾਂ ਕਿਸੇ ਦੀ ਸੁਪਨ-ਪ੍ਰਾਪਤੀ ਦਾ ਸਬੱਬ ਵੀ ਬਣਿਆ ਜਾ ਸਕਦਾ। ਸੁਪਨਿਆਂ ਦੀ ਫਸਲ ਉਗਾਓ। ਸ਼ਾਇਦ ਸੁਪਨਿਆਂ ਦੀ ਸੰਗਤਾ ਵਿਚੋਂ ਸੰਦਲੀ ਸਮਿਆਂ ਦੀ ਸੋਝੀ ਆ ਜਾਵੇ ਅਤੇ ਤੁਸੀਂ ਸੁਪਨਿਆਂ ਨੂੰ ਜਿਉਣਾ ਤੇ ਸੁਪਨਿਆਂ ਸੰਗ ਸੰਵਾਦ ਰਚਾਉਣ ਦੇ ਕਾਬਲ ਹੋ ਸਕੋ। ਦੱਸੋ! ਸੁਪਨਿਆਂ ਤੋਂ ਬਗੈਰ ਜ਼ਿੰਦਗੀ ਦੇ ਕੀ ਅਰਥ ਹੋ ਸਕਦੇ?

ਦੋਸਤੀ ਦੀ ਤਹਿਜ਼ੀਬ ਤੇ ਸੁਆਰਥ ਨੂੰ ਚਿਪਕਾਉਣ ਵਾਲਿਓ! ਦੋਸਤੀ ਨੀਲਾਮ ਨਹੀਂ ਹੁੰਦੀ, ਦਾਅ 'ਤੇ ਨਹੀਂ ਲਾਈਦੀ, ਵਟਾਈ ਵੀ ਨਹੀਂ ਜਾਂਦੀ ਅਤੇ ਨਾ ਹੀ ਦੋਸਤੀ ਦਾ ਕਰਜ਼ਾ ਉਤਾਰਨ ਦਾ ਹੀਆ ਕਰੀਦਾ। ਕੋਈ ਨਹੀਂ ਉਤਾਰ ਸਕਦਾ ਇਸ ਦਾ ਕਰਜ਼ਾ। ਤੁਸੀਂ ਕਿਹਦੇ ਪਾਣੀਹਾਰ ਹੋ? ਦੋਸਤ ਤੇ ਦੁਸ਼ਮਣ ਵਿਚਲਾ ਪਾੜਾ ਕਾਇਮ ਰੱਖੀਦਾ। ਦੋਸਤ ਹੀ ਨਾ ਰਹੇ ਤਾਂ ਦੱਸੀਂ ਦੋਸਤੀ ਕਿਸ ਨਾਲ ਨਿਭਾਵੋਗੇ? ਦੋਸਤਾਂ ਨੂੰ ਚੇਤਿਆਂ ਵਿਚ ਜਰੂਰ ਰੱਖੋ। ਵਰਨਾ ਤੇਰੀ ਅਰਥੀ ਨੂੰ ਮੋਢਾ ਕੌਣ ਦੇਵੇਗਾ? ਕੌਣ ਦੁਆ ਕਰੇਗਾ ਅਤੇ ਕੌਣ ਫਾਤਿਹਾ ਪੜ੍ਹੇਗਾ? ਦਿਲ ਦੇ ਮਰਜ਼ ਦੀ ਦਵਾ ਤਾਂ ਦੋਸਤ ਹੀ ਹੁੰਦੇ ਆ।

ਬੋਲਾਂ ਦੀ ਰੂਹ 'ਤੇ ਤਲਖੀਆਂ ਦੀਆਂ ਝਰੀਟਾਂ ਪਾਉਣ ਵਾਲਿਓ! ਬੋਲ ਤਾਂ ਬਹੁਤ ਮਲੂਕ, ਕੋਮਲ ਤੇ ਸੰਵੇਦਨਸ਼ੀਲ ਹੁੰਦੇ। ਮਿੱਠਤਾ ਲੋੜਦੇ, ਅਪਣੱਤ ਭਾਲਦੇ, ਰੰਗ-ਰੇਜ਼ਤਾ ਸੰਗ ਲਬਰੇਜ਼, ਸੁਖਨ ਦਾ ਸੰਦੇਸ਼, ਜਖਮਾਂ ਲਈ ਮਰ੍ਹਮ, ਟੁੱਟੇ ਦਿਲਾਂ ਲਈ ਦਵਾ, ਤਿੜਕੀਆਂ ਰੀਝਾਂ ਦੀ ਭਰਪਾਈ, ਸਬੰਧਾਂ ਦੀ ਕੁੜੱਤਣ ਚੂਸਦੇ ਤੇ ਗਲਵੱਕੜੀ ਦਾ ਗਲਿਆਰਾ ਹੁੰਦੇ। ਬੋਲਾਂ ਨੂੰ ਬੰਦਗੀ-ਰੂਪੀ ਬਹਿਸ਼ਤ ਬਣਾ, ਬੋਲ ਬਲਾਵਾਂ ਉਤਾਰਨ ਵਿਚ ਸਭ ਤੋਂ ਜ਼ਿਆਦਾ ਸਾਜ਼ਗਾਰ ਹੋਣਗੇ।

ਰੰਗਾਂ ਦੀ ਰੂਹ 'ਤੇ ਗਲੀਜ਼ਤਾ ਦੇ ਨਕਸ਼ ਉਲੀਕਣ ਵਾਲਿਓ! ਰੰਗ ਤਾਂ ਜੀਵਨ ਦੀ ਵਿਲੱਖਣਤਾ, ਵਡੱਪਣ, ਵੱਖਰਤਾ ਤੇ ਵਰਣਮਾਲਾ ਹੁੰਦੇ। ਰੰਗ-ਬਿਰੰਗਤਾ ਨੂੰ ਨੱਕਾਰ ਕੇ ਕਿਹੜੀ ਕਾਲਖ ਦਾ ਵਪਾਰੀ ਬਣਨਾ ਚਾਹੁੰਦੇ ਹੋ? ਕੁਦਰਤ ਦੇ ਰੰਗ ਵਿਚ ਖੁਦ ਨੂੰ ਰੰਗ ਕੇ ਅੰਤਰੀਵੀ ਦਿਲਕਸ਼ਤਾ ਨੂੰ ਲਿਸ਼ਕਾਓ। ਰੰਗਾਂ ਦੀ ਅਹਿਮੀਅਤ, ਅਮੀਰਤਾ, ਆਤਮਿਕਤਾ ਅਤੇ ਆਸਵੰਤਾ ਵਿਚੋਂ ਜੀਵਨ ਦੀ ਸਤਰੰਗੀ ਨਜ਼ਰ ਆਵੇਗੀ।

ਸਰਘੀ ਦੇ ਸੁੱਚੇ ਪਿੰਡ 'ਤੇ ਸ਼ਾਮ ਦਾ ਘੁੱਸਮੁੱਸਾ ਕਿਆਸਣ ਵਾਲਿਓ! ਯਾਦ ਰੱਖੋ, ਚੜ੍ਹਦੇ ਸੂਰਜ ਕਦੇ ਡੁੱਬਿਆ ਨਹੀਂ ਕਰਦੇ। ਨਾ ਹੀ ਡਲਕਦੇ ਤ੍ਰੇਲ-ਤੁਪਕਿਆਂ ਦੀ ਥਰਥਰਾਹਟ ਨੂੰ ਸ਼ਾਮ ਦੀ ਪਲੱਤਣ ਧੁੰਦਲਾ ਕਰ ਸਕਦੀ। ਸਵੇਰ ਵੇਲੇ ਖਿੜ੍ਹੇ ਫੁੱਲਾਂ ਦਾ ਗੁਲਦਸਤਾ ਤਾਂ ਕੁਦਰਤ ਵਲੋਂ ਸੂਰਜ ਦਾ ਸੁਆਗਤ ਆ। ਸਰਘੀ ਤੋਂ ਸ਼ਾਮ ਤੀਕ ਦਾ ਸਫਰ ਬਹੁਤ ਅਨੰਦਮਈ ਅਤੇ ਸਕੂਨਮਈ ਹੁੰਦਾ। ਅੱਧ-ਵਿਚਾਲਿਉਂ ਕਿਵੇਂ ਤੋੜੋਗੇ? ਸਰਘੀ ਨੂੰ ਮਾਣੋ। ਫੁੱਟਦੀਆਂ ਕਿਰਨਾਂ ਨਾਲ ਸੰਵਾਦ ਰਚਾਓ, ਕਰਮਯੋਗਤਾ ਦਾ ਕ੍ਰਿਸ਼ਮਈ ਜਲੌਅ ਇਨਾਇਤ ਬਰਸਾਵੇਗਾ।

ਦਿਨ ਦੀ ਚਿੱਟੀ ਚਾਦਰ 'ਤੇ ਰਾਤ ਦੀ ਪੇਸ਼ੀਨਗੋਈ ਕਰਨ ਵਾਲਿਓ! ਦਿਨ ਤਾਂ ਦਿਨ ਹੁੰਦਾ। ਰਾਤ ਦੀ ਕੁੱਖ ਵਿਚੋਂ ਤਾਂ ਸੂਰਜ ਉਗਮਦਾ ਏ। ਤੇਜੱਸਵੀ ਅਤੇ ਤੱਪਤੇਜੀ ਰੌਸ਼ਨੀ ਖਿਲਾਰਦਾ। ਚਾਨਣ ਦੇ ਛੱਰਾਟਿਆਂ ਨਾਲ ਧਰਤੀ ਨੂੰ ਨਵੀਆਂ ਸੋਚਾਂ ਨਾਲ ਗਰਭਾਉਂਦਾ।

ਸਫਰ-ਸਾਧਨਾ ਦੇ ਰਾਹ ਵਿਚ ਖਾਈਆਂ, ਖੱਡੇ, ਖੁੱਤੀਆਂ ਅਤੇ ਖੱਡਾਂ ਪੁੱਟਣ ਵਾਲਿਓ! ਪੈਰਾਂ ਵਿਚ ਉਗੇ ਸਫਰ ਕਦੇ ਵੀ ਮੁਸ਼ਕਿਲਾਂ ਦੇ ਮੁਥਾਜ਼ ਨਹੀਂ ਹੁੰਦੇ। ਪੈਰਾਂ ਦੀ ਫੱਟੀਆਂ ਬਿਆਈਆਂ ਦਾ ਮੰਜ਼ਿਲ 'ਤੇ ਪਹੁੰਚਣ ਦਾ ਹੱਠ, ਤਪਦੇ ਰਾਹਾਂ ਦੀ ਧੁੱਧਲ ਅਤੇ ਕੰਡਿਆਂ ਦੀ ਛਾਂ ਹੇਠ ਹੋਰ ਮਜੀਠ ਹੋ ਜਾਂਦਾ। ਪੁੰਨੂ-ਪੁੰਨੂ ਕੂਕਦੀ ਸੱਸੀ ਲਈ ਤਪਦਾ ਮਾਰੂਥਲ ਵੀ ਰੁਕਾਵਟ ਨਾ ਬਣਿਆ। ਉਛਲਿਆ ਝਨਾਂ ਵੀ ਮਹੀਂਵਾਲ ਦੀ ਦ੍ਰਿੜਤਾ ਨੂੰ ਡੁਲਾ ਨਾ ਸਕਿਆ। ਮਹਾਰਾਜੇ ਵੀ ਦਲੇਰੀ ਸਾਹਵੇਂ ਅਟਕ ਵੀ ਅਟਕ ਗਿਆ। ਸਰਸਾ ਨਦੀ ਵੀ ਦਸ਼ਮੇਸ਼ ਪਿਤਾ ਦੇ ਕਾਫਲੇ ਨੂੰ ਠੱਲ੍ਹ ਨਾ ਸਕੀ। ਤੁਹਾਡੇ ਵਹਿਮ ਦਾ ਕੋਈ ਕਿੰਜ ਇਲਾਜ ਕਰੇ ਜੋ ਆਪਣੀ ਹੀ ਹਉਮੈ ਦਾ ਪਾਣੀ ਭਰੇ।

ਕਿਸੇ ਦੀ ਰੂਹ ਵਿਚ ਧਿੰਗੋਜੋਰੀ ਵੱਸਣ ਵਾਲਿਓ! ਕਿੰਨੇ ਭੋਲੇ ਹੋ ਕਿ ਤੁਹਾਨੂੰ ਅਹਿਸਾਸ ਹੀ ਨਹੀਂ ਕਿ ਰੂਹ ਵਿਚ ਵਸੇਬਾ ਕਰਨ ਤੋਂ ਪਹਿਲਾਂ ਅੰਤਰੀਵ ਵਿਚ ਉਤਰਨਾ ਬਹੁਤ ਜਰੂਰੀ ਹੁੰਦਾ। ਇਸ ਲਈ ਜਰੂਰੀ ਹੁੰਦਾ ਏ ਸੋਚਾਂ ਦੀ ਸਾਂਝ ਹੋਵੇ, ਸਾਹਾਂ ਦਾ ਇਕਤਾਰਾ ਵੱਜਦਾ ਹੋਵੇ, ਮਾਨਸਿਕ ਉਡਾਣ ਦਾ ਟੀਚਾ ਇਕ ਹੋਵੇ ਅਤੇ ਅੰਬਰ ਨੂੰ ਛੂਹਣ ਦੀ ਤਮੰਨਾ ਜੀਵਨ-ਜਾਚ ਦਾ ਹਿੱਸਾ ਹੋਵੇ। ਇਕਸੁਰਤਾ, ਇਕਮਿੱਕਤਾ ਅਤੇ ਇਕਜੁੱਟਤਾ ਦੇ ਰਾਹ 'ਤੇ ਤੁਰਦਿਆਂ ਹੀ ਰੂਹਾਂ ਨਾਲ ਰੂਹਾਂ ਵਟਾਈਆਂ ਜਾਂਦੀਆਂ ਤੇ ਫਿਰ ਅਸੀਂ ਇਕ ਦੂਜੇ ਦੇ ਅੰਤਰੀਵ ਵਿਚ ਵੱਸਦੇ ਹਾਂ। ਮਨ ਦੀਆਂ ਤਰੇੜਾਂ ਵਿਚ ਉਗੀ ਹਰਿਆਈ ਨੂੰ ਪਹਿਲਾਂ ਸਾਫ਼ ਕਰੋ। ਪਾਕੀਜ਼ਗੀ ਵਿਚੋਂ ਖੁਦ ਨੂੰ ਮਿਲਣਾ ਦਾ ਰਸਤਾ ਖੋਜੋ, ਰੂਹ-ਰੰਗਾਈ ਨੂੰ ਰੇਜ਼ਤਾ ਬਖਸ਼ੀ ਜਾਵੇਗੀ।

ਉਡਦੇ ਪਰਿੰਦੇ ਦੇ ਪਰ ਕੱਟਣ ਦੀ ਜੁਗਤ ਮਨ ਵਿਚ ਧਾਰਨ ਵਾਲਿਓ! ਪਰਿੰਦੇ ਤਾਂ ਟੁੱਟੇ ਪਰਾਂ ਨਾਲ ਵੀ ਉਡਾਣ ਭਰ ਲੈਂਦੇ ਨੇ, ਬਸ਼ਰਤੇ ਮਨ ਵਿਚ ਉਡਾਰੀ ਭਰਨ ਦਾ ਹੱਠ ਹੋਵੇ। ਕਦੇ ਸਫਲ ਤੇ ਮਸ਼ਹੂਰ ਅਪਾਹਜਾਂ, ਅੰਗਹੀਣਾਂ ਅਤੇ ਸਰੀਰਕ ਘਾਟ ਵਾਲੇ ਵਿਅਕਤੀਆਂ ਦੀ ਜੀਵਨੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਪੜ੍ਹਨਾ, ਤੁਹਾਨੂੰ ਅਹਿਸਾਸ ਹੋਵੇਗਾ ਕਿ ਆਪਣੇ ਆਪ ਨੂੰ ਪੂਰਾ ਸਮਝਣ ਵਾਲੇ ਕਿੰਨਾ ਅਧੂਰੇ ਨੇ? ਪਰ ਹੁੰਦਿਆਂ ਵੀ ਤੁਹਾਡੀ ਉਡਾਣ ਬੇ-ਪਰਿਆਂ ਨਾਲੋਂ ਬਹੁਤ ਨੀਵੀਂ ਏ। ਦ੍ਰਿੜਤਾ ਅਤੇ ਹੌਸਲੇ ਨੂੰ ਅੰਬਰ ਵਰਗਾ ਬਣਾ ਕੇ ਹੀ ਅੰਬਰ ਨੂੰ ਕਲਾਵੇ ਵਿਚ ਲਿਆ ਜਾ ਸਕਦਾ। ਭੁੱਲ ਕੇ ਵੀ ਕਿਸੇ ਦੇ ਖੰਭ ਨਾ ਨੋਚੋ, ਕਿਉਂਕਿ ਨੋਚੇ ਹੋਏ ਖੰਭਾਂ ਵਿਚ ਉਗੀ ਹੋਈ ਜੁਅਰਤ ਸਾਹਵੇਂ ਤੁਸੀਂ ਬੌਣੇ ਪੈ ਜਾਵੋਗੇ।

ਨਿੱਤਰੇ ਪਾਣੀਆਂ ਨੂੰ ਪਲੀਤ ਕਰਨ ਵਾਲਿਓ! ਪਾਣੀਆਂ ਦੀ ਸ਼ਫਾਫਤਾ ਨੂੰ ਕਿੰਜ ਧੁੰਦਲੀ ਕਰ ਸਕੋਗੇ? ਇਸ ਦੀ ਤਾਸੀਰ ਨੂੰ ਕਿਵੇਂ ਅਗਵਾ ਕੀਤਾ ਜਾ ਸਕਦਾ? ਕਿਵੇਂ ਪਾਣੀਆਂ ਵਿਚੋਂ ਪੈਦਾ ਹੋ ਰਹੀ ਰੋਹ ਦੀ ਬੁਲੰਦਗੀ ਨੂੰ ਖਾਰਜ ਕਰੋਗੇ, ਜਦ ਘੁੱਲੇ ਹੋਏ ਪਤਾਸੇ ਅਤੇ ਬਾਣੀ ਦੀਆਂ ਅੰਮ੍ਰਿਤ ਬੂੰਦਾਂ, ਇਸ ਨੂੰ ਅੰਮ੍ਰਿਤ ਬਣਾ, ਜ਼ਰਵਾਣਿਆਂ ਅਤੇ ਜ਼ਾਬਰਾਂ ਨੂੰ ਉਨ੍ਹਾਂ ਦੀ ਔਕਾਤ ਦਿਖਾਉਣ ਦੇ ਸਮਰੱਥ ਹੋ ਜਾਂਦੀਆਂ। ਪਾਣੀ ਤਾਂ ਅਮੋੜ ਹੁੰਦੇ। ਬੰਨ ਲਾ ਕੇ ਇਸ ਦੀ ਤਾਕਤ ਨੂੰ ਕੁਝ ਸਮੇਂ ਲਈ ਕੈਦ ਕਰ ਸਕਦੇ ਹੋ, ਪਰ ਜਦ ਆਪਣੀ ਆਈ 'ਤੇ ਆ ਜਾਵੇ ਤਾਂ ਟੁੱਟ ਜਾਂਦੇ ਨੇ ਫੌਲਾਦੀ ਬੰਨ। ਪੱਥਰੀਲੇ ਕੰਢੇ ਵੀ ਦਰਿਆਵਾਂ ਦੇ ਮੁਹਾਣ ਅੱਗੇ ਬੇਬੱਸ ਹੋ ਜਾਂਦੇ। ਮਨੁੱਖ ਅਤੇ ਬਾਦਸ਼ਾਹੀਆਂ ਵੀ ਖਵਾਜੇ ਅੱਗੇ ਅਰਦਾਸ ਕਰਦੀਆਂ। ਤੁਸੀਂ ਕੀ ਹੋ?

ਮਨ ਵਿਚ ਮੌਲਦੇ ਵਿਚਾਰਾਂ ਨੂੰ ਜ਼ੰਜੀਰਾਂ ਵਿਚ ਕੈਦ ਕਰਨ ਵਾਲਿਓ! ਵਿਚਾਰ ਕਦੇ ਕੈਦ ਨਹੀਂ ਹੁੰਦੇ। ਸੂਰਜਾਂ ਨੇ ਹਨੇਰਿਆਂ ਦਾ ਸੀਨਾ ਚੀਰਨਾ ਹੁੰਦਾ। ਰੌਸ਼ਨੀ ਨੂੰ ਕਿਹੜੀ ਕੋਠੜੀ ਵਿਚ ਕੈਦ ਕਰੋਗੇ? ਆਪਣੀ ਜ਼ਹਿਨੀਅਤ ਵਿਚ ਉਗੇ ਘਟੀਆਪਣ ਅਤੇ ਬੇਹੂਦਗੀ ਨੂੰ ਲਗਾਮ ਦਿਓ। ਜਗਦਾ ਚਿਰਾਗ, ਆਲ੍ਹੇ ਵਿਚ ਪਿਆ ਦੀਵਾ, ਮਜ਼ਾਰ 'ਤੇ ਜਗਦੀਆਂ ਮੋਮਬੱਤੀਆਂ ਅਤੇ ਬਨੇਰਿਆਂ ਉਤੇ ਉਗਦੇ ਚੰਦਰਮਾ 'ਤੇ ਮਨਾਹੀ ਦੀਆਂ ਬੰਦਿਸ਼ਾਂ ਨਹੀਂ ਲਾਈਆਂ ਜਾ ਸਕਦੀਆਂ। ਨਾ ਹੀ ਉਨ੍ਹਾਂ ਦੀ ਕੈਫੀਅਤ ਨੂੰ ਕਮੀਨਗੀ ਦਾ ਲਿਬਾਸ ਪਹਿਨਾਇਆ ਜਾ ਸਕਦਾ। ਤਾਰਿਆਂ ਨੂੰ ਚਮਕਦੇ ਰਹਿਣ ਦਿਓ। ਵਕਤ-ਬ-ਵਕਤ ਇਨ੍ਹਾਂ ਨੂੰ ਸਜਦਾ ਕਰਦੇ ਰਹੋ, ਕੂੱਲਾਂ ਤਰ ਜਾਣਗੀਆਂ।

ਸਰਘੀ ਵੇਲੇ ਪਿੰਡ ਦੀਆਂ ਗਲੀਆਂ ਵਿਚ ਫੱਕਰ ਦੀ ਸੱਦ ਨੂੰ ਮੂਕ ਕਰਨ ਵਾਲਿਓ! ਅਲਾਹੀ ਨਾਦ ਨੂੰ ਕਿਸ ਭੋਰੇ ਵਿਚ ਪਾਵੋਗੇ? ਕਿਹੜੀ ਤਰਕੀਬ ਨਾਲ ਇਸ ਬ੍ਰਹਮੀ ਆਵੇਸ਼ ਨੂੰ ਉਲਥਾ ਸਕੋਗੇ? ਇਸ ਵਿਚੋਂ ਉਗਦੀ ਰੂਹਾਨੀਅਤ ਨੂੰ ਰੂਹ ਵਿਚ ਵਸਾਓ, ਕਿਉਂਕਿ ਇਹ ਤਾਂ ਚੌਗਿਰਦੇ ਵਿਚ ਜੀਵਨ-ਤਰੰਗਾਂ ਪੈਦਾ ਕਰ, ਖੇਤਾਂ, ਖੂਹਾਂ, ਖਲਿਆਣਾਂ ਅਤੇ ਖੁਰਲੀਆਂ ਵਿਚ ਖੈਰੀਅਤ ਦਾ ਹੌਕਾ ਲਾਉਂਦੀ ਏ। ਫੱਕਰਾਂ ਦੀ ਹੂਕ ਹੀ ਹੁੰਦੀ, ਜੋ ਹਰ ਘਰ ਵਿਚ ਸ਼ੁਕਰ-ਗੁਜਾਰੀ ਦਾ ਰਾਗ ਅਲਾਪਦੀ ਅਤੇ ਸਮੁੱਚੀ ਫਿਜ਼ਾ ਨੂੰ ਦੁੱਧ ਧੋਤਾ ਕਰ ਜਾਂਦੀ। ਲਿਬੜੀ ਸੋਚ ਨੂੰ ਧੋਣ ਦਾ ਹੀਆ ਕਰੋ, ਤੁਹਾਡੀ ਬਦਨੀਤ ਵਿਚ ਵੀ ਸੁਨੀਤ ਦਾ ਨਿਆਰਾਪਣ ਅਤੇ ਸੁਚਿਆਰਾਪਣ ਪੈਦਾ ਹੋਵੇਗਾ।

ਹੋਕਾ, ਹਾਕ, ਹੇਕ, ਹੁੰਗਰ ਅਤੇ ਹੂਕ ਵਿਚੋਂ ਤੁਸੀਂ ਕਿਸ ਦਾ ਹੁੰਗਾਰਾ ਭਰਨਾ ਅਤੇ ਕਿਸ ਨੂੰ ਆਪਣੀ ਤਰਜ਼ੀਹ ਬਣਾਉਣਾ, ਇਸ ਨੇ ਹੀ ਨਿਰਧਾਰਤ ਕਰਨਾ ਕਿ ਮਨੁੱਖ ਕੀ, ਕੌਣ ਅਤੇ ਕਿਸ ਧਰਾਤਲ ਵਿਚੋਂ ਉਗਿਆ ਏ? ਕਦੇ ਕਦਾਈਂ ਰੂਹ ਵਿਚੋਂ ਉਠੀ ਹੂਕ ਨੂੰ ਹਾਕ ਬਣਾ, ਉਚੇ ਚੜ੍ਹ ਕੇ ਹੋਕਰਾ ਦੇਈਏ ਕਿ ਹੁੰਗਰ ਕਿਸੇ ਦੇ ਹਿੱਸੇ ਨਾ ਆਵੇ। ਸਾਡੇ ਵਿਚ ਇੰਨੀ ਕੁ ਇਨਸਾਨੀਅਤ ਜਿੰਦਾ ਰਹੇ ਕਿ ਅਸੀਂ ਲੋੜਵੰਦ, ਲਾਚਾਰ, ਨਿਆਸਰੇ, ਨਿਥਾਂਵੇਂ, ਨਿਰਵਸਤਰ ਅਤੇ ਭੁੱਖਣਭਾਣੇ ਦਾ ਹੁੰਗਾਰਾ ਬਣ ਸਕੀਏ। ਮਾਨਵਤਾ ਕਦੇ ਵੀ ਸ਼ਰਮਸ਼ਾਰ ਨਹੀਂ ਹੋਵੇਗੀ।

*ਸਫਰ-ਸਾਧਨਾ ਦੇ ਰਾਹ ਵਿਚ ਖਾਈਆਂ, ਖੱਡੇ, ਖੁੱਤੀਆਂ ਅਤੇ ਖੱਡਾਂ ਪੁੱਟਣ ਵਾਲਿਓ! ਪੈਰਾਂ ਵਿਚ ਉਗੇ ਸਫਰ ਕਦੇ ਵੀ ਮੁਸ਼ਕਿਲਾਂ ਦੇ ਮੁਥਾਜ਼ ਨਹੀਂ ਹੁੰਦੇ। ਪੈਰਾਂ ਦੀ ਫੱਟੀਆਂ ਬਿਆਈਆਂ ਦਾ ਮੰਜ਼ਿਲ 'ਤੇ ਪਹੁੰਚਣ ਦਾ ਹੱਠ, ਤਪਦੇ ਰਾਹਾਂ ਦੀ ਧੁੱਧਲ ਅਤੇ ਕੰਡਿਆਂ ਦੀ ਛਾਂ ਹੇਠ ਹੋਰ ਮਜੀਠ ਹੋ ਜਾਂਦਾ।...ਕਿਵੇਂ ਪਾਣੀਆਂ ਵਿਚੋਂ ਪੈਦਾ ਹੋ ਰਹੀ ਰੋਹ ਦੀ ਬੁਲੰਦਗੀ ਨੂੰ ਖਾਰਜ ਕਰੋਗੇ, ਜਦ ਘੁੱਲੇ ਹੋਏ ਪਤਾਸੇ ਅਤੇ ਬਾਣੀ ਦੀਆਂ ਅੰਮ੍ਰਿਤ ਬੂੰਦਾਂ, ਇਸ ਨੂੰ ਅੰਮ੍ਰਿਤ ਬਣਾ, ਜ਼ਰਵਾਣਿਆਂ ਅਤੇ ਜ਼ਾਬਰਾਂ ਨੂੰ ਉਨ੍ਹਾਂ ਦੀ ਔਕਾਤ ਦਿਖਾਉਣ ਦੇ ਸਮਰੱਥ ਹੋ ਜਾਂਦੀਆਂ।*

# ਇਤਿਹਾਸ ਦਾ ਉਹ ਦੌਰ: ਜਦੋਂ ਕ੍ਰਿਸਮਸ ਮਨਾਉਣ 'ਤੇ ਸੀ ਸਰਕਾਰੀ ਰੋਕ

ਈਸਾਈ ਧਰਮ ਦਾ ਸਭ ਤੋਂ ਵੱਡਾ ਅਤੇ ਪ੍ਰਮੁੱਖ ਤਿਓਹਾਰ ਕ੍ਰਿਸਮਸ ਹੈ, ਜੋ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਈਸਾਈਆਂ ਦਾ ਮੱਤ ਹੈ ਕਿ ਇਸ ਦਿਨ ਪਰਮਾਤਮਾ ਜਾਂ ਰੱਬ ਨੇ ਇਕ ਇਨਸਾਨ ਦੇ ਰੂਪ ਵਿਚ ਜਨਮ ਲਿਆ। ਇਸੇ ਲਈ ਈਸਾ ਮਸੀਹ ਨੂੰ 'ਰੱਬ ਦਾ ਬੱਚਾ' ਕਿਹਾ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਈਸਾਈ ਧਰਮ ਦੇ ਧਾਰਮਿਕ ਗ੍ਰੰਥ ਬਾਈਬਲ ਵਿਚ ਈਸਾ ਦੇ ਜਨਮ ਸਬੰਧੀ ਕੁਝ ਵੀ ਦਰਜ ਨਹੀਂ। ਕਿਹਾ ਜਾਂਦਾ ਹੈ ਕਿ ਬਾਈਬਲ ਵਿਚ ਇਹ ਦਰਜ ਹੈ ਕਿ ਜਦੋਂ ਈਸਾ ਮਸੀਹ ਦਾ ਜਨਮ ਹੋਇਆ ਤਾਂ ਉਸ ਸਮੇਂ ਹਰਿਆਵਲ ਛਾਈ ਹੋਈ ਸੀ। ਇਸ ਤੋਂ ਕਈ ਵਿਦਵਾਨ ਇਹ ਨਤੀਜਾ ਕੱਢਦੇ ਹਨ ਕੇ ਪ੍ਰਭੂ ਈਸਾ ਦਾ ਜਨਮ ਅਪਰੈਲ ਮਹੀਨੇ ਵਿਚ ਹੋਇਆ ਸੀ; ਪਰ ਤਾਂ ਵੀ ਕ੍ਰਿਸਮਸ ਸਾਰੀ




**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਦੁਨੀਆਂ ਵਿਚ 25 ਦਸੰਬਰ ਨੂੰ ਹੀ ਮਨਾਈ ਜਾਂਦੀ ਹੈ।

ਦੂਜੀ ਸਦੀ ਦੇ ਇਤਿਹਾਸਕਾਰ ਨੇ ਲਿਖਿਆ ਹੈ ਕਿ ਪ੍ਰਭੂ ਈਸਾ ਮਸੀਹ ਦਾ ਜਨਮ 25 ਦਸੰਬਰ ਨੂੰ ਹੀ ਹੋਇਆ ਸੀ। ਉਸ ਨੇ ਤਾਂ ਇਹ ਵੀ ਦਰਜ ਕੀਤਾ ਹੈ ਕਿ ਈਸਾ ਦੀ ਮਾਤਾ ਨੇ 25 ਮਾਰਚ ਨੂੰ ਗਰਭ ਧਾਰਨ ਕੀਤਾ ਸੀ। ਇਸ ਤੋਂ ਵੀ ਪਹਿਲਾਂ, 336 ਵਿਚ ਵੀ ਜਾਰਜੀਅਨ ਕੈਲੰਡਰ ਮੁਤਾਬਿਕ ਈਸਾ ਦਾ ਜਨਮ 25 ਦਸੰਬਰ ਹੀ ਹੈ। ਭਾਵੇਂ ਜੂਲੀਅਨ ਕੈਲੰਡਰ ਮੁਤਾਬਿਕ ਵੀ ਈਸਾ ਦਾ ਜਨਮ 25 ਦਸੰਬਰ ਹੀ ਹੈ, ਪਰ ਦੋਹਾਂ ਕੈਲੰਡਰਾਂ ਵਿਚ ਦਿਨਾ ਦੇ ਆਪਸੀ ਫਰਕ ਕਰਕੇ ਜੂਲੀਅਨ ਕੈਲੰਡਰ ਅਨੁਸਾਰ ਈਸਾ ਮਸੀਹ ਦਾ ਜਨਮ ਦਿਹਾੜਾ 7 ਜਨਵਰੀ ਦਾ ਬਣਦਾ ਹੈ। 129 ਵਿਚ ਵੀ ਰੋਮਨ ਵਿਸ਼ਵਾਸ ਅਨੁਸਾਰ ਈਸਾ ਦਾ ਜਨਮ 25 ਦਸੰਬਰ ਹੀ ਹੈ, ਪਰ ਈਸਾਈ ਧਰਮ ਦੇ ਬਹੁਤੇ ਵਿਦਵਾਨਾਂ ਦਾ ਮੱਤ ਹੈ ਕਿ ਜਨਮ ਦੀ ਸਹੀ ਮਿਤੀ ਕਿਹੜੀ ਹੈ, ਇਹ ਕੋਈ ਮੁੱਖ ਮੁੱਦਾ ਨਹੀਂ ਹੈ। ਅਸਲ ਗੱਲ ਤਾਂ ਇਹ ਹੈ ਕਿ ਮਨੁੱਖਤਾ ਵਿਚ ਆਏ ਨਿਘਾਰ ਨੂੰ ਦੂਰ ਕਰਨ ਲਈ ਰੱਬ ਨੇ ਮਨੁੱਖ ਦੇ ਰੂਪ ਵਿਚ ਜਨਮ ਲਿਆ। ਖੈਰ, ਅਸਲੀ ਜਨਮ ਦਿਹਾੜਾ ਕਿਹੜਾ ਹੈ, ਇਸ ਵਿਸ਼ੇ 'ਤੇ ਚਰਚਾ ਕਰਨਾ ਸਾਡਾ ਮੁੱਖ ਵਿਸ਼ਾ ਨਹੀਂ। ਅਸੀਂ ਤਾਂ ਉਸ ਇਤਿਹਾਸਕ ਦੌਰ ਦੀ ਗੱਲ ਕਰਨੀ ਹੈ, ਜਦੋਂ ਬਰਤਾਨੀਆ ਵਿਚ ਕ੍ਰਿਸਮਸ ਦਾ ਤਿਓਹਾਰ ਮਨਾਉਣ 'ਤੇ ਸਰਕਾਰ ਵਲੋਂ ਹੀ ਰੋਕਾਂ ਲਾਈਆਂ ਗਈਆਂ।

ਇਹ ਤਿਓਹਾਰ ਅੱਜ ਕੱਲ੍ਹ ਆਲਮੀ ਪੱਧਰ 'ਤੇ ਮਨਾਇਆ ਜਾਂਦਾ ਹੈ ਅਤੇ ਇਸ ਤਿਓਹਾਰ ਨੂੰ ਇਸਾਈ ਧਰਮ ਦੇ ਅਨੁਆਈਆਂ ਦੀ ਦੇਖਾ-ਦੇਖੀ ਦੂਜੇ ਧਰਮਾਂ ਦੇ ਲੋਕ ਵੀ ਮਨਾਉਣ ਲੱਗ ਪਏ ਹਨ। ਇਹ ਗੱਲ ਨਹੀਂ ਕਿ ਗੈਰ ਈਸਾਈ ਇਹ ਤਿਓਹਾਰ ਉਸ ਧਰਮ ਦੇ ਅਸੂਲ ਅਪਨਾਉਣ ਲਈ ਮਨਾਉਂਦੇ ਹਨ, ਸਗੋਂ ਇਸ ਦਿਨ ਦੇ ਮੌਜ-ਮੇਲੇ ਨੂੰ ਮਾਣਨ ਲਈ ਮਨਾਉਂਦੇ ਹਨ। ਅਮਰੀਕਾ, ਕੈਨੇਡਾ, ਯੂਰਪੀ ਦੇਸ਼ਾਂ ਜਾਂ ਕੁਝ ਹੋਰ ਮੁਲਕਾਂ ਵਿਚ ਵਸੇ ਪਰਵਾਸੀ ਆਪਣੇ ਈਸਾਈ ਸਾਥੀਆਂ ਦਾ ਸਾਥ ਦੇਣ ਲਈ ਉਨ੍ਹਾਂ ਨਾਲ ਰਲ ਜਾਂਦੇ ਹਨ ਅਤੇ ਪਰਵਾਸੀਆਂ ਦੇ ਬੱਚੇ ਉਨ੍ਹਾਂ ਦੇਸ਼ਾਂ ਦੇ ਜੰਮ-ਪਲ ਹੋਣ ਕਾਰਨ ਉਨ੍ਹਾਂ ਨੂੰ ਇਹ ਤਿਓਹਾਰ ਆਪਣਾ ਹੀ ਲੱਗਦਾ ਹੈ। ਭਾਰਤ ਵਿਚ ਵੀ ਇਸ ਮੌਕੇ ਸਾਰੇ ਵੱਡੇ ਸਟੋਰਾਂ ਨੂੰ ਵਧੀਆ ਢੰਗ ਨਾਲ ਸਜਾਇਆ ਜਾਂਦਾ ਹੈ ਅਤੇ ਕ੍ਰਿਸਮਸ ਦੀਆਂ ਵਧਾਈਆਂ ਦੇ ਬੋਰਡ ਲਾਏ ਜਾਂਦੇ ਹਨ; ਪਰ ਸ਼ਾਇਦ ਬਹੁਤੇ ਪਾਠਕਾਂ ਨੂੰ ਇਸ ਗੱਲ ਦਾ ਇਲਮ ਨਾ ਹੋਵੇ ਕਿ ਕਿਸੇ ਸਮੇਂ ਬਰਤਾਨੀਆ ਅਤੇ ਅਮਰੀਕਾ ਵਰਗੇ ਮੁਲਕਾਂ ਵਿਚ ਇਸ ਤਿਓਹਾਰ 'ਤੇ ਕਾਨੂੰਨਨ ਪਾਬੰਦੀਆਂ ਲਾਈਆਂ ਗਈਆਂ ਸਨ।

ਬਰਤਾਨੀਆ ਵਿਚ ਉਲੀਵਰ ਕਰੋਮਵੈਲ, ਜੋ 1628-29 ਈਸਵੀ ਵਿਚ ਪਾਰਲੀਮੈਂਟ ਦਾ ਮੈਂਬਰ ਵੀ ਰਿਹਾ, ਜੋ ਇੰਗਲਿਸ਼, ਸਕਾਟਲੈਂਡ ਅਤੇ ਆਇਰਲੈਂਡ ਕਾਮਨਵੈਲਥ ਦਾ ਲਾਰਡ ਪ੍ਰੋਟੈਕਟਰ (1653-58) ਵੀ ਸੀ, ਦੇ ਸਮੇਂ ਸਖਤ ਕਾਨੂੰਨ ਬਣੇ, ਜਿਨ੍ਹਾਂ ਅਨੁਸਾਰ ਉਨ੍ਹਾਂ ਲੋਕਾਂ ਨੂੰ ਪਕੜਿਆ ਜਾਂਦਾ ਸੀ, ਜੋ ਵਿਸ਼ੇਸ਼ ਕਰ ਕ੍ਰਿਸਮਸ ਦੇ ਮੌਕੇ ਗਿਰਜਾਘਰ ਇਕੱਠੇ ਹੁੰਦੇ ਸਨ। 1656 ਵਿਚ ਇਹ ਕਾਨੂੰਨ ਸਾਹਮਣੇ ਆਇਆ ਕਿ ਹਰ ਐਤਵਾਰ ਹੀ 'ਪਵਿੱਤਰ ਦਿਨ' ਦੇ ਤੌਰ 'ਤੇ ਮਨਾਇਆ ਜਾਵੇ। 25 ਦਸੰਬਰ ਨੂੰ ਬਾਜ਼ਾਰ ਅਤੇ ਦੁਕਾਨਾਂ ਖੁੱਲ੍ਹੀਆਂ ਰੱਖੀਆਂ ਜਾਣ। ਪੁਲਿਸ ਨੂੰ ਹੁਕਮ ਦਿੱਤੇ ਗਏ ਕਿ ਕ੍ਰਿਸਮਸ ਵਾਲੇ ਦਿਨ ਸੜਕਾਂ ਉਤੇ ਖਾਸ ਤੌਰ 'ਤੇ ਗਸ਼ਤ ਕੀਤੀ ਜਾਵੇ ਅਤੇ ਕ੍ਰਿਸਮਸ ਲਈ ਬਣਾਏ ਗਏ ਵਿਸ਼ੇਸ਼ ਪਕਵਾਨ ਜ਼ਬਤ ਕਰ ਲਏ ਜਾਣ। ਅਜਿਹੇ ਕਾਨੂੰਨਾਂ ਦੇ ਪਿੱਛੇ ਇਸਾਈ ਧਰਮ ਦੇ ਇਕ ਵਿਸ਼ੇਸ਼ ਗਰੁੱਪ ਦਾ ਹੱਥ ਸੀ। ਆਪਣੇ ਆਪ ਨੂੰ 'ਪਿਉਰਟਿਨ' (ਸ਼ੁੱਧਤਾਵਾਦੀ) ਕਹਾਉਣ ਵਾਲਿਆਂ ਦੀ ਕ੍ਰਿਸਮਸ ਵਿਰੋਧੀ ਕਾਨੂੰਨਾਂ ਨੂੰ ਹਮਾਇਤ ਸੀ। ਇਹ ਲੋਕ ਅਸਲ ਵਿਚ ਖਰਚੀਲੇ ਧਾਰਮਿਕ ਦਿਖਾਵੇ ਅਤੇ ਜ਼ਿਆਦਾ ਸਮਾਜਕ ਵਰਤਾਰਿਆਂ ਦੇ ਵਿਰੋਧੀ ਸਨ। ਇਸ ਫਿਰਕੇ ਦੇ ਇਕ ਪ੍ਰਮੁੱਖ ਨੇਤਾ ਫਿਲਿਪ ਸਟਬਜ਼ ਅਨੁਸਾਰ ਕ੍ਰਿਸਮਸ ਦਾ ਤਿਓਹਾਰ ਈਸਾਈ ਧਰਮ ਦੇ ਵਿਸ਼ਵਾਸਾਂ ਨੂੰ ਸੱਟ ਮਾਰਦਾ ਹੈ ਅਤੇ ਰੱਬ ਪ੍ਰਤੀ ਬਹੁਤ ਹੀ ਗੈਰ-ਜ਼ਿੰਮੇਦਾਰਾਨਾ ਹੈ।



PUBLICK NOTICE

The Obfervation of CHRISTMAS having been deemed a Sacrilege, the exchanging of Gifts and Greetings, dreffing in Fine Clothing, Feafting and similar Satanical Practices are hereby

FORBIDDEN

with the Offender liable to a Fine of FIVE SHILLINGS

*ਮੈਸਾਚੁਸੈਟਸ ਵਿਚ ਕ੍ਰਿਸਮਸ ਮਨਾਉਣ ਵਾਲਿਆਂ ਲਈ ਚਿਤਾਵਨੀ ਹੈ ਕਿ ਉਨ੍ਹਾਂ ਨੂੰ ਪੰਜ ਸੈਂਟ ਦਾ ਜੁਰਮਾਨਾ ਕੀਤਾ ਜਾਵੇਗਾ।*

ਜਨਵਰੀ 1645 ਵਿਚ ਪਾਰਲੀਮੈਂਟ ਨੇ ਇਕ ਨਵਾਂ ਕਾਨੂੰਨ ਬਣਾਇਆ, ਜਿਸ ਅਨੁਸਾਰ ਤਿਓਹਾਰ, ਖਾਸਕਰ ਕ੍ਰਿਸਮਸ ਵਰਗੇ, ਮਨਾਏ ਨਹੀਂ ਜਾਣੇ ਚਾਹੀਦੇ, ਸਗੋਂ ਇਨ੍ਹਾਂ ਪ੍ਰਤੀ ਸਤਿਕਾਰ ਪੈਦਾ ਕਰਨਾ ਚਾਹੀਦਾ ਹੈ। 19 ਦਸੰਬਰ 1643 ਨੂੰ ਇਕ ਆਰਡੀਨੈਂਸ ਜਾਰੀ ਕੀਤਾ ਗਿਆ ਕਿ ਸਰਦੀਆਂ ਦੇ ਅੱਧ ਵਿਚ ਆਪਣੀਆਂ ਅਤੇ ਆਪਣੇ ਬਜ਼ੁਰਗਾਂ ਦੀਆਂ ਗਲਤੀਆਂ ਨੂੰ ਯਾਦ ਕਰੋ, ਨਾ ਕਿ ਈਸਾ ਮਸੀਹ ਨੂੰ ਯਾਦ ਕਰਨ ਦੇ ਬਹਾਨੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਭੁਲਾਇਆ ਜਾਵੇ। 1644 ਵਿਚ ਇਕ ਹੋਰ ਆਰਡੀਨੈਂਸ ਰਾਹੀਂ ਕ੍ਰਿਸਮਸ ਤੇ ਈਸਟਰ ਵਰਗੇ ਤਿਓਹਾਰ ਦੇ ਜਸ਼ਨਾਂ ਨੂੰ ਖਤਮ ਕਰ ਦਿੱਤਾ ਗਿਆ ਅਤੇ ਇਸ ਦਿਨ ਦੀਆਂ ਵਿਸ਼ੇਸ਼ ਗਤੀਵਿਧੀਆਂ, ਜਿਵੇਂ-ਨਾਚ, ਗਾਣਾ, ਨਾਟਕ ਆਦਿ ਦੀ ਮਨਾਹੀ ਕੀਤੀ ਗਈ। ਸ਼ਰਾਬ ਪੀਣ ਉਤੇ ਖਾਸ ਤੌਰ 'ਤੇ ਰੋਕ ਲਾ ਦਿੱਤੀ। 1660 ਈਸਵੀ ਤੱਕ ਕ੍ਰਿਸਮਸ ਉਤੇ ਸਰਕਾਰੀ ਤੌਰ 'ਤੇ ਪਾਬੰਦੀ ਰਹੀ। ਕ੍ਰਿਸਮਸ ਟ੍ਰੀ ਅਤੇ ਸਜਾਵਟ ਵਗੈਰਾ ਨੂੰ ਅਪਵਿੱਤਰ ਦਿਖਾਵਾ ਮੰਨਿਆ ਜਾਂਦਾ ਸੀ ਅਤੇ ਇਸ ਮੌਕੇ ਖਾਸ ਪਕਵਾਨਾਂ 'ਤੇ ਰੋਕ ਲਾਈ ਗਈ। ਪੱਚੀ ਦਸੰਬਰ ਦੀ ਸ਼ਾਮ ਨੂੰ ਕੁਝ ਲੋਕ "No Christmas, No Christmas" ਦੇ ਨਾਹਰੇ ਲਾਉਂਦੇ ਸੜਕਾਂ 'ਤੇ ਫਿਰਦੇ ਰਹਿੰਦੇ। 1870 ਈਸਵੀ ਤੱਕ ਵੀ ਕਈ ਸਕੂਲ 25 ਦਸੰਬਰ ਨੂੰ ਖੁੱਲ੍ਹੇ ਰਹਿੰਦੇ ਸਨ। ਪਿਉਰਟਿਨ ਦੇ ਇਨ੍ਹਾਂ ਨਵੇਂ ਕਾਨੂੰਨਾਂ ਨੂੰ ਆਮ ਜਨਤਾ ਨੇ ਵੱਡੇ ਪੱਧਰ 'ਤੇ ਨਕਾਰਿਆ ਅਤੇ ਕ੍ਰਿਸਮਸ ਦਾ ਤਿਓਹਾਰ ਮਨਾਉਣ ਦੇ ਹੱਕ ਵਿਚ ਦੰਗੇ ਵੀ ਹੋਏ। ਸਤਾਰਵੀਂ ਸਦੀ ਵਿਚ ਵੀ ਕ੍ਰਿਸਮਸ ਵਿਰੁੱਧ ਕਦਮ ਚੁੱਕਿਆ ਗਿਆ ਅਤੇ "Three King Cake" ਦਾ ਨਾਂ "Equality Cake" ਕਰ ਦਿੱਤਾ। ਲੰਬੀ ਜੱਦੋ ਜਹਿਦ ਦੇ ਬਾਅਦ 1856 ਈਸਵੀ ਵਿਚ ਕ੍ਰਿਸਮਸ ਦੇ ਦਿਹਾੜੇ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ।

ਅਮਰੀਕਾ ਵਿਚ ਵੀ ਇਸ ਤਿਓਹਾਰ ਨੂੰ ਬਹੁਤ ਦੇਰ ਸਰਕਾਰੀ ਮਾਨਤਾ ਪ੍ਰਦਾਨ ਨਹੀਂ ਸੀ ਕੀਤੀ ਗਈ। 1776 ਈਸਵੀ ਵਿਚ ਅਮਰੀਕਾ ਇਕ ਆਜ਼ਾਦ ਮੁਲਕ ਦੇ ਤੌਰ 'ਤੇ ਹੋਂਦ ਵਿਚ ਆਇਆ, ਪਰ 1870 ਤੱਕ ਉਥੇ ਕ੍ਰਿਸਮਸ ਵਾਲੇ ਦਿਨ ਦੀ ਸਰਕਾਰੀ ਛੁੱਟੀ ਨਹੀਂ ਸੀ ਕੀਤੀ ਜਾਂਦੀ। ਅਮਰੀਕਾ ਦੇ ਕਈ ਵੱਡੇ ਸਟੋਰ ਇੱਕੀਵੀਂ ਸਦੀ ਦੇ ਮੁਢਲੇ ਸਾਲਾਂ ਤੱਕ ਵੀ ਕ੍ਰਿਸਮਸ ਦੇ ਮੌਕੇ "Happy Holidays" ਜਾਂ "Season's Greetings" ਦੇ ਬੋਰਡ ਲਾਉਂਦੇ ਰਹੇ ਹਨ, ਨਾ ਕਿ "Merry Christmas" ਦੇ। ਬਹੁਤੇ ਅਮਰੀਕਾ ਵਾਸੀਆਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਬੋਸਟਨ ਵਿਚ 1659 ਤੋਂ 1681 ਤੱਕ ਕ੍ਰਿਸਮਸ ਦਾ ਤਿਓਹਾਰ ਮਨਾਉਣ ਦੀ ਪਾਬੰਦੀ ਸੀ। 2007 ਵਿਚ ਛਪੀ ਕਿਤਾਬ "Once upon a Gospel" ਦੇ 23ਵੇਂ ਸੰਸਕਰਨ ਵਿਚ ਇਹ ਦਰਜ ਹੈ ਕਿ ਕਦੇ ਬੋਸਟਨ ਵਿਚ ਇਹ ਤਿਓਹਾਰ ਮਨਾਉਣਾ ਕ੍ਰਿਮਿਨਲ ਐਕਟ ਮੰਨਿਆ ਜਾਂਦਾ ਸੀ। ਮੈਸਾਚੁਸੈਟਸ ਵਿਚ ਵੀ 1659 ਤੋਂ 1681 ਤੱਕ ਇਸ ਤਿਓਹਾਰ ਤੇ ਪਾਬੰਦੀ ਰਹੀ। ਮੈਸਾਚੁਸੈਟਸ ਦੇ ਹੀ ਕੁਝ ਅਜਿਹੇ ਇਲਾਕੇ, ਜਿਥੇ 'ਪਿਉਰਟਿਨ' ਦਾ ਬੋਲਬਾਲਾ ਸੀ, ਵਿਚ 18ਵੀਂ ਅਤੇ 19ਵੀਂ ਸਦੀ ਤੱਕ ਵੀ ਕ੍ਰਿਸਮਸ ਦਾ ਦਿਹਾੜਾ ਨਹੀਂ ਸੀ ਮਨਾਇਆ ਜਾਂਦਾ।

ਅਮਰੀਕਾ ਅਤੇ ਕੈਨੇਡਾ ਵਿਚ "Christmas Tree" ਨੂੰ "Holiday Tree" ਵੀ ਕਿਹਾ ਜਾਂਦਾ ਰਿਹਾ ਹੈ। 2007 ਵਿਚ ਓਟਾਵਾ ਦੇ ਇਕ ਪਬਲਿਕ ਸਕੂਲ ਵਿਚ ਪ੍ਰਾਇਮਰੀ ਸਮੂਹ ਗਾਉਣ ਸਮੇਂ 'ਸਿਲਵਰ ਬੈਲ' ਗੀਤ ਵਿਚ ਕ੍ਰਿਸਮਸ ਸ਼ਬਦ ਨੂੰ ਬਦਲ ਕੇ "Festive" ਕਰ ਦਿੱਤਾ ਗਿਆ ਸੀ।

ਸੋਵੀਅਤ ਯੂਨੀਅਨ ਵਿਚ ਵੀ ਇਹ ਤਿਓਹਾਰ ਮਨਾਉਣ 'ਤੇ ਪਾਬੰਦੀ ਹੈ। ਇਸ ਤੋਂ ਇਲਾਵਾ ਸਾਊਥ ਅਫਰੀਕਾ, ਨਾਰਵੇ ਤੇ ਸਵੀਡਨ ਆਦਿ ਮੁਲਕਾਂ ਵਿਚ ਵੀ ਬਹੁਤ ਸਮਾਂ ਕ੍ਰਿਸਮਸ ਸਬੰਧੀ ਵੀ ਵੱਖਰੇ ਵੱਖਰੇ ਵਿਚਾਰ ਸਾਹਮਣੇ ਆਉਂਦੇ ਰਹੇ ਹਨ।

ਕ੍ਰਿਸਮਸ ਦਾ ਤਿਓਹਾਰ ਇਕ ਤਰ੍ਹਾਂ ਨਾਲ ਵਰਤਮਾਨ ਸਮੇਂ ਵਿਚ ਕੌਮਾਂਤਰੀ ਤਿਓਹਾਰ ਹੀ ਬਣ ਚੁਕਾ ਹੈ (ਸਿਰਫ ਇਸਲਾਮੀ ਦੇਸ਼ਾਂ ਨੂੰ ਛੱਡ ਕੇ); ਪਰ ਇਸ ਤਿਓਹਾਰ ਨੂੰ ਆਪਣੀ ਹੋਂਦ ਬਚਾਉਣ ਲਈ ਲੰਬੀ ਜੱਦੋ ਜਹਿਦ ਕਰਨੀ ਪਈ ਹੈ। ਇਕ ਗੱਲ ਜਰੂਰ ਸੋਚਣ ਵਾਲੀ ਹੈ ਕਿ ਇਹ ਤਿਓਹਾਰ ਕੀ ਸਿਰਫ ਮੌਜ-ਮਸਤੀ ਲਈ ਹੀ ਹੈ? ਵਧੀਆ ਪਕਵਾਨ ਬਣਾਉਣ ਤੇ ਖਾਣ-ਪੀਣ ਲਈ ਹੀ ਹੈ? ਇਕ ਦੂਜੇ ਨੂੰ ਵਧੀਆ ਜਾਂ ਕੀਮਤੀ ਤੋਹਫਿਆਂ ਦਾ ਅਦਾਨ-ਪ੍ਰਦਾਨ ਕਰਨ ਲਈ ਹੀ ਹੈ? ਜੇ ਪ੍ਰਭੂ ਈਸਾ ਮਸੀਹ ਦੀਆਂ ਸਿਖਿਆਵਾਂ ਨੂੰ ਯਾਦ ਕਰੀਏ ਤਾਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਨੇ ਫੁਰਮਾਇਆ ਸੀ ਕਿ ਆਪਣੇ ਦੁਸ਼ਮਣ ਨੂੰ ਵੀ ਮੁਆਫ ਕਰਨਾ ਸਿੱਖੋ ਅਤੇ ਸਭ ਨੂੰ ਪਿਆਰ ਕਰੋ; ਪਰ ਕੀ ਅਸੀਂ ਅਜਿਹਾ ਕਰ ਰਹੇ ਹਾਂ? ਇਸ ਦਾ ਉੱਤਰ ਆਪਣੇ ਆਪ ਤੋਂ ਪੁੱਛੀਏ!



# ਜਮੀਰ ਦੀ ਅਵਾਜ਼


ਸਾਡੀ ਜਮੀਰ ਸਾਡਾ ਅਣਮੋਲ ਖਜਾਨਾ ਹੈ, ਪਰ ਜੇ ਇਹ ਜਾਗਦੀ ਹੋਵੇ! ਇਸ ਨੂੰ ਆਤਮਾ ਵੀ ਕਿਹਾ ਜਾਂਦਾ ਹੈ। ਇਹ ਸੌਂ ਵੀ ਜਾਂਦੀ ਹੈ; ਜਿਵੇਂ ਬਿਜਲੀ ਦੇ ਬਲਬ 'ਤੇ ਗਰਦ ਪੈਂਦੇ ਜਾਣ ਨਾਲ ਇਸ ਦੀ ਰੋਸ਼ਨੀ ਘਟਦੀ ਜਾਂਦੀ ਹੈ, ਇਵੇਂ ਹੀ ਸੰਸਾਰਕ ਪਦਾਰਥਵਾਦ, ਜਮਾਤੀ ਪੱਖਪਾਤ ਜਾਂ ਧਾਰਮਕ ਕੱਟੜਤਾ ਦੀ ਧੂੜ ਨਾਲ ਸਾਡੀ ਜਮੀਰ ਵੀ ਧੁੰਦਲੀ ਪੈਂਦੀ ਜਾਂਦੀ ਹੈ। ਬਹੁਤੀ ਮੋਟੀ ਧੂੜ ਨਾਲ ਢਕ ਗਈ ਜਮੀਰ ਦਾ ਸਾਫ ਹੋਣਾ



**ਹਰਜੀਤ ਦਿਓਲ, ਬਰੈਂਪਟਨ**
ਫੋਨ: 905-676-9242

ਮੁਸ਼ਕਿਲ ਹੁੰਦਾ ਹੈ, ਪਰ ਕਈ ਵੇਰਾਂ ਈਮਾਨਦਾਰੀ ਨਾਲ ਆਪਾ ਫਰੋਲਦਿਆਂ ਇਹ ਅਚਾਨਕ ਜਾਗ ਜਾਂਦੀ ਹੈ, ਜਿਸ ਲਈ ਕਈ ਵਾਰੀ ਭਾਰੀ ਮੁੱਲ ਵੀ ਤਾਰਨਾ ਪੈਂਦਾ ਹੈ।

ਫਰਾਂਸ ਵਿਚ ਜਨਮੇ ਮਸ਼ਹੂਰ ਆਰਟਿਸਟ ਵਿੰਸੈਂਟ ਵਾਨ ਗਾਗ ਦੀ ਜੀਵਨੀ 'ਤੇ ਆਧਾਰਿਤ ਇਰਵਿੰਗ ਸਟੋਨ ਦੁਆਰਾ ਲਿਖਿਤ ਨਾਵਲ 'ਲਸਟ ਫਾਰ ਲਾਈਫ' ਪੜ੍ਹਦਿਆਂ ਗਿਆਤ ਹੋਇਆ ਕਿ ਅਚਾਨਕ ਆਪਣੀ ਜਮੀਰ ਦੇ ਜਾਗ ਜਾਣ ਕਰਕੇ ਦੁਨਿਆਂਦਾਰੀ ਤੋਂ ਅਣਜਾਣ ਇਸ ਕਲਾਕਾਰ ਨੇ ਆਪਣੀ ਜ਼ਿੰਦਗੀ ਡਾਢੀਆਂ ਮੁਸੀਬਤਾਂ ਵਿਚ ਫਸਾ ਲਈ ਅਤੇ ਜ਼ਿੰਦਗੀ ਦੇ ਭਿਆਨਕ ਅੰਤ ਦਾ ਸ਼ਿਕਾਰ ਹੋਇਆ। ਫਰਾਂਸ ਵਿਖੇ 1853 ਵਿਚ ਜੰਮਿਆ ਵਿੰਸੈਂਟ ਵਾਨ ਗਾਗ ਬਚਪਨ ਤੋਂ ਹੀ ਗੰਭੀਰ ਅਤੇ ਅੰਤਰਮੁਖੀ ਸ਼ਖਸੀਅਤ ਦਾ ਮਾਲਕ ਸੀ। ਮੁਢਲੀ ਪੜ੍ਹਾਈ ਉਪਰੰਤ ਉਸ ਨੇ ਕੁਝ ਚਿਰ ਆਰਟ ਡੀਲਰ ਦਾ ਕੰਮ ਵੀ ਕੀਤਾ। ਬਾਅਦ ਵਿਚ ਉਸ ਦੇ ਧਾਰਮਕ ਪ੍ਰਵਿਰਤੀ ਦੇ ਮਾਪਿਆਂ ਨੇ ਉਸ ਨੂੰ ਕ੍ਰਿਸ਼ਚੀਅਨ ਧਰਮ ਦੇ ਮਿਸ਼ਨਰੀ ਵਜੋਂ ਟਰੇਨਿੰਗ ਦਿਵਾ ਕੇ ਇੱਕ ਕੈਥੋਲਿਕ ਚਰਚ ਵਿਚ ਧਰਮ ਪ੍ਰਚਾਰਕ ਦੀ ਸੇਵਾ ਨਿਭਾਉਣ ਦੇ ਅਹੁਦੇ 'ਤੇ ਨਿਯੁਕਤ ਕਰਵਾ ਦਿੱਤਾ। ਇਹ ਚਰਚ ਬੈਲਜੀਅਮ ਦੇ ਕਿਸੇ ਇਲਾਕੇ ਵਿਚ ਕੋਲਾ ਖਦਾਨਾਂ ਵਿਚ ਕੰਮ ਕਰਦੇ ਮਜਦੂਰਾਂ ਦੀ ਸੰਘਣੀ ਵੱਸੋਂ ਵਿਚਕਾਰ ਸਥਿਤ ਸੀ। ਉਹ ਹਰ ਐਤਵਾਰ ਇਕੱਠੇ ਹੋਏ ਮਜਦੂਰਾਂ ਨੂੰ ਬਾਈਬਲ ਦੇ ਉਪਦੇਸ਼ ਦਿੰਦਾ ਅਤੇ ਉਨ੍ਹਾਂ ਅੰਦਰ ਧਾਰਮਿਕ ਬਿਰਤੀ ਬਣਾਈ ਰੱਖਣ ਦਾ ਯਤਨ ਕਰਦਾ। ਇਨ੍ਹਾਂ ਮਜਦੂਰਾਂ ਦੀ ਹਾਲਤ ਬਹੁਤ ਤਰਸਯੋਗ ਸੀ, ਕਿਉਂਕਿ ਦਿਨ ਭਰ ਸਖਤ ਮਿਹਨਤ ਕਰ ਕੇ ਉਹ ਮਸਾਂ ਦੋ ਡੰਗ ਦੀ ਰੋਟੀ ਦਾ ਹੀ ਜੁਗਾੜ ਕਰ ਪਾਉਂਦੇ। ਅੱਤ ਦੀ ਗਰੀਬੀ ਭੋਗਦੇ ਝੁੱਗੀ-ਝੋਪੜੀਆਂ 'ਚ ਰਹਿੰਦੇ ਇਨ੍ਹਾਂ ਕਿਰਤੀਆਂ ਨੂੰ ਦਵਾਈਆਂ ਭੋਜਨ ਅਤੇ ਸਾਫ ਪਾਣੀ ਦੀ ਹਮੇਸ਼ਾ ਕਮੀ ਰਹਿੰਦੀ। ਬੀਮਾਰ ਹੋਣ ਦੀ ਹਾਲਤ ਵਿਚ ਦਿਹਾੜੀ ਭੰਨ ਹੋ ਜਾਣ ਕਰਕੇ ਰੋਟੀ ਦੇ ਲਾਲੇ ਪੈ ਜਾਂਦੇ। ਇਸ ਸਭ ਨੂੰ ਦੇਖ ਸੰਵੇਦਨਸ਼ੀਲ ਵਿੰਸੈਂਟ ਗਾਗ ਦੁਖੀ ਹੁੰਦਾ, ਪਰ ਉਹ ਥੋੜ੍ਹੀ ਬਹੁਤ ਮਦਦ ਤੋਂ ਬਿਨਾ ਹੋਰ ਕੁਝ ਕਰ ਵੀ ਨਹੀਂ ਸਕਦਾ ਸੀ।




ਇੱਕ ਦਿਨ ਜਦ ਉਹ ਮਜਦੂਰਾਂ ਦੀਆਂ ਝੁੱਗੀਆਂ ਦਾ ਦੌਰਾ ਕਰ ਰਿਹਾ ਸੀ ਤਾਂ ਉਸ ਇੱਕ ਝੁੱਗੀ ਅੰਦਰ ਇੱਕ ਬੀਮਾਰ ਪਏ ਬੱਚੇ ਨੂੰ ਦੇਖਿਆ, ਜਿਸ ਦੀ ਮਾਂ ਉਸ ਦੀ ਤੀਮਾਰਦਾਰੀ ਲਈ ਕੰਮ 'ਤੇ ਵੀ ਨਹੀਂ ਜਾ ਸਕੀ ਸੀ। ਵਾਨ ਗਾਗ ਉਸ ਔਰਤ ਨੂੰ ਜੇਬ 'ਚ ਪਏ ਕੁਝ ਸਿੱਕੇ ਮਦਦ ਵਜੋਂ ਦੇ ਦੁਖੀ ਮਨ ਨਾਲ ਆਪਣੀ ਰਿਹਾਇਸ਼ 'ਚ ਪਹੁੰਚ ਗਿਆ। ਉਹ ਲਗਾਤਾਰ ਉਸ ਸੰਕਟ ਵਿਚ ਘਿਰੇ ਪਰਿਵਾਰ ਬਾਰੇ ਹੀ ਸੋਚ ਰਿਹਾ ਸੀ। ਉਸ ਦਾ ਢਿੱਡ ਭਰਿਆ ਸੀ, ਹੋਰ ਚੰਗਾ ਭੋਜਨ ਉਪਲਬਧ ਸੀ। ਸਜੇ ਹੋਏ ਕਮਰੇ ਵਿਚ ਸਾਫ ਸੁਥਰਾ ਆਰਾਮਦਾਇਕ ਬਿਸਤਰ ਸੀ। ਪਹਿਨਣ ਲਈ ਅਲਮਾਰੀ ਵਿਚ ਕਾਫੀ ਕੱਪੜੇ ਸਨ। ਹੋਰ ਖਰਚਿਆਂ ਲਈ ਉਸ ਨੂੰ ਯਥਾਯੋਗ ਪੈਸੇ ਮਿਲਦੇ ਸਨ।

ਅਚਾਨਕ ਉਸ ਦੀ ਜਮੀਰ ਨੇ ਉਸ ਨੂੰ ਬੁਰੀ ਤਰ੍ਹਾਂ ਝੰਜੋੜਿਆ। ਉਸ ਨੂੰ ਲੱਗਾ, ਉਹ ਹੱਦ ਦਰਜੇ ਦਾ ਕਾਇਰ, ਝੂਠਾ ਅਤੇ ਮੱਕਾਰ ਹੈ। ਉਹ ਅਤਿ ਦੀ ਗਰੀਬੀ ਅਤੇ ਕਸ਼ਟਾਂ ਦਾ ਜੀਵਨ ਜੀ ਰਹੇ ਲੋਕਾਂ ਨੂੰ ਉਪਦੇਸ਼ ਦਿੰਦਾ ਹੈ ਅਤੇ ਉਨ੍ਹਾਂ ਨੂੰ ਉਸ ਈਸ਼ਵਰ 'ਚ ਆਸਥਾ ਰੱਖਣ ਲਈ ਕਹਿੰਦਾ ਹੈ, ਜੋ ਸਦੀਆਂ ਤੋਂ ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਰਿਹਾ। ਉਸ ਮਹਿਸੂਸ ਕੀਤਾ ਕਿ ਉਹ ਇੱਕ ਬੇਕਾਰ ਧਰਮ ਅਤੇ ਝੂਠੇ ਈਸ਼ਵਰ ਦਾ ਵਿਚੋਲੀਆ ਮਾਤਰ ਹੈ। ਮਜ਼ਦੂਰਾਂ ਨੂੰ ਤਾਂ ਉਸ ਨਾਲ ਨਫਰਤ ਕਰਨੀ ਚਾਹੀਦੀ ਹੈ, ਜੋ ਉਸ ਦੀ ਇੱਜਤ ਕਰਦੇ ਹਨ। ਉਹ ਤਾਂ ਮਜ਼ਦੂਰਾਂ ਨੂੰ ਸਰਾਸਰ ਧੋਖਾ ਦੇ ਰਿਹਾ ਹੈ। ਨਹੀਂ! ਮੈਂ ਇਹ ਬੇਈਮਾਨੀ ਨਹੀਂ ਕਰ ਸਕਦਾ।

ਉਹ ਉੱਠਿਆ, ਬਾਈਬਲ ਨੂੰ ਅਲਮਾਰੀ ਵਿਚ ਰੱਖਿਆ ਅਤੇ ਆਰਾਮਦਾਇਕ ਕਮਰਾ ਛੱਡ ਖਾਲੀ ਜੇਬ ਮਜ਼ਦੂਰਾਂ ਦੀਆਂ ਝੁੱਗੀਆਂ ਵਿਚ ਜਾ ਰਹਿਣ ਲੱਗਾ। ਲੋਕਾਂ ਨੂੰ ਉਸ ਦਾ ਇਹ ਵਤੀਰਾ ਅਜੀਬ ਲੱਗਾ, ਪਰ ਉਹ ਉਨ੍ਹਾਂ ਨਾਲ ਹੀ ਕੋਇਲਾ ਖਾਨਾਂ ਵਿਚ ਮਜਦੂਰੀ ਕਰ ਗੁਜ਼ਾਰਾ ਕਰਨ ਲੱਗਾ। ਅੱਤ ਦੀ ਗਰੀਬੀ ਅਤੇ ਪ੍ਰੇਸ਼ਾਨੀ ਝੱਲਦਿਆਂ ਉਹ ਕੁਦਰਤ ਦੀ ਖੂਬਸੂਰਤੀ ਵੱਲ ਆਕਰਸ਼ਿਤ ਹੋ ਗਿਆ ਤੇ ਪੇਂਟਿੰਗਾਂ ਬਣਾਉਣੀਆਂ ਅਰੰਭ ਕਰ ਦਿੱਤੀਆਂ। ਉਸ ਦਾ ਛੋਟਾ ਭਰਾ ਥਿਓ ਉਸ ਦੀ ਮਾਇਕ ਮਦਦ ਕਰਦਾ ਰਹਿੰਦਾ ਸੀ, ਕਿਉਂਕਿ ਉਹ ਉਸ ਦੀ ਤਰਸਯੋਗ ਮਾਨਸਿਕ ਪੀੜਾ ਸਮਝਦਾ ਸੀ। ਵਾਨ ਗਾਗ ਕਿਸੇ ਹੋਰ ਹੀ ਮਿੱਟੀ ਦਾ ਬਣਿਆ ਸੀ, ਜਿਸ ਨੂੰ ਦੁਨੀਆਂਦਾਰੀ ਕਦੇ ਰਾਸ ਨਹੀਂ ਆਈ। ਉਹ ਰੰਗ ਬੁਰਸ਼ ਅਤੇ ਈਜ਼ਲ ਬੋਰਡ ਲੈ ਖੇਤਾਂ, ਜੰਗਲਾਂ ਵਿਚ ਘੁੰਮਦਾ ਪੇਂਟਿੰਗਾਂ ਬਣਾਉਂਦਾ ਰਿਹਾ, ਪਰ ਉਨ੍ਹਾਂ ਦਾ ਕੋਈ ਮੁੱਲ ਨਾ ਪਿਆ। ਆਖੀਰ ਵਿਚ ਡਿਪਰੈਸ਼ਨ ਦਾ ਸ਼ਿਕਾਰ ਹੋ ਉਸ ਨੇ ਜੁਲਾਈ 1890 ਵਿਚ ਆਪਣੇ ਸਿਰ 'ਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਹ ਇੱਕ ਬੇਹੱਦ ਸੰਵੇਦਨਸ਼ੀਲ ਕਲਾਕਾਰ ਦਾ ਦੁਖਦ ਅੰਤ ਸੀ, ਜਿਸ ਦੀਆਂ ਪੇਂਟਿੰਗਾਂ ਉਸ ਦੀ ਮੌਤ ਬਾਅਦ ਹਜਾਰਾਂ, ਲੱਖਾਂ ਡਾਲਰਾਂ 'ਚ ਵਿਕੀਆਂ। ਕਾਸ਼! ਉਸ ਦੀਆਂ ਤਸਵੀਰਾਂ ਦਾ ਮੁੱਲ ਉਸ ਦੇ ਜਿਉਂਦੇ ਜੀਅ ਪੈ ਜਾਂਦਾ, ਪਰ ਸ਼ਾਇਦ ਉਸ ਦੀ ਤਕਦੀਰ 'ਚ ਅਚਾਨਕ ਜਾਗ ਗਈ ਜਮੀਰ ਦਾ ਬਹੁਤ ਵੱਡਾ ਮੁੱਲ ਤਾਰਨਾ ਹੀ ਲਿਖਿਆ ਸੀ।

# ਗੁਰਬਖਸ਼ ਸਿੰਘ ਭੰਡਾਲ ਦੀ ਖੇਡ ਰਚਨਾ

**ਪੰਜਾਬੀ ਖੇਡ ਸਾਹਿਤ 22**



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਡਾ. ਗੁਰਬਖਸ਼ ਸਿੰਘ ਭੰਡਾਲ ਮੂਲ ਰੂਪ ਵਿਚ ਕਵੀ ਹੈ। ਕਦੇ ਮੈਂ ਉਹਦੇ ਸ਼ਬਦ ਚਿੱਤਰ ਦਾ ਨਾਂ 'ਮੰਡ ਦਾ ਮੋਤੀ' ਰੱਖਿਆ, ਕਦੇ 'ਲਰਜ਼ਦਾ ਨੀਰ।' ਉਸ ਦੀ ਵਾਰਤਕ ਵੀ ਕਵਿਤਾ ਹੈ। ਉਹਦਾ ਤੇ ਸੁਰਜੀਤ ਪਾਤਰ ਦਾ ਪਿੰਡ ਬਿਆਸ ਦੇ ਚੜ੍ਹਦੇ ਬੰਨੇ ਹਨ। ਪਾਸ਼ ਤੇ ਮੀਸ਼ੇ ਦੇ ਪਿੰਡ ਵੀ ਓਧਰੇ ਹਨ। ਉਨ੍ਹਾਂ ਨੂੰ ਬਿਆਸ ਦੇ ਪਾਣੀ ਨੇ ਸ਼ਾਇਰੀ ਦੀ ਗੁੜ੍ਹਤੀ ਬਖਸ਼ੀ ਹੈ। ਐਨ ਉਵੇਂ ਜਿਵੇਂ ਸਰਹਿੰਦ ਨਹਿਰ ਦਾ ਪਾਣੀ ਰਾਮਪੁਰੀਆਂ ਨੂੰ ਕਵਿਤਾ ਦੀ ਗੁੜ੍ਹਤੀ ਬਖਸ਼ਦੈ। ਉਹਦਾ ਜਨਮ 2 ਅਪਰੈਲ 1953 ਨੂੰ ਪਿੰਡ ਭੰਡਾਲ ਬੇਟ ਵਿਚ ਚੰਨਣ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਹੋਇਆ। ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਭੌਤਿਕ ਵਿਗਿਆਨ ਦੀ ਪੀਐਚ.ਡੀ. ਕੀਤੀ। 1977 ਤੋਂ 2010 ਤਕ ਗੁਰੂਸਰ ਸੁਧਾਰ ਤੇ ਤਲਵੰਡੀ ਸਾਬੋ ਦੇ ਪ੍ਰਾਈਵੇਟ ਕਾਲਜਾਂ ਅਤੇ ਕਪੂਰਥਲਾ, ਹੁਸ਼ਿਆਰਪੁਰ, ਮੁਕਤਸਰ ਤੇ ਲੁਧਿਆਣੇ ਦੇ ਸਰਕਾਰੀ ਕਾਲਜਾਂ ਵਿਚ ਪੜ੍ਹਾਇਆ। ਫਿਰ ਉਹ ਪਰਵਾਸੀ ਹੋ ਗਿਆ। ਬੇਟ ਵਿਚ ਡੰਗਰ ਚਾਰਨ ਤੋਂ ਲੈ ਕੇ ਅਮਰੀਕਾ ਦੀ ਯੂਨੀਵਰਸਿਟੀ 'ਚ ਫਿਜਿਕਸ ਪੜ੍ਹਾਉਣ ਤਕ ਦਾ ਸਫਰ ਹੈ, ਮੰਡ ਦੇ ਮੋਤੀ ਦਾ!

ਉਹਦੀਆਂ 20 ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ, ਜਿਨ੍ਹਾਂ ਦੇ ਨਾਂ ਹਨ: ਹਉਕੇ ਦੀ ਜੂਨ, ਸੁਪਨਿਆਂ ਦੀ ਜੂਹ, ਰੰਗਾਂ ਦਾ ਦਰਿਆ, ਵਿਗਿਆਨ ਦੇ ਪਾਂਧੀ, ਵਿਗਿਆਨ ਦੇ ਪਾਸਾਰ, ਧੁੱਪ ਦੀ ਤਲਾਸ਼, ਅਸੀਸ ਤੇ ਆਸਥਾ, ਘਰ ਅਰਦਾਸ ਕਰੇ, ਇਹ ਘਰ ਮੇਰਾ ਨਹੀਂ, ਪਰਵਾਸੀ ਪੈੜਾਂ, ਸੂਰਜ ਦੀ ਦਸਤਕ, ਜ਼ਿੰਦਗੀ, ਗੌਡ ਪਾਰਟੀਕਲ, ਹਵਾ ਹੱਥ ਜੋੜਦੀ ਹੈ ਤੇ ਲੋਏ ਲੋਏ, ਆਦਿ। ਉਸ ਦੀ ਰਚਨਾ ਬਹੁਭਾਂਤੀ ਹੈ। ਉਹ ਕਵਿਤਾ ਤੋਂ ਵਿਗਿਆਨ ਤੇ ਵਿਗਿਆਨ ਤੋਂ ਕਵਿਤਾ ਦਾ ਸਫਰ ਕਰਦੀ ਹੈ।

ਉਹ ਲਿਖਦੈ: ਪਿੰਡ ਭੰਡਾਲ ਬੇਟ ਦੇ ਮੰਡ ਵਿਚ ਪਸ਼ੂ ਚਾਰਦਿਆਂ, ਬਿਆਸ ਵਿਚ ਤੈਰਦਿਆਂ ਤੇ ਖੇਤਾਂ 'ਚ ਹਲ ਵਾਹੁੰਦਿਆਂ, ਝੋਨਾ ਲਾਉਂਦਿਆਂ, ਗੋਡੀ ਕਰਦਿਆਂ ਚਿੱਤ-ਚੇਤਾ ਵੀ ਨਹੀਂ ਸੀ ਕਿ ਭੌਤਿਕ ਵਿਗਿਆਨ ਪੜ੍ਹਾਂਗਾ ਤੇ ਪੜ੍ਹਾਵਾਂਗਾ। ਬਾਰ੍ਹਵੀਂ 'ਚ ਫੇਲ੍ਹ ਹੋ ਕੇ ਦਿਲ ਨਹੀਂ ਛੱਡਿਆ, ਸਗੋਂ ਨਿਊਕਲੀਅਰ ਸਾਇੰਸ ਦੀ ਪੀਐਚ.ਡੀ. ਕਰ ਲਈ। ਸਧਾਰਨ ਪਰਿਵਾਰ ਵਿਚ ਪੜ੍ਹੇ-ਲਿਖੇ ਲਈ ਨੌਕਰੀ ਹਾਸਲ ਕਰਨ ਦੀਆਂ ਦੁਸ਼ਵਾਰੀਆਂ ਵੀ ਹੰਢਾਈਆਂ ਤੇ ਪ੍ਰਾਈਵੇਟ ਕਾਲਜਾਂ ਦੀ ਮੈਨੇਜਮੈਂਟ ਦਾ ਕਰੂਰ ਵਰਤਾਰਾ ਵੀ ਸਹਿਆ, ਜਿਸ ਨੇ ਚੇਤਨਾ ਨੂੰ ਬਹੁਤ ਵਲੂੰਧਰਿਆ। ਫਿਰ ਸਰਕਾਰੀ ਕਾਲਜਾਂ ਵਿਚ ਨੌਕਰੀ ਦੌਰਾਨ ਰਾਜਸੀ ਲੀਡਰਾਂ ਦੀ ਧੱਕੇਸ਼ਾਹੀ ਨੂੰ ਝੱਲਦਿਆਂ, ਕਪੂਰਥਲੇ ਤੋਂ ਮੁਕਤਸਰ ਤੇ ਲੁਧਿਆਣੇ ਦੇ ਕਾਲਜਾਂ ਨੂੰ ਕਰਮਸ਼ਾਲਾ ਬਣਾਇਆ। ਕੈਨੇਡਾ ਦੀਆਂ ਬੇਸਮੈਂਟਾਂ 'ਚ ਰਹਿੰਦਿਆਂ, ਪਰਵਾਸੀ ਜੀਵਨ ਦੇ ਮੁਢਲੇ ਦੌਰ ਦੀਆਂ ਔਕੜਾਂ ਅਤੇ ਅਣਹੋਣੀਆਂ ਨੂੰ ਹੰਢਾਇਆ। ਬੱਸਾਂ ਵਿਚ ਸਫਰ ਕਰਦਿਆਂ, ਪਰਵਾਸੀ ਮਨ 'ਚ ਪੈਦਾ ਹੋਈ 'ਡਿਕਸੀ ਡੇਰੀ ਮੁੱਲਾਂਪੁਰ' ਜਿਹੀ ਉਪਰਾਮਤਾ ਨੂੰ ਅੱਖੀਂ ਦੇਖਿਆ। ਟੋਰਾਂਟੋ ਦੇ ਪੰਜਾਬੀ ਅਖਬਾਰਾਂ 'ਪਰਵਾਸੀ' ਅਤੇ 'ਪੰਜਾਬੀ ਪੋਸਟ' ਵਿਚ ਕੰਮ ਕਰਦਿਆਂ, ਪਰਵਾਸੀ ਪੰਜਾਬੀਆਂ ਦੀ ਮਾਨਸਿਕਤਾ ਨੂੰ ਨੇੜਿਉਂ ਦੇਖਣ, ਸਮਝਣ ਤੇ ਹਰਫਾਂ ਦੇ ਹਵਾਲੇ ਕਰਨ ਦਾ ਮੌਕਾ ਮਿਲਿਆ। ਹੁਣ ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨੀਵਰਸਿਟੀ, ਓਹਾਇਓ ਵਿਚ ਫਿਜਿਕਸ ਪੜ੍ਹਾ ਰਿਹਾਂ ਤੇ ਅਖਬਾਰਾਂ ਲਈ ਲਿਖ ਰਿਹਾਂ।

ਖੇਡ ਲੇਖਣੀ ਨੂੰ ਅਕਸਰ ਖੁਸ਼ਕ ਵਿਸ਼ਾ ਸਮਝਿਆ ਜਾਂਦਾ ਸੀ, ਜਿਸ ਕਰਕੇ ਕੋਈ ਲੇਖਕ ਇਸ ਖੇਤਰ ਵਿਚ ਪੈਰ ਧਰਨ ਦਾ ਜੋਖਮ ਲੈਣ ਲਈ ਤਿਆਰ ਨਹੀਂ ਸੀ, ਪਰ ਪ੍ਰਿੰਸੀਪਲ ਸਰਵਣ ਸਿੰਘ ਨੇ ਕਹਾਣੀਕਾਰੀ ਛੱਡ ਕੇ ਖੇਡ ਲੇਖਣੀ ਰਾਹੀਂ ਖਿਡਾਰੀਆਂ ਦੇ ਜੁੱਸਿਆਂ ਦਾ ਵਰਣਨ ਅਤੇ ਖੇਡੀ ਜਾ ਰਹੀ ਖੇਡ ਨੂੰ ਸ਼ਬਦਾਂ ਦੀਆਂ ਬੱਚੀਆਂ ਦੀ ਐਸੀ ਰੰਗਤ ਬਖਸ਼ੀ ਕਿ ਪਾਠਕ ਉਹਦੀ ਖੇਡ ਸ਼ੈਲੀ ਦਾ ਕੀਲਿਆ, ਜਿਥੇ ਖਿਡਾਰੀਆਂ ਦੇ ਫਰਕਦੇ ਡੌਲਿਆਂ ਅਤੇ ਜਿਸਮਾਂ ਦੀਆਂ ਮੱਛਲੀਆਂ ਦੇ ਦਰਸ਼ਨ ਦੀਦਾਰੇ ਕਰਨ ਲੱਗ ਪਿਆ, ਉਥੇ ਖੇਡ ਦੇ ਦਾਓ ਪੇਚਾਂ ਦੇ ਵੀ ਬਲਿਹਾਰੇ ਜਾਣ ਲੱਗ ਪਿਆ।

ਲਓ ਪੜ੍ਹੋ ਭੰਡਾਲ ਦੀ ਖੇਡ ਰਚਨਾ: ਖੇਡਣਾ, ਸਰੀਰਕ ਤਾਕਤ, ਪੂਰਨ ਜ਼ਾਬਤਾ ਅਤੇ ਮਨ ਦੀ ਪਕਿਆਈ ਨਾਲ ਨਵੀਆਂ ਪਿਰਤਾਂ ਪਾਉਣ ਦੀ ਚਾਹਨਾ। ਸਰੀਰਕ ਸੁੰਦਰਤਾ ਤੇ ਸੁਡੌਲਤਾ ਵਿਚੋਂ ਸੁਖਨ ਤੇ ਸਕੂਨ ਦਾ ਰਾਗ ਮਨ ਹੀ ਮਨ ਗੁਣਗੁਣਾਉਣਾ। ਖੇਡਣਾ, ਸਰੀਰਕ ਤੇ ਮਾਨਸਿਕ ਕਿਰਿਆ। ਅੰਦਰੂਨੀ ਵੀ ਤੇ ਬਾਹਰੀ ਵੀ। 'ਕੱਲਿਆਂ ਵੀ ਖੇਡਣਾ ਹੁੰਦਾ ਤੇ ਸਾਥੀਆਂ ਨਾਲ ਵੀ। ਇਕਹਿਰੀ ਗੇਮ ਦੇ ਰੂਪ ਵਿਚ ਵੀ ਤੇ ਸਾਥੀਆਂ ਸੰਗ ਵੀ।

ਖੇਡਣਾ, ਹਾਂ-ਪੱਖੀ ਕਿਰਿਆ। ਮਨੁੱਖੀ ਊਰਜਾ ਨੂੰ ਸਹੀ ਪਾਸੇ ਲਾਉਣਾ। ਖੇਡਣਾ, ਸਰੀਰਕ ਤੰਦਰੁਸਤੀ ਤੇ ਅੰਗਾਂ ਦੀ ਚੁਸਤੀ ਦਾ ਰਾਜ਼। ਸਰਬਪੱਖੀ ਵਿਗਸਣੀ ਦਾ ਆਧਾਰ ਅਤੇ ਸਰੀਰਕ ਦਿੱਖ ਨੂੰ ਚਾਰ ਚੰਨ ਲਾਉਣ ਦਾ ਆਹਰ। ਖੇਡਣਾ, ਬਿਮਾਰੀਆਂ ਤੋਂ ਨਿਜ਼ਾਤ, ਸਰੀਰਕ ਤੇ ਮਾਨਸਿਕ ਅਲਾਮਤਾਂ ਤੋਂ ਰਾਹਤ ਅਤੇ ਅਣਚਾਹੀਆਂ ਪੀੜਾਂ ਤੇ ਦਰਦਾਂ ਤੋਂ ਤੰਦਰੁਸਤੀ ਦੀ ਚਾਹਤ।

ਖੇਡਣਾ, ਨਰੋਏ ਅੰਗਾਂ ਦੀ ਪਛਾਣ, ਮੁੱਖ ਤੇ ਸੁੰਦਰ ਆਭਾ-ਭਕੁੰਨੀ ਸ਼ਾਨ, ਫੁਰਤੀਲੇਪਣ ਦਾ ਬਿੰਬ, ਉਮਰ ਦੇ ਪੜਾਅ ਨੂੰ ਪਿੱਛੇ ਛੱਡ ਆਉਣ ਦਾ ਸੰਦੇਸ਼। ਖੇਡਣਾ ਦਰਅਸਲ ਸਾਲਾਂ ਦੀ ਗਿਣਤੀ ਨੂੰ ਪੁੱਠਾ ਗੇੜ ਦੇਣ ਵਾਲਾ ਕਾਰਜ, ਜਿਸ ਨਾਲ ਬੀਤੇ ਪਲਾਂ ਦੀ ਉਮਰ ਲੰਮੇਰੀ ਕੀਤੀ ਜਾ ਸਕਦੀ ਅਤੇ ਆਪਣੇ ਵਿਚੋਂ ਹੀ ਇਕ ਨਵੇਂ ਮਨੁੱਖ ਨੂੰ ਜਨਮ ਦਿਤਾ ਜਾ ਸਕਦਾ।

ਖੇਡਣ ਤੋਂ ਨਾਬਰੀ, ਮਨੁੱਖ ਦੀ ਖੁਦ ਤੋਂ ਆਨਾ-ਕਾਨੀ। ਖੇਡਣ ਵਾਲੇ ਤਾਂ ਸਰੀਰਕ ਕਮਜ਼ੋਰੀਆਂ ਜਾਂ ਘਾਟਾਂ ਨੂੰ ਵੀ ਅਣਗੌਲਿਆ ਕਰ, ਖੇਡ-ਖੇਤਰ ਵਿਚ ਅਹਿਮ ਪ੍ਰਾਪਤੀਆਂ ਦਾ ਸਿਰਨਾਵਾਂ ਬਣਦੇ। ਇਸੇ ਲਈ ਸੰਸਾਰਕ ਪੱਧਰ 'ਤੇ ਪੈਰਾ ਓਲੰਪਿਕ ਖੇਡਾਂ ਕਰਵਾਈਆਂ ਜਾਂਦੀਆਂ, ਜਿਸ ਵਿਚ ਸਰੀਰਕ ਅਪੰਗਤਾ ਨੂੰ ਦੁਰਕਾਰ ਕੇ ਨਵੇਂ ਕੀਰਤੀਮਾਨ ਸਥਾਪਤ ਹੁੰਦੇ। ਖੇਡਣਾ, ਸਵੈ-ਵਿਸ਼ਵਾਸ ਦੀ ਨੀਂਹ, ਮਿਲਵਰਤਨ ਦਾ ਸਬਕ ਅਤੇ ਇਕ ਦੂਜੇ 'ਤੇ ਨਿਰਭਰਤਾ ਨੂੰ ਅਪਨਾਉਣ ਤੇ ਨਿਭਾਉਣ ਦਾ ਵਾਇਦਾ। ਖੇਡਣ ਵਿਚੋਂ ਹੀ ਸਿਰਜੀ ਜਾਂਦੀ ਏ ਸੰਪੂਰਨ ਮਨੁੱਖ ਦੀ ਕਾਮਨਾ, ਜੋ ਕੀਰਤੀ ਰਾਹੀਂ ਆਪਣੀ ਮੰਜ਼ਿਲ ਪ੍ਰਾਪਤ ਕਰਦੀ।

ਖੇਡਣਾ, ਸਿਰਫ ਨਿੱਜ ਲਈ ਹੀ ਨਹੀਂ ਹੁੰਦਾ। ਇਹ ਪਰਿਵਾਰ, ਸਮਾਜ, ਦੇਸ਼ ਜਾਂ ਕੌਮ ਲਈ ਵੀ ਹੁੰਦੈ। ਤਦੇ ਵਧੀਆ ਖਿਡਾਰੀ ਕਿਸੇ ਵੀ ਦੇਸ਼ ਦਾ ਸਭ ਤੋਂ ਵੱਡਾ ਸਰਮਾਇਆ ਕਹੇ ਜਾਂਦੇ। ਖੇਡਣ ਵਿਚ ਰੁਚੀ, ਕਿਸੇ ਖਾਸ ਖਿੱਤੇ, ਮਾਹੌਲ, ਪ੍ਰੇਰਨਾ ਜਾਂ ਪਰਿਵਾਰਕ ਧਾਰਨਾਵਾਂ ਵਿਚੋਂ ਪੈਦਾ ਹੁੰਦੀ ਤਾਂ ਹੀ ਸੰਸਾਰਪੁਰ ਹਾਕੀ ਲਈ, ਮਾਹਿਲਪੁਰ ਫੁੱਟਬਾਲ ਲਈ ਤੇ ਕਪੂਰਥਲਾ ਕਬੱਡੀ/ਬਾਸਕਿਟਬਾਲ ਲਈ ਮਸ਼ਹੂਰ ਹਨ।

ਖੇਡਣ ਨਾਲ ਪਨਪਦਾ ਜੋਸ਼ ਤੇ ਹੌਸਲਾ, ਭਾਵਨਾਵਾਂ ਨੂੰ ਠਰੰਮਾ ਅਤੇ ਬਜੁਰਗਾਂ ਦੀਆਂ ਅਧੂਰਨ ਸੱਧਰਾਂ ਦੀ ਪੂਰਤੀ। ਖੇਡ ਨੂੰ ਮਿਲਦੀ ਰਾਜਨੀਤਕ ਅਤੇ ਧਾਰਮਿਕ ਰਹਿਨੁਮਾਈ। ਗੁਰੂ ਅੰਗਦ ਦੇਵ ਜੀ ਵੱਲੋਂ ਖਡੂਰ ਸਾਹਿਬ ਵਿਚ ਸ਼ੁਰੂ ਕੀਤੀ ਗਈ ਮੱਲ ਅਖਾੜੇ ਦੀ ਪਰੰਪਰਾ, ਪੰਜਾਬੀਆਂ ਨੂੰ ਸਰੀਰਕ ਤਾਕਤ ਬਖਸ਼ਣ ਦੇ ਨਾਲ-ਨਾਲ, ਅਕੀਦੇ ਪ੍ਰਤੀ ਸਮਰਪਣ ਦੀ ਭਾਵਨਾ ਪੈਦਾ ਕਰਨਾ ਵੀ ਸੀ। ਖੇਡਣ ਦੀ ਆਦਤ, ਖੇਡ ਨੂੰ ਦੇਖ ਹੀ ਪੈਦਾ ਹੁੰਦੀ; ਤਾਂ ਹੀ ਖਿਡਾਰੀ ਜਦ ਰੋਲ-ਮਾਡਲ ਬਣ ਕੇ ਕਿਸੇ ਜਵਾਨ ਮਨ ਵਿਚ ਆਪਣੀ ਥਾਂ ਨਿਸ਼ਚਿਤ ਕਰਦੇ ਤਾਂ ਉਹ ਵੀ ਖੇਡਣ ਵੰਨੀ ਰੁਚਿਤ ਹੁੰਦੇ ਅਤੇ ਨਵੀਆਂ ਬੁਲੰਦੀਆਂ ਪ੍ਰਾਪਤ ਕਰਦੇ।

ਖੇਡਣਾ ਧਨ, ਦੌਲਤ, ਸ਼ੁਹਰਤ ਅਤੇ ਰੁਤਬਿਆਂ ਤੋਂ ਇਲਾਵਾ ਅੰਦਰਲੀ ਖੁਸ਼ੀ ਤੇ ਸਕੂਨ ਲਈ ਵੀ ਹੁੰਦਾ, ਕਿਉਂਕਿ ਸਭ ਤੋਂ ਵੱਡਾ ਖਜਾਨਾ ਤਾਂ ਅੰਤਰੀਵੀ ਖੁਸ਼ੀ ਹੀ ਹੁੰਦੀ। ਇਹ ਅਤੋਲਵੀਂ ਤੇ ਅਮੁੱਲ ਹੁੰਦੀ। ਖੇਡਣਾ ਕਈ ਵਾਰ ਖੁਦ ਲਈ ਹੁੰਦਾ, ਪਰ ਕਈ ਵਾਰ ਸਾਡੇ ਮਾਪੇ ਆਪਣੇ ਅਧੂਰਨ ਸੁਪਨਿਆਂ ਦੀ ਪੂਰਤੀ, ਔਲਾਦ ਵਿਚੋਂ ਭਾਲਦਿਆਂ, ਖੇਡਾਂ ਲਈ ਪ੍ਰੇਰਿਤ ਕਰਦੇ ਅਤੇ ਫਿਰ ਬੱਚੇ, ਖੇਡ-ਅੰਬਰ ਦਾ ਤਾਰਾ ਬਣ ਕੇ ਮਾਪਿਆਂ ਦਾ ਨਾਮ ਚਮਕਾਉਂਦੇ।

ਖੇਡਣਾ ਇਕ ਕਲਾ! ਸਰੀਰਕ ਤਾਕਤ ਦੀ ਅਜ਼ਮਾਇਸ਼। ਮਨੁੱਖੀ ਸੋਚ ਵਿਚਲੀ ਸੰਤੁਲਤਾ ਦਾ ਸਫਲ ਪ੍ਰਦਰਸ਼ਨ। ਮਨੁੱਖੀ ਸਰੋਕਾਰਾਂ ਨੂੰ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਦਾ ਸੂਖਮ ਕਾਰਜ। ਖੇਡਣਾ ਹੀ ਸਿਖਾਉਂਦਾ ਕਿ ਹਾਰ ਕੇ ਵੀ ਮਨ ਵਿਚ ਜਿੱਤ ਦਾ ਅਹਿਸਾਸ ਕਿਵੇਂ ਉਪਜਾਉਣਾ? ਕਿਵੇਂ ਕਮੀਆਂ ਨੂੰ ਦੇਖਣਾ ਅਤੇ ਕਮਜ਼ੋਰੀਆਂ ਤੇ ਘਾਟਾਂ 'ਤੇ ਧਿਆਨ ਕੇਂਦਰਤ ਕਰ ਕੇ ਖੁਦ ਨੂੰ ਨਵੀਆਂ ਚੁਣੌਤੀਆਂ ਦੇ ਰੂਬਰੂ ਕਰਨਾ? ਕਿੰਜ ਜਿੱਤ ਕੇ ਵੀ ਨਿਮਰ ਰਹਿਣਾ ਤੇ ਹਾਰਿਆਂ ਨੂੰ ਗਲ ਨਾਲ ਲਾਉਣਾ?

ਖੇਡਣ ਦੀ ਸਭ ਤੋਂ ਵੱਡੀ ਨਸੀਹਤ ਹੈ ਕਿ ਜਿੱਤ ਕਦੇ ਵੀ ਸਿਰ ਨੂੰ ਨਾ ਚੜ੍ਹੇ ਅਤੇ ਹਾਰ ਕਦੇ ਵੀ ਨਿਰਾਸ਼ਾ ਜਾਂ ਉਦਾਸੀ ਦੇ ਆਲਮ ਨੂੰ ਤਾਰੀ ਨਾ ਹੋਣ ਦੇਵੇ। ਸਗੋਂ ਜਿੱਤ ਨਵੇਂ ਦਿਸਹੱਦਿਆਂ ਦੀ ਪ੍ਰਾਪਤੀ ਲਈ ਵੰਗਾਰਦੀ ਰਹੇ, ਜਦੋਂ ਕਿ ਹਾਰਨਾ, ਹੋਰ ਮਿਹਨਤ ਤੇ ਤਾਕਤ ਨਾਲ ਹਾਰਾਂ ਨੂੰ ਜਿੱਤਾਂ ਵਿਚ ਬਦਲਣ ਦਾ ਨਾਮ। ਹਾਰ, ਹਾਰ ਨਹੀਂ ਹੁੰਦੀ। ਮਨੁੱਖ ਸਿਰਫ ਉਦੋਂ ਹੀ ਹਾਰਦਾ, ਜਦ ਉਸ ਦਾ ਹੌਸਲਾ ਤੇ ਸਿਰੜ, ਮੁਕਾਬਲੇ ਦੇ ਹਾਣੀ ਨਹੀਂ ਹੁੰਦੇ। ਮਨੁੱਖ ਦੀ ਹੀ ਕੋਈ ਨਾ ਕੋਈ ਕਮਜ਼ੋਰੀ ਉਸ ਨੂੰ ਹਰਾਉਂਦੀ, ਜਦੋਂ ਕਿ ਕੋਈ ਨਾ ਕੋਈ ਗੁਣ ਉਸ ਨੂੰ ਜਿਤਾਉਂਦਾ।

ਖੇਡ ਵਿਚ ਬਹੁਤ ਕੁਝ ਅਣਕਿਆਸਿਆ ਵਾਪਰਦਾ, ਜਦ ਕੋਈ ਜਿੱਤਦੀ ਧਿਰ ਸਵੈ-ਗੁਮਾਨ ਕਾਰਨ ਹਾਰ ਜਾਂਦੀ ਅਤੇ ਹਾਰਨ ਵਾਲੀ ਧਿਰ ਸਬਰ ਅਤੇ ਸਿਦਕਦਿਲੀ ਨਾਲ ਜਿੱਤ ਨੂੰ ਆਪਣੇ ਨਾਮ ਕਰਦੀ। ਖੇਡ ਨਾਲ ਖਿਡਾਰੀ ਖੁਦ ਨੂੰ ਅਨੁਸ਼ਾਸਿਤ ਕਰਦਾ। ਸਮੇਂ ਦਾ ਪਾਬੰਦ ਹੁੰਦਾ, ਸਾਥੀ ਖਿਡਾਰੀਆਂ ਤੇ ਵਿਰੋਧੀਆਂ ਨਾਲ ਸੁਖਾਵੇਂ ਸਬੰਧ, ਹਰੇਕ ਦਾ ਆਦਰ ਕਰਨਾ ਅਤੇ ਕਿਸੇ ਦੇ ਮਾਣ ਵਿਚੋਂ ਖੁਦ ਦੇ ਸਨਮਾਨ ਦਾ ਸ਼ਰਫ ਬਣਨਾ। ਇਹ ਮਾਣ-ਸਨਮਾਨ ਜਦ ਕੋਈ ਆਪਣੇ ਬਜੁਰਗ ਜਾਂ ਵਡੇਰੇ ਨੂੰ ਅਰਪਿਤ ਕਰਦਾ ਤਾਂ ਇਸ 'ਚੋਂ ਖਿਡਾਰੀ ਵਿਚਲੀ ਬੰਦਿਆਈ ਦੇ ਦਰਸ਼-ਦੀਦਾਰੇ ਹੁੰਦੇ।

ਖੇਡਣ ਨੂੰ ਖਬਤ ਬਣਾਉਣ ਵਾਲੇ ਲੋਕ ਹੀ ਗੁਰਜਾਂ, ਮੈਡਲਾਂ ਜਾਂ ਮਾਨ ਸਨਮਾਨਾਂ ਨੂੰ ਆਪਣੇ ਨਾਮ ਕਰਦੇ, ਜਿਨ੍ਹਾਂ ਦਾ ਤਸੱਵਰ ਉਨ੍ਹਾਂ ਦੀ ਚੇਤਨਾ ਵਿਚ ਕਿਸੇ ਨੇ ਗਾਹੇ-ਬਗਾਹੇ ਧਰਿਆ ਹੁੰਦਾ। ਖੇਡਣਾ ਖਿਆਲ, ਖਚਤ ਅਤੇ ਖਬਤ ਹੁੰਦਾ, ਪਰ ਕਦੇ ਵੀ ਖਹਿਬੜਬਾਜ਼ੀ, ਖਿਲਵਾੜ ਜਾਂ ਖੇਹ ਉਡਾਉਣਾ ਨਹੀਂ ਹੁੰਦਾ। ਖੇਡਣਾ ਜਦ ਰੂਹ ਦੀ ਤਾਸੀਰ ਵਿਚ ਹੁੰਦਾ ਤਾਂ ਮਨੁੱਖ ਖੁਦ ਨੂੰ ਧਿਆਉਂਦਾ, ਸੋਚ-ਅੰਬਰਾਂ ਨੂੰ ਗਾਹੁੰਦਾ, ਸਰਬ-ਗੁਣੀ ਸ਼ਖਸੀ ਧਾਰਨਾ ਨੂੰ ਅੰਤਰ-ਆਤਮਾ ਵਿਚ ਟਿਕਾਉਂਦਾ, ਖੁਦ ਵਿਚੋਂ ਹੀ ਖੁਦ ਦੀ ਖੋਜ ਕਰ, ਖੁਦ ਨੂੰ ਨਵੇਂ ਰੂਪ 'ਚ ਸਮਾਜ ਤੇ ਪਰਿਵਾਰ ਸਾਹਵੇਂ ਪ੍ਰਗਟਾਉਂਦਾ।

ਖੇਡ ਜਦ ਕਿਸੇ ਘਿਨਾਉਣੀ ਚਾਲ ਦਾ ਸ਼ਿਕਾਰ ਹੋ ਜਾਵੇ ਤਾਂ ਅਲਾਮਤਾਂ ਵੀ ਪੈਦਾ ਕਰਦਾ। ਜਾਤੀ ਰੰਜਿਸ਼, ਮਿਥ ਕੇ ਹਾਰਨਾ ਜਿੱਤਣਾ ਜਾਂ ਕਿਸੇ ਦੀ ਸਰੀਰਕ ਸੱਟ ਵਿਚੋਂ ਆਪਣੀ ਪ੍ਰਾਪਤੀ ਨੂੰ ਕਿਆਸਣਾ, ਸਭ ਤੋਂ ਵੱਡਾ ਗੁਨਾਹ। ਖੇਡਿਆ ਸਿਰਫ ਖੇਡ-ਮੈਦਾਨ ਵਿਚ ਹੀ ਨਹੀਂ ਜਾਂਦਾ। ਜਦ ਕੋਈ ਆਮ ਮਨੁੱਖ ਦਾ ਸ਼ੋਸ਼ਣ ਕਰਦਾ, ਧਾਰਮਿਕ ਭਾਵਨਾਵਾਂ ਨਾਲ ਖੇਡਦਾ ਜਾਂ ਜਾਤੀ-ਮੂਲਕ ਧਾਰਨਾਵਾਂ ਨੂੰ ਭੜਕਾ ਕੇ ਨਿੱਜੀ ਮੁਫਾਦ ਦੀ ਪੂਰਤੀ ਕਰਦਾ ਤਾਂ ਉਸ ਖੇਡ ਵਿਚੋਂ ਕੋਫਤ ਆਉਂਦੀ।

ਜਦ ਬੱਚੇ ਦੀ ਮਾਸੂਮੀਅਤ ਤੇ ਕੋਮਲ ਅਹਿਸਾਸਾਂ ਨਾਲ ਖੇਡਦਿਆਂ, ਉਸ ਦਾ ਮਾਨਸਿਕ, ਸਰੀਰਕ ਤੇ ਭਾਵਨਾਤਿਮਕ ਸ਼ੋਸ਼ਣ ਕੀਤਾ ਜਾਂਦਾ ਤਾਂ ਰੋਂਦੇ ਬਚਪਨੇ ਨੂੰ ਵਰਾਉਣਾ ਬਹੁਤ ਔਖਾ ਹੁੰਦਾ। ਬਚਪਨੇ ਦੇ ਅੰਤਰੀਵ 'ਚ ਪਈਆਂ ਝਰੀਟਾਂ ਦੇ ਦਾਗ ਕਦੇ ਨਹੀਂ ਮਿੱਟਦੇ। ਜਦ ਕਿਸੇ ਅਬਲਾ ਦੀ ਚੁੰਨੀ ਨੂੰ ਹਵਾ 'ਚ ਉਛਾਲ ਕੇ, ਜਿਸਮ ਨਾਲ ਖੇਡਿਆ ਜਾਂਦਾ, ਅਜ਼ਮਤ ਨੂੰ ਲੀਰੋ-ਲੀਰ ਕੀਤਾ ਜਾਂਦਾ, ਸਿਰ ਦੇ ਸੰਧੂਰ ਨੂੰ ਮਿਟਾਇਆ ਜਾਂਦਾ ਜਾਂ ਟੁੱਟੇ ਕਲੀਰਿਆਂ 'ਤੇ ਹਿੱਚਕੀ ਦੀ ਮਹਿੰਦੀ ਲਾਈ ਜਾਂਦੀ ਤਾਂ ਫਿਜ਼ਾ ਵਿਚ ਪੈਦਾ ਹੋਇਆ ਕਚਿਆਣ ਤੇ ਕ੍ਰੋਧ, ਸਮੁੱਚੀ ਮਨੁੱਖੀ ਜਾਤੀ ਲਈ ਕਲੰਕ ਬਣਦਾ।

ਜਦ ਕੋਈ ਪਾਖੰਡੀ ਆਪਣੇ ਸ਼ਰਧਾਲੂਆਂ ਨੂੰ ਮਾਨਸਿਕ ਤੌਰ 'ਤੇ ਅਗਵਾ ਕਰ, ਉਨ੍ਹਾਂ ਦੀ ਆਸਥਾ ਨਾਲ ਖੇਡਦਾ, ਸੱਚੀਆਂ-ਸੁੱਚੀਆਂ ਭਾਵਨਾਵਾਂ ਨਾਲ ਖਿਲਵਾੜ ਕਰਦਾ ਅਤੇ ਅਕੀਦਤ ਨੂੰ ਅਡੰਬਰਤਾ ਬਣਾਉਂਦਾ ਤਾਂ ਮਨੁੱਖਤਾ ਜ਼ਾਰੋ-ਜ਼ਾਰ ਰੋਂਦੀ। ਅਜਿਹੀ ਕਰਤੂਤੀ ਖੇਡ ਨੂੰ ਕਿਹੜੀ ਖੇਡ ਕਹੋਗੇ, ਜਦ ਕੋਈ ਕਿਸੇ ਦੀ ਜਿਸਮਾਨੀ, ਮਾਨਸਕ ਅਤੇ ਆਤਮਕ ਕੰਗਾਲੀ ਦੀ ਕੁਲਹਿਣੀ ਰੰਗਤ ਨੂੰ, ਫਿੱਕੜੇ ਚੋਲੇ ਦਾ ਮਜੀਠੀ ਰੰਗ ਬਣਾਉਣ ਲਈ ਰੁਚਿਤ ਹੋ ਜਾਵੇ। ਖੇਡ ਜਦ ਖਿਲਵਾੜ ਬਣਦੀ ਤਾਂ ਕਹਿਰ ਢਾਹੁੰਦੀ। ਅਜਿਹਾ ਹੀ ਪਾਲਣਹਾਰੀ ਕੁਦਰਤ ਦੀਆਂ ਨਿਹਮਤਾਂ ਨਾਲ ਖੇਡਣ ਵਾਲਿਆਂ ਨੇ ਕਾਇਨਾਤ ਵਿਚ ਅਸੰਤੁਲਨ ਪੈਦਾ ਕਰਕੇ ਕੀਤਾ ਹੈ, ਜਿਸ ਦਾ ਹਰਜਾਨਾ ਮਨੁੱਖ ਭੁਗਤ ਰਿਹਾ।

ਖੇਡਣਾ ਹੈ ਤਾਂ ਰੰਗਾਂ ਨਾਲ ਖੇਡੋ, ਜਿਸ ਵਿਚੋਂ ਉਪਜਦੀਆਂ ਨੇ ਕਲਾ-ਕਿਰਤਾਂ। ਮਿਹਨਤ ਨੂੰ ਪ੍ਰਾਪਤੀਆਂ 'ਤੇ ਨਾਜ਼ ਹੁੰਦਾ। ਕਲਾ-ਕਿਰਤਾਂ ਦਰਸ਼ਕਾਂ ਲਈ ਸੁਖਨ, ਸਹਿਜ ਅਤੇ ਕਲਾ-ਬਿਰਤੀ ਦੇ ਰੱਜ ਦਾ ਪ੍ਰਤੀਕ ਹੁੰਦਾ। ਖੇਡਣਾ ਹੈ ਤਾਂ ਖੇਡੋ ਹਰਫਾਂ ਨਾਲ। ਇਨ੍ਹਾਂ ਵਿਚ ਸਮੋਏ ਹੋਏ ਅਰਥਾਂ ਨਾਲ ਅਤੇ ਅਰਥਾਂ ਵਿਚੋਂ ਫੁੱਟਦੀਆਂ ਕਿਰਨਾਂ ਨਾਲ ਖੇਡੋ ਤਾਂ ਕਿ ਇਹ ਕਿਰਨਾਂ ਆਪਣੀ ਬੇਨਿਆਜ਼ੀ ਰਾਹੀਂ ਮਾਨਵ ਨੂੰ ਤਰਜ਼ੀਹਾਂ ਨਿਸ਼ਚਿਤ ਕਰਨ ਅਤੇ ਉਚਤਮ ਤਦਬੀਰਾਂ ਰਾਹੀਂ ਤਕਦੀਰ ਨੂੰ ਰੌਸ਼ਨ-ਰੰਗੀ ਬਣਾ ਸਕਣ। ਖੇਡਣਾ ਹੈ ਤਾਂ ਉਨ੍ਹਾਂ ਕਿਤਾਬਾਂ ਨੂੰ ਆਪਣੇ ਖੇਡ-ਆੜੀ ਬਣਾਓ, ਜਿਨ੍ਹਾਂ ਵਿਚੋਂ ਨਿਕਲਦੀ ਸ਼ਬਦ-ਜੋਤ ਆਲੇ-ਦੁਆਲੇ ਵਿਚ ਚਾਨਣ ਦਾ ਛਿੜਕਾਅ ਕਰੇ ਅਤੇ ਇਨ੍ਹਾਂ ਕਿਰਨਈ ਕ੍ਰਿਸ਼ਮਿਆਂ ਨੂੰ ਰੂਹ-ਰੇਜ਼ਤਾ ਦੇ ਨਾਮ ਕਰ, ਸਮਿਆਂ ਨੂੰ ਨਵੀਂ ਦਿੱਖ ਤੇ ਦ੍ਰਿਸ਼ਟੀ ਪ੍ਰਦਾਨ ਕਰੇ। ਧਨ-ਦੌਲਤ ਵਿਚ ਖੇਡਣ ਵਾਲੇ ਜ਼ਿਆਦਾਤਰ ਲੋਕ ਮਾਨਵਤਾ ਦਾ ਮਰਸੀਆ ਪੜ੍ਹਦੇ। ਉਨ੍ਹਾਂ ਦੇ ਮਨਾਂ ਵਿਚ ਨਹੀਂ ਹੁੰਦਾ ਲੋਕਾਈ ਦਾ ਦਰਦ, ਸਿੰਮਦੀ ਨਹੀਂ ਅੱਖ ਕਿਸੇ ਦੀ ਪੀੜ 'ਚ, ਪਸੀਜਦਾ ਨਹੀਂ ਮਨ ਕਿਸੇ ਦੀ ਅਣਿਆਈ ਮੌਤ 'ਤੇ ਅਤੇ ਪੰਛੀ ਦੀ ਵਿਲਕਦੀ ਆਂਦਰ ਦਾ ਦੁੱਖ ਸਮਝਣ ਤੋਂ ਬੇਲਾਗ ਤੇ ਬੇਦਰਦ। ਲਾਹਨਤ ਹੈ ਅਜਿਹੀ ਖੇਡ-ਮਸਤੀ 'ਤੇ, ਜਦ ਉਹਦੇ ਵਿਚੋਂ ਮਨੁੱਖੀ ਭਾਵਨਾਵਾਂ ਦਾ ਮਾਤਮ ਹੁਆਂਕਦਾ ਹੋਵੇ।

ਖੇਡਣਾ ਸਿਰਫ ਖੇਡਣ ਲਈ ਹੀ ਨਹੀਂ ਹੁੰਦਾ। ਇਹ ਤਾਂ ਸਮੁੱਚ ਦਾ ਪ੍ਰਗਟਾਵਾ, ਸ਼ਖਸੀ ਬਿੰਬ, ਵਿਅਕਤੀਤਵ ਦਾ ਪ੍ਰਦਰਸ਼ਨ, ਵਿਰਾਸਤੀ ਦਿੱਖ ਅਤੇ ਜੜ੍ਹਾਂ ਦਾ ਝਲਕਾਰਾ। ਸੋ ਖੇਡਣ ਦੌਰਾਨ ਜਰੂਰੀ ਹੈ ਕਿ ਮਨੁੱਖ ਪਾਰਦਰਸ਼ੀ ਹੋਵੇ। ਉਸ ਦੇ ਵਿਚੋਂ ਉਹ ਮਨੁੱਖ ਹੀ ਨਜ਼ਰ ਆਵੇ, ਜੋ ਉਸ ਦੇ ਅੰਦਰ ਰੁਕਦਾ, ਦੌੜਦਾ, ਸੌਂਦਾ, ਜਾਗਦਾ, ਹੱਸਦਾ ਅਤੇ ਰੋਂਦਾ ਹੈ। ਖਾਂਦਾ, ਪੀਂਦਾ, ਥੀਂਦਾ ਤੇ ਜੀਂਦਾ ਹੈ। ਸਰਬਮੁਖੀ ਸੁੱਚਤਾ ਬਹੁਤ ਅਹਿਮ ਹੁੰਦੀ ਹੈ ਖੇਡ ਵਿਚ। ਭਾਵੇਂ ਉਹ ਆਪਣੇ ਬੱਚਿਆਂ ਨਾਲ ਬਚਪਨੀ ਖੇਡ ਹੋਵੇ, ਨਵ-ਵਿਆਹੇ ਜੋੜੇ ਦਾ ਕੰਗਣਾ ਖੇਡਣਾ ਹੋਵੇ, ਸਖੀਆਂ ਨਾਲ ਖੇਡਣਾ ਹੋਵੇ ਜਾਂ ਆਪਣੇ ਆਪ ਨਾਲ ਖੇਡਣਾ ਹੋਵੇ। ਜਰੂਰੀ ਹੁੰਦਾ ਹੈ ਸਮਰਪਣ, ਸਿਦਕ-ਸਬੂਰੀ, ਸਿਰੜ-ਸਾਧਨਾ ਅਤੇ ਸਾਂਝੀਵਾਲਤਾ ਕਿਸੇ ਵੀ ਖੇਡ ਵਿਚ।

ਖੇਡਣਾ, ਮਨ ਦਾ ਅਭਿਆਸ। ਖੁੱਲ੍ਹੀ ਹਵਾ ਨੂੰ ਫੇਫੜਿਆਂ 'ਚ ਭਰਨ ਦਾ ਰਿਆਜ਼। ਦਿਲ ਦੀਆਂ ਗੱਲਾਂ ਹਮਜੋਲੀਆਂ ਨਾਲ ਫਰੋਲਣਾ। ਕੁਝ ਸੋਚਣਾ, ਕੁਝ ਹੱਸਣਾ, ਕੁਝ ਯੋਜਨਾਬੰਦੀ। ਕਦੇ ਹਮਲਾਵਰ ਰੁਖ ਤੇ ਕਦੇ ਸੁਰੱਖਿਆ ਨੀਤੀ। ਕਦੇ ਕਾਹਲ ਤੇ ਕਦੇ ਠਹਿਰਾਅ। ਬਹੁਤ ਗੁਣ ਹੁੰਦੇ ਨੇ ਖਿਡਾਰੀ ਵਿਚ। ਸੱਚੇ-ਸੁੱਚੇ, ਨਿਮਰ ਤੇ ਮਾਸੂਮ ਅਤੇ ਪਾਕੀਜ਼ਗੀ ਵਿਚ ਰਮੇ। ਖੇਡ ਨੂੰ ਆਪਣਾ ਇਸ਼ਟ ਮੰਨਣ ਵਾਲੇ ਹੁੰਦੇ ਨੇ ਇਹ ਲੋਕ। ਖੇਡਣ ਦੀ ਆਦਤ ਬਹੁਤ ਸਾਜ਼ਗਾਰ ਉਦਮ ਅਤੇ ਸਾਰਥਕ ਹੰਭਲਾ। ਇਸ ਵਿਚੋਂ ਹੀ ਅਸੀਮ ਸੰਭਾਵਨਾਵਾਂ, ਅਦਿੱਖ ਸਫਲਤਾਵਾਂ ਅਤੇ ਅਣਦੇਖੀਆਂ ਸਰੀਰਕ ਕਿਰਿਆਵਾਂ ਨੂੰ ਜੀਵਨ ਦਾ ਹਿੱਸਾ ਬਣਾ ਸਕਦੇ ਹਾਂ।

ਖੇਡਣਾ, ਜਰੂਰੀ ਅੰਗ ਹੈ ਸਰੀਰਕ ਕਿਰਿਆਵਾਂ ਦਾ। ਸਰੀਰ ਦੀ ਹੋਂਦ ਤੇ ਹਸਤੀ ਲਈ, ਨਿੱਗਰਤਾ ਤੇ ਨਰੋਏਪਣ ਲਈ, ਸਥਿੱਰ ਅਤੇ ਸਦੀਵੀ ਅਰੋਗਤਾ ਲਈ। ਜਵਾਨ ਰਹਿਣ ਲਈ ਉਮਰ ਨਹੀਂ, ਸਗੋਂ ਦਿਲ ਤੇ ਮਨ ਦਾ ਜਵਾਨ ਰਹਿਣਾ ਅਤੇ ਚੜ੍ਹਦੀ ਕਲਾ ਵਿਚ ਰਹਿਣਾ ਬਹੁਤ ਜਰੂਰੀ। ਖੇਡਣਾ, ਉਮਰ ਦਾ ਮੁਥਾਜ ਨਹੀਂ। ਕਿਸੇ ਵੀ ਉਮਰ ਵਿਚ ਕੋਈ ਵੀ ਖੇਡ ਸ਼ੁਰੂ ਕੀਤੀ ਜਾ ਸਕਦੀ, ਜੋ ਵਿਅਕਤੀ ਦੀ ਸਰੀਰਕ, ਮਾਨਸਿਕ ਅਤੇ ਆਤਮਿਕ ਲੋੜ ਅਨੁਸਾਰ ਹੋਵੇ। ਕਿਸੇ ਵੀ ਸਮੇਂ ਵਿਚ ਕੁਝ ਵੀ ਪ੍ਰਾਪਤ ਕੀਤਾ ਜਾ ਸਕਦਾ ਅਤੇ ਅਪਹੁੰਚ ਪ੍ਰਾਪਤੀਆਂ ਨੂੰ ਆਪਣਾ ਹਾਸਲ ਬਣਾਇਆ ਜਾ ਸਕਦਾ। ਖੇਡਣ ਦੇ ਖਬਤ 'ਚੋਂ ਹੀ ਬਾਬਾ ਫੌਜਾ ਸਿੰਘ ਨੇ ਸੌ ਸਾਲ ਤੋਂ ਵਡੇਰੀ ਉਮਰ ਤੀਕ ਮੈਰਾਥਨ ਦੌੜ 'ਚ ਇਤਿਹਾਸ ਸਿਰਜਿਆ। ਉਸ ਨੇ ਦੌੜਨਾ ਹੀ 89 ਸਾਲ ਤੋਂ ਬਾਅਦ ਸ਼ੁਰੂ ਕੀਤਾ ਸੀ। ਬੀਬੀ ਮਾਨ ਕੌਰ ਨੂੰ ਵੀ ਇਸ ਸ਼੍ਰੇਣੀ ਵਿਚ ਸ਼ਾਮਲ ਹੈ। ਇਹ ਤਾਂ ਮਨ ਦੀ ਪਕਿਆਈ, ਇਰਾਦੇ ਵਿਚਲਾ ਹੱਠ ਅਤੇ ਕੁਝ ਕਰਨ ਦਾ ਜਨੂਨ ਹੁੰਦਾ, ਜੋ ਸਫਲਤਾ ਦਾ ਮੂਲ ਆਧਾਰ ਬਣਦਾ।

ਖੇਡੋ, ਖੁਦ ਦੀ ਸਮਰੱਥਾ, ਸਾਧਨਾ ਅਤੇ ਸਿਦਕ ਨਾਲ ਤਾਂ ਕਿ ਤੁਸੀਂ ਮਨ ਦੀ ਦ੍ਰਿੜਤਾ ਦੀਆਂ ਅਸੀਮਤ ਪਰਤਾਂ ਵਿਚੋਂ ਉਹ ਪਰਤ ਦਿਖਲਾ ਸਕੋ, ਜੋ ਅਜੇ ਤੀਕ ਸਮਾਜ ਦੇ ਸਾਹਮਣੇ ਨਹੀਂ ਆਈ। ਸਾਹਿਤਕ, ਖੋਜ, ਵਿਦਿਆ-ਪ੍ਰਾਪਤੀ, ਕਲਾ ਸਿੱਖਣ ਅਤੇ ਰਾਜਸੀ ਖੇਤਰ ਵਿਚ ਬਹੁਤ ਸਾਰੀਆਂ ਸ਼ਖਸੀਅਤਾਂ ਨੇ ਉਮਰ ਦੇ ਆਖਰੀ ਪੜਾਅ 'ਤੇ ਨਵੀਂ ਬੁਲੰਦਗੀ ਹਾਸਲ ਕੀਤੀ। ਖੇਡਣਾ ਜਦ ਸਵਾਂਗ ਬਣ ਕੇ ਭਗਤਾਂ ਨੂੰ ਆਪਣੇ ਇਸ਼ਾਰਿਆਂ 'ਤੇ ਨਚਾਵੇ ਤਾਂ ਕਈ ਵਾਰ ਅਜਿਹੇ ਬਾਬਿਆਂ ਨੂੰ ਸਲਾਖਾਂ ਦੀ ਮਹਿਮਾਨ-ਨਿਵਾਜੀ ਵੀ ਨਸੀਬ ਹੁੰਦੀ।

ਖੇਡਣਾ, ਬੱਚਿਆਂ ਲਈ ਸਭ ਤੋਂ ਵੱਡੀ ਇਨਾਇਤ ਤੇ ਪਾਠਸ਼ਾਲਾ। ਬਹੁਤ ਕੁਝ ਸਿੱਖਣ ਤੇ ਸਮਝਣ ਦਾ ਆਧਾਰ, ਜੋ ਦੇਂਦਾ ਏ ਉਨ੍ਹਾਂ ਦੇ ਵਿਅਕਤੀਤਵ ਨੂੰ ਵਿਸਥਾਰ। ਵਧੀਆ ਮਨੁੱਖ ਬਣਨ ਲਈ ਪਹਿਲੀ ਪੌੜੀ ਹੈ ਖੇਡਣਾ। ਖੇਡ ਦਾ ਲੁਤਫ ਉਠਾਓ। ਜਿੱਤਣ ਜਾਂ ਹਾਰਨ ਦੀ ਪ੍ਰਵਾਹ ਨਾ ਕਰੋ, ਕਿਉਂਕਿ ਖੇਡਣਾ ਸਿਰਫ ਜਿੱਤਣਾ ਜਾਂ ਹਾਰਨਾ ਹੀ ਨਹੀਂ ਹੁੰਦਾ। ਇਸ ਤੋਂ ਇਲਾਵਾ ਵੀ ਬਹੁਤ ਕੁਝ ਝੋਲੀ ਵਿਚ ਪੈਂਦਾ ਹੈ ਖੇਡਣ ਸਦਕਾ। ਖੇਡ ਦੌਰਾਨ ਅਚੇਤ/ਸੁਚੇਤ ਰੂਪ ਵਿਚ ਬਹੁਤ ਸਾਰੀਆਂ ਘਤਿੱਤਾਂ, ਘਾੜਤਾਂ ਤੇ ਘੁੰਣਤਰਾਂ ਵੀ ਘੜੀਆਂ ਜਾਂਦੀਆਂ, ਜਿੱਤ ਨੂੰ ਸੁਨਿਸ਼ਚਿਤ ਕਰਨ ਲਈ, ਪਰ ਇਹ ਹੈ ਖੇਡ ਭਾਵਨਾ ਦੇ ਵਿਪਰੀਤ। ਖੇਡਣਾ, ਖੁਦ ਨੂੰ ਭੁੱਲਣਾ, ਸਰੀਰਕ ਸੱਟਾਂ ਤੋਂ ਲਾਪ੍ਰਵਾਹੀ, ਬਿਹਤਰੀਨ ਪ੍ਰਦਰਸ਼ਨ ਲਈ ਹਰ ਸੰਭਵ ਕੋਸ਼ਿਸ਼ ਅਤੇ ਸਾਰੀ ਤਾਕਤ ਨੂੰ ਖੇਡ ਦੇ ਨਾਮ ਕਰਨਾ।

ਸਮਾਂ ਜਰੂਰ ਕੱਢਣਾ ਪਾਲਤੂ ਜਾਨਵਰਾਂ ਜਾਂ ਪਰਿੰਦਿਆਂ ਨਾਲ ਖੇਡਣ ਲਈ, ਰਾਹਤ ਮਿਲੇਗੀ। ਸਾਰੇ ਦਿਨ ਦੀ ਥਕਾਵਟ ਲੱਥ ਜਾਵੇਗੀ ਅਤੇ ਤਰੋਤਾਜ਼ਾ ਹੋ ਨਵੀਂ ਸ਼ੁਰੂਆਤ ਕਰ ਸਕੋਗੇ। ਬੱਚਿਆਂ ਨਾਲ ਖੇਡ ਕੇ ਵਕਤ ਨੂੰ ਸਾਰਥਿਕ ਕਰੋ। ਬੱਚਿਆਂ ਨਾਲ ਮੋਹ ਦੀਆਂ ਤੰਦਾਂ ਮਜ਼ਬੂਤ ਹੋਣਗੀਆਂ। ਬੱਚਿਆਂ ਦੇ ਬਹੁਤ ਨਜ਼ਦੀਕ ਹੋ ਕੇ ਉਨ੍ਹਾਂ ਦੀ ਮਾਨਸਿਕਤਾ ਪੜ੍ਹ ਸਕੋਗੇ। ਤਿੱਤਲੀਆਂ ਨਾਲ ਖੇਡਦੇ ਬੱਚਿਆਂ ਨੂੰ ਦੇਖਣਾ, ਉਨ੍ਹਾਂ ਦੀ ਬਚਪਨੀ ਬੇਪ੍ਰਵਾਹੀ, ਮੁਖੜੇ 'ਤੇ ਖੇੜੇ ਅਤੇ ਖੁਸ਼ੀ ਦੀ ਆਭਾ, ਤੁਹਾਨੂੰ ਵੀ ਜਿਉਣ ਜੋਗਾ ਕਰ ਦੇਵੇਗੀ।

*(ਬਾਕੀ ਅਗਲੇ ਸਫੇ 'ਤੇ)*






*ਪੰਜਾਬ ਟਾਈਮਜ਼ ਨਾਈਟ-2018 ਮੌਕੇ ਡਾ. ਗੁਰਬਖਸ਼ ਸਿੰਘ ਭੰਡਾਲ (ਐਨ ਸੱਜੇ) ਅਤੇ ਹੋਰ ਸ਼ਖਸੀਅਤਾਂ-ਪ੍ਰੋ. ਜੋਗਿੰਦਰ ਸਿੰਘ ਰਮਦੇਵ, ਕਹਾਣੀਕਾਰ ਵਰਿਆਮ ਸਿੰਘ ਸੰਧੂ ਤੇ ਪ੍ਰਿੰ. ਸਰਵਣ ਸਿੰਘ ਦੇ ਸਨਮਾਨ ਦੀ ਇਕ ਯਾਦ*

# ਡਾਰੋਂ ਵਿਛੜੀ ਕੂੰਜ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਮਨੁੱਖਤਾ ਦਾ ਹਰ ਰਿਸ਼ਤਾ ਪਿਆਰਾ, ਅਹਿਮ ਤੇ ਵਿਲੱਖਣ ਹੁੰਦਾ ਹੈ। ਹਰ ਰਿਸ਼ਤੇ ਦੀ ਆਪਣੀ ਸਮਾਜੀ, ਪਰਿਵਾਰਕ ਤੇ ਦੁਨਿਆਵੀ ਖਾਸੀਅਤ, ਪਛਾਣ ਤੇ ਅਹਿਮੀਅਤ ਹੈ: ਮਾਂ-ਪੁੱਤ, ਪਿਓ-ਧੀ, ਭੈਣ-ਭਰਾ ਅਤੇ ਪਤੀ-ਪਤਨੀ ਆਦਿ। ਪਰਿਵਾਰ ਨੂੰ ਅਸੀਂ ਇਕਾਈ ਮੰਨ ਲਈਏ ਤਾਂ ਨਵ ਜੰਮੇ ਬੱਚੇ ਦੀ ਸਾਂਝ ਮਾਂ-ਪਿਓ ਤੱਕ ਹੀ ਸੀਮਤ ਹੁੰਦੀ ਹੈ। ਜਦੋਂ ਜ਼ਰਾ ਵੱਡਾ ਹੁੰਦਾ ਤਾਂ ਭੈਣਾਂ ਭਰਾਵਾਂ 'ਚ ਰਲ, ਆਪਣੇ ਮਾਂ-ਪਿਓ ਦੀ ਸ਼ਤਰ ਛਾਇਆ ਹੇਠ ਜ਼ਿੰਦਗੀ ਦੇ ਪੌਦੇ ਦਾ ਵਿਕਾਸ ਕਰਦਾ ਹੈ। ਅੱਗੇ ਜਾ ਕੇ ਭਰ ਜਵਾਨੀ ਦੇ ਦੌਰ ਵਿਚ ਉਸ ਨੂੰ ਕੁਝ ਘਾਟ ਜਿਹੀ ਮਹਿਸੂਸ ਹੋਣ ਲੱਗਦੀ ਹੈ, ਜੋ ਵਿਰੋਧੀ ਲਿੰਗ ਪ੍ਰਤੀ ਪਿਆਰ-ਖਿੱਚ ਦੀਆਂ ਤਰੰਗਾਂ ਪੈਦਾ ਕਰਦੀ ਹੈ; ਉਸ ਘਾਟ ਨੂੰ ਪੂਰਾ ਕਰਨ ਲਈ ਉਹ ਆਪਣੀ ਪਹੁੰਚ ਦੇ ਚਾਰ ਚੁਫੇਰੇ ਜਾਲ ਸੁੱਟਦਾ। ਕਈ ਵਾਰੀ ਤਾਂ ਉਹ ਜਾਲ ਸੁੱਟਿਆ ਪਹਿਲੀ ਵਾਰੀ ਹੀ ਇੰਨਾ ਸਫਲ ਤੇ ਕਾਮਯਾਬ ਹੁੰਦਾ ਕਿ ਆਉਣ ਵਾਲੀ ਸਾਰੀ ਜ਼ਿੰਦਗੀ ਲਈ, ਇਹ ਕਦਮ ਇੱਕ ਚਾਨਣ ਮੁਨਾਰਾ ਸਿੱਧ ਹੁੰਦਾ ਤੇ ਵਿਆਹੁਤਾ ਜੀਵਨ ਸਫਲਤਾ ਪੂਰਵਕ ਤੋੜ ਤੱਕ ਨਿਭਦਾ; ਤੇ ਕਈ ਵਾਰੀ ਇਹ ਜਾਲ ਇੰਨਾ ਘੁੰਮਣ ਘੇਰੀਆਂ 'ਚ ਪਾਉਂਦਾ ਕਿ ਜੀਵਨ ਰੂਪੀ ਕਿਸ਼ਤੀ ਸਮੁੰਦਰ ਰੂਪੀ ਸਮਾਜ 'ਚ ਅਜਿਹੀਆਂ ਬਿਪਤਾਵਾਂ ਅਤੇ ਤੁਫਾਨਾਂ ਵਿਚ ਫਸ ਜਾਂਦੀ ਹੈ ਕਿ ਅੱਬਲ ਤਾਂ ਸਖਤ ਤੇ ਤੇਜ਼ ਝੱਖੜ ਸਾਹਵੇਂ ਉਹ ਪਹਾੜ ਜਿੱਡੀਆਂ ਮੁਸ਼ਕਿਲਾਂ ਦਾ ਨਾ ਮੁਕਾਬਲਾ ਕਰਦੀ ਹੋਈ ਸਾਗਰ 'ਚ ਹੀ ਗਰਕ ਹੋ ਜਾਂਦੀ ਹੈ, ਤੇ ਜੇ ਕਿਤੇ ਇਤਫਾਕਨ ਬਚ ਜਾਏ ਤਾਂ ਉਹ ਨਕਾਰਾ ਹੋਈ ਲੰਗੜੀ ਕਿਸ਼ਤੀ ਸਦਾ ਲਈ ਨਾਕਾਮ ਹੋ ਕੇ ਰਹਿ ਜਾਂਦੀ ਹੈ।

ਔਰਤ ਅਤੇ ਮਰਦ ਨੂੰ ਪੈਦਾ ਹੋਣ ਤੋਂ ਲੈ ਕੇ ਜਵਾਨ ਹੋਣ ਤੱਕ ਇਨ੍ਹਾਂ ਹਾਲਤਾਂ ਦੇ ਇਮਤਿਹਾਨ ਵਿਚ ਦੀ ਇੱਕ ਵਾਰੀ ਜਰੂਰ ਵਿਚਰਨਾ ਪੈਂਦਾ ਹੈ ਤੇ ਇਸ ਇਮਤਿਹਾਨ ਦਾ ਨਤੀਜਾ ਚਾਨਣ ਮੁਨਾਰਾ, ਕੌੜਾ ਤਜ਼ਰਬਾ ਜਾਂ ਘੋਰ ਨਿਰਾਸ਼ਾ ਦਾ ਸਾਹਮਣਾ ਕਰਨ ਵਾਲਾ ਹੋ ਸਕਦਾ ਹੈ। ਚਾਨਣ ਮੁਨਾਰਾ ਪ੍ਰਥਮ ਸਥਾਨ ਹੈ, ਅਜਿਹੀ ਸਥਿਤੀ ਵਾਲਾ ਜੋੜਾ ਵਧੀਆ ਤੇ ਸੁਖਾਵੀਂ ਜ਼ਿੰਦਗੀ ਬਸਰ ਕਰ ਸਕਦਾ ਹੈ; ਕੌੜਾ ਤਜ਼ਰਬਾ ਹੋਣ ਵਾਲੇ ਇਨਸਾਨ ਨੂੰ ਵੀ ਘੱਟ ਅਹਿਮੀਅਤ ਨਹੀਂ ਦਿੱਤੀ ਜਾ ਸਕਦੀ, ਜੇ ਉਹ ਇਸ ਤਜ਼ਰਬੇ ਤੋਂ ਬਹੁਤ ਕੁਝ ਸਿੱਖ ਕੇ ਆਉਣ ਵਾਲੀ ਜ਼ਿੰਦਗੀ 'ਚ ਕਈ ਅਸੂਲ ਸਾਹਵੇਂ ਮਿਥ, ਸਮਾਜ 'ਚ ਵਿਚਰਨਾ ਸ਼ੁਰੂ ਕਰ ਦਏ; ਪਰ ਘੋਰ ਨਿਰਾਸ਼ਾ ਵਾਲੇ ਇਨਸਾਨ ਦੀ ਹਾਲਤ ਇੰਨੀ ਗਰੀਬ ਤੇ ਤਰਸਯੋਗ ਹੁੰਦੀ ਹੈ ਕਿ ਉਸ ਨੂੰ ਚਾਰ-ਚੁਫੇਰੇ ਹਨੇਰਾ ਹੀ ਦਿਸਦਾ ਹੈ। ਪਤਾ ਨਹੀਂ ਚੌਗਿਰਦੇ ਨੇ ਉਸ ਨੂੰ ਨਹੀਂ ਸਮਝਿਆ ਜਾਂ ਉਹ ਚੌਗਿਰਦੇ ਨੂੰ ਨਹੀਂ ਸਮਝ ਸਕਿਆ। ਖੈਰ ਇੱਕ ਨੂੰ ਤਾਂ ਗਲਤ ਫਹਿਮੀ ਹੈ।

ਇਸ ਦਾ ਸਿੱਟਾ ਕੀ ਹੁੰਦਾ ਹੈ? ਸਮਾਜ ਦੀ ਨਿਗ੍ਹਾ 'ਚ ਉਹ ਗਿਰਿਆ ਮਹਿਸੂਸ ਕਰਦਾ ਹੈ; ਸਮਾਜ ਦੀ ਹਰ ਸ਼ੈਅ ਉਸ ਨੂੰ ਭੈੜੀ ਅਤੇ ਡਰਾਉਣੀ ਲਗਦੀ ਹੈ। ਉਹ ਹਰ ਪਾਸੇ ਸਹਾਰਾ ਲੱਭਦਾ ਹੈ, ਕੋਈ ਆਸਰਾ ਟੋਲਦਾ ਹੈ, ਸਭ ਕੋਸ਼ਿਸ਼ਾਂ ਉਸ ਦੀਆਂ ਬੇਅਰਥ ਜਾਂਦੀਆਂ ਤੇ ਇੱਕ ਬਹੁਤ ਵੱਡਾ ਪਾੜਾ ਹੁੰਦਾ ਵਿਚਕਾਰ, ਜਾਂ ਤਾਂ ਉਹ ਸਮਾਜ ਤੋਂ ਬਹੁਤ ਉੱਪਰ ਉੱਠ ਕੇ ਸੋਚਦਾ ਤੇ ਸਮਾਜ ਥੱਲੇ ਰਹਿ ਜਾਂਦਾ, ਜਾਂ ਸਮਾਜ ਅਗਾਂਹ ਹੁੰਦਾ ਅਤੇ ਉਹ ਪਿੱਛੇ; ਜਾਂ ਇੰਜ ਕਹਿ ਲਈਏ ਕਿ ਆਪ ਰੂੜ੍ਹੀਵਾਦੀ ਖਿਆਲ ਦਾ ਅਤੇ ਸਮਾਜ ਤੋਂ ਪਿੱਛੇ, ਭਾਵ ਇਸਤਰੀ ਅਗਾਂਹ ਵਧੂ ਖਿਆਲਾਂ ਦੀ ਅਤੇ ਉਸ ਦਾ ਆਪ ਪਿਛਾਂਹ ਖਿਚੂ ਹੋਣਾ ਵੀ ਜੀਵਨ ਨੂੰ ਨਰਕ ਬਣਿਆ ਲੱਗਣ ਲਾ ਦਿੰਦਾ ਹੈ। ਸਮਾਜ ਤੋਂ ਅੱਗੇ ਅਤੇ ਪਿੱਛੇ ਦੋਹਾਂ ਹਾਲਤਾਂ ਵਾਲਿਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਸਮਾਜ ਵਿਚ ਵਿਚਰਨ ਲਈ ਢੁਕਵੀਂ ਅਤੇ ਸਹੀ ਥਾਂ ਸਮਾਜ ਤੋਂ ਪਿੱਛੇ ਰਹਿ ਕੇ ਚੱਲਣਾ ਨਹੀਂ, ਸਗੋਂ ਥੋੜ੍ਹਾ ਜਿਹਾ ਇਸ ਤੋਂ ਅੱਗੇ ਰਹਿ ਕੇ ਹੈ। ਜ਼ਿੰਦਗੀ ਉਤਰਾਵਾਂ ਚੜ੍ਹਾਵਾਂ ਦਾ ਸੁਮੇਲ ਹੈ, ਤਵਾਜ਼ਨ ਰੱਖ ਕੇ ਜੀਵਨ ਜਿਉਣਾ ਚੁਣੌਤੀਆਂ ਭਰਿਆ ਹੁੰਦਾ ਹੈ, ਇਸ ਲਈ ਸਹੀ ਲੀਹੇ ਰਹਿਣ ਲਈ ਬਹੁਤ ਸੰਜੀਦਗੀ ਦੀ ਲੋੜ ਹੈ: ਜਰਾ ਵੀ ਇਸ ਲੀਹ ਤੋਂ ਉੱਖੜੇ ਤਾਂ ਪੈ ਗਈ ਗੱਡੀ ਕੁਚਾਲੇ; ਕੁਚਾਲੇ ਪਈ ਗੱਡੀ ਬਹੁਤੀ ਦੂਰ ਨਹੀਂ ਜਾ ਸਕਦੀ, ਸਗੋਂ ਮੂਹਰੇ ਆਉਂਦਿਆਂ ਟੋਇਆਂ ਟਿੱਬਿਆਂ ਵਿਚ ਫਸ ਕੇ ਰੁਕ ਜਾਏਗੀ। ਅੱਜ ਕੱਲ੍ਹ ਵਿਆਹਾਂ ਉਪਰੰਤ ਤਲਾਕ ਹੋ ਜਾਣਾ ਆਮ ਗੱਲ ਹੈ, ਵਿਆਹ ਤੋੜ ਘੱਟ ਚੜ੍ਹਦੇ ਹਨ ਤੇ ਟੁੱਟਦੇ ਜ਼ਿਆਦਾ ਹਨ। ਨਵੀਆਂ ਤਰੱਕੀਆਂ ਤਾਂ ਜਰੂਰ ਹੋਈਆਂ, ਪਰ ਪਰਿਵਾਰਕ ਢਾਂਚੇ ਨੂੰ ਖੋਰਾ ਲੱਗ ਗਿਆ। ਜੀਵਨ ਖੁਦਗਰਜੀ ਨਾਲ ਬੱਝ ਗਿਆ ਤੇ ਸਮਾਜਕ ਕਦਰਾਂ ਕੀਮਤਾਂ ਪਰ੍ਹੇ ਧੱਕ ਦਿੱਤੀਆਂ।

ਜੁਆਨੀ ਸਮੇਂ ਜਦੋਂ ਨਵੀਆਂ ਪਿਆਰ ਪੀਂਘਾਂ ਪੈਂਦੀਆਂ, ਜਿੰਨੇ ਮੌਕੇ ਉਦੋਂ ਇਸ ਤੋੜ ਵਿਛੋੜੇ ਦਾ ਦੁਖਾਂਤ ਵਾਪਰਨ ਦੇ ਹਨ, ਉਤਨੇ ਹੀ ਅੱਜ ਕੱਲ੍ਹ ਵਿਆਹੇ ਵਰ੍ਹੇ, ਆਪਣੇ ਘਰੀਂ ਵਾਰੀਂ ਵਸਦਿਆਂ, ਇਥੋਂ ਤੱਕ ਕਿ ਬੱਚੇ ਹੋ ਹਾਣ ਦੇ ਬਾਅਦ ਵੀ ਇਹ ਦੁਖਾਂਤ ਵਾਪਰਦੇ ਆਮ ਸੁਣੀਂਦੇ ਹਨ। ਅੱਲ੍ਹੜ ਜਵਾਨੀ 'ਚ ਅਜਿਹੇ ਦੁਖਾਂਤ ਦਾ ਵਾਪਰ ਜਾਣਾ ਤਾਂ ਬੇਸਮਝੀ, ਘੱਟ ਤਜ਼ਰਬਾ ਜਾਂ ਜਜ਼ਬਾਤੀਪਣ ਹੋ ਸਕਦਾ; ਪਰ ਪਰਪੱਕ ਹੋ ਚੁਕੇ ਜੋੜਿਆਂ ਵਿਚ ਅਜਿਹੀ ਕਿਸਮ ਦੀਆਂ ਘਟਨਾਵਾਂ ਦਾ ਵਾਪਰ ਜਾਣਾ ਬਹੁਤ ਹੀ ਬਦਕਿਸਮਤੀ ਵਾਲੀ ਗੱਲ ਹੈ। ਸ਼ਾਇਦ ਇਸ ਦਾ ਕਾਰਨ ਅੱਜ ਦੇ ਯੁਗ ਦੀ ਤੇਜ਼ ਤਰਾਰ ਰਫਤਾਰ ਤੇ ਵੱਧ ਚੁਣੌਤੀਆਂ ਕਰਕੇ ਹੋਵੇ। ਇਕ ਜੋੜਾ ਇੱਕ ਸੁਰ ਹੋ ਜ਼ਿੰਦਗੀ ਜਿਉਂਦਾ ਹੈ, ਇੰਨੀ ਇੱਕਮਿਕਤਾ ਹੈ ਕਿ ਹਵਾ ਸਾਨ ਵੀ ਆਪਸੀ ਰਿਸ਼ਤੇ 'ਚ ਵਿੱਥ ਨਹੀਂ, ਪਰ ਹੌਲੀ ਹੌਲੀ ਉਸ ਜੋੜੇ ਦੀ ਇੱਕਸੁਰਤਾ ਵਿਚ ਆਲੇ-ਦੁਆਲੇ ਦੇ ਹਾਲਾਤਾਂ ਦਾ ਅਜਿਹਾ ਫਾਨਾ ਠੁਕਣਾ ਸ਼ੁਰੂ ਹੋ ਜਾਂਦਾ ਹੈ ਕਿ ਜਿੱਥੇ ਹਵਾ ਸਾਨ ਵੀ ਵਿੱਥ ਨਹੀਂ ਸੀ, ਹੁਣ ਕੋਹਾਂ ਚੌੜਾ ਪਾੜਾ ਪੈ ਗਿਆ। ਉਸ ਨੇੜਤਾ ਅਤੇ ਆਪਸੀ ਇੱਕਸੁਰਤਾ ਤੋਂ ਇੰਨੀ ਦੂਰੀ 'ਤੇ ਜਾ ਪੁੱਜੇ ਕਿ ਇੱਕ ਦੂਸਰੇ ਨੂੰ ਦਿਸਣੋਂ ਵੀ ਹਟ ਗਏ।

ਪਿਆਰ ਦੀਆਂ ਪਹਿਲੀਆਂ ਪੀਡੀਆਂ ਜਾ ਚੁੱਕੀਆਂ ਗੰਢਾਂ ਹਾਲੇ ਵੀ ਕਦੇ ਕਦੇ ਮਿਲਣ ਦੀ ਤਾਂਘ ਅੰਦਰ ਪੈਦਾ ਕਰਦੀਆਂ, ਪਰ ਬਣੇ ਨਾ-ਸੁਖਾਵੇਂ ਹਾਲਾਤ ਇੰਨੇ ਭਾਰੂ ਹਨ ਕਿ ਉਹ ਮਿਲਣ ਦੀ ਪੁੰਗਰੀ ਖਾਹਿਸ਼ ਨੂੰ, ਬੀਜ 'ਚੋਂ ਨਿਕਲੀ ਕਰੂੰਬਲ ਵਾਂਗ, ਉੱਪਰ ਕਰੰਡ ਹੋਈ ਅਣਸੁਖਾਵੇਂ ਹਾਲਾਤਾਂ ਦੀ ਧਰਤ, ਅੰਦਰੇ ਹੀ ਮਧੋਲ ਸੁੱਟਦੀ ਹੈ। ਮਿਲਣ ਦੀ ਤਮੰਨਾ ਉਠਣੀ ਤੇ ਅੰਦਰੇ ਖਤਮ ਹੋ ਜਾਣੀ ਇੱਕ ਰੁਟੀਨ ਬਣ ਕੇ ਰਹਿ ਜਾਂਦਾ ਹੈ। ਸਿਰੇ ਦਾ ਦੁਖਾਂਤ ਉਦੋਂ ਵਾਪਰ ਜਾਂਦਾ, ਜਦੋਂ ਪਿਆਰ ਸਹਿਕਦਾ ਇੱਕ ਦਿਲ ਦੂਜੇ ਨੂੰ ਤਾਂਘਦਾ ਛੱਡ ਆਪਣਾ ਆਪ ਗੁਆ ਬੈਠਦਾ ਤਾਂ ਉਸ ਸਹਿਕਦੇ ਦਿਲ ਲਈ ਉਮਰਾਂ ਦਾ ਰੋਣ ਦੇ ਜਾਂਦਾ। ਬੇਕਸੂਰ ਦੋਵੇਂ ਹੁੰਦੇ ਹਨ, ਪਰ ਅਣਸੁਖਾਵੇਂ ਹਾਲਾਤਾਂ ਦਾ ਸ਼ਿਕਾਰ। ਅਜਿਹੀ ਹਾਲਤ ਵਿਚ ਆਪੋ ਆਪਣੀ ਜ਼ਿਦ 'ਤੇ ਅੜੇ ਰਹਿਣਾ ਦੋਹਾਂ ਪਾਸਿਆਂ ਲਈ ਮਾਰੂ ਸਿੱਧ ਹੁੰਦਾ ਹੈ। ਇੱਕ ਧਿਰ ਵੀ ਜੇ ਥੋੜ੍ਹੀ ਨਰਮੀ ਵਰਤ, ਆਪਣਾ ਸਖਤ ਵਤੀਰਾ ਛੱਡ, ਦੂਸਰੀ ਨੂੰ ਆਪਣੇ ਵਿਸ਼ਵਾਸ 'ਚ ਲੈ ਲਵੇ ਤਾਂ ਬਹੁਤ ਵੱਡਾ ਦੁਖਾਂਤ ਟਾਲਿਆ ਜਾ ਸਕਦਾ ਹੈ। ਇੰਜ ਅਜਿਹੇ ਸਮੇਂ ਮਾੜੀ ਜਿਹੀ ਵੀ ਕੀਤੀ ਅਣਗਹਿਲੀ ਸਾਰੀ ਉਮਰ ਦਾ ਪਛਤਾਵਾ ਦੇ ਜਾਂਦੀ ਹੈ।

ਇੱਕ ਸੱਚੀ ਔਰ ਸੁਹਿਰਦ ਪਤਨੀ ਦਾ ਇਹ ਪ੍ਰਮੁੱਖ ਫਰਜ਼ ਹੈ ਕਿ ਆਪਣੇ ਸਾਥੀ ਦੀ ਹਰ ਰਮਜ਼ ਨੂੰ ਸਮਝੇ, ਉਸ ਦੇ ਹਰ ਮਾਨਸਿਕ ਅਤੇ ਜਿਸਮਾਨੀ ਦੁੱਖ-ਸੁੱਖ ਵਿਚ ਭਾਈਵਾਲ ਬਣੇ। ਸਹਿਜ ਸੁਭਾਅ ਉਸ ਨੂੰ ਮਹਿਸੂਸ ਹੋ ਰਹੀ ਲੋੜ ਦੀ ਅਣਹੋਂਦ ਨੂੰ ਪੂਰਾ ਕਰਨ ਵਿਚ ਉਸ ਦਾ ਹੱਥ ਵਟਾਵੇ। ਗਲਤਫਹਿਮੀ ਦੇ ਸ਼ਿਕਾਰ ਪਤੀ ਅੱਗੇ ਆਪਣੀ ਸੁਹਿਰਦਤਾ ਦਾ ਸਬੂਤ ਦਏ, ਨਾ ਕਿ ਚੱਟਾਨ ਵਾਂਗੂੰ ਆਪਣੀ ਜ਼ਿਦ 'ਤੇ ਅੜੀ ਰਹੇ। ਅਕਸਰ ਅਜਿਹੀਆਂ ਗੁਸਤਾਖੀਆਂ ਦੇ ਸਿੱਟੇ ਭਿਆਨਕ ਨਿਕਲਦੇ ਹਨ। ਜਿੱਥੇ ਇੱਕ ਪਤੀ ਦਾ ਫਰਜ਼ ਹੈ ਕਿ ਆਪਣੀ ਪਤਨੀ 'ਤੇ ਯਕੀਨ ਜਾਂ ਪੂਰਨ ਭਰੋਸਾ ਕਰੇ, ਉਥੇ ਪਤਨੀ ਦੇ ਸਿਰ ਵੀ ਇਹ ਜ਼ਿੰਮੇਵਾਰੀ ਆਉਂਦੀ ਹੈ ਕਿ ਉਹ ਆਪਣੇ ਕੰਤ ਨਾਲ ਵਿਸ਼ਵਾਸਘਾਤ ਨਾ ਕਰੇ। ਮਨੁੱਖ ਗਲਤੀ ਦਾ ਪੁਤਲਾ ਹੈ, ਜਿੰਨਾ ਗਲਤੀ ਕਰਨਾ ਮਾੜਾ ਹੈ, ਉਤਨਾ ਹੀ ਗਲਤੀ ਕਰਕੇ ਉਸ ਦਾ ਅਹਿਸਾਸ ਕਰ ਲੈਣਾ ਚੰਗਾ ਵੀ ਹੈ। ਜ਼ਿੰਦਗੀ ਦੇ ਤਜ਼ਰਬੇ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ: ਸਾਰੀ ਜ਼ਿੰਦਗੀ ਇਨਸਾਨ ਸਿੱਖਦਾ ਹੀ ਰਹਿੰਦਾ ਹੈ, ਇੱਕ ਵਾਰੀ ਹੋ ਚੁਕੀ ਗਲਤੀ ਮੁੜ ਕੇ ਦੁਹਰਾਉਣੀ ਨਹੀਂ ਚਾਹੀਦੀ; ਘਰ ਦੀ ਸੁਆਣੀ ਨੂੰ ਹਰ ਗੱਲ 'ਤੇ ਜ਼ਿਦ ਕਰਕੇ ਪਤੀ ਦਾ ਸੁਭਾਅ ਚਿੜਚਿੜਾ ਬਣਾਉਣ 'ਚ ਵਾਧਾ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਪਤੀ ਨੂੰ ਆਪਣੀ ਸਾਥਣ 'ਤੇ ਚੌਵੀ ਘੰਟੇ ਥਾਣੇਦਾਰੀ ਦੇ ਡੰਡੇ ਦੇ ਭੈ ਦਾ ਸ਼ਿਕਾਰ ਬਣਾਈ ਰੱਖਣਾ ਵਾਜਬ ਹੈ। ਅਜਿਹੀਆਂ ਖੁਣਸਾਂ ਰੋਜ਼ਾਨਾ ਜੀਵਨ ਨੂੰ ਨਰਕ ਬਣਾ ਕੇ ਰੱਖ ਦਿੰਦੀਆਂ ਹਨ, ਅੱਗੇ ਕਿਸੇ ਵੇਲੇ ਇਸ ਨਰਕ ਰੂਪੀ ਜੀਵਨ ਤੋਂ ਅੱਕ ਕੇ ਕੋਈ ਮਾਰੂ ਕਦਮ ਵੀ ਚੁੱਕ ਲੈਂਦਾ ਹੈ। ਪਹਿਲਾਂ ਜਿਹੜੀਆਂ ਗਲਤੀਆਂ ਆਦਤ ਬਣ ਚੁੱਕੀਆਂ ਹੁੰਦੀਆਂ, ਬਾਜੀ ਬੀਤ ਜਾਣ ਉਪਰੰਤ ਯਕ ਦਮ ਉਨ੍ਹਾਂ ਦਾ ਅਹਿਸਾਸ ਵੀ ਹੋ ਜਾਂਦਾ ਹੈ, ਜੋ ਸਰਾਸਰ ਵਿਅਰਥ ਹੁੰਦਾ।

ਅੱਜ ਸਮਾਜਕ ਰਿਸ਼ਤਿਆਂ 'ਚ ਨਿਘਾਰ ਆ ਚੁਕਾ ਹੈ, ਰਿਸ਼ਤੇ ਤੋੜ ਨਿਭਣ ਦੀ ਥਾਂ ਇੱਕ ਸ਼ੁਗਲ ਬਣ ਕੇ ਰਹਿ ਗਏ ਹਨ। 1978 ਵਿਚ ਸਾਡੀ ਕਰੀਬੀ ਰਿਸ਼ਤੇਦਾਰੀ 'ਚ ਇੱਕ ਤ੍ਰਾਸਦੀ ਵਾਪਰੀ ਸੀ। ਇੱਕ ਦਮ ਪਿਛਲੀ ਸਾਰੀ ਫਿਲਮ ਦੀ ਰੀਲ ਅੱਖਾਂ ਅੱਗੇ ਘੁੰਮਣ ਲੱਗੀ। ਉਹ ਬਹੁਤ ਪਿਆਰਾ ਸੋਹਣਾ ਸੁਨੱਖਾ ਜੋੜਾ ਸੀ, ਘਿਓ-ਖਿਚੜੀ ਹੋ ਕੇ ਰਹਿੰਦੇ ਸਨ, ਉਨ੍ਹਾਂ ਦੇ ਅਨੰਦਮਈ ਬਤੀਤ ਹੋ ਰਹੇ ਜੀਵਨ ਨੂੰ ਐਸੀ ਚੰਦਰੀ ਨਜ਼ਰ ਲੱਗੀ ਕਿ ਪਤੀ-ਪਤਨੀ ਦਾ ਕਲੇਸ਼ ਵਧਦਾ ਵਧਦਾ ਆਖਰ ਸਿਖਰਾਂ 'ਤੇ ਪਹੁੰਚ ਗਿਆ ਤੇ ਪਤੀ ਨੇ ਗੱਡੀ ਥੱਲੇ ਆ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ, ਪਤਨੀ ਦੀ ਹਾਲਤ 'ਡਾਰੋਂ ਵਿਛੜੀ ਕੂੰਜ' ਵਰਗੀ ਕਰਕੇ ਵਿਲਕਦੀ ਛੱਡ ਗਿਆ। 42 ਸਾਲ ਪਹਿਲਾਂ ਵਾਪਰੀ ਘਟਨਾ ਤੇ ਹੁਣ ਵਾਪਰ ਰਹੀਆਂ ਅਜਿਹੀਆਂ ਹੀ ਤ੍ਰਾਸਦੀਆਂ 'ਚ ਮੈਨੂੰ ਨਾ ਕੋਈ ਫਰਕ ਦਿਸਦਾ ਅਤੇ ਨਾ ਹੀ ਕੋਈ ਕਮੀ ਆਈ ਹੈ। ਸਮਾਂ ਬਦਲਿਆ ਹੈ, ਪਰ ਦੁਖਾਂਤ ਵਾਪਰਨੋਂ ਨਹੀਂ ਹਟੇ।

ਜਿਸ ਦਾ ਸਾਥੀ ਗੈਰ ਕੁਦਰਤੀ ਮੌਤੇ ਤੁਰ ਗਿਆ, ਚਾਹੇ ਉਹ ਔਰਤ ਹੈ ਜਾਂ ਮਰਦ, ਉਸ ਦਾ ਤਾਂ ਸਾਰਾ ਜੀਵਨ ਹੀ ਉਥਲ-ਪੁਥਲ ਹੋ ਗਿਆ। ਕੁਝ ਆਦਤਾਂ ਅਸੀਂ ਆਉਂਦੇ ਹੋਏ, ਪੰਜਾਬ ਤੋਂ ਨਾਲ ਹੀ ਲਿਆਏ ਹਾਂ; ਜਿਵੇਂ ਕੁਝ ਲੋਕਾਂ ਦਾ ਸ਼ੁਗਲ ਹੀ ਬਣਿਆ ਹੁੰਦਾ ਕਿ ਦੂਸਰਿਆਂ ਦਾ ਘਰ ਫੂਕ ਤਮਾਸ਼ਾ ਵੇਖਣਾ, ਅਜਿਹੇ ਲੋਕਾਂ ਤੋਂ ਦੂਰੀ ਬਣਾ ਕੇ ਰੱਖਦਿਆਂ ਉਨ੍ਹਾਂ ਦੀਆਂ ਚਾਲਾਂ 'ਚ ਨਹੀਂ ਆਉਣਾ ਚਾਹੀਦਾ। ਜੇ ਇੰਜ ਚੌਕੰਨੇ ਰਹਿ, ਪੁੱਠੀ ਮੱਤ ਦੇਣ ਵਾਲਿਆਂ ਤੋਂ ਪਰੇ ਰਹੀਏ ਜਾਂ ਪਰੇ ਰਹਿਣ ਦਾ ਮਾਹੌਲ ਸਿਰਜਿਆ ਜਾਏ ਤਾਂ ਬਹੁਤ ਕੁਝ ਬਿਗੜਨੋਂ ਬਚ ਸਕਦਾ ਹੈ। ਅਜਿਹੇ ਲੋਕਾਂ ਤੋਂ ਸੁਚੇਤ ਰਹਿਣਾ ਜਿੱਥੇ ਪਤਨੀ ਦਾ ਫਰਜ਼ ਹੈ, ਉੱਥੇ ਪਤੀ ਨੂੰ ਵੀ ਥੋੜੀ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ। ਦੋਵੇਂ ਇੱਕ ਦੂਸਰੇ ਦੇ ਜੀਵਨ ਸਾਥੀ ਹਨ, ਤੇ ਇੱਕ ਦੂਸਰੇ ਦੀ ਮਜ਼ਬੂਰੀ ਅਤੇ ਔਖਿਆਈ ਨੂੰ ਸਮਝਦੇ ਹੋਏ, ਆਪਣੇ ਫਰਜ਼ਾਂ ਦੀ ਪਛਾਣ ਕਰਦੇ ਹੋਏ ਠਰੰਮੇ ਤੇ ਸਮਝ ਤੋਂ ਕੰਮ ਲੈਣ। ਕਈ ਵਾਰੀ ਮਾਪਿਆਂ ਦੀ ਲੋੜੋਂ ਵੱਧ ਦਖਲ-ਅੰਦਾਜ਼ੀ ਵੀ ਮੁਸ਼ਕਿਲਾਂ ਵਧਾ ਦਿੰਦੀ ਹੈ, ਚਾਹੇ ਉਹ ਮਾਂ-ਪਿਓ ਮੁੰਡੇ ਦੇ ਹੋਣ ਜਾਂ ਕੁੜੀ ਦੇ। ਇਹ ਬਲਦੀ 'ਤੇ ਤੇਲ ਪਾਉਣ ਵਾਲੀ ਗੱਲ ਹੁੰਦੀ ਹੈ।

ਪਿਛਲੇ ਚਾਰ ਦਹਾਕਿਆਂ 'ਚ ਬਹੁਤ ਕੁਝ ਬਦਲ ਗਿਆ ਹੈ, ਤਕਨਾਲੋਜੀ ਦੇ ਖੇਤਰ 'ਚ ਹੋਈ ਤਰੱਕੀ ਨੇ ਜ਼ਿੰਦਗੀ ਦੀ ਰਫਤਾਰ ਨੂੰ ਹੋਰ ਤੇਜ ਅਤੇ ਆਪਸੀ ਰਿਸ਼ਤਿਆਂ ਨੂੰ ਖੋਖਲੇ ਕਰ ਦਿੱਤਾ ਹੈ, ਜਿਸ ਕਰਕੇ ਪਰਿਵਾਰਾਂ 'ਚ ਬਖੇੜੇ ਬਹੁਤ ਵਧ ਗਏ ਹਨ। ਪਦਾਰਥਾਂ ਨਾਲ ਬੱਝੀ ਜ਼ਿੰਦਗੀ ਤੋਂ ਖੁਸ਼ੀਆਂ, ਸਾਂਤੀ ਤੇ ਸਹਿਜ ਕੋਹਾਂ ਦੂਰ ਭੱਜ ਗਏ ਹਨ। ਜੀਵਨ 'ਚ ਸਾਰੇ ਪੱਖਾਂ ਦੀ ਸਮਾਨਤਾ ਦਾ ਸੁਮੇਲ ਹੋਣਾ ਚਾਹੀਦਾ। ਰੋਜ਼ਾਨਾ ਜੀਵਨ ਦੀ ਦੌੜ ਨੇ ਮਾਨਸਿਕ ਤਣਾਓ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ, ਥੋੜ੍ਹੇ ਪਲਾਂ ਲਈ ਵੀ ਇਕਾਂਤਵਾਸ 'ਚ ਬੈਠ, ਆਪਣੇ ਕੋਲ ਹੁਣ ਜੋ ਸੁੱਖ ਤੇ ਸੁਵਿਧਾਵਾਂ ਹਨ, ਉਨ੍ਹਾਂ ਪ੍ਰਤੀ ਗਹੁ ਮਾਰ, ਸ਼ੁਕਰਗੁਜ਼ਾਰ ਹੋਣਾ ਤੇ ਤ੍ਰਿਪਤੀ ਦਾ ਅਹਿਸਾਸ ਕਰਨ ਜੋਗਾ ਵੀ ਸਮਾਂ ਨਹੀਂ ਹੈ। ਇਸ ਸਭ ਕਾਸੇ ਦੀ ਅਣਹੋਂਦ ਜਿਉਣਾ ਹੋਰ ਦੁੱਭਰ ਕਰੀ ਜਾਂਦੀ ਹੈ। ਸੰਤੁਸ਼ਟੀ ਨਹੀਂ ਤਾਂ ਖੁਸ਼ੀ ਨਹੀਂ, ਖੁਸ਼ੀ ਨਹੀਂ ਤਾਂ ਅੱਗੇ ਹੋਰ ਭਟਕਣ ਅਤੇ ਮਨ ਦੇ ਬਖੇੜਿਆਂ ਦੇ ਚੌਰਸਤੇ ਦਿਸਣਗੇ। ਪਦਾਰਥਾਂ 'ਚ ਖੁੱਭੇ, ਮੈਂ ਨਾ ਮਾਨੂੰ ਦੀ ਰਟ ਲਾਉਂਦੇ, ਆਪਣੀ ਹਉਮੈ ਨੂੰ ਪੱਠੇ ਪਾਉਂਦੇ, ਕਿਤੇ ਅਜਿਹੀ ਹਾਲਤ ਨਾ ਬਣਾ ਬੈਠੀਏ ਕਿ 'ਡਾਰੋਂ ਵਿਛੜੀ ਕੂੰਜ' ਵਾਲੀ ਗੱਲ ਬਣ ਕੇ ਰਹਿ ਜਾਏ।

## ਗੁਰਬਖਸ਼ ਸਿੰਘ ਭੰਡਾਲ ਦੀ ਖੇਡ ਰਚਨਾ

*(ਪਿਛਲੇ ਸਫੇ ਦੀ ਬਾਕੀ)*

ਖੇਡਣ ਪ੍ਰਤੀ ਸੋਚਦਿਆਂ ਬਚਪਨੀ ਖਿੱਦੋਖੂੰਡੀ, ਖੁੱਤੀ, ਖੋ-ਖੋ ਨੂੰ ਯਾਦ ਕਰਨਾ। ਤੁਹਾਨੂੰ ਬਚਪਨੀ ਪਲਾਂ ਵਿਚ ਵਿਚਰ ਕੇ ਸਕੂਨ ਮਿਲੇਗਾ। ਕਦੇ ਬੱਚਿਆਂ ਨੂੰ ਖਿਡੌਣਿਆਂ ਅਤੇ ਬੱਚੀਆਂ ਨੂੰ ਗੁੱਡੀਆਂ-ਪਟੋਲਿਆਂ ਨਾਲ ਖੇਡਦਿਆਂ, ਗੁੱਡੇ-ਗੁੱਡੀ ਦਾ ਵਿਆਹ ਰਚਾਉਂਦਿਆਂ ਦੇਖਣਾ, ਉਨ੍ਹਾਂ ਦੀ ਅਰਧ-ਚੇਤਨਾ ਵਿਚ ਆਪਣੇ ਭਵਿੱਖੀ ਜੀਵਨ ਦੀਆਂ ਬਹੁਤ ਸਾਰੀਆਂ ਤੰਦਾਂ ਦ੍ਰਿਸ਼ਟਮਾਨ ਹੋ ਜਾਣਗੀਆਂ। ਬੱਚੇ ਖਿਡੌਣਿਆਂ ਨਾਲ ਖੇਡਦਿਆਂ ਬਹੁਤ ਕੁਝ ਸਿੱਖਦੇ। ਪਿਆਰ ਦਾ ਅਨੁਭਵ, ਭਾਈਵਾਲਤਾ ਦੀ ਸੁਰ ਅਤੇ ਸੁਪਨਈ ਦੁਨੀਆਂ ਵਸਾਉਣ ਦਾ ਅਚੰਭਿਤ ਵਰਤਾਰਾ ਵੀ ਪੈਦਾ ਹੁੰਦਾ।

ਜੀਵਨ ਦੇ ਪੱਤੇ ਲੁਕੋ ਨੇ ਨਾ ਰੱਖੋ। ਇਨ੍ਹਾਂ ਨਾਲ ਚੰਗੀ ਤਰ੍ਹਾਂ ਖੇਡੋ। ਅੱਖਾਂ ਖੋਲ੍ਹ ਕੇ ਅਤੇ ਸਮਝ ਕੇ, ਤਾਂ ਜੋ ਇਸ ਦੁਨੀਆਂ ਦੇ ਨਾਂਵੇਂ ਨਰੋਈਆਂ ਪੈੜਾਂ ਦੇ ਹਸਤਾਖਰ ਕਰ ਸਕੋ। ਕਦੇ ਵੀ ਕਿਸੇ ਹਾਮੀ ਭਰਨ ਵਾਲੇ ਹਮਦਰਦ ਦੀਆਂ ਭਾਵਨਾਵਾਂ ਨਾਲ ਨਾ ਖੇਡੋ, ਕਿਉਂਕਿ ਭਲੇ ਹੀ ਤੁਸੀਂ ਜਿੱਤ ਜਾਵੋ, ਪਰ ਤੁਸੀਂ ਇਕ ਹਮਦਰਦ ਨੂੰ ਸਦਾ ਲਈ ਗਵਾ ਲੈਂਦੇ ਹੋ। ਇਹ ਜਿੱਤਣਾ, ਹਾਰਨ ਨਾਲੋਂ ਮਾੜਾ ਹੁੰਦਾ।

ਖੇਡਣਾ, ਜੀਵਨ ਵਿਚ ਖਲਲ ਨਹੀਂ, ਸਗੋਂ ਖਾਸੀਅਤ ਹੁੰਦਾ। ਜੀਵਨ ਦੀ ਰੰਗ-ਬਰੰਗਤਾ ਨੂੰ ਨਵੀਂ ਨੁਹਾਰ ਬਖਸ਼ਦਾ। ਖੇਡਣ ਦੀ ਖੂਬਸੂਰਤੀ ਹੀ ਇਸ ਵਿਚ ਹੈ ਕਿ ਉਸ ਵਕਤ ਵੀ ਰੂਹਦਾਰੀ ਨਾਲ ਖੇਡਦੇ ਰਹੋ, ਜਦ ਤੁਹਾਨੂੰ ਕੋਈ ਨਹੀਂ ਦੇਖਦਾ, ਪਰ ਤੁਸੀਂ ਖੁਦ ਨੂੰ ਦੇਖ ਰਹੇ ਹੁੰਦੇ ਹੋ। ਖੁਦ ਨਾਲ ਖੇਡਣ ਵਾਲੇ ਹੀ ਖੇੜਿਆਂ ਤੇ ਖੁਸ਼ੀਆਂ ਦਾ ਖਲਿਆਣ ਇਕੱਠਾ ਕਰਦੇ। ਉਮਰ ਦੇ ਵਧਣ ਨਾਲ ਅਸੀਂ ਇਸ ਲਈ ਨਹੀਂ ਖੇਡਦੇ ਕਿ ਅਸੀਂ ਬੁੱਢੇ ਹੋ ਗਏ ਹਾਂ। ਸਗੋਂ ਅਸੀਂ ਬੁੱਢੇ ਹੀ ਇਸ ਕਰਕੇ ਹੁੰਦੇ ਹਾਂ ਕਿ ਅਸੀਂ ਕੋਈ ਖੇਡ ਨਹੀਂ ਖੇਡਦੇ।

ਅੱਗ ਦਾ ਸੁਰੱਖਿਅਤ ਤੇ ਸਹਿਜ ਭਰਿਆ ਸਾਥ, ਸੁਖਨਮਈ ਵਰਤਾਰਾ, ਪਰ ਅੱਗ ਨਾਲ ਖੇਡਣਾ, ਖੁਦ ਦੀ ਬਰਬਾਦੀ। ਅੱਗ, ਮਨੁੱਖ ਅਤੇ ਆਲੇ-ਦੁਆਲੇ ਨੂੰ ਸਵਾਹ ਕਰਦੀ। ਫਿਰ ਇਹ ਸਵਾਹ ਉਡ ਕੇ ਅੱਖਾਂ ਵਿਚ ਧੁੰਦਲਕਾ ਪੈਦਾ ਕਰਦੀ। ਨਫਰਤੀ ਅੱਗ ਨਾਲ ਖੇਡਣ ਵਾਲੇ ਉਜਾੜਿਆਂ ਦੀ ਦਾਸਤਾਨ ਹੁੰਦੇ। ਖੇਡ ਦੌਰਾਨ ਕੁਝ ਪਲਾਂ ਵਿਚ ਹੀ ਵਿਅਕਤੀ ਦੀਆਂ ਉਹ ਪਰਤਾਂ ਨਸ਼ਰ ਹੁੰਦੀਆਂ, ਜਿਨ੍ਹਾਂ ਦਾ ਉਮਰ ਭਰ ਦੀਆਂ ਨਜ਼ਦੀਕੀਆਂ ਨਾਲ ਵੀ ਪਤਾ ਨਹੀਂ ਲੱਗਦਾ। ਦੁਨੀਆਂ ਤਾਂ ਤਾਸ਼ ਵਾਂਗ ਖੇਡਦੀ ਰਹੀ ਸਾਡੀਆਂ ਹੀ ਭਾਵਨਾਵਾਂ ਨਾਲ, ਪਰ ਕਮਾਲ ਦੀ ਗੱਲ ਕਿ ਪੱਤੇ ਦੋਹਾਂ ਨੇ ਸੁੱਟੇ। ਜਿਹੜਾ ਜਿੱਤਿਆ ਉਸ ਨੇ ਵੀ ਤੇ ਜਿਹੜਾ ਹਾਰਿਆ ਉਸ ਨੇ ਵੀ। ਕੌਣ ਜਿੱਤਦਾ, ਕੌਣ ਹਾਰਦਾ, ਇਹ ਮਾਅਨੇ ਨਹੀਂ ਰੱਖਦਾ, ਸਗੋਂ ਇਹ ਅਹਿਮ ਹੁੰਦਾ ਕਿ ਕੌਣ, ਕਿਸ ਤਰ੍ਹਾਂ ਅਤੇ ਕਿਸ ਸ਼ਾਨ ਨਾਲ ਖੇਡਿਆ!

ਖੇਡਣ ਨਾਲ ਪੈਦਾ ਹੁੰਦਾ ਖੇਡ-ਸੰਸਾਰ, ਖੇਡ-ਸਭਿਆਚਾਰ, ਖੇਡ-ਸਾਹਿਤ ਅਤੇ ਖੇਡ-ਵਿਰਸਾ। ਇਸ ਵਿਰਾਸਤ ਨੂੰ ਅੱਗੇ ਤੋਰਦੇ ਨੇ ਖਿਡਾਰੀਆਂ ਦੇ ਵਾਰਸ। ਖੇਡ-ਵਿਰਸੇ ਤੋਂ ਮੁਨਕਰੀ ਹੀ ਨੌਜਵਾਨਾਂ ਨੂੰ ਨਸ਼ਿਆਂ ਜਾਂ ਹੋਰ ਅਲਾਮਤਾਂ ਵੰਨੀਂ ਧਕੇਲਣ ਲਈ ਜ਼ਿੰਮੇਵਾਰ। ਖੇਡਾਂ ਖਿਡਾਰੀਆਂ ਨਾਲ ਜੁੜੀਆਂ ਪ੍ਰੇਰਨਾਦਾਇਕ, ਪ੍ਰਸੰਗਿਕ ਤੇ ਹੁਸੀਨ ਘਟਨਾਵਾਂ ਤੇ ਯਾਦਾਂ ਨੂੰ ਸੰਭਾਲਣ ਦਾ ਸਲਾਹੁਣਯੋਗ ਉਦਮ ਹੈ, ਖੇਡ-ਸਾਹਿਤ। ਅਜੋਕੇ ਸਮੇਂ ਵਿਚ ਇਸ ਦੀ ਅਤਿਅੰਤ ਲੋੜ ਤਾਂ ਕਿ ਮੌਜੂਦਾ ਖਿਡਾਰੀ ਭਵਿੱਖੀ ਖਿਡਾਰੀਆਂ ਦੇ ਰੋਲ ਮਾਡਲ ਬਣਨ। ਖੇਡਣ ਦੌਰਾਨ ਕੋਈ ਤੌਖਲਾ, ਡਰ ਜਾਂ ਸਹਿਮ ਨਹੀਂ ਹੋਣਾ ਚਾਹੀਦਾ। ਜੇ ਮਨ ਵਿਚ ਹਾਰਨ ਦਾ ਡਰ ਹੋਵੇ ਤਾਂ ਸੋਚ ਵਿਚ ਜਿੱਤਣ ਦੀ ਤਮੰਨਾ ਕਦੇ ਪੈਦਾ ਹੀ ਨਹੀਂ ਹੋ ਸਕਦੀ। ਰੰਗਾਂ ਨਾਲ ਖੇਡਦੀ ਲੋਕਾਈ ਦੇ ਚਿਹਰਿਆਂ 'ਤੇ ਗੁਲਾਲ ਖੇਡਦਾ।

ਕਿਸੇ ਪਾਖੰਡੀ ਦੇ ਦੁਆਰੇ ਖੇਡਣਾ, ਜਦ ਮਾਨਸਿਕ ਬਿਮਾਰੀਆਂ ਦਾ ਰੂਪ ਵਟਾਵੇ ਤਾਂ ਮਾਨਸਿਕ ਗੁੰਝਲਾਂ ਨੂੰ ਜੱਗ ਜਾਹਰ ਕਰ ਜਾਵੇ। ਸੂਖਮ ਮਨ ਦੀਆਂ ਅਜਿਹੀਆਂ ਪਰਤਾਂ ਨੂੰ ਸਾਹਮਣੇ ਲਿਆਵੇ, ਜਿਨ੍ਹਾਂ 'ਤੇ ਇਹ ਜੱਗ ਚੰਦਰਾ ਪਰਦਾ ਪਾਵੇ। ਧੀਆਂ-ਧਿਆਣੀਆਂ ਜਾਂ ਨਵ-ਵਿਆਹੀਆਂ ਨੂੰ ਪਾਖੰਡੀਆਂ ਸਾਹਮਣੇ ਖੇਡਣ ਦੀ ਨੌਬਤ ਹੀ ਨਾ ਆਵੇ ਜੇ ਸਮਾਜ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਪਾਉਣੀ ਸਿੱਖ ਜਾਵੇ।

ਖੇਡਣਾ, ਖੁਸ਼ ਰਹਿਣ, ਖਰਮਸਤੀਆਂ ਕਰਨ ਅਤੇ ਕਿਰਿਆਸ਼ੀਲਤਾ ਨੂੰ ਕਰਮਯੋਗਤਾ ਬਣਾਉਣ ਲਈ ਸਭ ਤੋਂ ਉਤਮ ਆਹਰ। ਜਦ ਇਹ ਬਣਦਾ ਜੀਵਨ ਵਿਹਾਰ ਤਾਂ ਮਨੁੱਖ ਵਿਚ ਉਪਜਦਾ ਚੱਜ-ਅਚਾਰ, ਜੋ ਬਣ ਕੇ ਸੁੰਦਰ ਕਿਰਦਾਰ, ਸਮਾਜ ਦਾ ਮੁਹਾਂਦਰਾ ਦਿੰਦਾ ਏ ਨਿਖਾਰ। ਅਜਿਹਾ ਖੇਡਣ ਲਈ ਖੇਡ ਨੂੰ ਆਪਣੀ ਖਾਬ-ਖਿਆਲੀ ਬਣਾਉਣਾ, ਮਨੁੱਖ ਦਾ ਸਭ ਤੋਂ ਪ੍ਰਮੁੱਖ ਕਾਰਜ।

ਜ਼ਿੰਦਗੀ ਇਕ ਖੇਡ-ਤਮਾਸ਼ਾ। ਜ਼ਿੰਦਗੀ ਦੀ ਆਖਰੀ ਮੰਜ਼ਿਲ ਪਤਾ ਹੁੰਦਿਆਂ ਵੀ ਅਸੀਂ ਖੇਡਣ ਵਿਚ ਸਦਾ ਮਸ਼ਰੂਫ। ਜ਼ਿੰਦਗੀ ਇਕ ਖੇਡ ਹੀ ਤਾਂ ਹੈ। ਇਹ ਮਨੁੱਖ ਨੇ ਖੁਦ ਨਿਸ਼ਚਿਤ ਕਰਨਾ ਹੈ ਕਿ ਉਸ ਨੇ ਖੇਡਣਾ ਹੈ ਜਾਂ ਖੇਡ ਬਣਨਾ ਹੈ?

## ਸੰਤ ਰਾਮ ਸਿੰਘ ਸੀਂਘੜੇ ਵਾਲਿਆਂ ਨੂੰ ਯਾਦ ਕਰਦਿਆਂ



ਸਾਲ 1992 ਦੀ ਗੱਲ ਹੈ, ਜਦੋਂ ਮੈਂ ਲੁਧਿਆਣੇ ਦੇ ਮਸ਼ਹੂਰ ਚੌੜਾ ਬਾਜ਼ਾਰ ਸਥਿਤ ਅਕਾਲਗੜ੍ਹ ਮਾਰਕਿਟ ਵਿਚ ਪੰਜਾਬੀ ਦੇ ਪ੍ਰਸਿੱਧ ਅਖਬਾਰ "ਅਜੀਤ" ਦਾ ਦਫਤਰ ਖੋਲ੍ਹਿਆ ਸੀ। ਅਕਾਲਗੜ੍ਹ ਮਾਰਕਿਟ ਵਿਚ ਉਨ੍ਹੀਂ ਦਿਨੀਂ ਕੈਸੇਟ ਕੰਪਨੀਆਂ ਦੇ ਬਹੁਤ ਸਾਰੇ ਸ਼ੋਅ ਰੂਮ ਸਨ, ਇਨ੍ਹਾਂ ਵਿਚੋਂ ਫਾਈਨਟੋਨ ਦਾ ਉਸ ਵੇਲੇ ਕਾਫੀ ਵੱਡਾ ਨਾਮ ਸੀ। ਇਸੇ ਮਾਰਕਿਟ ਵਿਚ ਉਨ੍ਹੀਂ ਦਿਨੀਂ ਪ੍ਰਸਿੱਧ ਰਾਗੀ ਗੁਰਚਰਨ ਸਿੰਘ ਰਸੀਆ ਦੀ ਵੀ ਇਕ ਕੈਸੇਟ ਕੰਪਨੀ ਸੀ, ਜੋ ਖੁਦ ਰਾਗੀ ਰਸੀਆ ਸਮੇਤ ਹੋਰਨਾਂ ਰਾਗੀਆਂ ਦੀਆਂ ਕੈਸੇਟਾਂ ਵੀ ਰਿਕਾਰਡ ਕਰਕੇ ਰਿਲੀਜ਼ ਕਰਦੀ ਸੀ।

ਉਨ੍ਹੀਂ ਦਿਨੀਂ ਸੰਤ ਰਾਮ ਸਿੰਘ ਸੀਂਘੜੇ ਵਾਲਿਆਂ ਨਾਲ ਭਾਈ ਰਸੀਆ ਦੇ ਭਤੀਜੇ ਜਗਜੀਤ ਸਿੰਘ, ਜੋ ਕੈਸੇਟ ਕੰਪਨੀ ਦਾ ਕੰਮ ਦੇਖਦਾ ਹੁੰਦਾ ਸੀ, ਦੇ ਰਾਹੀਂ ਕੁਝ ਮੁਲਾਕਾਤਾਂ ਦਾ ਸਬੱਬ ਬਣਿਆ ਸੀ। ਉਨ੍ਹਾਂ ਨਾਲ ਮਿਲਦਿਆਂ ਮੈਨੂੰ ਇਸ ਗੱਲ ਦਾ ਜ਼ਰੂਰ ਅਹਿਸਾਸ ਹੋਇਆ ਸੀ ਕਿ ਉਨ੍ਹਾਂ ਵਿਚ ਗੁਰਬਾਣੀ ਸੰਗੀਤ ਪ੍ਰਤੀ ਅਥਾਹ ਪਿਆਰ ਤੇ ਲਗਾਉ ਸੀ। ਉਨ੍ਹਾਂ ਦੀ ਅਵਾਜ ਵਿਚ ਗਜਬ ਦੀ ਮਿਠਾਸ ਤੇ ਠਹਿਰਾਉ ਸੀ। ਉਨ੍ਹਾਂ ਦੀ ਸ਼ਬਦ ਗਾਇਨ ਪ੍ਰਤੀ ਸ਼ਿੱਦਤ ਬਾਕਮਾਲ ਸੀ। ਉਨ੍ਹਾਂ ਦਾ ਹਰ ਸ਼ਬਦ ਗਾਇਨ ਦੇ ਵਕਤ ਯਤਨ ਹੁੰਦਾ ਸੀ ਕਿ ਉਨ੍ਹਾਂ ਦੀ ਅਵਾਜ ਰੂਹ ਦੀਆਂ ਡੂੰਘਾਈਆਂ ਵਿਚੋਂ ਨਿਕਲੇ। ਭਾਵੇਂ ਉਹ ਨਾਨਕਸਰ ਸੰਪਰਦਾਏ ਨਾਲ ਜੁੜੇ ਹੋਏ ਸਨ, ਲੋਕਾਂ ਨੇ ਉਨ੍ਹਾਂ ਦੇ ਨਾਮ ਨਾਲ ਬਾਬਾ ਸ਼ਬਦ ਜੋੜ ਦਿੱਤਾ ਸੀ, ਪਰ ਉਹ ਮੇਰੇ ਮਤ ਅਨੁਸਾਰ ਬਾਬਾ ਤਾਂ ਬਿਲਕੁਲ ਨਹੀਂ, ਸੰਤ ਜ਼ਰੂਰ ਸਨ। ਉਨ੍ਹਾਂ ਦੀ ਸ਼ਖਸੀਅਤ ਵਿਚ ਨਾਨਕਸਰ ਸੰਪਰਦਾਏ ਵਾਲੇ ਬਾਬਿਆਂ ਦੇ ਲਾਣੇ ਵਾਲਾ "ਬਾਬਾ" ਤਾਂ ਬਿਲਕੂਲ ਨਹੀਂ ਸੀ, ਪਰ ਹਾਂ "ਸੰਤ" ਦੀ ਸੁਖਨ ਸੁਗੰਧੀ ਜ਼ਰੂਰ ਸੀ, ਜਿਸ ਨੇ ਕਿਰਸਾਨਾਂ, ਕਿਰਸਾਨੀ ਅਤੇ ਉਨ੍ਹਾਂ ਵੱਲੋਂ ਹੱਕਾਂ ਲਈ ਲੜੇ ਜਾ ਰਹੇ ਬਿਖਮ ਸੰਗਰਾਮ ਪ੍ਰਤੀ ਕੇਂਦਰ ਸਰਕਾਰ ਦੀ ਉਪਰਾਮਤਾ ਨੇ ਉਨ੍ਹਾਂ ਨੂੰ ਆਪਣੀ ਬਲੀ ਜਿਹਾ ਦਾਨ ਦੇਣ ਲਈ ਤਿਆਰ ਕੀਤਾ। ਸੰਤ ਰਾਮ ਸਿੰਘ ਨੇ ਆਮ ਬਾਬਿਆਂ ਦੀ 'ਹਰ ਹਾਲ 'ਚ ਜਿਉਣ' ਦੀ ਲਲਕ ਦੇ ਉਲਟ ਗੁਰੂ ਨਾਨਕ ਵੱਲੋਂ ਵਰੋਸਾਏ ਪੰਜਾਬੀ ਤੇ ਭਾਰਤੀ ਕਿਰਸਾਨ ਤੇ ਕਿਰਸਾਨੀ ਲਈ ਜਾਨ ਦੇਣ ਨੂੰ ਪਹਿਲ ਦਿੱਤੀ।

ਵਾਹਿਗੁਰੂ ਸੰਤ ਰਾਮ ਸਿੰਘ ਦੇ ਬਲੀਦਾਨ ਨੂੰ ਫਲੀਭੂਤ ਕਰੇ ਅਤੇ ਪੰਜਾਬ ਤੇ ਭਾਰਤ ਦੇ ਕਿਰਸਾਨ ਦਾ ਦੋਖੀ, ਨੌਸਰਬਾਜ, ਨਾਅਹਿਲ ਤੇ ਤਿਕੜਮਬਾਜ ਪ੍ਰਧਾਨ ਮੰਤਰੀ ਮੋਦੀ ਤੇ ਉਸ ਦੀ ਅਸੰਵੇਦਨਸ਼ੀਲ ਸਰਕਾਰ ਨੂੰ ਅਜਿਹੀ ਕਰਾਰੀ ਮਾਤ ਦੇਵੇ ਕਿ ਭਵਿੱਖ ਵਿਚ ਕੋਈ ਵੀ ਗੁਰੂ ਨਾਨਕ ਦੀ ਕਿਰਸਾਨੀ ਨੂੰ ਮਾੜੀ ਨਿਗਾਹ ਨਾਲ ਨਾ ਤੱਕੇ।

*-ਅਮਰਜੀਤ ਸਿੰਘ ਮੁਲਤਾਨੀ*

# ਦੇਸ਼-ਵਿਦੇਸ਼ ’ਚ ਵੱਸਦੇ ਸਮੂਹ ਪੰਜਾਬੀ ਭਾਈਚਾਰੇ ਅਤੇ ਅਦਾਰਾ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਨਵੇਂ ਸਾਲ ਦੀ ਲੱਖ ਲੱਖ ਵਧਾਈ

*ਵਾਹਿਗੁਰੂ ਕਰੇ ਨਵਾਂ ਸਾਲ ਕੁਲ ਲੋਕਾਈ ਲਈ ਅਮਨ ਤੇ ਖੁਸ਼ਹਾਲੀ ਲੈ ਕੇ ਆਵੇ*

## ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ ਵਿਚ ਆਪਣਾ ਬਣਦਾ ਯੋਗਦਾਨ ਪਾਈਏ

**ਵਲੋਂ**



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਅਤੇ ਪਰਿਵਾਰ



ਜੈਦੇਵ ਸਿੰਘ (ਸੱਤੀ) ਭੱਠਲ, ਸ਼ਿਕਾਗੋ
ਅਤੇ ਪਰਿਵਾਰ




ਸੁਖਰਾਜ ਸਿੰਘ ਤੱਖਰ, ਸ਼ਿਕਾਗੋ
ਅਤੇ ਪਰਿਵਾਰ

## Major Gurcharn Singh Jhaj
## Jaidev Singh Bhattal & Sukhraj Singh Takher

***Sewadars of Baba Iqbal Singh Ji and***
***The Kalgidhar Society, Baru Sahib***

# ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ

ਮੀਡੀਆ 'ਤੇ ਨਸ਼ਰ ਹੋ ਰਹੀਆਂ ਖ਼ਬਰਾਂ ਮੁਤਾਬਕ ਕਰੀਮਾ ਬਲੋਚ, ਜੋ ਕੁਝ ਦਿਨਾਂ ਤੋਂ ਗੁੰਮ ਸੀ, ਰਹੱਸਮਈ ਹਾਲਾਤ ਵਿਚ ਫੌਤ ਹੋ ਗਈ। ਪਤਾ ਲੱਗਾ ਹੈ ਕਿ ਉਸ ਦੀ ਲਾਸ਼ ਟੋਰਾਂਟੋ ਦੇ ਈਸਟ ਆਈਲੈਂਡ ਵਿਚ ਝੀਲ ਦੇ ਕਿਨਾਰੇ ਤੋਂ ਮਿਲੀ ਹੈ। ਕਰੀਮਾਂ ਬਲੋਚ ਨੂੰ ਪਹਿਲੀ ਵਾਰ ਮਿਲਣ ਦਾ ਮੌਕਾ ਮੈਨੂੰ 2016 ਵਿਚ ਮਿਲਿਆ ਸੀ, ਜਦੋਂ ਮੈਂ ਕੈਨੇਡਾ ਵਿਚ ਸ਼ਰਨਾਰਥੀ ਬਣ ਕੇ ਰਹਿ ਰਹੇ ਬਲੋਚ ਵਿਦਿਆਰਥੀਆਂ ਅਤੇ ਹੋਰ ਬਲੋਚ ਲੋਕਾਂ ਵੱਲੋਂ 11 ਅਗਸਤ ਨੂੰ ਮਨਾਏ ਜਾਂਦੇ ਆਜ਼ਾਦੀ ਦਿਵਸ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਲਈ ਆਪਣੇ ਪਤੀ ਗੁਰਦਿਆਲ ਸਿੰਘ ਬੱਲ ਨਾਲ ਗਈ ਸਾਂ। ਉਸ ਤੋਂ ਸਾਲ ਜਾਂ ਦੋ ਸਾਲ ਬਾਅਦ ਇਸੇ ਤਰ੍ਹਾਂ ਫਿਰ ਇੱਕ ਸੈਮੀਨਾਰ ਦੌਰਾਨ ਮੇਲ ਹੋਇਆ ਸੀ। ਉਸ ਦੀ ਫੌਤਗੀ ਦੀ ਖਬਰ ਪੜ੍ਹ ਕੇ ਮਨ ਨੂੰ ਬਹੁਤ ਧੱਕਾ ਲੱਗਾ। ਉਹ ਕੁੜੀ ਮੈਨੂੰ ਬਹੁਤ ਹੀ ਖੂਬਸੂਰਤ ਅਤੇ ਵਧੀਆ ਸੀਰਤ ਦੀ ਮਾਲਕ ਲੱਗੀ ਸੀ।



ਡਾ. ਗੁਰਨਾਮ ਕੌਰ, ਕੈਨੇਡਾ

ਉਹ ਆਪਣੇ ਮੁਲਕ ਬਲੋਚਿਸਤਾਨ ਲਈ ਬਹੁਤ ਹੀ ਤੜਫ ਅਤੇ ਸ਼ਿੱਦਤ ਨਾਲ ਗੱਲ ਕਰਦੀ ਸੀ। ਬਾਹਰੀ ਦਿੱਖ ਅਤੇ ਗੱਲਬਾਤ-ਦੋਹਾਂ ਵਿਚ ਉਹ ਆਪਣੀ ਉਮਰ ਤੋਂ ਬਹੁਤ ਗੰਭੀਰ ਜਾਪਦੀ ਸੀ। ਬਿੱਲੀਆਂ ਅੱਖਾਂ ਵਾਲੀ ਏਨੀ ਖੂਬਸੂਰਤ ਕੁੜੀ ਸੂਤੀ ਕੱਪੜੇ ਦਾ ਹੱਥ ਦੀ ਕੀਤੀ ਕਢਾਈ ਵਾਲਾ ਸਾਦਾ ਸੂਟ, ਸਿਰ ਤੇ ਸੰਘਣਾ ਸੂਤੀ ਕੱਢਿਆ ਹੋਇਆ ਦੁਪੱਟਾ ਉਸ ਦੀ ਦਿੱਖ ਨੂੰ ਹੋਰ ਵੀ ਗੰਭੀਰ ਅਤੇ ਸਾਊ ਬਣਾਉਂਦਾ ਸੀ। ਉਸ ਨੂੰ ਦੇਖ ਕੇ ਮੈਂ ਆਪਣੇ ਆਪ ਨੂੰ ਉਸ ਨਾਲ ਗੱਲ ਕਰਨ ਤੋਂ ਰੋਕ ਨਹੀਂ ਸੀ ਸਕੀ ਅਤੇ ਉਸ ਦਾ ਈ-ਮੇਲ ਪਤਾ ਲੈ ਲਿਆ ਸੀ। ਘਰ ਆ ਕੇ ਮੇਰੇ ਮਨ ਵਿਚ ਉਸ ਸਮਾਰੋਹ ਬਾਰੇ ਕੁਝ ਲਿਖਣ ਦਾ ਖਿਆਲ ਆਇਆ ਤਾਂ ਮੈਂ ਕਰੀਮਾ ਨੂੰ ਈ-ਮੇਲ ਕੀਤੀ ਕਿ ਜੇ ਉਹ ਆਪਣਾ ਪਰਚਾ ਮੈਨੂੰ ਭੇਜ ਦੇਵੇ ਮੈਂ ਆਪਣੀ ਬੋਲੀ ਵਿਚ ਉਸ ਦੇ ਹਵਾਲੇ ਨਾਲ ਕੁਝ ਲਿਖਣਾ ਚਾਹਾਂਗੀ। ਉਸ ਨੇ ਮੁੜਦੀ ਡਾਕ ਵਿਚ ਮੈਨੂੰ ਆਪਣੇ ਸੰਖੇਪ ਭਾਸ਼ਣ ਬਾਰੇ ਲਿਖ ਭੇਜਿਆ ਸੀ। ਇਹ ਲੇਖ ਭਾਵੇਂ ਚਾਰ ਸਾਲ ਪਹਿਲਾਂ 'ਪੰਜਾਬ ਟਾਈਮਜ਼' ਵਿਚ ਛਪ ਚੁਕਾ ਹੈ, ਪਰ ਮੈਂ ਸਮਝਦੀ ਹਾਂ ਕਿ ਮੇਰੇ ਕੋਲ ਇਹੀ ਇੱਕ ਤਰੀਕਾ ਹੈ ਉਸ ਬਹਾਦਰ ਅਤੇ ਜੁਝਾਰੂ ਕੁੜੀ ਨੂੰ ਸ਼ਰਧਾਂਜਲੀ ਦੇਣ ਦਾ। ਜੋ ਆਪਣੇ ਲੋਕਾਂ ਅਤੇ ਔਰਤ ਦੇ ਹੱਕਾਂ ਲਈ ਜੂਝਦੀ ਹੋਈ, ਸੰਸਾਰ ਦੀਆਂ ਆਪਣੇ ਵਰਗੀਆਂ ਹੋਰ ਮਨੁੱਖੀ ਹੱਕਾਂ ਲਈ ਜੂਝਦਿਆਂ ਜਾਨ ਕੁਰਬਾਨ ਕਰਨ ਵਾਲੀਆਂ ਜੁਝਾਰੂ ਔਰਤਾਂ ਦੀ ਤਰ੍ਹਾਂ ਕੁਰਬਾਨ ਹੋ ਗਈ। ਪਰਵਦਗਾਰ ਉਸ ਦੀ ਰੂਹ ਨੂੰ ਸਕੂਨ ਬਖਸ਼ਿਸ਼ ਕਰੇ ਅਤੇ ਉਸ ਦੇ ਸੁਪਨੇ ਉਸ ਦੇ ਲੋਕਾਂ ਅੰਦਰ ਜਗਦੇ ਰਹਿਣ। ਉਸ ਦੇ ਆਪਣੇ ਲਫਜ਼ਾਂ ਵਿਚ ਉਸ ਦੀ ਕੌਮ ਕੁਕਨੂਸ ਵਾਂਗੂ ਆਪਣੀ ਹੀ ਰਾਖ ਵਿਚੋਂ ਜਨਮ ਲੈਂਦੀ ਹੈ। ਉਹ ਵੀ ਆਪਣੀ ਰਾਖ ਵਿਚੋਂ ਦੁਬਾਰਾ ਪੈਦਾ ਹੋਵੇਗੀ।

ਉੱਪਰ ਸਿਰਲੇਖ ਵਾਲਾ ਸ਼ਬਦ ਗੁਰੂ ਨਾਨਕ ਸਾਹਿਬ ਦਾ ਹੈ, ਜਿਸ ਵਿਚ ਉਨ੍ਹਾਂ ਨੇ ਬਾਬਰ ਦੇ ਭਾਰਤ ਉੱਤੇ ਹਮਲੇ ਦੇ ਹਵਾਲੇ ਨਾਲ ਤਾਕਤਵਰ ਵੱਲੋਂ ਆਪਣੀ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਹੋ ਕੇ, ਆਪਣੀ ਫੌਜੀ ਸ਼ਕਤੀ ਦਾ ਇਸਤੇਮਾਲ ਕਰਕੇ ਦੂਸਰਿਆਂ ਨਾਲ ਧੱਕਾ ਕਰਨ ਅਤੇ ਦੂਸਰਿਆਂ 'ਤੇ ਜ਼ੁਲਮ ਕਰਨ ਵਿਰੁੱਧ ਅਵਾਜ਼ ਬੁਲੰਦ ਕੀਤੀ ਹੈ। ਇਹ ਗੁਰੂ ਨਾਨਕ ਸਾਹਿਬ ਹੀ ਸਨ, ਜਿਨ੍ਹਾਂ ਨੇ ਬਾਬਰ ਦੇ ਭਾਰਤ ਉੱਤੇ ਹਮਲੇ, ਉਸ ਦੇ ਜ਼ੁਲਮ ਅਤੇ ਸਿਤਮ ਦਾ ਵਿਰੋਧ ਕੀਤਾ ਸੀ। ਇਸ ਸ਼ਬਦ ਵਿਚ ਉਨ੍ਹਾਂ ਨੇ ਇੱਕ ਤਰ੍ਹਾਂ ਨਾਲ ਰੱਬ ਨੂੰ ਉਲ੍ਹਾਮਾ ਦਿੱਤਾ ਹੈ ਕਿ ਜੇ ਇੱਕ ਤਾਕਤਵਰ ਆਪਣੇ ਬਰਾਬਰ ਦੇ ਤਾਕਤਵਰ ਨਾਲ ਟੱਕਰ ਲੈਂਦਾ ਹੈ, ਉਸ ਨਾਲ ਲੜਦਾ ਜਾਂ ਉਸ ਨੂੰ ਮਾਰਦਾ ਹੈ ਤਾਂ ਮਨ ਵਿਚ ਰੋਸ ਪੈਦਾ ਨਹੀਂ ਹੁੰਦਾ, ਕਿਉਂਕਿ ਦੋਵੇਂ ਧਿਰਾਂ ਇੱਕੋ ਜਿਹੀ ਤਾਕਤ ਦੀਆਂ ਮਾਲਕ ਹੁੰਦੀਆਂ ਹਨ; ਪਰ ਜੇ ਇੱਕ ਤਾਕਤਵਰ ਸ਼ੇਰ ਗਊਆਂ ਦੇ ਵੱਗ 'ਤੇ ਪੈ ਜਾਵੇ ਤਾਂ ਪੁੱਛਿਆ ਵੱਗ ਦੇ ਮਾਲਕ ਨੂੰ ਜਾਂਦਾ ਹੈ ਕਿ ਉਹ ਰਾਖੀ ਕਰਨ ਵੇਲੇ ਕਿੱਥੇ ਸੀ? ਰਾਖੀ ਕਿਉਂ ਨਹੀਂ ਕੀਤੀ? ਇਨ੍ਹਾਂ ਕਮਜ਼ੋਰਾਂ ਨੂੰ, ਜੋ ਸ਼ੇਰ ਦਾ ਮੁਕਾਬਲਾ ਕਰਨ ਜੋਗੀਆਂ ਨਹੀਂ ਸਨ, ਬਚਾਇਆ ਕਿਉਂ ਨਹੀਂ? ਇਸੇ ਤਰ੍ਹਾਂ ਜੇ ਕੋਈ ਜਰਵਾਣਾ, ਆਪਣੀਆਂ ਫੌਜਾਂ ਦੀ ਧਾੜ ਲੈ ਕੇ ਨਿਹੱਥੇ ਅਤੇ ਗਰੀਬ ਲੋਕਾਂ 'ਤੇ ਜ਼ੁਲਮ ਕਰਦਾ ਹੈ, ਉਨ੍ਹਾਂ ਦੀ ਬੇਹੁਰਮਤੀ ਕਰਦਾ ਹੈ ਤਾਂ ਉਲਾਂਭਾ ਰੱਬ ਨੂੰ ਦਿੱਤਾ ਜਾਂਦਾ ਹੈ, ਸ਼ਿਕਵਾ ਦੁਨੀਆਂ ਦੇ ਉਸ ਮਾਲਕ ਕੋਲ ਕਰਨਾ ਬਣਦਾ ਹੈ।

ਪਿਛਲੇ ਲੇਖ ਵਿਚ ਜ਼ਿਕਰ ਕੀਤਾ ਸੀ ਕਿ ਅਗਸਤ ਦਾ ਮਹੀਨਾ ਬਲੋਚਿਸਤਾਨ, ਭਾਰਤ ਅਤੇ ਪਾਕਿਸਤਾਨ ਲਈ ਅਜ਼ਾਦੀ ਦੇ ਜਸ਼ਨ ਮਨਾਉਣ ਦਾ ਮਹੀਨਾ ਹੈ। ਅਸਲ ਵਿਚ ਅਜ਼ਾਦ ਤਾਂ ਭਾਰਤ ਅਤੇ ਬਲੋਚਿਸਤਾਨ ਹੋਇਆ ਸੀ। ਪਾਕਿਸਤਾਨ ਤਾਂ ਬਣਿਆ ਸੀ, ਇੱਕ ਨਵਾਂ ਮੁਲਕ, ਅਸਲੋਂ ਹੀ ਨਵਾਂ ਮੁਲਕ, ਜੋ ਇੱਕ ਮੁਲਕ ਦੇ ਦੋ ਟੋਟੇ ਕਰਕੇ ਬਣਾਇਆ ਗਿਆ। ਬਲੋਚਿਸਤਾਨ ਨਾਲ ਗੁਰੂ ਨਾਨਕ ਸਾਹਿਬ ਦੇ ਸ਼ਬਦ ਵਿਚ ਬਾਬਰ ਦੇ ਹਮਲੇ ਦੇ ਹਵਾਲੇ ਨਾਲ ਵਰਣਨ ਕੀਤਾ ਉੱਪਰ ਵਾਲਾ ਵਰਤਾਰਾ ਹੋਇਆ। ਭਾਵੇਂ ਬਲੋਚਿਸਤਾਨ ਅੰਗਰੇਜ਼ਾਂ ਕੋਲੋਂ ਤਾਂ 11 ਅਗਸਤ 1947 ਨੂੰ ਅਜ਼ਾਦ ਹੋ ਗਿਆ ਸੀ, ਪਰ ਅੱਠ ਕੁ ਮਹੀਨੇ ਬਾਅਦ ਹੀ ਪਾਕਿਸਤਾਨ ਦੀ ਧਾੜਵੀ ਫੌਜ ਨੇ ਬਲੋਚਿਸਤਾਨ 'ਤੇ ਕਬਜ਼ਾ ਕਰ ਲਿਆ। ਏਨੇ ਵਰ੍ਹੇ ਬੀਤ ਜਾਣ 'ਤੇ ਵੀ ਬਲੋਚਾਂ ਦੇ ਮਨਾਂ ਵਿਚੋਂ ਆਪਣੀ ਅਜ਼ਾਦੀ ਦਾ ਸੁਪਨਾ ਮਰਿਆ ਨਹੀਂ ਹੈ ਅਤੇ ਉਹ ਅਜ਼ਾਦੀ ਦੀ ਆਪਣੀ ਤੜਪ ਨੂੰ ਕਾਇਮ ਰੱਖਦੇ ਹੋਏ 11 ਅਗਸਤ ਨੂੰ ਆਪਣੇ ਅਜ਼ਾਦੀ ਦਿਵਸ ਵਜੋਂ ਮਨਾਉਂਦੇ ਹਨ ਤਾਂ ਕਿ ਉਹ ਆਪਣੇ ਲੋਕਾਂ ਨੂੰ ਆਪਣੀ ਅਜ਼ਾਦੀ ਦੀ ਇਸ ਜਦੋਜਹਿਦ ਨਾਲ ਜੋੜ ਸਕਣ, ਆਪਣੇ ਲੋਕਾਂ ਵਿਚ, ਆਪਣੀ ਨੌਜੁਆਨ ਪੀੜ੍ਹੀ ਦੇ ਮਨਾਂ ਅੰਦਰ ਅਜ਼ਾਦੀ ਦੇ ਆਪਣੇ ਇਸ ਹੱਕ ਬਾਰੇ ਚੇਤਨਾ ਜਗਾਉਂਦੇ ਰਹਿਣ, ਅਜ਼ਾਦੀ ਦੀ ਸ਼ਮ੍ਹਾਂ ਨੂੰ ਬਲਦੀ ਰੱਖ ਸਕਣ ਅਤੇ ਦੁਨੀਆਂ ਦੀ ਕਚਹਿਰੀ ਵਿਚ ਆਪਣਾ ਮਸਲਾ ਪੇਸ਼ ਕਰ ਸਕਣ। ਇਸੇ ਹੀ ਇਰਾਦੇ ਨਾਲ ਜੀ. ਟੀ. ਏ. ਵਿਚ ਰਹਿੰਦੇ ਬਲੋਚ ਭਾਈਚਾਰੇ ਨੇ 11 ਅਗਸਤ ਦੀ ਸ਼ਾਮ ਨੂੰ ਇੱਥੇ ਸਥਿਤ ਲਾਇਬਰੇਰੀ ਵਿਚ ਆਪਣਾ ਅਜ਼ਾਦੀ ਦਿਹਾੜਾ ਮਨਾਇਆ, ਜਿਸ ਵਿਚ ਸ਼ਾਮਲ ਹੋਣ ਦਾ ਮੌਕਾ ਮੈਨੂੰ ਵੀ ਮਿਲਿਆ। ਬਲੋਚ ਆਪਣੇ ਮੁਲਕ ਬਾਰੇ, ਆਪਣੇ ਲੋਕਾਂ ਬਾਰੇ ਕਿਸ ਤਰ੍ਹਾਂ ਮਹਿਸੂਸ ਕਰਦੇ ਹਨ, ਕਰੀਮਾਂ ਬਲੋਚ ਨੇ ਉੱਥੇ ਜੋ ਵਿਚਾਰ ਪਰਗਟ ਕੀਤੇ, ਉਹ ਸਮੁੱਚੇ ਬਲੋਚ ਭਾਈਚਾਰੇ ਦੇ ਖਿਆਲਾਂ ਦੀ ਤਰਜ਼ਮਾਨੀ ਕਰਦੇ ਹਨ। ਕਰੀਮਾਂ ਬਲੋਚ ਵਿਦਿਆਰਥੀ ਕਾਰਕੁਨ ਹੈ (ਸੀ), ਜੋ ਅੱਜ ਕਲ੍ਹ ਕੈਨੇਡਾ ਵਿਚ ਰਹਿ ਰਹੀ ਹੈ (ਸੀ)। ਅਜ਼ਾਦੀ ਦੀ ਯਾਦ ਵਿਚ ਕੀਤੇ ਇਸ ਸਮਾਰੋਹ ਵਿਚ ਕਰੀਮਾ ਬਲੋਚ ਵੱਲੋਂ ਪੇਸ਼ ਕੀਤੇ ਗਏ ਵਿਚਾਰਾਂ ਦੇ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰ ਰਹੀ ਹਾਂ।

ਕਰੀਮਾ ਨੇ ਆਪਣੇ ਖਿਆਲਾਂ ਦਾ ਆਗਾਜ਼ ਕਰਦੇ ਹੋਏ ਸਭ ਤੋਂ ਪਹਿਲਾਂ ਉਸ ਨੂੰ ਉੱਥੇ ਬੁਲਾਏ ਜਾਣ ਲਈ ਧੰਨਵਾਦ ਕੀਤਾ ਅਤੇ ਫਿਰ ਦੱਸਿਆ ਕਿ ਉਹ ਬਲੋਚਿਸਤਾਨ ਦਾ ਅਜ਼ਾਦੀ ਦਿਹਾੜਾ ਮਨਾ ਰਹੇ ਹਨ ਕਿਉਂਕਿ 11 ਅਗਸਤ ਨੂੰ ਅੰਗਰੇਜ਼ਾਂ ਨੇ ਬਲੋਚਿਸਤਾਨ ਨੂੰ ਇੱਕ ਆਜ਼ਾਦ ਮੁਲਕ ਦੇ ਤੌਰ 'ਤੇ ਛੱਡਿਆ ਸੀ। ਅਜ਼ਾਦੀ ਬਹੁਤ ਮੁਸ਼ਕਿਲ ਨਾਲ ਲਈ ਸੀ, ਪਰ ਬਹੁਤ ਆਸਾਨੀ ਨਾਲ ਗੁਆਚ ਗਈ। ਉਸ ਨੇ ਅੱਗੇ ਦੱਸਿਆ ਕਿ 8 ਮਾਰਚ 1948 ਨੂੰ ਪਾਕਿਸਤਾਨੀ ਫੌਜ ਨੇ ਬਲੋਚਿਸਤਾਨ ਵਿਚ ਆਮਦਰਫਤ ਕੀਤੀ ਅਤੇ ਇਸ ਨੂੰ ਕਬਜ਼ੇ ਵਿਚ ਕਰ ਲਿਆ। ਇਹ ਕਬਜ਼ਾ ਲੋਕਾਂ ਦੀ ਮਰਜ਼ੀ ਦੇ ਖਿਲਾਫ ਸੀ। ਇਹ ਕਬਜ਼ਾ ਬਲੋਚਿਸਤਾਨ ਦੀ ਪਾਰਲੀਮੈਂਟ ਦੀ ਮਰਜ਼ੀ ਦੇ ਖਿਲਾਫ ਸੀ। ਇਸ ਤੋਂ ਪਹਿਲੀਆਂ ਵਿਚ ਜਦੋਂ ਮਿਸਟਰ ਮੁਹੰਮਦ ਅਲੀ ਜਿਨਾਹ ਨੇ ਬਲੋਚਿਸਤਾਨ ਦੀ ਸੁਤੰਤਰ ਸਰਕਾਰ ਨੂੰ ਕਿਹਾ ਸੀ ਕਿ ਉਹ ਬਲੋਚਿਸਤਾਨ ਦੇ ਅਜ਼ਾਦ ਰੁਤਬੇ ਨੂੰ ਤਿਆਗ ਦੇਣ ਅਤੇ ਨਵੇਂ ਬਣੇ ਪਰ ਫੌਜੀ ਰੂਪ ਵਿਚ ਤਾਕਤਵਰ ਪਾਕਿਸਤਾਨ ਨਾਲ ਇਸਲਾਮ ਦੇ ਆਧਾਰ 'ਤੇ ਮਿਲ ਜਾਣ, ਤਾਂ ਬਲੋਚ ਸੰਸਦ ਮੈਂਬਰਾਂ ਨੇ ਸਰਵਸੰਮਤੀ ਨਾਲ ਇਨਕਾਰ ਕਰ ਦਿੱਤਾ ਸੀ।

ਕਰੀਮਾ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਸੰਸਦ ਮੈਂਬਰਾਂ ਨੇ ਦਲੀਲ ਦਿੱਤੀ ਸੀ ਕਿ ਭਾਵੇਂ ਇਹ ਸੱਚ ਹੈ ਕਿ ਬਲੋਚ ਮੁਸਲਮਾਨ ਹਨ, ਪਰ ਉਨ੍ਹਾਂ ਦੀ ਸਦਾ ਹੀ ਇੱਕ ਵਿਲੱਖਣ ਸਭਿਆਚਾਰਕ ਪਛਾਣ ਰਹੀ ਹੈ; ਇਸ ਲਈ, ਉਹ ਇਸਲਾਮ ਲਈ ਆਪਣੀ ਵਿਲੱਖਣ ਪਛਾਣ ਨੂੰ ਨਹੀਂ ਤਿਆਗਣਗੇ। ਮਿਸਟਰ ਘਾਉਸ ਬਖਸ਼ ਬਿਜ਼ੈਂਜੋ, ਜੋ ਅਜ਼ਾਦ



**ਕਰੀਮਾ ਬਲੋਚ ਆਪਣੇ ਮੁਲਕ ਬਲੋਚਿਸਤਾਨ ਲਈ ਬਹੁਤ ਹੀ ਤੜਫ ਅਤੇ ਸ਼ਿੱਦਤ ਨਾਲ ਗੱਲ ਕਰਦੀ ਸੀ। ਬਾਹਰੀ ਦਿੱਖ ਅਤੇ ਗੱਲਬਾਤ-ਦੋਹਾਂ ਵਿਚ ਉਹ ਆਪਣੀ ਉਮਰ ਤੋਂ ਬਹੁਤ ਗੰਭੀਰ ਜਾਪਦੀ ਸੀ। ...ਉਹ ਆਪਣੇ ਲੋਕਾਂ ਅਤੇ ਔਰਤ ਦੇ ਹੱਕਾਂ ਲਈ ਜੂਝਦੀ ਹੋਈ, ਸੰਸਾਰ ਦੀਆਂ ਆਪਣੇ ਵਰਗੀਆਂ ਹੋਰ ਮਨੁੱਖੀ ਹੱਕਾਂ ਲਈ ਜੂਝਦਿਆਂ ਜਾਨ ਕੁਰਬਾਨ ਕਰਨ ਵਾਲੀਆਂ ਜੁਝਾਰੂ ਔਰਤਾਂ ਦੀ ਤਰ੍ਹਾਂ ਕੁਰਬਾਨ ਹੋ ਗਈ।**

ਬਲੋਚਿਸਤਾਨ ਦਾ ਉਦੋਂ ਵਿਰੋਧੀ ਧਿਰ ਦਾ ਨੇਤਾ ਸੀ, ਲਿਖਤੀ ਰਿਕਾਰਡ 'ਤੇ ਹੈ।

ਕਰੀਮਾ ਦਾ ਕਹਿਣਾ ਹੈ ਕਿ ਇਹ ਮਹਿਜ਼ ਇਸਲਾਮਿਕ ਸਟੇਟ ਪਾਕਿਸਤਾਨ ਵਿਚ ਸ਼ਾਮਲ ਹੋਣ ਤੋਂ ਹੀ ਇਨਕਾਰ ਨਹੀਂ ਹੈ। ਇਹ ਸੰਸਾਰ ਨੂੰ ਪ੍ਰਭਾਵ ਹੇਠ ਲਿਆਉਣ ਦੀ ਨਵੀਂ ਪੈਨ ਇਸਲਾਮਿਕ ਲਹਿਰ ਵਿਚ ਸ਼ਾਮਲ ਹੋਣ ਤੋਂ ਵੀ ਇਨਕਾਰ ਸੀ।

ਕਰੀਮਾ ਬਲੋਚ ਦਾ ਵਿਚਾਰ ਹੈ ਕਿ ਪਾਕਿਸਤਾਨ ਦਾ ਨਿਰਮਾਣ ਇਸਲਾਮਿਕ ਲਹਿਰ ਲਈ ਪਹਿਲੀ ਵੱਡੀ ਜਿੱਤ ਸੀ। ਉਸਮਾਨ ਰਾਜਵੰਸ਼ ਦੀ ਗਿਰਾਵਟ ਤੋਂ ਬਾਅਦ, ਜੋ ਕਿ ਆਖਰੀ ਸੁੰਨੀ ਇਸਲਾਮਿਕ ਰਾਜਵੰਸ਼ ਸੀ, ਸੰਸਾਰ ਭਰ ਵਿਚ ਮੁਸਲਿਮ ਨੇਤਾਵਾਂ ਨੇ ਠੱਗੇ ਹੋਏ ਅਤੇ ਧਮਕੀ ਵਿਚ ਮਹਿਸੂਸ ਕੀਤਾ। ਪਾਕਿਸਤਾਨ ਦੇ ਨਿਰਮਾਤਾਵਾਂ ਨੇ ਦੱਖਣੀ ਏਸ਼ੀਆ ਦੇ ਮੁਸਲਮਾਨਾਂ ਦੇ ਇਸ ਡਰ ਦਾ ਨਾਜਾਇਜ਼ ਫਾਇਦਾ ਉਠਾਇਆ ਕਿ ਇਸਲਾਮ ਨੂੰ ਖਤਰਾ ਹੈ, ਅਤੇ ਪਾਕਿਸਤਾਨ ਦੇ ਉਸਮਾਨ ਰਾਜਵੰਸ਼ ਦੀ ਤਰਜ਼ 'ਤੇ ਨਿਰਮਾਣ ਲਈ ਅਭਿਆਨ ਚਲਾਇਆ।

ਕਰੀਮਾ ਬਲੋਚ ਅਨੁਸਾਰ ਪਾਕਿਸਤਾਨ ਦੀ ਪੈਨ ਇਸਲਾਮਿਕ ਮਿਲੀਟੈਂਟ ਸੰਗਠਨਾਂ ਜਿਵੇਂ ਅਲਕਾਇਦਾ ਅਤੇ ਆਈ. ਐਸ. ਆਈ. ਐਸ. ਵਰਗੇ ਸੰਗਠਨਾਂ ਦੀ ਲਗਾਤਾਰ ਹਮਾਇਤ, ਇਸ ਦੀ ਨੀਂਹ ਦੀ ਇਸੇ ਵਿਚਾਰਧਾਰਾ ਵਿਚੋਂ ਆਉਂਦੀ ਹੈ। ਉਹ ਕੁਦਰਤੀ ਸਹਿਯੋਗੀ ਹਨ, ਜੋ ਉਸੇ ਪੁਰਾਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਇਕੱਠੇ ਕੰਮ ਕਰ ਰਹੇ ਹਨ: ਇਸਲਾਮਿਕ ਰਾਜਵੰਸ਼ ਦਾ ਪੁਨਰ ਪ੍ਰਚਲਨ।

ਕਰੀਮਾ ਦਾ ਵਿਚਾਰ ਹੈ ਕਿ ਬਲੋਚਿਸਤਾਨ ਦੇ ਨੇਤਾਵਾਂ ਨੇ ਪਿੱਛੇ 1947 ਵਿਚ ਇਸ ਇਸਲਾਮਿਕ ਲਹਿਰ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ ਸੀ। ਉਹ ਹੁਣ ਵੀ ਇਸ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਦੀ ਬਹੁਤ ਭਾਰੀ ਕੀਮਤ ਚੁਕਾਉਣੀ ਪਈ ਹੈ। ਉਨ੍ਹਾਂ ਨੇ ਆਪਣੀ ਆਜ਼ਾਦੀ ਗੁਆ ਦਿੱਤੀ। ਕਹਿਣ ਤੋਂ ਭਾਵ ਹੈ ਕਿ ਉਨ੍ਹਾਂ ਦੇ ਇਸ ਇਨਕਾਰ ਦੀ ਕੀਮਤ ਉਨ੍ਹਾਂ ਨੂੰ ਆਪਣੀ ਆਜ਼ਾਦੀ ਗੁਆ ਕੇ ਦੇਣੀ ਪਈ ਹੈ। ਆਪਣੀ ਆਜ਼ਾਦੀ ਦੀ ਪੁਨਰ ਪ੍ਰਾਪਤੀ ਲਈ ਜਦੋਜਹਿਦ ਵਿਚ ਉਨ੍ਹਾਂ ਨੇ ਪਾਕਿਸਤਾਨੀ ਪ੍ਰਭੁਤਾ ਹੇਠ ਹਜ਼ਾਰਾਂ ਕੀਮਤੀ ਜਾਨਾਂ ਗੁਆ ਦਿੱਤੀਆਂ ਹਨ।

ਕਰੀਮਾ ਬਲੋਚ ਦਾ ਮੰਨਣਾ ਹੈ ਕਿ ਵਰਨਾ ਬਲੋਚ ਬਹੁਤ ਹੀ ਆਮ, ਸਹਿਜੇ ਹੀ ਅੱਖੋਂ-ਪਰੋਖੇ ਕੀਤੇ ਜਾ ਸਕਣ ਵਾਲੇ ਲੋਕ ਹਨ। ਉਹ ਗਿਣਤੀ ਵਿਚ ਬਹੁਤ ਹੀ ਘੱਟ ਹਨ, ਜੋ ਕਿ ਬਹੁਤ ਵਿਸ਼ਾਲ ਅਸਤਿਕਾਰਸ਼ੀਲ ਜ਼ਮੀਨ 'ਤੇ ਰਹਿਣ ਵਾਲੇ ਹਨ। ਮਨੁੱਖੀ ਸਭਿਅਤਾ ਨੂੰ ਉਨ੍ਹਾਂ ਦੀ ਕੋਈ ਬਹੁਤ ਵੱਡੀ ਦੇਣ ਵੀ ਨਹੀਂ ਹੈ। ਉਨ੍ਹਾਂ ਦੀ ਕੋਈ ਬਹੁਤ ਵੱਡੀ ਫੌਜ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਕੋਲ ਆਧੁਨਿਕ ਹਥਿਆਰ ਹਨ। ਉਹ ਕਿਸੇ ਮਹਾਨ ਪੁਰਸਕਾਰ ਵਿਜੇਤਾ ਹੋਣ ਦੀ ਸ਼ੇਖੀ ਵੀ ਨਹੀਂ ਮਾਰ ਸਕਦੇ। ਉਨ੍ਹਾਂ ਦੇ ਕੋਈ ਖਾਸ ਭੋਜਨ ਵੀ ਨਹੀਂ ਹਨ। ਉਨ੍ਹਾਂ ਦਾ ਜ਼ਿਕਰ ਇਤਿਹਾਸ ਦੀਆਂ ਪੁਸਤਕਾਂ ਵਿਚ ਵੀ ਨਹੀਂ ਆਉਂਦਾ।

ਕਰੀਮਾ ਅੱਗੇ ਕਹਿੰਦੀ ਹੈ ਕਿ ਫਿਰ ਵੀ ਦੋ ਅਜਿਹੀਆਂ ਬਲੋਚ ਵਿਸ਼ੇਸ਼ਤਾਈਆਂ ਹਨ, ਜਿਨ੍ਹਾਂ ਕਰਕੇ ਉਸ ਨੂੰ ਆਪਣੇ ਲੋਕਾਂ 'ਤੇ ਮਾਣ ਹੈ। ਪਹਿਲੀ ਗੱਲ, ਉਹ ਬਹੁਤ ਛੋਟੀ ਕੌਮ ਹਨ, ਜੋ ਪਾਕਿਸਤਾਨ, ਈਰਾਨ ਅਤੇ ਅਫਗਾਨਿਸਤਾਨ ਵਿਚਲੇ ਇਸਲਾਮਿਕ ਕੱਟੜਵਾਦ ਨਾਲ ਘਿਰੀ ਹੋਈ ਹੈ, ਪ੍ਰੰਤੂ ਉਨ੍ਹਾਂ ਨੇ ਆਪਣੇ ਧਰਮ-ਨਿਰਪੇਖ ਸੁਭਾਅ ਨੂੰ ਦ੍ਰਿੜਤਾ ਨਾਲ ਕਾਇਮ ਰੱਖਿਆ ਹੋਇਆ ਹੈ। ਦੂਸਰੀ ਗੱਲ, ਉਹ ਅਟੱਲ ਰੂਪ ਵਿਚ ਬਿਨਾ ਕੋਈ ਸਮਝੌਤਾ ਕੀਤਿਆਂ ਅਤੇ ਲਗਾਤਾਰ ਆਪਣੀ ਆਜ਼ਾਦੀ ਤੇ ਨਿਵੇਕਲੀ ਪਛਾਣ ਲਈ ਆਪਣੇ ਤਾਕਤਵਰ ਦੁਸ਼ਮਣਾਂ ਜਿਵੇਂ ਬ੍ਰਿਟਿਸ਼, ਪਾਕਿਸਤਾਨ ਅਤੇ ਈਰਾਨ ਦੇ ਖਿਲਾਫ ਲੜੇ ਹਨ।

ਬ੍ਰਿਟਿਸ਼ ਸਮਰਾਜ ਤੋਂ ਆਜ਼ਾਦੀ ਮਿਲਣ ਦੀ ਗੱਲ ਕਰਦਿਆਂ ਕਰੀਮਾ ਨੇ ਦੱਸਿਆ ਕਿ ਅੱਜ ਦੇ ਦਿਨ, 70 ਸਾਲ ਪਹਿਲਾਂ, ਉਨ੍ਹਾਂ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕੀਤੀ ਸੀ। ਜਲਦੀ ਹੀ ਇਹ ਆਜ਼ਾਦੀ ਉਨ੍ਹਾਂ ਨੇ ਪਾਕਿਸਤਾਨ ਅਤੇ ਉਸ ਦੀ ਇਸਲਾਮਿਕ ਵਿਚਾਰਧਾਰਾ ਨੂੰ ਹਾਰ ਦਿੱਤੀ, ਇਹ ਸੱਚ ਹੈ; ਪ੍ਰੰਤੂ ਉਹ ਫਿਰ ਵੀ ਹੈਰਾਨ ਹੈ ਕਿ ਇਨ੍ਹਾਂ ਸੱਤ ਕਾਲੇ ਦਹਾਕਿਆਂ ਵਿਚ ਕਿਸ ਚੀਜ਼ ਨੇ ਉਨ੍ਹਾਂ ਦੀ ਜਦੋਜਹਿਦ ਨੂੰ ਬਣਾਈ ਰੱਖਿਆ? ਉਨ੍ਹਾਂ ਦੇ ਲੋਕਾਂ 'ਤੇ ਈਰਾਨ ਅਤੇ ਪਾਕਿਸਤਾਨ ਦੇ ਮਿਲਵੇਂ ਫੌਜੀ ਅਭਿਆਨਾਂ ਦੌਰਾਨ ਬੰਬ ਵਰਸਾਏ ਗਏ। ਉਨ੍ਹਾਂ ਦੇ ਸਮੁੱਚੇ ਪਿੰਡ ਸਾੜ ਕੇ ਸੁਆਹ ਕਰ ਦਿੱਤੇ ਗਏ। ਉਨ੍ਹਾਂ ਦੇ ਕਾਰਕੁਨ ਹਜ਼ਾਰਾਂ ਦੀ ਗਿਣਤੀ ਵਿਚ ਮਾਰ ਦਿੱਤੇ ਗਏ ਅਤੇ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ। ਉਨ੍ਹਾਂ ਨੇ ਇਹ ਸਭ ਕੁਝ ਇਕੱਲ ਵਿਚ ਝੇਲਿਆ। ਆਜ਼ਾਦੀ ਅਤੇ ਮਾਨਵੀ ਹੱਕਾਂ ਦੇ ਮੁਦੱਈਆਂ ਨੇ ਉਨ੍ਹਾਂ ਦੀਆਂ ਤਕਲੀਫਾਂ 'ਤੇ ਕਦੇ ਝਾਤ ਵੀ ਨਹੀਂ ਪਾਈ। ਉਨ੍ਹਾਂ ਵੱਲ ਕੋਈ ਵੀ ਸਹਾਇਤਾ ਕਰਨ ਵਾਲਾ ਹੱਥ ਨਹੀਂ ਅਹੁਲਿਆ। ਨਾ ਹੀ ਕਿਸੇ ਨੇ ਅਫਸੋਸ ਦਾ ਕੋਈ ਲਫਜ਼ ਬੋਲਿਆ। ਉਸ ਨੂੰ ਹੈਰਾਨੀ ਹੁੰਦੀ ਹੈ ਕਿ ਉਹ ਕੀ ਸੀ, ਜਿਸ ਨੇ ਉਸ ਦੇ ਲੋਕਾਂ ਨੂੰ ਕੁਕਨੂਸ ਵਾਂਗ ਆਪਣੀ ਹੀ ਸੁਆਹ ਵਿਚੋਂ ਫਿਰ ਪੈਦਾ ਹੋਣ ਦਾ ਸਿਲਸਿਲਾ ਜਾਰੀ ਰੱਖਿਆ। ਉਸ ਦਾ ਕਹਿਣਾ ਹੈ ਕਿ ਉਹ ਸੱਚਮੁੱਚ ਨਹੀਂ ਜਾਣਦੀ; ਪ੍ਰੰਤੂ ਉਹ ਜਾਣਦੀ ਹੈ ਕਿ ਹਰ ਲੜਾਈ ਹਾਰ ਜਾਣ ਤੋਂ ਬਾਅਦ, ਹਰ ਜ਼ਖਮ ਸਹਿ ਲੈਣ ਤੋਂ ਬਾਅਦ, ਉਨ੍ਹਾਂ ਨੇ ਆਪਣੀ ਆਤਮਾ ਨੂੰ ਅੰਧਕਾਰ ਅੱਗੇ ਨਹੀਂ ਹਾਰਿਆ। ਉਨ੍ਹਾਂ ਨੇ ਗੁਲਾਮੀ ਨੂੰ ਆਪਣੀ ਹੋਣੀ ਵੱਜੋਂ ਕਬੂਲ ਨਹੀਂ ਕੀਤਾ।

ਉਸ ਦਾ ਕਹਿਣਾ ਹੈ ਕਿ ਆਲਮੀ ਤਾਕਤਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਸਾਹਵੇਂ ਬਲੋਚ ਲੋਕਾਂ ਅਤੇ ਬਲੋਚਿਸਤਾਨ ਦੀ ਸ਼ਾਇਦ ਕੋਈ ਅਹਿਮੀਅਤ ਨਹੀਂ ਹੈ; ਇਸੇ ਲਈ, ਉਨ੍ਹਾਂ ਨੇ ਸਾਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਹੈ। ਇਹ ਲੱਗ ਸਕਦਾ ਹੈ ਕਿ ਉਸ ਦੇ ਲੋਕ ਬਲੋਚਿਸਤਾਨ ਦੀ ਆਜ਼ਾਦੀ ਲਈ ਲੜ ਰਹੇ ਹਨ, ਪ੍ਰੰਤੂ ਅਸਲੀਅਤ ਵਿਚ, ਉਹ ਇਸ ਇੱਕ ਵਿਚਾਰਧਾਰਾ ਲਈ ਲੜ ਰਹੇ ਹਨ ਕਿ ਸਾਰੇ ਮਰਦ ਜਾਂ ਔਰਤਾਂ ਨੂੰ ਆਜ਼ਾਦ ਹੋਣ ਦਾ ਹੱਕ ਹੈ।

ਉਸ ਦਾ ਖਿਆਲ ਹੈ ਕਿ ਜੇ ਤੁਸੀਂ ਹਿੰਸਾ ਉਤੇ ਪਾਕਿਸਤਾਨ ਦੀ ਇਜ਼ਾਰੇਦਾਰੀ ਮੰਨਦੇ ਹੋ ਅਤੇ ਮੂਕ ਦਰਸ਼ਕਾਂ ਦੀ ਤਰ੍ਹਾਂ ਖੜੇ ਕੇ ਉਸ ਦੇ ਲੋਕਾਂ ਦਾ ਹੋ ਰਿਹਾ ਨਸਲੀ-ਸੰਘਾਰ ਦੇਖਦੇ ਰਹਿੰਦੇ ਹੋ, ਕਿਉਂਕਿ ਤੁਸੀਂ ਸੋਚਦੇ ਹੋ ਕਿ ਤਾਕਤਵਰ ਧਿਰ ਕਮਜ਼ੋਰ ਲੋਕਾਂ ਦੇ ਮੌਲਿਕ ਮਾਨਵੀ ਹੱਕਾਂ ਦੀ ਉਲੰਘਣਾ ਕਰ ਸਕਦੀ ਹੈ, ਤਾਂ ਤੁਸੀਂ ਮਾਨਵੀ ਨਸਲ ਦੀ ਮੱਦਦ ਨਹੀਂ ਕਰ ਰਹੇ। ਤੁਹਾਡੀ ਵਿਗਿਆਨ ਅਤੇ ਮਾਨਵੀ ਸਭਿਅਤਾ ਦੇ ਖੇਤਰ ਵਿਚ ਸਾਰੀਆਂ ਪ੍ਰਾਪਤੀਆਂ ਦੇ ਬਾਵਜੂਦ, ਤੁਸੀਂ ਮਨੁੱਖ ਜਾਤੀ ਦੀ ਸਹਾਇਤਾ ਨਹੀਂ ਕਰ ਰਹੇ। ਜੇ ਤੁਸੀਂ ਤਾਕਤਵਰ ਨੂੰ ਇਹ ਆਗਿਆ ਦਿੰਦੇ ਹੋ ਕਿ ਉਹ ਕਮਜ਼ੋਰ ਨੂੰ ਪ੍ਰੇਸ਼ਾਨ ਕਰੇ ਅਤੇ ਮਿਟਾ ਦੇਵੇ, ਤੁਸੀਂ ਇੱਕ ਹੋਰ ਔਸ਼ਵਿਸ (ਦੂਸਰੇ ਸੰਸਾਰ ਯੁੱਧ ਸਮੇਂ ਪੋਲੈਂਡ ਦੇ ਔਸ਼ਵਿਸ ਕਸਬੇ ਨੇੜੇ ਨਾਜ਼ੀਆਂ ਵੱਲੋਂ ਬਣਾਇਆ ਤਸੀਹਾ ਕੇਂਦਰ) ਵਾਪਰਨ ਦੀ ਆਗਿਆ ਦੇ ਰਹੇ ਹੋ।

ਉਹ ਅੱਗੇ ਹੋਰ ਕਹਿੰਦੀ ਹੈ ਕਿ ਜੇ ਤੁਸੀਂ ਯਾਜ਼ਿਦੀ ਔਰਤਾਂ ਅਤੇ ਬੱਚਿਆਂ ਦੀ ਗੁਲਾਮ ਮੰਡੀਆਂ ਵਿਚ ਵਿਕਰੀ 'ਤੇ ਚੁੱਪ ਰਹਿੰਦੇ ਹੋ, ਤਾਂ ਤੁਹਾਨੂੰ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਇਹ ਉੱਥੇ ਬੰਦ ਹੋ ਜਾਵੇਗੀ। ਵਗੈਰ ਕੋਈ ਅਹਿਮੀਅਤ ਰੱਖਦੀਆਂ ਇਨ੍ਹਾਂ ਦੂਰ ਵਸੀਆਂ ਧਰਤੀਆਂ 'ਤੇ ਮਾਨਵੀ ਅਜ਼ਾਦੀ ਤੇ ਇਹ ਸਮੂਹਕ ਕਬਰਾਂ, ਇਹ ਨਸਲੀ-ਸੰਘਾਰ ਅਤੇ ਹਮਲੇ ਤੁਹਾਡੇ ਘਰਾਂ ਦੀ ਸ਼ਾਂਤੀ ਵਿਚ, ਤੁਹਾਡੀਆਂ ਜ਼ਿੰਦਗੀਆਂ ਵਿਚ ਵੀ ਇਨ੍ਹਾਂ ਦਿਨਾਂ ਵਿਚ ਰੰਗਣਗੀਆਂ। ਬੇਇਨਸਾਫੀ ਦੀ ਘਟਨਾ ਵਿਚ ਕੋਈ ਮੂਕ ਦਰਸ਼ਕ ਨਹੀਂ ਹੁੰਦੇ। ਡੈਜ਼ਮੰਡ ਟੁਟੂ ਨੇ ਜਿਵੇਂ ਕਿਹਾ ਹੈ, "ਜੇ ਤੁਸੀਂ ਬੇਇਨਸਾਫੀ ਦੇ ਹਾਲਾਤਾਂ ਵਿਚ ਨਿਰਪੱਖ ਰਹਿੰਦੇ ਹੋ, ਤਾਂ ਤੁਸੀਂ ਜ਼ਾਲਿਮ ਦਾ ਪੱਖ ਚੁਣਿਆ ਹੈ।

ਕਰੀਮਾ ਆਜ਼ਾਦ ਕਹੇ ਜਾਂਦੇ ਸੰਸਾਰ ਦੀ ਬੇਰੁਖੀ ਕਾਰਨ ਇਸਲਾਮਿਕ ਪਾਕਿਸਤਾਨ ਅਤੇ ਉਸ ਦੀ ਕੱਟੜਪੰਥੀ ਫੌਜ ਦੇ ਹੱਥਾਂ ਵਿਚ ਆਪਣੇ ਲੋਕਾਂ ਦੀ ਉਤਰਜੀਵਤਾ ਲਈ ਚਿੰਤਿਤ ਹੈ।

ਉਹ ਇਸ ਤੱਥ ਨੂੰ ਦੁਹਰਾਉਂਦੀ ਹੈ ਕਿ ਅੱਜ ਦੇ ਦਿਨ, 70 ਸਾਲ ਪਹਿਲਾਂ ਉਨ੍ਹਾਂ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਿਲ ਕੀਤੀ ਸੀ। ਉਹ ਫਿਰ ਇਸ ਨੂੰ ਪਾਕਿਸਤਾਨ ਤੋਂ ਹਾਸਿਲ ਕਰਨਗੇ। ਉਹ ਕੁਕਨੂਸਾਂ ਦੀ ਕੌਮ ਹਨ। ਪਾਕਿਸਤਾਨ ਤੋਂ ਆਪਣੀ ਆਜ਼ਾਦੀ ਨੂੰ ਦੁਬਾਰਾ ਹਾਸਿਲ ਕਰਨ ਲਈ ਉਹ ਹਰ ਵਾਰ ਆਪਣੀ ਸੁਆਹ ਵਿਚੋਂ ਉੱਠਣਗੇ। ਇਹ "ਆਜ਼ਾਦ ਸੰਸਾਰ" ਉਤੇ ਮੁਨੱਸਰ ਹੈ ਕਿ ਕਿੰਨੀ ਵਾਰ ਇਹ ਉਨ੍ਹਾਂ ਨੂੰ ਸੁਆਹ ਹੁੰਦੇ ਦੇਖਣਾ ਚਾਹੁੰਦਾ ਹੈ, ਅਰਥਾਤ ਕਦੋਂ ਤੱਕ ਉਨ੍ਹਾਂ ਦੇ ਕਤਲੇਆਮ ਨੂੰ ਖਾਮੋਸ਼ ਹੋ ਕੇ ਤੱਕਦਾ ਰਹਿੰਦਾ ਹੈ। ਕਰੀਮਾ ਅਨੁਸਾਰ ਉਨ੍ਹਾਂ ਦਾ ਆਜ਼ਾਦ ਬਲੋਚਿਸਤਾਨ ਇੱਕ ਜਮੂਹਰੀ ਅਤੇ ਧਰਮ-ਨਿਰਪੱਖ ਸਟੇਟ ਹੋਵੇਗਾ।

ਕਰੀਮਾ ਬਲੋਚ ਦੀ ਆਪਣੇ ਲੋਕਾਂ ਦੀ ਕੁਕਨੂਸ ਨਾਲ ਇਸ ਤਸ਼ਬੀਹ ਤੋਂ ਮੈਨੂੰ ਅਠਾਰਵੀਂ ਸਦੀ ਵਿਚ ਮੀਰ ਮੰਨੂ ਵੱਲੋਂ ਸਿੱਖਾਂ ਦੇ ਲਗਾਤਾਰ ਕੀਤੇ ਜਾ ਰਹੇ ਨਸਲੀ-ਸੰਘਾਰ ਵੇਲੇ ਸਿੰਘਾਂ ਦਾ ਇੱਕ ਬੋਲਾ ਯਾਦ ਆ ਗਿਆ ਹੈ, ਜੋ ਉਹ ਹੱਸ ਕੇ ਦੁਹਰਾਉਂਦੇ ਸਨ, "ਮੰਨੂ ਸਾਡੀ ਦਾਤਰੀ ਤੇ ਅਸੀਂ ਮੰਨੂ ਦੇ ਸੋਏ। ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ।" ਸੋਏ ਸੌਂਫ ਦੀ ਜਾਤ ਦੇ ਹੀ ਬੀਜ ਹੁੰਦੇ ਹਨ। ਜੋ ਆਮ ਤੌਰ 'ਤੇ ਬਰਸੀਮ ਦੀਆਂ ਵੱਟਾਂ 'ਤੇ ਬੀਜੇ ਹੁੰਦੇ ਹਨ। ਇਨ੍ਹਾਂ ਨੂੰ ਜਿਵੇਂ ਜਿਵੇਂ ਵੱਢੀ ਜਾਉ, ਇਹ ਹੋਰ ਵੱਧ ਉੱਗਦੇ ਰਹਿੰਦੇ ਹਨ।

ਧਰਮ-ਨਿਰਪੇਖਤਾ ਅਤੇ ਜਮੂਹਰੀਅਤ, ਮਾਨਵੀ ਕੀਮਤਾਂ ਦੇ ਹਮਦਰਦ ਪਾਕਿਸਤਾਨੀ ਪਿਛੋਕੜ ਦੇ ਕੈਨੇਡੀਅਨ ਲੇਖਕ ਅਤੇ ਕਾਲਮਨਿਸਟ ਜਨਾਬ ਤਾਰਕ ਫਤਿਹ, ਜੋ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਨ, ਨੇ ਦੱਸਿਆ ਕਿ ਪਾਕਿਸਤਾਨ ਲਗਾਤਾਰ ਬਲੋਚਾਂ ਨੂੰ ਖੂੰਜੇ ਲਾ ਰਿਹਾ ਹੈ। ਉਸ ਨੇ ਬਲੋਚਿਸਤਾਨ ਦੇ ਸਭ ਤੋਂ ਵੱਡੇ ਸ਼ਹਿਰ ਡੇਰਾ ਗਾਜ਼ੀਖਾਨ ਨੂੰ ਪਾਕਿਸਤਾਨੀ ਪੰਜਾਬ ਵਿਚ ਮਿਲਾ ਲਿਆ ਹੈ। ਜਨਾਬ ਤਾਰਿਕ ਫਤਿਹ ਅਨੁਸਾਰ ਪਾਕਿਸਤਾਨ ਵਿਚ ਅੱਜ ਕੱਲ ਬਹੁਤ ਸਾਰੇ ਨਕਲੀ ਬਲੋਚ ਆਪਣੇ ਨਾਂ ਪਿੱਛੇ ਬਲੋਚ ਲਾ ਕੇ ਰਹਿ ਰਹੇ ਹਨ, ਜੋ ਅਸਲ ਵਿਚ ਪੰਜਾਬੀ ਹਨ। ਜਨਾਬ ਤਾਰਿਕ ਫਤਿਹ ਨੇ ਇਹ ਵੀ ਖੁਲਾਸਾ ਕੀਤਾ ਕਿ ਪਾਕਿਸਤਾਨੀ ਪੰਜਾਬੀ ਆਪਣੀ ਮਾਂ-ਬੋਲੀ ਪੰਜਾਬੀ ਨੂੰ ਭੁਲਾ ਕੇ ਉਰਦੂ ਨੂੰ ਆਪਣੀ ਮਾਂ-ਬੋਲੀ ਦੱਸ ਰਹੇ ਹਨ ਅਤੇ ਬਾਕੀ ਪਾਕਿਸਤਾਨੀਆਂ ਤੇ ਵੀ ਠੋਸ ਰਹੇ ਹਨ, ਜਦ ਕਿ ਅਸਲ ਵਿਚ ਉਰਦੂ ਯੂ. ਪੀ.-ਬਿਹਾਰ ਤੋਂ ਹਿਜਰਤ ਕਰ ਕੇ ਪਾਕਿਸਤਾਨ ਵਿਚ ਆਏ ਥੋੜ੍ਹੇ ਜਿਹੇ ਲੋਕਾਂ ਦੀ ਬੋਲੀ ਹੈ। ਉਨ੍ਹਾਂ ਅਨੁਸਾਰ ਪਾਕਿਸਤਾਨ ਬਲੋਚਿਸਤਾਨ ਦੇ ਕੁਦਰਤੀ ਸ੍ਰੋਤਾਂ ਦੀ ਖੁਦਾਈ ਕਰਕੇ ਉਨ੍ਹਾਂ ਨੂੰ ਖਤਮ ਕਰ ਰਿਹਾ ਹੈ ਅਤੇ ਹੁਣ ਚੀਨ ਵੀ ਗਵਾਦਰ ਪੋਰਟ ਖੋਲ੍ਹ ਕੇ ਇਸ ਲੁੱਟ ਵਿਚ ਸ਼ਾਮਲ ਹੋ ਗਿਆ ਹੈ।

ਇਸ ਸਮਾਗਮ ਦੀ ਸਮਾਪਤੀ ਅਜ਼ਾਦੀ ਦੇ ਦਿਹਾੜੇ ਦੀ ਯਾਦ ਵਿਚ ਕੇਕ ਕੱਟ ਕੇ, ਸਮਾਗਮ ਵਿਚ ਸ਼ਾਮਲ ਹੋਏ ਮਹਿਮਾਨਾਂ ਦੀ ਚਾਹ ਅਤੇ ਸਨੈਕਸ ਨਾਲ ਸੇਵਾ ਕਰਕੇ ਕੀਤੀ ਗਈ।

# ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ

## ਸਮੂਹ ਗਾਹਕਾਂ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਨਵੇਂ ਸਾਲ ਦੀ ਲੱਖ ਲੱਖ ਵਧਾਈ



ਮਖਣ ਸਿਘ ਬਸ ਤ ਰਵਿਦਰ ਸਿਘ

**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
**1-866-FOR-RAJA** (367-7252)
**www.RajaSweets.com**




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

## Paradise Ballrooms

4100 Peralta Blvd. Fremont, CA 94536
**(510) 900-6319**
info@paradiseballrooms.com
www.paradiseballrooms.com

# ਕਿਵੇਂ ਬਚੇ ਪੰਜਾਬ ਦੀ ਕਿਸਾਨੀ?

ਪੰਜਾਬ ਦੇ ਕਿਸਾਨਾਂ ਵਲੋਂ ਖੇਤੀ ਬਿੱਲਾਂ ਦੇ ਵਿਰੋਧ ਵਿਚ ਚੱਲ ਰਿਹਾ ਸੰਘਰਸ਼ ਪੂਰੇ ਸਿਖਰ ਉੱਤੇ ਹੈ। ਖੇਤੀ ਕਾਨੂੰਨਾਂ ਬਾਰੇ ਇਸ ਸੰਘਰਸ਼ ਦਾ ਸਿੱਟਾ ਜੋ ਮਰਜੀ ਨਿਕਲੇ, ਪਰ ਇਹ ਸੰਘਰਸ਼ ਆਪਣੇ ਆਪ ਵਿਚ ਇੱਕ ਬੁਹਤ ਵੱਡੀ ਜਿੱਤ ਹੈ। ਸਰਕਾਰ ਜੇ ਇਹ ਤਿੰਨੇ ਕਨੂੰਨ ਰੱਦ ਕਰ ਵੀ ਦੇਵੇ ਤਾਂ ਵੀ ਪੰਜਾਬ ਦੀ ਕਿਸਾਨੀ ਖਤਰੇ ਵਿਚ ਹੈ। ਇਨ੍ਹਾਂ ਕਾਨੂੰਨਾਂ ਦੇ ਪਾਸ ਹੋਣ ਤੋਂ ਪਹਿਲਾਂ ਕਿਸਾਨ ਕਿਉਂ ਕਰਜਾਈ ਸਨ ਅਤੇ ਖੁਦਕੁਸ਼ੀਆਂ ਕਰ ਰਹੇ ਸਨ। ਹਰੇ ਇਨਕਲਾਬ ਨੇ



**ਬਲਿਹਾਰ ਸਿੰਘ ਲੇਹਲ, ਸਿਆਟਲ**
LEHALBALIHAR@gmail.com

ਪੰਜਾਬ ਦੀ ਧਰਤੀ, ਹਵਾ ਅਤੇ ਪਾਣੀ ਜ਼ਹਿਰੀਲੇ ਕਰ ਦਿੱਤੇ ਹਨ। ਝੋਨੇ ਦੀ ਫਸਲ ਜ਼ਮੀਨ ਹੇਠਲਾ ਪਾਣੀ ਖਤਮ ਕਰ ਰਹੀ ਹੈ। ਇਨ੍ਹਾਂ ਕਾਨੂੰਨ ਨੂੰ ਰੱਦ ਕਰਵਾਉਣ ਤੋਂ ਬਾਅਦ ਵੀ ਜੇ ਪੰਜਾਬ ਨੂੰ ਬਚਾਉਣ ਲਈ ਕੋਈ ਠੋਸ ਉਪਰਾਲੇ ਨਾਂ ਕੀਤੇ ਗਏ ਤਾਂ ਪੰਜਾਬ ਕੁਝ ਕੁ ਸਾਲਾਂ ਵਿਚ ਇੱਕ ਜ਼ਹਿਰੀਲਾ ਰੇਗਿਸਤਾਨ ਬਣ ਜਾਵੇਗਾ। ਮਸਲਾ ਪੰਜਾਬ ਦੀ ਕਿਰਸਾਨੀ ਬਚਾਉਣ ਦਾ ਹੀ ਨਹੀਂ, ਸਗੋਂ ਪੰਜਾਬ ਦੀ ਹੋਂਦ ਬਚਾਉਣ ਦਾ ਵੀ ਹੈ। ਪਿਛਲੀਆਂ ਕਈ ਸਦੀਆਂ ਤੋਂ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਸੰਘਰਸ਼ ਵਿਚ ਹੀ ਲੰਘਦੀ ਰਹੀ ਹੈ। ਆਜ਼ਾਦੀ ਤੋਂ ਬਾਅਦ ਅਤੇ ਰਾਜਨੀਤਕ ਤੌਰ 'ਤੇ ਇਸ ਖਿੱਤੇ ਵਿਚ ਟਿਕ ਟਿਕਾ ਹੋਣ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੂੰ ਸੰਘਰਸ਼ਾਂ ਦੇ ਰਾਹ ਹੀ ਤੁਰਨਾ ਪੈਂਦਾ ਰਿਹਾ ਹੈ। ਦਿਮਾਗ ਦੀ ਲੜਾਈ ਜਾਂ ਸਿਆਸਤ ਕਰਨ ਵਿਚ ਅਸੀਂ ਫਾਡੀ ਹਾਂ। ਜੇ ਸਰਕਾਰ ਸਾਡੇ ਨਾਲ ਧੱਕਾ ਕਰਨ ਤੋਂ ਨਹੀਂ ਹਟਦੀ ਤਾਂ ਇੱਕ ਵਾਰ ਸਰੀਰਕ ਟਕਰਾਅ ਵਾਲੇ ਸੰਘਰਸ਼ ਦੇ ਨਾਲ ਦਿਮਾਗੀ ਸੰਘਰਸ਼ ਵੀ ਕਰ ਕੇ ਦੇਖ ਲੈਣਾ ਚਾਹੀਦਾ ਹੈ-ਭਾਵ 'ਆਰਥਕ ਬਾਈਕਾਟ' ਵਰਗੀ ਕੋਈ ਲਹਿਰ। ਕਿਸਾਨ ਇੱਕ ਵਾਰ ਸਰਕਾਰ ਨੂੰ ਹਿੱਕ ਠੋਕ ਕੇ ਕਹਿ ਦੇਣ ਕਿ ਜੇ ਸਾਡੀ ਫਸਲ ਦਾ ਸਹੀ ਮੁੱਲ ਨਹੀਂ ਲਾਉਣਾ ਤਾਂ ਅਸੀਂ ਵੀ ਆਪਣੇ ਖਾਣ ਜੋਗੀਆਂ ਦਾਲਾਂ, ਸਬਜ਼ੀਆਂ ਅਤੇ ਅਨਾਜ ਬੀਜ ਲਵਾਂਗੇ। ਦੋ ਸਾਲ ਲਈ ਨਾ ਤੁਹਾਥੋਂ ਕੁਝ ਖਰੀਦਾਂਗੇ ਅਤੇ ਨਾ ਹੀ ਵੇਚਾਂਗੇ। ਦੋ ਸਾਲ ਵਿਚ ਹੀ ਸਰਕਾਰ ਦੇ ਨੱਕ ਵਿਚ ਦਮ ਆ ਜਾਵੇਗਾ। ਇਸ ਤਰ੍ਹਾਂ ਵੀ ਸੰਘਰਸ਼ ਕੀਤਾ ਜਾ ਸਕਦਾ ਹੈ। ਕੁਝ ਗੱਲਾਂ ਵੱਲ ਸਾਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ, ਜਿਵੇਂ:

**1. ਹਰੀ ਕ੍ਰਾਂਤੀ:** ਪੰਜਾਬ ਦੇ ਲੋਕ ਕੁੱਝ ਵੀ ਕਰਨ ਦੇ ਸਮਰਥ ਹਨ। ਪਹਿਲਾਂ ਵੀ ਪੰਜਾਬ ਦੇ ਲੋਕਾਂ ਨੇ ਹਰੀ ਕ੍ਰਾਂਤੀ ਲਿਆ ਕੇ ਪੂਰੇ ਮੁਲਕ ਦਾ ਢਿੱਡ ਭਰਿਆ ਹੈ। ਇਸ ਹਰੀ ਕ੍ਰਾਂਤੀ ਨੇ ਪੰਜਾਬ ਦੀ ਧਰਤੀ, ਹਵਾ ਅਤੇ ਪਾਣੀ ਜ਼ਹਿਰੀਲੇ ਕਰ ਦਿੱਤੇ ਹਨ। ਹੁਣ ਇੱਕ ਨਹੀਂ, ਦੋ ਹਰੀਆਂ ਕ੍ਰਾਂਤੀਆਂ ਪੰਜਾਬ ਵਿਚ ਵਾਪਰਨੀਆਂ ਚਾਹੀਦੀਆਂ ਹਨ। ਇਹ ਹਰੀਆਂ ਕ੍ਰਾਂਤੀਆਂ ਸਿਰਫ ਪੰਜਾਬ ਜਾਂ ਹਿੰਦੁਸਤਾਨ ਦਾ ਭਲਾ ਨਹੀਂ ਕਰਨਗੀਆਂ, ਸਗੋਂ ਸਰਬਤ ਦਾ ਭਲਾ ਕਰਨਗੀਆਂ।

**ਪਹਿਲੀ ਹਰੀ ਕ੍ਰਾਂਤੀ:** ਪਹਿਲੀ ਹਰੀ ਕ੍ਰਾਂਤੀ ਹੋਵੇਗੀ ਜੈਵਿਕ (ਔਰਗੈਨਿਕ) ਖੇਤੀ; ਭਾਵ ਬਿਨਾ ਖਾਦਾਂ ਅਤੇ ਜ਼ਹਿਰੀਲੀਆਂ ਦਵਾਈਆਂ ਤੋਂ ਫਸਲ ਪੈਦਾ ਕਰਨੀ। ਆਪਣੇ ਵਰਤਣ ਜੋਗੀ ਹਰ ਚੀਜ਼ ਆਪ ਪੈਦਾ ਕਰਨੀ। ਇਸ ਫਸਲ ਦੀ ਪੂਰੀ ਦੁਨੀਆਂ ਵਿਚ ਮੰਗ ਹੈ। ਇੱਕ ਵਾਰ ਅਸੀਂ ਸਿਆਟਲ ਵਿਚ 'ਪੋਰਟੇਜ ਬੇਅ' ਨਾਂ ਦੇ ਢਾਬੇ ਵਿਚ ਖਾਣਾ ਖਾਣ ਗਏ, ਜੋ ਸਿਰਫ ਔਰਗੈਨਿਕ ਸਮਾਨ ਹੀ ਵਰਤਦੇ ਹਨ। ਭੀੜ ਇੰਨੀ ਕਿ ਤੋਬਾ ਤੋਬਾ। ਜਿਨ੍ਹਾਂ ਫਾਰਮਾਂ ਤੋਂ ਉਹ ਸਮਾਨ ਖਰੀਦਦੇ ਸਨ, ਉਨ੍ਹਾਂ ਦੀ ਲਿਸਟ ਲਿਖ ਕੇ ਲਾਈ ਹੋਈ ਸੀ। ਬਲਿਊ ਬੇਰੀ ਦੇ ਅੱਗੇ ਜਦੋਂ ਮੈਂ 'ਸਿੱਧੂ ਫਾਰਮ' ਦਾ ਨਾਮ ਦੇਖਿਆ ਤਾਂ ਸਿਰ ਮਾਣ ਨਾਲ ਉੱਚਾ ਹੋ ਗਿਆ। ਚੇਤ ਸਿੰਘ ਸਿੱਧੂ ਦੀ ਔਰਗੈਨਿਕ ਬਲਿਊ ਬੇਰੀ ਦੁਨੀਆਂ ਭਰ ਵਿਚ ਮਸ਼ਹੂਰ ਹੈ। ਪੰਜਾਬੀ ਕੀ ਕੁਝ ਨਹੀਂ ਕਰ ਸਕਦੇ। ਪੰਜਾਬ ਵਿਚ ਔਰਗੈਨਿਕ ਖੇਤੀ ਦੀ ਇੱਕ ਸੰਸਥਾ ਜਾਂ ਬੋਰਡ ਬਣਨਾ ਚਾਹੀਦਾ ਹੈ, ਜੋ ਬੜੀ ਸਖਤੀ ਅਤੇ ਇਮਾਨਦਾਰੀ ਨਾਲ ਸਾਰਾ ਕੁੱਝ ਚੈੱਕ ਕਰਕੇ 'ਔਰਗੈਨਿਕ' ਹੋਣ ਦੀ ਮੋਹਰ ਲਾਵੇ। ਇਮਾਨਦਾਰੀ ਨਾਲ ਉੱਚ ਮਿਆਰੀ ਫਸਲ ਪੈਦਾ ਕਰੋਗੇ ਤਾਂ ਦੁਨੀਆਂ ਭਰ ਵਿਚ ਇਸ ਦੀ ਮੰਗ ਹੋਵੇਗੀ ਅਤੇ ਕੀਮਤ ਵੀ ਮੂੰਹ ਮੰਗੀ ਮਿਲੇਗੀ। ਇਸ ਦਾ ਮਿਆਰ ਇੰਨਾ ਉੱਚਾ ਹੋਣਾ ਚਾਹੀਦਾ ਕਿ ਦੁਨੀਆਂ ਭਰ ਵਿਚ ਪੰਜਾਬ ਦੇ ਔਰਗੈਨਿਕ ਸਮਾਨ ਨੂੰ ਲੋਕ ਇਸ ਤਰ੍ਹਾਂ ਖਰੀਦਣ ਜਿਵੇਂ ਮਾਈਕਰੋਸੋਫਟ ਵਾਲੇ ਤਾਮਿਲਨਾਡੂ ਦੇ ਕੰਪਿਊਟਰ ਇੰਜੀਨੀਅਰ ਭਰਤੀ ਕਰਦੇ ਹਨ। ਬਾਹਰਲੇ ਦੇਸ਼ਾਂ ਵਿਚ ਵਸਦੇ ਲੋਕ, ਜਿਨ੍ਹਾਂ ਦੀਆਂ ਪੰਜਾਬ ਵਿਚ ਜ਼ਮੀਨਾਂ ਹਨ, ਇਸ ਕ੍ਰਾਂਤੀ ਵਿਚ ਵੱਡਾ ਯੋਗਦਾਨ ਪਾ ਸਕਦੇ ਹਨ। ਇੱਕ ਵਾਰ ਕਹਿ ਦੇਣ ਕਿ ਸਾਡੀ ਜ਼ਮੀਨ ਵਿਚ ਝੋਨਾ ਨਹੀਂ ਲੱਗਣਾ ਚਾਹੀਦਾ, ਕੋਈ ਖਾਦ ਜਾਂ ਜ਼ਹਿਰੀਲੀ ਦਵਾਈ ਨਹੀਂ ਪੈਣੀ ਚਾਹੀਦੀ। ਠੇਕਾ ਬੇਸ਼ਕ ਘੱਟ ਦੇ ਦੇਵੋ, ਇਸ ਦਾ ਲੰਬੇ ਸਮੇਂ ਵਿਚ ਫਾਇਦਾ ਹੋਵੇਗਾ। ਗੁਰਦਆਰਿਆਂ, ਮੰਦਿਰਾਂ, ਪੰਚਾਇਤਾਂ ਜਾਂ ਹੋਰ ਸਾਂਝੀਆਂ ਜ਼ਮੀਨਾਂ ਬਾਰੇ ਵੀ ਇਸ ਤਰ੍ਹਾਂ ਦਾ ਮਤਾ ਪਾਸ ਕੀਤਾ ਜਾ ਸਕਦਾ ਹੈ। ਔਰਗੈਨਿਕ ਖੇਤੀ ਲਈ ਖੋਜ ਸੰਸਥਾਵਾਂ ਬਣਨੀਆਂ ਚਾਹੀਦੀਆਂ ਹਨ। ਹੁਣ ਤੱਕ ਜਿੰਨੀਆਂ ਵੀ ਖੇਤੀ ਸੰਸਥਾਵਾਂ ਹਨ, ਸਾਰੀਆਂ ਦਾ ਜ਼ੋਰ ਖਾਦਾਂ ਅਤੇ ਜ਼ਹਿਰੀਲੀਆਂ ਦਵਾਈਆਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਬਾਰੇ ਕਿਸਾਨਾਂ ਨੂੰ ਦਸਣ ਉੱਤੇ ਲੱਗਾ ਹੋਇਆ ਹੈ। ਕਿਤੇ ਖਾਦਾਂ ਅਤੇ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦਾ ਇਨ੍ਹਾਂ ਸੰਸਥਾਵਾਂ ਵਿਚ ਸਿੱਧਾ ਜਾਂ ਅਸਿੱਧਾ ਦਖਲ ਤਾਂ ਨਹੀਂ?

ਔਰਗੈਨਿਕ ਫਸਲਾਂ ਦੀ ਸਾਂਭ ਸੰਭਾਲ, ਪੈਕਿੰਗ ਅਤੇ ਪੂਰੀ ਦੁਨੀਆਂ ਵਿਚ ਮੰਡੀਕਰਣ ਲਈ ਲੋੜੀਂਦੇ ਪ੍ਰਬੰਧ ਕਰਨੇ ਅਤੇ ਢਾਂਚਾ ਬਣਾਉਣਾ ਪਵੇਗਾ। ਇਸ ਵਿਚ ਵੀ ਵਿਦੇਸ਼ੀ ਪੰਜਾਬੀ ਆਪਣੀ ਪੂੰਜੀ ਲਾ ਸਕਦੇ ਹਨ ਅਤੇ ਹਿਸਾਬ ਦਾ ਮੁਨਾਫਾ ਵੀ ਕਮਾ ਸਕਦੇ ਹਨ। ਮੁਨਾਫੇ ਦੀਆਂ ਲਾਲਚੀ ਵਡੀਆਂ ਕੰਪਨੀਆਂ ਨੂੰ ਬਰਾਬਰ ਦੀ ਟੱਕਰ ਦੇਣ ਵਾਲੀਆਂ ਪੰਜਾਬੀਆਂ ਦੀਆਂ ਆਪਣੀਆਂ ਕੰਪਨੀਆਂ ਬਣਾਉਣੀਆਂ ਪੈਣਗੀਆਂ। ਪੰਜਾਬ ਦੇ ਆਪਣੇ ਆਰਗੈਨਿਕ ਬ੍ਰਾਂਡ ਹੋਣ ਅਤੇ ਹਰ ਪੰਜਾਬੀ ਉਸ ਬ੍ਰਾਂਡ ਦਾ ਸਮਾਨ ਖਰੀਦੇ।

**ਦੂਸਰੀ ਹਰੀ ਕ੍ਰਾਂਤੀ:** ਦੂਸਰੀ ਹਰੀ ਕ੍ਰਾਂਤੀ ਹੈ, "ਹਰੀ ਊਰਜਾ।" ਪੰਜਾਬ ਕੋਲ ਹਰੀ ਊਰਜਾ ਦੇ ਖੇਤਰ ਵਿਚ ਕ੍ਰਾਂਤੀ ਲਿਆਉਣ ਦੀ ਪੂਰੀ ਸਮਰਥਾ ਹੈ। ਇਸ ਵਿਚ ਸਭ ਤੋਂ ਅਹਿਮ ਹੈ ਸੂਰਜੀ ਊਰਜਾ ਤੋਂ ਬਿਜਲੀ ਬਣਾਉਣੀ। ਚੀਨ ਦੇ

*ਜੇ ਸਰਕਾਰ ਸਾਡੇ ਨਾਲ ਧੱਕਾ ਕਰਨ ਤੋਂ ਨਹੀਂ ਹਟਦੀ ਤਾਂ ਇੱਕ ਵਾਰ ਸਰੀਰਕ ਟਕਰਾਅ ਵਾਲੇ ਸੰਘਰਸ਼ ਦੇ ਨਾਲ ਦਿਮਾਗੀ ਸੰਘਰਸ਼ ਵੀ ਕਰ ਕੇ ਦੇਖ ਲੈਣਾ ਚਾਹੀਦਾ ਹੈ-ਭਾਵ 'ਆਰਥਕ ਬਾਈਕਾਟ' ਵਰਗੀ ਕੋਈ ਲਹਿਰ। ਕਿਸਾਨ ਇੱਕ ਵਾਰ ਸਰਕਾਰ ਨੂੰ ਹਿੱਕ ਠੋਕ ਕੇ ਕਹਿ ਦੇਣ ਕਿ ਜੇ ਸਾਡੀ ਫਸਲ ਦਾ ਸਹੀ ਮੁੱਲ ਨਹੀਂ ਲਾਉਣਾ ਤਾਂ ਅਸੀਂ ਵੀ ਆਪਣੇ ਖਾਣ ਜੋਗੀਆਂ ਦਾਲਾਂ, ਸਬਜ਼ੀਆਂ ਅਤੇ ਅਨਾਜ ਬੀਜ ਲਵਾਂਗੇ।*

ਬਣੇ ਸੋਲਰ ਪੈਨਲ ਖੇਤਾਂ ਵਿਚ ਲਾ ਕੇ ਹਰੀ ਕ੍ਰਾਂਤੀ ਨਹੀਂ ਆਉਣੀ। ਸਗੋਂ ਪੰਜਾਬ ਵਿਚ ਇਸ ਬਾਰੇ ਖੋਜ ਹੋਣੀ ਚਾਹੀਦੀ ਹੈ। ਪੰਜਾਬ ਵਿਚ ਨਵੀਂ ਤਕਨੀਕ ਨਾਲ ਅਤਿ ਆਧੁਨਿਕ ਕਿਸਮ ਦੇ ਸੋਲਰ ਪੈਨਲ ਬਣਨੇ ਚਾਹੀਦੇ ਹਨ। ਪੰਜਾਬ ਹੋਰ ਮੁਲਖਾਂ ਨੂੰ ਸਿਰਫ ਸੋਲਰ ਪੈਨਲ ਹੀ ਨਾ ਵੇਚੇ, ਸਗੋਂ ਇਸ ਖੇਤਰ ਵਿਚ ਤਕਨੀਕੀ ਮੁਹਾਰਤ ਵੀ ਵੇਚੇ। ਇਸ ਦੇ ਨਾਲ ਹੀ ਮਿਲਦੀ ਜੁਲਦੀ ਤਕਨੀਕ ਹੈ, ਦਿਨ ਵੇਲੇ ਧੁੱਪ ਨਾਲ ਪੈਦਾ ਕੀਤੀ ਬਿਜਲੀ ਸਾਂਭਣ ਲਈ ਬੈਟਰੀਆਂ ਬਣਾਉਣੀਆਂ ਤਾਂ ਜੋ ਇਹ ਬਿਜਲੀ ਰਾਤ ਨੂੰ ਵਰਤੀ ਜਾ ਸਕੇ। ਇਸ ਬਾਰੇ ਵੀ ਬੁਹਤ ਖੋਜ ਹੋਣ ਵਾਲੀ ਹੈ। ਇਨ੍ਹਾਂ ਚੀਜ਼ਾਂ ਬਾਰੇ ਪੰਜਾਬ ਦੇ ਕਾਲਜਾਂ ਵਿਚ ਪੜ੍ਹਾਈ ਹੋਣੀ ਚਾਹੀਦੀ ਹੈ ਅਤੇ ਉੱਚ ਪੱਧਰ ਦੇ ਖੋਜ ਕੇਂਦਰ ਸਥਾਪਿਤ ਹੋਣੇ ਚਾਹੀਦੇ ਹਨ।

ਇਹ ਬੈਟਰੀਆਂ ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਬਣਾਉਣ ਵਾਲਿਆਂ ਕੰਪਨੀਆਂ ਨੂੰ ਵੀ ਵੇਚੀਆਂ ਜਾ ਸਕਦੀਆਂ ਹਨ। ਪੰਜਾਬ ਇਸ ਹਰੀ ਕ੍ਰਾਂਤੀ ਵਿਚ ਪੂਰੀ ਦੁਨੀਆਂ ਦਾ ਮੋਢੀ ਸੂਬਾ ਬਣ ਸਕਦਾ ਹੈ। ਕੈਲੀਫੋਰਨੀਆ ਵਿਚ ਜਗਦੀਪ ਸਿੰਘ ਨੇ ਨਵੀਂ ਤਕਨੀਕ ਦੀਆਂ ਬੈਟਰੀਆਂ 'ਤੇ ਖੋਜ ਕਰਨ ਵਾਲੀ ਕੰਪਨੀ 'ਕੁਆਂਟਮ ਸਕੇਪ' ਸ਼ੁਰੂ ਕੀਤੀ ਸੀ। ਜਰਮਨ ਦੀ ਕੰਪਨੀ ਵੋਲਕਸਵੈਗਨ ਵਾਲਿਆਂ ਨੇ 30 ਕਰੋੜ ਅਮਰੀਕੀ ਡਾਲਰ (ਰੁਪਏ ਆਪ ਬਣਾ ਲਿਓ) ਦੇ ਕੇ ਹਿੱਸਾ ਪਾਇਆ। ਪੰਜਾਬੀ ਕੀ ਨਹੀਂ ਕਰ ਸਕਦੇ।

**2. ਪੜ੍ਹਾਈ:** ਪੰਜਾਬ ਵਿਚ ਉੱਚ ਮਿਆਰੀ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਸਥਾਪਿਤ ਹੋਣੀਆਂ ਚਾਹੀਦੀਆਂ ਹਨ, ਜਿਥੇ ਕਿ ਪੰਜਾਬ ਦੇ ਬੱਚਿਆਂ ਦੇ ਨਾਲ ਬਾਹਰਲੇ ਮੁਲਖਾਂ ਤੋਂ ਵੀ ਲੋਕ ਪੜ੍ਹਨ ਆਉਣ। ਇਨ੍ਹਾਂ ਸੰਸਥਾਵਾਂ ਦਾ ਮਿਆਰ ਇੰਨਾ ਉੱਚਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਵਿਚ ਪੜ੍ਹੇ ਹੋਏ ਲੋਕਾਂ ਦੀ ਮੰਗ ਪੂਰੀ ਦੁਨੀਆਂ ਵਿਚ ਹੋਵੇ। ਇਸ ਤਰ੍ਹਾਂ ਪੰਜਾਬ ਡਾਕਟਰ, ਇੰਜੀਨੀਅਰ, ਨਰਸਾਂ ਅਤੇ ਕੰਪਿਊਟਰ ਪ੍ਰੋਗਰਾਮਰ ਪੈਦਾ ਕਰਨ ਵਾਲਾ ਦੁਨੀਆਂ ਦਾ ਮੋਢੀ ਸੂਬਾ ਹੋਵੇ। ਪੰਜਾਬ ਵਿਚ ਸਕੂਲ, ਕਾਲਜ ਤਾਂ ਬੁਹਤ ਹਨ ਪਰ ਅੰਤਰਰਾਸ਼ਟਰੀ ਪੱਧਰ ਦੇ ਮਿਆਰ ਵਾਲੇ ਨਹੀਂ। ਇਹ ਕੰਮ ਪੰਜਾਬ ਵਿਚ ਬੁਹਤ ਪਹਿਲਾਂ ਹੋਣਾ ਚਾਹੀਦਾ ਸੀ, ਕਿਉਂਕਿ ਪੰਜਾਬ ਦੀ ਧਰਤੀ ਉੱਤੇ ਗੁਰੂਆਂ, ਪੀਰਾਂ, ਫਕੀਰਾਂ ਨੇ ਗਿਆਨ, ਵਿਚਾਰ ਅਤੇ ਵਿਵੇਕ ਨੂੰ ਰੱਬ ਪਾਉਣ ਦੇ ਬਰਾਬਰ ਦਾ ਦਰਜਾ ਦਿੱਤਾ ਹੈ ਅਤੇ ਦਿਮਾਗ (ਦਸਮ ਦੁਆਰ) ਨੂੰ ਵੱਧ ਤੋਂ ਵੱਧ ਵਰਤਣ ਉੱਤੇ ਜ਼ੋਰ ਦਿੱਤਾ ਹੈ, ਪਰ ਅਸੀਂ ਉਨ੍ਹਾਂ ਦੇ ਉਪਦੇਸ਼ਾਂ ਤੋਂ ਦੂਰ ਚਲੇ ਗਏ। ਪੰਜਾਬ ਵਿਚ ਉੱਚ ਮਿਆਰੀ ਹਸਪਤਾਲ ਬਣ ਸਕਦੇ ਹਨ, ਜਿੱਥੇ ਕਿ ਬਾਹਰਲੇ ਮੁਲਖਾਂ ਵਿਚੋਂ ਲੋਕ ਇਲਾਜ ਕਰਵਾਉਣ ਲਈ ਆਉਣ।

ਜਿਸ ਤਰ੍ਹਾਂ ਘੜੀਆਂ ਬਣਾਉਣ ਵਿਚ ਸਵਿਟਜ਼ਰਲੈਂਡ ਦਾ, ਕਾਰਾਂ ਬਣਾਉਣ ਵਿਚ ਜਪਾਨ ਦਾ ਅਤੇ ਹਥਿਆਰ ਬਣਾਉਣ ਵਿਚ ਅਮਰੀਕਾ ਦਾ ਨਾਮ ਚੱਲਦਾ ਹੈ, ਇਸੇ ਤਰ੍ਹਾਂ ਪੰਜਾਬ ਦਾ ਵੀ ਨਾਮ ਹੋਣਾ ਚਾਹੀਦਾ ਹੈ।

**3. ਕੁਝ ਲੋਕਾਂ ਦਾ ਖੇਤੀ ਧੰਦੇ ਵਿਚੋਂ ਬਾਹਰ ਨਿਕਲਣਾ:** ਪੰਜਾਬ ਦੇ ਕਿਸਾਨਾਂ ਦੇ ਧੀਆਂ-ਪੁੱਤਰਾਂ ਲਈ ਇਹ ਜਰੂਰੀ ਨਹੀਂ ਕਿ ਉਨ੍ਹਾਂ ਨੇ ਖੇਤੀ ਹੀ ਕਰਨੀ ਹੈ। ਉਹ ਹੋਰ ਵੀ ਬੁਹਤ ਕੁਝ ਕਰ ਸਕਦੇ ਹਨ ਅਤੇ ਕਰਨਾ ਚਾਹੀਦਾ ਵੀ ਹੈ। ਜਿਸ ਹਿਸਾਬ ਨਾਲ ਜਨਸੰਖਿਆ ਵਧਦੀ ਹੈ, ਜ਼ਮੀਨ ਨਹੀਂ ਵਧਦੀ। ਜ਼ਮੀਨ ਵੰਡੀ ਜਾਂਦੀ ਹੈ, ਜਿਸ ਨਾਲ ਖੇਤੀ ਲਾਹੇਵੰਦ ਧੰਦਾ ਨਹੀਂ ਰਹਿ ਜਾਂਦਾ। ਇਸ ਲਈ ਬੁਹਤ ਜਰੂਰੀ ਹੈ ਕਿ ਕਿਸਾਨਾਂ ਦੇ ਧੀਆਂ-ਪੁੱਤਰ ਵੱਡੀ ਗਿਣਤੀ ਵਿਚ ਖੇਤੀ ਧੰਦੇ ਵਿਚੋਂ ਬਾਹਰ ਨਿਕਲਣ। ਜਿਵੇਂ ਕਿ ਪੜ੍ਹ-ਲਿਖ ਕੇ ਨੌਕਰੀਆਂ ਕਰਨੀਆਂ, ਦੁਕਾਨ ਕਰਨੀ, ਆਪਣਾ ਕੋਈ ਹੋਰ ਕਾਰੋਬਾਰ, ਵਪਾਰ ਕਰਨਾ ਜਾਂ ਕਿਸੇ ਤਕਨੀਕੀ ਕੰਮ ਵਿਚ ਪੈਣਾ। ਮਕੈਨਿਕ, ਪਲੰਬਰ, ਬਿਜਲੀ ਕਾਮੇ ਜਾਂ ਇਸ ਤਰ੍ਹਾਂ ਦੇ ਹੋਰ ਬੁਹਤ ਧੰਦੇ ਹਨ, ਜਿਨ੍ਹਾਂ ਵੱਲ ਕਿਸਾਨਾਂ ਦੇ ਧੀਆਂ-ਪੁੱਤਰਾਂ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਕੰਮ ਵਿਚ ਵੀ ਕਿਸੇ ਦਾ ਦਾਅ ਲੱਗਦਾ ਹੈ, ਲਾ ਲੈਣਾ ਚਾਹੀਦਾ ਹੈ।

**4. ਸਨਅਤ:** ਪਿਛਲੇ ਸਮੇਂ ਵਿਚ ਪੰਜਾਬ ਵਿਚ ਕਾਫੀ ਉਹ ਸਨਅਤਾਂ ਵੀ ਲੱਗੀਆਂ ਹਨ, ਜਿਨ੍ਹਾਂ ਲਈ ਕੱਚਾ ਮਾਲ ਵੀ ਬਾਹਰਲੇ ਸੂਬਿਆਂ ਤੋਂ ਆਉਂਦਾ ਸੀ ਅਤੇ ਉਨ੍ਹਾਂ ਵਿਚ ਕੰਮ ਕਰਨ ਵਾਲੇ ਕਾਮੇ ਵੀ। ਪੰਜਾਬ ਨੂੰ ਇਨ੍ਹਾਂ ਸਨਅਤਾਂ ਨੇ ਵਾਤਾਵਰਣ ਦੂਸ਼ਿਤ ਕਰਨ ਤੋਂ ਬਿਨਾ ਹੋਰ ਕੁਝ ਨਹੀਂ ਦਿੱਤਾ। ਇਨ੍ਹਾਂ ਸਨਅਤਾਂ ਨੇ ਪੰਜਾਬ ਦੀ ਧਰਤੀ, ਹਵਾ ਅਤੇ ਪਾਣੀ ਜ਼ਹਿਰੀਲਾ ਕਰਨ ਵਿਚ ਖੇਤੀ ਨਾਲੋਂ ਵੀ ਵੱਧ ਯੋਗਦਾਨ ਪਾਇਆ ਹੈ। ਪੰਜਾਬ ਵਿਚ ਖੇਤੀ ਨਾਲ ਸਬੰਧਿਤ ਅਤੇ ਜਰੂਰੀ ਲੋੜੀਂਦੀਆਂ ਸਨਅਤਾਂ (ਜੋ ਪ੍ਰਦੂਸ਼ਣ ਰੋਕਣ ਲਈ ਨਵੀਂ ਤੋਂ ਨਵੀਂ ਤਕਨੀਕ ਦਾ ਇਸਤੇਮਾਲ ਕਰਨ) ਨੂੰ ਛੱਡ ਕੇ ਬਾਕੀ ਸਿਰਫ ਪ੍ਰਦੂਸ਼ਣ ਰਹਿਤ ਸਨਅਤਾਂ ਹੀ ਲੱਗਣੀਆਂ ਚਾਹੀਦੀਆਂ ਹਨ।

**5. ਸਰਕਾਰਾਂ ਦਾ ਯੋਗਦਾਨ:** ਉਪਰੋਕਤ ਕੰਮ ਕਰਨ ਲਈ ਜੇ ਸਰਕਾਰਾਂ ਆਪਣਾ ਯੋਗਦਾਨ ਪਾਉਣ ਤਾਂ ਇਹ ਸਭ ਕੁਝ ਬੁਹਤ ਜਲਦੀ ਹੋ ਸਕਦਾ ਹੈ। ਸਰਕਾਰਾਂ ਦੇ ਯੋਗਦਾਨ ਤੋਂ ਬਿਨਾ ਵੀ ਇਹ ਸੰਭਵ ਹੈ, ਪਰ ਸਮਾਂ ਵੱਧ ਲੱਗੇਗਾ। ਕੇਂਦਰ ਸਰਕਾਰ ਕੋਲੋਂ ਬੁਹਤੀ ਆਸ ਨਹੀਂ ਰੱਖੀ ਜਾ ਸਕਦੀ, ਕਿਉਂਕਿ ਪੰਜਾਬ ਦੇ 13 ਐਮ. ਪੀ. ਕੇਂਦਰ ਵਿਚ ਕਦੀ ਵੀ ਸਰਕਾਰ ਬਦਲਣ ਦੀ ਸਥਿਤੀ ਵਿਚ ਨਹੀਂ ਹੁੰਦੇ। 1947 ਵਿਚ ਪੰਜਾਬ ਦੀ ਵੰਡ ਤੇ ਫਿਰ ਮਹਾਂ ਪੰਜਾਬ ਦੀ ਥਾਂ ਪੰਜਾਬੀ ਸੂਬਾ ਬਣਨ ਨਾਲ ਪੰਜਾਬ ਬੁਹਤ ਛੋਟਾ ਸੂਬਾ ਰਹਿ ਗਿਆ ਹੈ ਅਤੇ ਇਸ ਦਾ ਰਾਜਨੀਤਕ ਨੁਕਸਾਨ ਪੰਜਾਬ ਦੇ ਲੋਕਾਂ ਨੂੰ ਉਮਰ ਭਰ ਭੁਗਤਣਾ ਪਵੇਗਾ। ਪੰਜਾਬ ਵਿਚ ਤਾਂ ਸਰਕਾਰ ਪੰਜਾਬ ਦੇ ਕਿਸਾਨਾਂ ਵਲੋਂ ਹੀ ਚੁਣੀ ਜਾਂਦੀ ਹੈ ਅਤੇ ਇਸ ਵਿਚ ਕਿਸਾਨਾਂ ਦੀ ਵੱਡੀ ਬੁਹਗਿਣਤੀ ਹੁੰਦੀ ਹੈ। ਪੰਜਾਬ ਦੀ ਸੂਬਾ ਸਰਕਾਰ ਦੀਆਂ ਪਿਛਲੇ ਸਮੇਂ ਦੀਆਂ ਨੀਤੀਆਂ ਵੀ ਪੰਜਾਬ ਪੱਖੀ ਨਹੀਂ ਰਹੀਆਂ ਹਨ। ਪੰਜਾਬ ਦੇ ਪਾਣੀਆਂ ਅਤੇ ਹੋਰ ਹੱਕਾਂ ਦਾ ਸੌਦਾ ਜਿਨ੍ਹਾਂ ਨੇਤਾਵਾਂ ਨੇ ਕੀਤਾ ਹੈ, ਉਹ ਸਭ ਕਿਸਾਨ ਪਰਿਵਾਰਾਂ ਵਿਚੋਂ ਹੀ ਸਨ ਅਤੇ ਪੰਜਾਬ ਦੇ ਕਿਸਾਨਾਂ ਵਲੋਂ ਹੀ ਚੁਣੇ ਗਏ ਸਨ। ਪੰਜਾਬ ਵਿਚ ਸਰਕਾਰੀ ਸਕੂਲ ਬੰਦ ਕਰਕੇ ਸ਼ਰਾਬ ਦੇ ਨਵੇਂ ਠੇਕੇ ਖੋਲ੍ਹਣ ਦਾ ਕੰਮ ਪੰਜਾਬ ਦੇ ਕਿਸਾਨਾਂ ਵਲੋਂ ਚੁਣੀਆਂ ਕਿਸਾਨਾਂ ਦੀ ਬੁਹਗਿਣਤੀ ਵਾਲੀਆਂ ਸਰਕਾਰਾਂ ਹੀ ਕਰਦੀਆਂ ਰਹੀਆਂ ਹਨ। ਪੰਜਾਬ ਦੇ ਕਿਸਾਨ ਜਿਹੜੀ ਵੀ ਸਰਕਾਰ ਚੁਣਦੇ ਹਨ, ਬਾਅਦ ਵਿਚ ਉਸੇ ਹੀ ਸਰਕਾਰ ਕੋਲੋਂ ਡਾਂਗਾਂ ਖਾਂਦੇ ਹਨ ਅਤੇ ਪੰਜ ਸਾਲ ਬਾਅਦ ਫਿਰ ਭੁੱਲ ਜਾਂਦੇ ਹਨ। ਇਹ ਤਾਂ ਦੇਸ਼ ਦੀ ਆਜ਼ਾਦੀ ਲਈ ਤਸੀਹੇ ਕੱਟਣ ਵਾਲੇ ਦੇਸ਼ ਭਗਤਾਂ ਨੂੰ ਹਰਾ ਕੇ ਅੰਗਰੇਜ਼ਾਂ ਦੇ ਹੱਕ ਵਿਚ ਭੁਗਤਣ ਵਾਲਿਆਂ ਨੂੰ ਜਤਾਉਂਦੇ ਰਹੇ ਹਨ। ਸਰਕਾਰਾਂ ਵਲੋਂ ਲੋਕਾਂ ਨੂੰ ਮੁਫਤਖੋਰੇ ਜਰੂਰ ਬਣਾਇਆ ਗਿਆ, ਪਰ ਬੁਨਿਆਦੀ ਢਾਂਚਾ ਉਸਾਰਨ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ।

ਪੰਜਾਬ ਦੇ ਲੋਕ ਕੇਂਦਰ ਦੀ ਸਰਕਾਰ ਚੁਣਨ ਵਿਚ ਬਹੁਤਾ ਯੋਗਦਾਨ ਨਹੀਂ ਪਾ ਸਕਦੇ, ਪਰ ਪੰਜਾਬ ਵਿਚ ਪੰਜਾਬ ਹਿਤੈਸ਼ੀ ਸਰਕਾਰ ਚੁਣ ਕੇ ਸਾਰੇ ਪੰਜਾਬੀਆਂ ਨੂੰ (ਇੱਕਲੇ ਕਿਸਾਨਾਂ ਨੂੰ ਨਹੀਂ) ਹੰਭਲਾ ਮਾਰਨਾ ਚਾਹੀਦਾ ਹੈ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਉਨ੍ਹਾਂ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ।

---

# ਪਗੜੀ ਸੰਭਾਲ ਜੱਟਾ ਦਾ ਵਰਤਮਾਨ ਚਿਹਰਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਇਹ ਸਬੱਬ ਦੀ ਗੱਲ ਹੈ ਕਿ ਕਿਸਾਨਾਂ ਦਾ ਸੰਘਰਸ਼ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਦਿਨਾਂ ਵਿਚ ਸਿਖਰ ਉੱਤੇ ਪਹੁੰਚਿਆ ਹੈ। ਅੱਜ ਪਰਿਵਾਰ ਵਿਛੋੜਾ, ਚਮਕੌਰ ਸਾਹਿਬ ਤੇ ਫਤਿਹਗੜ ਸਾਹਿਬ ਤੋਂ ਦਿੱਲੀ ਬਾਰਡਰ ਤੱਕ ਸਰਬ ਸਾਂਝੇ ਕਿਰਸਾਨ, ਜਿਨ੍ਹਾਂ ਵਿਚ ਹਰਿਆਣਾ ਦੇ ਜਾਟ ਵੀ ਸ਼ਾਮਲ ਹਨ, ਮੋਰਚੇ 'ਤੇ ਬੈਠੇ ਵੀਰਾਂ-ਭੈਣਾਂ ਤੇ ਬਜੁਰਗਾਂ ਲਈ ਟਰੈਕਟਰਾਂ-ਟਰਾਲੀਆਂ ਵਿਚ ਰਸਦ ਪਾਣੀ ਲੱਦ ਕੇ ਭਾਂਤ-ਭਾਂਤ ਦੇ ਨਾਅਰੇ ਲਾਉਂਦੇ ਕੌਮੀ ਸ਼ਾਹਰਾਹ ਉੱਤੇ ਪਹੁੰਚੇ ਹੋਏ ਹਨ। ਸਿੱਖ ਗੁਰੂ ਸਾਹਿਬਾਨ ਵਲੋਂ ਅਰੰਭੀ ਲੰਗਰ ਦੀ ਪ੍ਰਥਾ ਦੁਨੀਆਂ ਭਰ ਦੇ ਗੁਰਦੁਆਰਿਆਂ ਵਿਚ ਪ੍ਰਸਿੱਧ ਹੈ। ਲੰਗਰ ਮਸਤਾਨਾ ਹੋ ਜਾਣ ਦੀ ਸੂਰਤ ਵਿਚ ਵੀ ਸਬੰਧਤ ਗੁਰਦੁਆਰੇ ਦਾ ਲਾਂਗਰੀ ਫਟਾ-ਫਟ ਰੋਟੀਆਂ ਤਿਆਰ ਕਰਕੇ ਰਸੋਈ ਵਿਚ ਰੱਖੇ ਅਚਾਰ ਨਾਲ ਰਾਹਗੀਰਾਂ ਦੇ ਢਿੱਡ ਦੀ ਅੱਗ ਬੁਝਾ ਦਿੰਦਾ ਹੈ। ਮੈਂ ਇਹ ਵਰਤਾਰਾ ਅਮਰੀਕਾ ਦੇ ਓਕਲਾਹੋਮਾ ਆਦਿ ਵਾਸੀ ਇਲਾਕੇ ਵਿਚ ਵੀ ਦੇਖ ਚੁਕਾ ਹਾਂ।

ਅੱਜ ਸਿੰਘੂ ਬਾਰਡਰ ਦਾ ਲੰਗਰ ਵਡੇਰਾ ਤੇ ਵਿਸ਼ਾਲ ਰੂਪ ਧਾਰ ਚੁਕਾ ਹੈ। ਇੱਥੇ ਲੱਡੂ, ਜਲੇਬੀਆਂ, ਪਕੌੜੇ ਤੇ ਪਿੰਨੀਆਂ ਹੀ ਨਹੀਂ, ਸਗੋਂ ਅਖਰੋਟ, ਬਦਾਮ ਤੇ ਇਲਾਚੀਆਂ ਵੀ ਹਾਕਾਂ ਮਾਰ ਮਾਰ ਕੇ ਵਰਤਾਏ ਜਾਂਦੇ ਹਨ। ਹਾਕਾਂ ਮਾਰਨ ਵਾਲੀਆਂ ਬੀਬੀਆਂ-ਭੈਣ ਤੋਂ ਬੱਚੇ ਹੀ ਨਹੀਂ, ਬਜੁਰਗ ਵੀ ਹਨ; ਨੌਜਵਾਨ ਗੱਭਰੂ ਖਾਸ ਕਰਕੇ। ਟਰੈਕਟਰ-ਟਰਾਲੀਆਂ ਦੀ ਮੁਫਤ ਮੁਰੰਮਤ ਤਾਂ ਕੀ, ਗੁਰਮੀਤ ਸਿੰਘ ਨਾਂ ਦਾ ਮਾਲਸ਼ੀ ਤੇ ਹੋਰ ਨੌਜਵਾਨ ਥੱਕੇ-ਹਾਰੇ ਬਜੁਰਗਾਂ ਦੀ ਮਾਲਿਸ਼ ਕਰਕੇ ਉਨ੍ਹਾਂ ਨੂੰ ਨੌਂ ਬਰ ਨੌਂ ਕਰ ਰਹੇ ਹਨ।

ਵੇਰਕੇ ਦਾ ਦੁੱਧ ਤੇ ਲੱਸੀ, ਗੰਨੇ ਦਾ ਰਸ, ਸੰਗਤਰੇ ਦਾ ਜੂਸ ਤਾਂ ਕੀ ਹਰਿਆਣਾ ਦੇ ਜਾਟਾਂ ਨੇ ਆਪਣੇ ਵਰਗਿਆਂ ਲਈ ਹੁਕਿਆਂ ਦਾ ਪ੍ਰਬੰਧ ਵੀ ਕਰ ਰੱਖਿਆ ਹੈ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਅਰਾ ਲਾਉਣ ਵਾਲੇ ਮਲੇਰਕੋਟਲੀਏ ਜ਼ਰਦਾ ਤੇ ਨਮਕੀਨ ਬਰਿਆਨੀ ਵਰਤਾ ਰਹੇ ਹਨ। ਜੇ ਸੱਚ ਪੁੱਛੋ ਤਾਂ ਮੈਲਬਰਨ (ਆਸਟ੍ਰੇਲੀਆ), ਕੈਲੀਫੋਰਨੀਆ (ਅਮਰੀਕਾ) ਤੇ ਬਰੈਂਪਟਨ (ਕੈਨੇਡਾ) ਦੇ ਸੱਤ ਸਮੁੰਦਰ ਪਾਰ ਦੇ ਸੇਵਕ ਆਪੋ ਆਪਣੇ ਲੰਗਰ ਲਾਈ ਬੈਠੇ ਹਨ।

ਮੋਰਚੇ ਵਾਲੇ ਕਿਸਾਨ ਕਿਸੇ ਸਿਆਸੀ ਪਾਰਟੀ ਨਾਲ ਸਬੰਧਤ ਨਹੀਂ। ਇਨ੍ਹਾਂ ਨੇ ਪੰਜਾਬ ਤੇ ਹਰਿਆਣਾ ਵਿਚ ਹਰੀ ਕ੍ਰਾਂਤੀ ਲਿਆ ਕੇ ਐਫ. ਸੀ. ਆਈ. (ਫੂਡ ਕਾਰਪੋਰੇਸ਼ਨ ਆਫ ਇੰਡੀਆ) ਦੇ ਗੋਦਾਮਾਂ ਵਿਚ 743 ਲੱਖ ਟਨ ਅਨਾਜ ਜਮਾਂ ਕਰ ਰਖਿਆ ਹੈ, ਜਦੋਂ ਕਿ ਇਸ ਵਿਚੋਂ ਹਰ ਸਾਲ ਕੇਵਲ 410 ਲੱਖ ਟਨ ਵੰਡਣਾ ਹੁੰਦਾ ਹੈ। ਸਰਕਾਰ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਜਨਤਕ ਵੰਡ ਪ੍ਰਣਾਲੀ ਉੱਤੇ ਹੋ ਰਿਹਾ ਖਰਚਾ ਤਾਂ ਦਿਖਾਈ ਦਿੰਦਾ ਹੈ, ਖੇਤਾਂ ਦੀਆਂ ਫਸਲਾਂ ਤੋਂ ਪੈਦਾ ਹੋ ਰਹੀ ਹਰਿਆਵਲ ਰਾਹੀਂ ਵਾਤਾਵਰਨ ਵਿਚੋਂ ਸੋਖੀ ਜਾ ਰਹੀ ਕਾਰਬਨ ਡਾਈਅਕਸਾਈਡ ਨਹੀਂ ਦਿਸਦੀ, ਜੋ ਆਕਸੀਜਨ ਵੰਡਦੀ ਹੈ। ਇਸ ਦੀ ਕੀਮਤ ਲਗਪਗ ਸਵਾ ਲੱਖ ਕਰੋੜ ਪ੍ਰਤੀ ਸਾਲ ਬਣਦੀ ਹੈ। ਸਰਕਾਰ ਅਜਿਹਾ ਲਾਭ ਦੇਣ ਵਾਲੇ ਕਿਸਾਨ ਨੂੰ ਕਾਰਪੋਰੇਟ ਘਰਾਣਿਆਂ ਦੇ ਰਹਿਮੋ ਕਰਮ ਵਿਚ ਝੋਕਣਾ ਚਾਹੁੰਦੀ ਹੈ। ਅਰਥ ਸ਼ਾਸਤਰੀ ਜਾਣਦੇ ਹਨ ਕਿ ਦੇਸ਼ ਦੀਆਂ ਛੇ ਹਜ਼ਾਰ ਐਮ. ਐਸ. ਪੀ. ਮੰਡੀਆਂ ਵਿਚੋਂ ਇੱਕ ਤਿਹਾਈ ਪੰਜਾਬ ਵਿਚ ਹਨ। ਇਹ ਵੀ ਕਿ ਭਾਰਤ ਵਿਚ 86 ਫੀਸਦੀ ਕਿਸਾਨਾਂ ਕੋਲ ਦੋ ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ। ਨਵੇਂ ਕਾਨੂੰਨ ਉਨ੍ਹਾਂ ਸਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਦੀ ਝੋਲੀ ਵਿਚ ਸਿੱਟ ਰਹੀ ਹੈ।

ਕਿਸਾਨ ਨਾਲ ਇਹ ਧੱਕਾ ਇਕ ਸਦੀ ਪਹਿਲਾਂ ਵਾਲੇ ਪਗੜੀ ਸੰਭਾਲ ਜੱਟਾ ਦਾ ਨਾਅਰਾ ਚੇਤੇ ਕਰਾਉਂਦਾ ਹੈ। 1907 ਵਿਚ ਗੋਰੀ ਸਰਕਾਰ ਤਾਂ ਪੰਜਾਬ ਲੈਂਡ ਕਾਲੋਨਾਈਜੇਸ਼ਨ ਬਿਲ ਲਿਆ ਕੇ ਨਵੀਆਂ ਕੱਢੀਆਂ ਨਹਿਰਾਂ ਦਾ ਲਾਭ ਛੋਟੇ ਕਿਸਾਨਾਂ ਦੀ ਥਾਂ ਵੱਡੇ ਜ਼ਿਮੀਂਦਾਰਾਂ ਨੂੰ ਦੇਣਾ ਚਾਹੁੰਦੀ ਸੀ। ਇਸ ਨੂੰ ਰੋਕਣ ਤੇ ਰੱਦ ਕਰਾਉਣ ਦਾ ਬੀੜਾ ਭਗਤ ਸਿੰਘ ਸ਼ਹੀਦ ਦੇ ਚਾਚਾ ਅਜੀਤ ਸਿੰਘ ਨੇ ਚੁੱਕਿਆ ਸੀ। ਉਦੋਂ 22 ਮਾਰਚ 1907 ਨੂੰ ਲਾਇਆ ਕਿਸਾਨਾਂ ਦਾ ਮੋਰਚਾ ਨਵੰਬਰ 1907 ਤੱਕ ਚਲਿਆ ਸੀ ਤੇ ਗੋਰੀ ਸਰਕਾਰ ਨੂੰ ਸਾਰੇ ਐਕਟ ਵਾਪਸ ਲੈਣੇ ਪਏ ਸਨ। ਉਦੋਂ ਵਾਲਾ ਮੋਰਚਾ ਕੜਾਕੇ ਦੀ ਠੰਢ ਵਿਚ ਨਹੀਂ ਸੀ ਲੱਗਾ, ਜਦੋਂ ਕਿ ਹੁਣ ਵਾਲਾ ਮੋਰਚਾ ਕਹਿਰਾਂ ਦੀ ਸਰਦੀ ਵਿਚ ਲਾਉਣਾ ਪੈ ਗਿਆ ਹੈ। ਉਦੋਂ ਕਿਸਾਨਾਂ ਨੇ ਗੋਰਿਆਂ ਨਾਲ ਆਢਾ ਲਿਆ ਸੀ। ਅੱਜ ਤਾਂ ਆਪਣੇ ਹੀ ਗੋਰੇ ਬਣੇ ਬੈਠੇ ਹਨ। ਮੋਰਚੇ ਨੂੰ ਬਦਨਾਮ ਕਰਨ ਲਈ ਹਰ ਤਰ੍ਹਾਂ ਦੀਆਂ ਸਿਆਸੀ ਤੇ ਗੈਰ-ਸਿਆਸੀ ਊਜਾਂ ਲਾਈਆਂ ਜਾ ਰਹੀਆਂ ਹਨ। ਫਿਰ ਵੀ ਪੰਜਾਬ ਤੇ ਹਰਿਆਣਾ ਦੀ ਪਿੱਠ ਉੱਤੇ ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਕੇਰਲ ਤੱਕ ਦੇ ਕਿਸਾਨ ਹੀ ਨਹੀਂ, ਅਰਥ ਸ਼ਾਸਤਰੀ, ਵਕੀਲ ਬੁੱਧੀਜੀਵੀ ਤੇ ਸਾਬਕਾ ਵੱਡੇ ਫੌਜੀ ਤੇ ਅਫਸਰ ਨਿੱਤਰ ਆਏ ਹਨ। ਜੇ ਕੇਂਦਰ ਸਰਕਾਰ ਲੋੜੀਂਦਾ ਹੱਲ ਨਹੀਂ ਲੱਭਦੀ ਤਾਂ ਦੇਸ਼ ਦਾ ਫੈਡਰਲ ਢਾਂਚਾ ਵੀ ਟੁੱਟ ਸਕਦਾ ਹੈ, ਜਿਸ ਦੀ ਖਾਤਰ ਸਾਡੇ ਵਡੇਰਿਆਂ ਨੇ ਸਿਰ ਧੜ ਦੀ ਬਾਜ਼ੀ ਲਾਈ ਸੀ। ਰੱਬ ਖੈਰ ਕਰੇ!

**ਟਰੰਪ ਬਨਾਮ ਨਰੇਂਦਰ ਮੋਦੀ:** ਪਿਛਲੇ ਵਰਿਆਂ ਵਿਚ ਜਦੋਂ ਵੀ ਆਪਣੇ ਅਮਰੀਕਾ ਨਿਵਾਸੀ ਮਿੱਤਰਾਂ ਤੋਂ ਉਨ੍ਹਾਂ ਦੇ ਰਾਸ਼ਟਰਪਤੀ ਡੋਨਲਡ ਟਰੰਪ ਬਾਰੇ ਪੁਛਿਆ ਜਾਂਦਾ ਹੈ ਤਾਂ ਉਹ ਇਕ ਹੀ ਲਾਈਨ ਦਾ ਉੱਤਰ ਦਿੰਦੇ ਹਨ, 'ਤੁਹਾਡੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਾਲਾ ਹੀ ਹੈ।' ਮਤਲਬ ਸਪਸ਼ਟ ਹੈ। ਹਾਲ ਹੀ ਵਿਚ ਡੋਨਲਡ ਟਰੰਪ ਨੇ ਨਰੇਂਦਰ ਮੋਦੀ ਨੂੰ ਟਰੰਪ ਨੇ ਵੱਕਾਰੀ ਸਨਮਾਨ 'ਲੀਜੀਅਨ ਆਫ ਮੈਰਿਟ' ਦੇ ਕੇ ਇਸ ਉੱਤੇ ਮੋਹਰ ਲਾ ਦਿੱਤੀ ਹੈ। ਮੋਦੀ ਨੇ ਟਰੰਪ ਦਾ ਧੰਨਵਾਦ ਕਰਦਿਆਂ ਆਪਣੇ ਆਪ ਨੂੰ ਬੇਹਦ ਸਨਮਾਨਤ ਗਰਦਾਨਿਆ ਹੈ। ਉਸ ਦਾ ਆਪਣਾ ਭਵਿਖ ਕੀ ਹੈ? ਉਹ ਜਾਣੇ ਜਾਂ ਉਪਰ ਵਾਲਾ। ਮੇਰੇ ਅਮਰੀਕਨ ਮਿੱਤਰ ਠੀਕ ਹੀ ਕਹਿੰਦੇ ਸਨ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਸਨਮਾਨ ਵਿਚ ਮੇਰੇ ਗੋਤ ਦਾ ਵੀ ਹੱਥ ਹੈ। ਇਸ ਨੂੰ ਪ੍ਰਵਾਨ ਕਰਨ ਦਾ ਫਰਜ਼ ਮੇਰੇ ਗੋਤੀ ਤਰਨਜੀਤ ਸਿੰਘ ਸੰਧੂ ਨੇ ਨਿਭਾਇਆ, ਜੋ ਅੱਜ ਕਲ੍ਹ ਅਮਰੀਕਾ ਵਿਚ ਭਾਰਤ ਦੇ ਸਫੀਰ ਵਜੋਂ ਤਾਇਨਾਤ ਹੈ। ਆਮੀਨ!

**ਅੰਤਿਕਾ: ਗੁਮਨਾਮ**

ਸ਼ੁਹਰਤ ਕੀ ਬੁਲੰਦੀ ਭੀ
ਪਲ ਭਰ ਕਾ ਤਮਾਸ਼ਾ ਹੈ,
ਜਿਸ ਸ਼ਾਖ ਪੇ ਬੈਠੇ ਹੋ
ਵੁਹ ਟੂਟ ਭੀ ਸਕਤੀ ਹੈ।

# ਧੁੱਖਦੇ ਘਰਾਂ ਦਾ ਕੌੜਾ ਧੂੰਆਂ

ਜੈਤੋ ਵਾਲੇ ਅਜੈਬ ਦੇ ਮੁੰਡੇ ਦਾ ਵਿਆਹ ਸੀ। ਕੁੜੀ ਵਾਲਿਆਂ ਕੈਨੇਡਾ ਤੋਂ ਆ ਕੇ ਯੂਬਾ ਸਿਟੀ ਆਪਣੇ ਰਿਸ਼ਤੇਦਾਰਾਂ ਕੋਲ ਰਹਿ ਕੇ ਵਿਆਹ ਕਰਨਾ ਸੀ। ਵਿਆਹ ਤੋਂ ਦੋ ਦਿਨ ਪਹਿਲਾਂ ਲੇਡੀਜ਼ ਸੰਗੀਤ ਰੱਖਿਆ ਹੋਇਆ ਸੀ। ਮੇਰਾ ਭਰਾ ਗੁਰਬੀਰ ਕਿਉਂਕਿ ਜੈਤੋ ਅਜੈਬ ਦੇ ਸਕਿਆਂ ਦੇ ਵਿਆਹਿਆ ਹੋਇਆ ਹੈ, ਇਸ ਕਰਕੇ ਸਾਨੂੰ ਸਾਰਿਆਂ ਨੂੰ ਵੀ ਸੱਦਿਆ ਹੋਇਆ ਸੀ।

ਅਜੈਬ ਦਾ ਤੇ ਉਸ ਦੇ ਭਰਾ ਦਾ ਸੌਂਗੀ ਦਾ ਫਾਰਮ ਹੈ। ਦੋਵੇਂ ਭਰਾ ਫਾਰਮ ਹਾਊਸ ਵਿਚ ਹੀ ਰਹਿੰਦੇ ਹਨ। ਚੰਗੇ ਘਰ ਬਣੇ ਹੋਏ ਹਨ। ਆਸੇ-ਪਾਸੇ ਦੀ ਦਿੱਖ ਤੋਂ ਘਰਾਂ ਦਾ ਕਾਫੀ ਖੁੱਲ੍ਹਾ ਡੁੱਲ੍ਹਾ ਮਹੌਲ ਲੱਗਦਾ ਸੀ। ਔਰਤਾਂ ਇੱਕ ਖੁੱਲ੍ਹੇ ਹਾਲ ਵਿਚ ਗਿੱਧਾ ਪਾ ਰਹੀਆਂ ਸਨ। ਆਦਮੀ ਬਾਹਰ ਬੈਠੇ ਦਾਰੂ ਪੀ ਰਹੇ ਸਨ। ਵਿਆਹ ਵਾਲਾ ਮੁੰਡਾ ਸਭ ਦੀ ਸੇਵਾ ਕਰ ਰਿਹਾ ਸੀ।



**ਸੰਤੋਖ ਮਿਨਹਾਸ**
ਫੋਨ: 559-283-6376

ਗੱਲਾਂ ਗੱਲਾਂ 'ਚ ਪਤਾ ਲੱਗਿਆ ਕਿ ਅਜੈਬ ਕਈ ਦਿਨਾਂ ਤੋਂ ਸਵੇਰ ਤੋਂ ਹੀ ਸ਼ਰਾਬ ਪੀਣ ਲੱਗ ਜਾਂਦਾ ਸੀ। ਹੁਣ ਵੀ ਸ਼ਰਾਬੀ ਹੋਇਆ ਬੈਠਾ ਸੀ। ਉਹਦਾ ਬਾਪੂ ਉਸ ਨੂੰ ਹੋਰ ਪੀਣ ਤੋਂ ਵਰਜ ਰਿਹਾ ਸੀ। ਅਜੈਬ ਆਖ ਰਿਹਾ ਸੀ, "ਮੈਂ ਤਾਂ ਪੀ ਕੇ ਮਰ ਜਾਣਾ, ਸਾਲੇ ਨੇ ਜਿਉਂਣ ਜੋਗਾ ਨਹੀਂ ਛੱਡਿਆ, ਏਦੂ ਤਾਂ ਕੰਜਰ ਇੰਡੀਆ ਹੀ ਚੰਗਾ ਸੀ, ਆਪੇ ਬਲਦਾਂ ਦੀਆਂ ਪੂਛਾਂ ਮਰੋੜਦਾ ਫਿਰਦਾ।" ਅਸੀਂ ਸਾਰੇ ਚੁੱਪ ਹੋ ਗਏ ਸਾਂ।

ਮੈਂ ਅਜੈਬ ਦੇ ਬਾਪੂ ਨੂੰ ਪੁੱਛਿਆ, "ਸੁੱਖ ਤਾਂ ਹੈ?"

"ਉਂ ਤਾਂ ਸੁੱਖ ਈ ਐ, ਸ਼ਾਇਦ ਤੈਨੂੰ ਪਤਾ ਨਹੀਂ, ਦੋਹਾਂ ਮੁੰਡਿਆਂ ਦਾ 'ਕੱਠਾ ਵਿਆਹ ਰੱਖਿਆ ਸੀ, ਛੋਟਾ ਕਾਲੀ ਲਈ ਫਿਰਦੈ, ਉਹ ਵੀ ਆਪਣੀ ਉਮਰ ਤੋਂ ਵੱਡੀ, ਕਈ ਦਿਨਾਂ ਤੋਂ ਘਰੇ ਨਹੀਂ ਵੜਿਆ, ਕਾਲੀ ਨਾਲ ਹੀ ਅਪਾਰਮੈਂਟ ਵਿਚ ਰਹਿੰਦਾ, ਪਰਸੋਂ ਵਿਆਹੁਣ ਜਾਣੈ, ਮੈਂ ਆਖਿਆ ਚਲ ਵੱਡਾ ਵਿਆਹ ਲੈ ਆਈਐ, ਛੋਟੇ ਦੀ ਉਨ੍ਹਾਂ ਕੋਲੋਂ ਮੁਆਫੀ ਮੰਗ ਲੈਨੇ ਆਂ; ਇਹ ਕਹਿੰਦਾ, ਮੈਂ ਕਿਹੜੇ ਮੂੰਹ ਨਾਲ ਜਵਾਬ ਦੇਵਾਂ?"

ਜਦੋਂ ਮੈਂ ਇੰਡੀਆ ਤੋਂ ਅਮਰੀਕਾ ਆਉਣ ਲੱਗਿਆ ਤਾਂ ਮੇਰੇ ਕਈ ਦੋਸਤਾਂ-ਮਿੱਤਰਾਂ ਤੇ ਰਿਸਤੇਦਾਰਾਂ ਨੇ ਮੇਰੇ ਨਾਲ ਆਪਣੇ ਕੁੜੀਆਂ-ਮੁੰਡਿਆਂ ਦੇ ਰਿਸ਼ਤੇ ਬਾਰੇ ਗੱਲ ਕੀਤੀ ਸੀ। ਮੈਂ ਹਾਮੀ ਵੀ ਭਰੀ ਸੀ। ਇੱਥੇ ਮੇਰੇ ਕਾਫੀ ਸਕੇ-ਸਬੰਧੀ ਰਹਿੰਦੇ ਸਨ। ਉਨ੍ਹਾਂ ਦੇ ਅੱਗੇ ਕਈ ਹੋਰ ਦੋਸਤ ਮਿੱਤਰ ਸਨ, ਪਰ ਇੱਥੇ ਆ ਕੇ ਪਤਾ ਲੱਗਿਆ, ਇੱਥੇ ਤਾਂ ਕਹਾਣੀ ਈ ਕੁਝ ਹੋਰ ਹੈ। ਬਹੁਤੇ ਕੁੜੀਆਂ-ਮੁੰਡੇ ਆਪਣੇ ਮਾਪਿਆਂ ਤੋਂ ਬਾਹਰੀ ਹੋਏ ਫਿਰਦੇ ਹਨ। ਮਾਪੇ ਕੁਝ ਹੋਰ ਸੋਚਦੇ ਨੇ, ਬੱਚੇ ਕੁਝ ਹੋਰ। ਬੱਚੇ ਆਪਣੇ ਫੈਸਲੇ ਆਪ ਲੈਣ ਲੱਗ ਪਏ ਹਨ। ਭਾਵੇਂ ਫੈਸਲੇ ਲੈਣ ਵਾਲੀ ਗੱਲ ਚੰਗੀ ਲੱਗਦੀ ਹੈ, ਪਰ ਵਿਆਹ ਦੇ ਮਾਮਲੇ ਵਿਚ ਮਾਪੇ ਸਮਝੌਤਾ ਕਰਨ ਨੂੰ ਤਿਆਰ ਨਹੀਂ। ਬੱਚੇ ਜਿਸ ਸਭਿਆਚਾਰ ਵਿਚ ਰਹਿ ਰਹੇ ਹਨ, ਉਸ ਮਾਹੌਲ ਨੂੰ ਅਪਨਾ ਰਹੇ ਹਨ।

ਮੇਰੇ ਕਾਲਜ ਦੇ ਦਿਨਾਂ ਦਾ ਮਿੱਤਰ ਕਲਵੰਤ ਬਰਾੜ ਫਰਿਜ਼ਨੋ ਰਹਿੰਦਾ ਹੈ। ਉਸ ਕੋਲ ਕਈ ਸਬ-ਵੇ ਸਟੋਰ ਹਨ। ਜਲੰਧਰੋਂ ਗਿਆ ਪਰਿਵਾਰ ਕਾਫੀ ਸਮੇਂ ਤੋਂ ਫਰਿਜ਼ਨੋ ਹੀ ਰਹਿ ਰਿਹਾ ਸੀ। ਉਨ੍ਹਾਂ ਦੀ ਕੁੜੀ ਬਰਾੜ ਦੇ ਸਟੋਰ 'ਤੇ ਕੰਮ ਕਰਦੀ ਸੀ। ਸੁਹਣੀ ਸੁਨੱਖੀ, ਲੰਮੀ-ਲੰਝੀ। ਪਿਛਲੇ ਸਾਲ ਹੀ ਮੁਹਾਲੀ ਦੇ ਇੱਕ ਇੰਜੀਨੀਅਰ ਮੁੰਡੇ ਨਾਲ ਮੰਗਣੀ ਕਰਾ ਕੇ ਆਈ ਸੀ। ਮਾਪੇ ਵਿਆਹ ਲਈ ਇੰਡੀਆ ਆਉਣ ਦੀ ਤਿਆਰੀ ਕਰੀ ਬੈਠੇ ਸਨ। ਕੁੜੀ ਵਿਹਰੀ ਬੈਠੀ ਸੀ, ਕਹਿੰਦੀ ਮੈਂ ਇੰਡੀਆ ਨਹੀਂ ਜਾਣਾ। ਘਰਦਿਆਂ ਨੇ ਬਥੇਰਾ ਸਮਝਾਇਆ, ਪਰ ਕੁੜੀ ਨਾ ਮੰਨੀ। ਪਤਾ ਉਦੋਂ ਲੱਗਾ, ਜਦੋਂ ਕੁੜੀ ਕਿਸੇ ਮੈਕਸੀਕਣ ਮੁੰਡੇ ਨਾਲ ਵਿਆਹ ਕਰਾ ਕੇ ਘਰਦਿਆਂ ਤੋਂ ਪਾਸੇ ਰਹਿਣ ਲੱਗ ਪਈ। ਘਰ ਦੇ ਨਮੋਸ਼ੀ ਦੇ ਮਾਰੇ ਫਰਿਜ਼ਨੋ ਛੱਡ ਕੇ ਸਿਆਟਲ ਰਹਿਣ ਲੱਗ ਪਏ।

ਮੇਰੇ ਛੋਟੇ ਭਰਾ ਪ੍ਰੀਤ ਕਾਫੀ ਸਮੇਂ ਤੋਂ ਅਮਰੀਕਾ ਰਹਿ ਰਿਹਾ ਹੈ। ਉਸ ਦਾ ਚੰਗਾ ਕਾਰੋਬਾਰ ਹੈ। ਉਸ ਦਾ ਇੱਕ ਦੋਸਤ ਕਿੰਦਰ ਹੈ, ਜਿਸ ਨੂੰ ਸਾਰੇ ਉਹਦੇ ਛੋਟੇ ਨਾਂ ਨਾਲ ਕਿੰਦਾ ਆਖ ਬੁਲਾਉਂਦੇ ਹਨ। ਸਾਡੇ ਸ਼ਹਿਰ ਕੋਟਕਪੂਰੇ ਦੇ ਲਾਗਲੇ ਪਿੰਡ ਦਾ ਰਹਿਣ ਵਾਲਾ ਹੈ। ਬੜਾ ਬੀਬਾ ਮੁੰਡਾ ਹੈ, ਰੱਜ ਕੇ ਕਮਾਊ। ਪਹਿਲਾਂ ਕਈ ਵਰ੍ਹੇ ਉਹ ਅਰਬ ਦੇਸ਼ਾਂ ਵਿਚ ਕੰਮ ਕਰਦਾ ਰਿਹਾ। ਹੋਰ ਲੋਕਾਂ ਵਾਂਗ ਹੀ ਔਖੇ ਸੌਖੇ ਢੰਗ ਨਾਲ ਅਮਰੀਕਾ ਪਹੁੰਚ ਗਿਆ ਸੀ। ਪੱਕੇ ਹੋਣ ਦੇ ਜੁਗਾੜ ਵਿਚ ਇੱਕ ਟਰਾਲਾ ਚਲਾਉਂਦੇ ਦੋਸਤ ਨੇ ਆਪਣੇ ਇੱਕ ਹੋਰ ਦੋਸਤ, ਟਰੱਕ ਕੰਪਨੀ ਦੇ ਮਾਲਕ ਦੀ ਕੁੜੀ ਨਾਲ ਵਿਆਹ ਕਰਾ ਦਿੱਤਾ। ਕੁੜੀ ਪੱਕੀ ਸੀ, ਪਰ ਤਲਾਕਸ਼ੁਦਾ ਸੀ। ਅਮਰੀਕਾ ਵਿਚ ਪੱਕੇ ਹੋਣ ਲਈ ਬੰਦਾ ਸਭ ਕੁਝ ਮਨਜੂਰ ਕਰ ਲੈਂਦਾ ਹੈ।

ਕਿੰਦਾ ਖੁਸ਼ ਸੀ। ਉਸ ਦੇ ਅਮਰੀਕਾ ਵਿਚ ਪੈਰ ਲੱਗ ਗਏ ਸਨ। ਕਿੰਦੇ ਨੇ ਨਵਾਂ ਘਰ ਖਰੀਦਿਆ। ਸਭ ਨੂੰ ਸੱਦਿਆ। ਰੱਜ ਕੇ ਖੁਸ਼ੀ ਮਨਾਈ, ਪਰ ਥੋੜ੍ਹੇ ਚਿਰ ਬਾਅਦ ਹੀ ਘਰ ਦੀ ਗੱਡੀ ਲੀਹ ਤੋਂ ਪਾਸੇ ਸਰਕਣ ਲੱਗ ਪਈ। ਜਿਵੇਂ ਜਿਵੇਂ ਦਿਨ ਬੀਤਦੇ ਗਏ, ਕਿੰਦਰ ਆਖਦਾ, ਘਰ ਵਾਲੀ ਦੇ ਸੁਭਾਅ ਵਿਚ ਕਾਫੀ ਤਬਦੀਲੀ ਆ ਗਈ ਸੀ। ਉਸ ਨੇ ਆਪਣਾ ਅਮਰੀਕਾ ਵਾਲਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਮੈਂ ਟਰੱਕ ਦਾ ਗੇੜਾ ਲਾਉਣ ਗਿਆ ਅੱਠੀਂ ਦਿਨੀਂ ਘਰ ਮੁੜਦਾ। ਉਹ ਮਗਰੋਂ ਅੱਠ ਦਿਨ ਘਰ ਨਾ ਵੜਦੀ। ਘਰ ਵਿਚ ਕਲੇਸ਼ ਰਹਿਣ ਲੱਗ ਪਿਆ।

ਇੰਨ੍ਹੀਂ ਦਿਨੀਂ ਘਰ ਵਿਚ ਬੇਟੀ ਨੇ ਜਨਮ ਲਿਆ। ਉਹ ਬੱਚੀ ਖਾਤਰ ਹਰ ਸਮਝੌਤਾ ਕਰਦਾ, ਪਰ ਉਹਦੇ ਲਈ ਸਮਝੌਤਾ ਰਾਜਨੀਤੀ ਦੀ ਖੇਡ ਬਣ ਗਿਆ। ਜਿਵੇਂ ਰਾਜਨੀਤਿਕ ਬੰਦੇ ਦਾ ਕੋਈ ਇਤਬਾਰ ਨਹੀਂ ਹੁੰਦਾ, ਉਵੇਂ ਅਮਰੀਕਾ ਵਿਚ ਲੀਹੋਂ ਲੱਥੇ ਬੱਚਿਆਂ ਦਾ ਕੋਈ ਵੀ ਈਮਾਨ ਨਹੀਂ ਹੁੰਦਾ। ਉਨ੍ਹਾਂ ਨੂੰ ਆਪਣਾ ਨਿੱਜ ਪਿਆਰਾ ਹੁੰਦਾ ਹੈ। ਫੈਸਲੇ ਲੈਣ ਲੱਗਿਆਂ ਕਿਸੇ ਦੀ ਪਰਵਾਹ ਨਹੀਂ ਕਰਦੇ। ਮਾਪੇ ਆਖਰ ਬੱਚਿਆਂ ਅੱਗੇ ਹਥਿਆਰ ਸੁੱਟ ਦਿੰਦੇ ਹਨ। ਆਮ ਹੀ ਸਾਊ ਤੇ ਇੱਜਤਦਾਰ ਬੰਦੇ ਘਰ ਦੀ ਇੱਜਤ ਬਾਹਰ ਖਿਲਣ ਦੇ ਡਰੋਂ ਆਪਣੇ ਆਪ ਵਿਚ ਅੰਦਰੋਂ ਵੀ ਟੁੱਟਦੇ ਹਨ ਤੇ ਬਾਹਰੋਂ ਵੀ। ਲੋਕਾਂ ਦੀ ਝੱਖ ਵੱਖਰੀ ਸਹਿਣੀ ਪੈਂਦੀ ਹੈ।

ਇੱਕ ਦਿਨ ਘਰ ਛੱਡ ਕੇ ਉਹ ਕਿਸੇ ਹੋਰ ਨਾਲ ਰਹਿਣ ਲੱਗ ਪਈ। ਕਿੰਦਰ ਨੇ ਕੁੜੀ ਇੰਡੀਆ ਆਪਣੇ ਮਾਂ ਪਿਉ ਕੋਲ ਭੇਜ ਦਿੱਤੀ। ਉਸ ਨੇ ਕੇਸ ਕਰ ਦਿੱਤਾ ਕਿ ਕੁੜੀ ਮੇਰੇ 'ਤੇ ਨਿਰਭਰ ਹੈ। ਅਮਰੀਕਾ ਅੰਬੈਸੀ ਰਾਹੀਂ ਪੁਲਿਸ ਨੇ ਕੁੜੀ ਨੂੰ ਇੰਡੀਆ ਤੋਂ ਲਿਆ ਕੇ ਮਾਂ ਦੇ ਸਪੁਰਦ ਕਰ ਦਿੱਤਾ। ਸਾਰੀ ਕਮਾਈ ਵਕੀਲ ਲੈ ਜਾਇਆ ਕਰੇ, ਜਿਹੜਾ ਕਮਾਵੇ, ਉਹ ਵਕੀਲ ਦੀ ਝੋਲੀ ਵਿਚ। ਉਧਰੋਂ ਘਰ ਤੇ ਹੋਰ ਜਾਇਦਾਦ ਅੱਧ ਵਖਰਾ ਮੰਗੇ। ਕਿੰਦਰ ਆਖਦਾ, ਘਰ ਵੀ ਗਵਾ ਲਿਆ, ਬੱਚਾ ਵੀ ਗਵਾ ਲਿਆ, ਘਰ ਵਾਲੀ ਵੀ ਗਵਾ ਲਈ, ਅੱਧੀ ਉਮਰ ਵੀ ਗਵਾ ਲਈ, ਕੋਲ ਬਚੀ ਖੱਜਲ-ਖੁਆਰੀ। ਨਾ ਹੁਣ ਇੰਡੀਆ ਜਾਣ ਜੋਗਾ ਅਤੇ ਨਾ ਹੀ ਏਥੇ ਰਹਿਣ ਨੂੰ ਜੀਅ ਕਰਦਾ।

ਜਦੋਂ ਮੈਂ ਇਸ ਤਰ੍ਹਾਂ ਦੀਆਂ ਕਹਾਣੀਆਂ ਸੁਣਦਾ, ਤਾਂ ਦਿਲ ਕੰਬ ਉਠਦਾ। ਮੈਂ ਵੀ ਆਪਣੀਆਂ ਦੋਹਾਂ ਬੇਟੀਆਂ ਨੂੰ ਸਕੂਲ ਦਾਖਲ ਕਰਾ ਦਿੱਤਾ ਸੀ। ਮੇਰੇ ਛੋਟੇ ਭਰਾ ਦੀ ਪਤਨੀ ਬੱਚਿਆਂ ਨੂੰ ਸਕੂਲ ਛੱਡ ਆਉਂਦੀ ਅਤੇ ਆਪ ਹੀ ਸਕੂਲ ਬੰਦ ਹੁੰਦਿਆਂ ਲੈ ਕੇ ਆ ਜਾਂਦੀ।

ਮੈਂ ਪਿਛਲ ਝਾਤ ਮਾਰਦਾ, ਜਦੋਂ ਮੈਂ ਇੰਡੀਆ ਸੀ। ਮੇਰੇ ਸਾਰੇ ਦੋਸਤ ਮਿੱਤਰ ਆਖਦੇ, ਚਲ ਯਾਰ, ਇੰਡੀਆ ਵਿਚ ਬੱਚਿਆਂ ਦਾ ਕੋਈ ਭਵਿੱਖ ਨਹੀਂ, ਅਮਰੀਕਾ ਜਾ ਕੇ ਬੱਚਿਆਂ ਦੀ ਜ਼ਿੰਦਗੀ ਬਣ ਜੂ। ਹੁਣ ਮੈਂ ਇੱਥੇ ਬੈਠਾ ਕਦੇ ਕਦੇ ਸੋਚਦਾ, ਆਪਣੀ ਤਾਂ ਚੰਗੀ ਭਲੀ ਗਵਾ ਆਏ ਹਾਂ, ਬੱਚਿਆਂ ਦੀ ਪਤਾ ਨਹੀਂ ਕੀ ਬਣੂੰ। ਇੰਡੀਆ ਵਿਚ ਦੋਵੇਂ ਸਰਕਾਰੀ ਨੌਕਰੀ ਵਿਚ ਸਾਂ। ਖੇਤੀਬਾੜੀ ਵਾਲਾ ਪਰਿਵਾਰ ਸੀ, ਪਰ ਇੱਥੇ ਆ ਕੇ ਸਾਰਾ ਕੁਝ ਬਦਲ ਗਿਆ ਸੀ। ਜ਼ਿੰਦਗੀ ਨੂੰ ਮੁੜ ਜ਼ੀਰੋ ਤੋਂ ਸ਼ੁਰੂ ਕਰਨਾ ਪੈ ਰਿਹਾ ਸੀ।

"ਆਹ ਕਿਹੜੇ ਸਿਆਪੇ ਫੜੇ ਆ?" ਪਤਨੀ ਆਖਦੀ, "ਆਪਾਂ ਵੀ ਟੁੱਟ ਜਾਣੈ, ਤੇ ਬੱਚਿਆਂ ਨੇ ਵੀ ਹੱਥੋਂ ਗਵਾਚ ਜਾਣੈ।" ਉਹ ਰੋਜ਼ ਨਵੇਂ ਨਵੇਂ ਸੁਆਲ ਖੜ੍ਹੇ ਕਰਦੀ, ਜੀਹਦਾ ਮੇਰੇ ਕੋਲ ਕੋਈ ਉੱਤਰ ਨਾ ਹੁੰਦਾ। ਭਾਵੇਂ ਮੈਂ ਉੱਤਰ ਦੇਣ ਦੀ ਕੋਸ਼ਿਸ਼ ਕਰਦਾ ਵੀ, ਪਰ ਅੰਦਰੋਂ ਮੈਂ ਵੀ ਘਬਰਾ ਜਾਂਦਾ। ਪਤਨੀ ਆਖਦੀ, "ਆ ਤਿਲ ਤਿਲ ਟੁੱਟਣ ਨਾਲੋਂ ਤਾਂ ਚੰਗਾ ਕੋਈ ਫੈਸਲਾ ਲੈ ਲਈਏ।" ਆਖਰ ਫੈਸਲਾ ਵੀ ਉਹਨੇ ਹੀ ਕੀਤਾ। ਛੇ ਮਹੀਨੇ ਪਿਛੋਂ ਉਹ ਬੇਟੀਆਂ ਨੂੰ ਲੈ ਕੇ ਜਹਾਜ ਫੜ ਇੰਡੀਆ ਪਰਤ ਗਈ। ਮੈਂ ਅਜੇ ਹੋਰ ਜ਼ਿੰਦਗੀ ਦਾ ਥਹੁ ਪਾਉਣ ਲਈ ਢੀਠ ਜਿਹਾ ਹੋ ਅਟਕਿਆ ਰਿਹਾ।

ਇੱਕ ਦਿਨ ਸਾਡੇ ਘਰਾਂ 'ਚੋਂ ਲੱਗਦੇ ਚਾਚੇ ਦੇ ਮੁੰਡੇ ਕਰਨੈਲ ਦਾ ਫੋਨ ਆਇਆ, ਤੂੰ ਤਿਆਰ ਹੋ'ਜਾ, ਮੈਂ ਤੈਨੂੰ ਹੁਣੇ ਆ ਕੇ ਚੁੱਕਦਾਂ, ਆਪਾਂ ਬੇਕਰਜ਼ਫੀਲਡ ਚਲਣੈ। ਮੈਂ ਵਿਹਲਾ ਸੀ, ਸੋਚਿਆ ਚਲ ਘੁੰਮ ਫਿਰ ਆਉਣੇ ਆਂ। ਕਰਨੈਲ ਦੀ ਆਦਤ ਹੈ, ਉਹ ਪਹਿਲਾਂ ਕੋਈ ਗੱਲ ਨਹੀਂ ਦੱਸਦਾ, ਜਿੰਨਾ ਚਿਰ ਗੱਲ ਦੱਸਣ ਦੀ ਜਰੂਰਤ ਨਹੀਂ ਸਮਝਦਾ। ਮੈਨੂੰ ਐਨਾ ਤਾਂ ਪਤਾ ਸੀ ਕਿ ਬੇਕਰਜ਼ਫੀਲਡ ਕਰਨੈਲ ਦੇ ਮਾਮੇ ਦੇ ਪੁੱਤ ਰਹਿੰਦੇ ਹਨ, ਜੋ ਬਹੁਤ ਪੁਰਾਣੇ ਅਮਰੀਕਾ ਆਏ ਹੋਏ ਹਨ। ਚੰਗੇ ਧਨਾਢ ਕਿਸਾਨ ਹਨ। ਉਥੇ ਜਾ ਕੇ ਪਤਾ ਲੱਗਾ ਇੱਕ ਮਾਮੇ ਦੇ ਪੁੱਤ ਦੇ ਦੋ ਪੁੱਤਾਂ ਵਿਚ ਪੈਲੀ ਵੰਡਣ ਦਾ ਰੌਲਾ ਹੈ। ਕਰਨੈਲ ਨੂੰ ਮਸਲੇ ਦਾ ਕੋਈ ਹੱਲ ਕੱਢਣ ਲਈ ਉਨ੍ਹਾਂ ਸੱਦਿਆ ਸੀ।

ਕਰਨੈਲ ਨੇ ਆਪਣੇ ਮਾਮੇ ਦੇ ਵੱਡੇ ਮੁੰਡੇ ਗੁਰਦੀਪ ਨੂੰ ਪੁੱਛਿਆ, "ਛੋਟਾ ਕਿੱਥੇ ਐ?" ਉਸ ਆਖਿਆ, "ਉਹ ਤਾਂ ਖੇਤ ਹੀ ਹੋਊਗਾ, ਉਹ ਹੁਣ ਤਾਂ ਘਰੇ ਘੱਟ ਹੀ ਵੜਦੈ।"

ਅਸੀਂ ਗੱਡੀ ਲੈ ਕੇ ਖੇਤ ਚਲੇ ਗਏ। ਉਹ ਦੂਰ ਇੱਕ ਵੱਡੇ ਟਰੈਕਟਰ ਨਾਲ ਡਿਕਸਾ ਪਾ ਕੇ ਪੈਲੀ ਵਾਹ ਰਿਹਾ ਸੀ। ਫਾਰਮ ਵੱਡਾ ਸੀ। ਅਸੀਂ ਦੂਰ ਖੜ੍ਹੇ ਉਸ ਨੂੰ ਇਸ਼ਾਰੇ ਕਰਦੇ ਰਹੇ। ਉਹ ਆਪਣੇ ਧਿਆਨ ਵਿਚ ਖੁੱਭਾ ਸਾਡੇ ਵਲੋਂ ਬੇਖਬਰ ਸੀ। ਆਖਰ ਕਾਫੀ ਚਿਰ ਉਡੀਕਣ ਬਾਅਦ ਉਹ ਸਾਡੇ ਕੋਲ ਆਇਆ। ਰਸਮੀ ਦੁਆ ਸਲਾਮ ਕੀਤੀ। ਕਰਨੈਲ ਨੇ ਉਸ ਨੂੰ ਘਰੇ ਨਾਲ ਚਲਣ ਲਈ ਕਿਹਾ, ਉਹ ਨਾ ਮੰਨਿਆ। ਬਹੁਤਾ ਜੋਰ ਦੇਣ 'ਤੇ ਆਖਰ 'ਤੁਸੀਂ ਚਲੋ, ਮੈਂ ਆਉਨਾਂ' ਕਹਿ ਕੇ ਉਹ ਫਿਰ ਆਪਣੇ ਕੰਮ ਵੰਨੀ ਹੋ ਤੁਰਿਆ।

ਮੈਂ ਉਸ ਨੂੰ ਪਹਿਲੀ ਵਾਰ ਵੇਖਿਆ ਸੀ। ਉਹ ਮੈਨੂੰ ਜੱਟਾਂ ਦਾ ਮੁੰਡਾ ਹੀ ਨਾ ਲੱਗਿਆ। ਸਿਰ 'ਤੇ ਮੈਲੀ ਜਿਹੀ ਵੱਡੀ ਕੈਪ, ਭੈੜੀ ਜਿਹੀ ਜੀਨ, ਉਸ ਤੋਂ ਵੀ ਭੈੜੀ ਟੀ ਸ਼ਰਟ, ਮਿੱਟੀ ਘੱਟੇ ਨਾਲ ਲੱਥ-ਪੱਥ। ਉਹ ਮੈਨੂੰ ਇੱਕ ਮਾੜਚੂ ਜਿਹਾ ਬੀਮਾਰ ਬੰਦਾ ਲੱਗਿਆ। ਗੁਰਦੀਪ ਨੇ ਦੱਸਿਆ ਡਰੱਗ ਬਹੁਤ ਖਾਣ ਲੱਗ ਪਿਆ ਹੈ। ਏਥੇ ਹੀ ਖਾ ਪੀ ਕੇ ਟਰਾਲੇ ਵਿਚ ਸੌਂ ਜਾਂਦਾ। ਮੈਂ ਕਰਨੈਲ ਨੂੰ ਪੁੱਛਿਆ, ਇਹਦੀ ਇਸ ਤਰ੍ਹਾਂ ਦੀ ਹਾਲਤ ਕਿਉਂ ਹੈ?

ਕਰਨੈਲ ਨੇ ਦੱਸਿਆ, ਸਾਡਾ ਮਾਮਾ ਅਨਪੜ੍ਹ ਸੀ। ਇਹ ਪਿਉ ਪੁੱਤ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੁੰਦੇ ਰਹੇ। ਛੋਟੀ ਨੂੰਹ ਕੰਪਿਊਟਰ ਸਾਇੰਸ ਦੀ ਡਿਗਰੀ ਹੋਲਡ ਚੰਡੀਗੜ੍ਹ ਦੀ ਸੀ। ਸਾਰਾ ਲੈਣ ਦੇਣ ਨੂੰਹ ਦੇ ਹੱਥ ਵਿਚ ਸੀ। ਉਹ ਚੈਕ ਆਪਣੇ ਨਾਂ ਕੱਟਦੀ ਰਹੀ। ਜਦੋਂ ਪੂਰਾ ਮਾਂਜਾ ਲਾ'ਤਾ, ਇਹਨੂੰ ਛੱਡ ਕੇ ਆਪਣੇ ਕਿਸੇ ਪੁਰਾਣੇ ਕਲਾਸਫੈਲੋ ਨਾਲ ਭੱਜ'ਗੀ। ਹੁਣ ਖੇਤਾਂ ਦੀਆਂ ਕਿਸ਼ਤਾਂ ਟੁੱਟੀਆਂ ਪਈਆਂ, ਕਾਫੀ ਲੈਣ-ਦੇਣ ਖੜ੍ਹਾ। ਜਿੰਨਾ ਕੁ ਦਾਅ ਵੱਡੀ ਦਾ ਲੱਗਾ, ਲਾ ਗਈ। ਛੋਟਾ ਸਾਰੇ ਪਾਸਿਉਂ ਠੱਗਿਆ ਗਿਆ। ਇਹ ਡਰੱਗ ਲੈਣ ਲੱਗ ਪਿਆ। ਹੁਣ ਘਰ 'ਚ ਕਲੇਸ਼ ਵੰਡ ਵੰਡਾਈ ਦਾ ਪੈ ਗਿਆ।

ਮੈਂ ਸੋਚਿਆ, ਜੀਹਦੇ ਘਰ ਨੂੰ ਨਾ ਫਰੋਲੀਏ ਉਹੀ ਚੰਗਾ। ਮੈਂ ਵੇਖਿਆ, ਟੱਬਰਾਂ ਦੇ ਟੱਬਰ ਜਿਹੜੇ ਸੁਹਣੇ ਸੁਪਨੇ ਸਿਰਜ ਕੇ ਅਮਰੀਕਾ ਦੀ ਧਰਤੀ 'ਤੇ ਆਏ ਸੀ, ਪਰਿਵਾਰਾਂ ਦੀ ਟੁੱਟ-ਭੱਜ ਦੀ ਅੱਗ ਵਿਚ ਝੁਲਸ ਰਹੇ ਹਨ। ਘਰ ਦੀ ਖਿਲਰੀ ਇੱਜਤ ਦਾ ਧੂੰਆਂ ਘਰ ਦੀ ਚਾਰ ਦੀਵਾਰੀ ਅੰਦਰ ਹੀ ਦੱਬਣ ਦਾ ਸੰਤਾਪ ਭੁਗਤ ਰਹੇ ਹਨ। ਕਈ ਕਈ ਦਹਾਕਿਆਂ ਦੀ ਮਿਹਨਤ ਨਾਲ ਬਣਾਏ ਘਰ-ਬਾਰ ਨਵੀਂ ਪੀੜ੍ਹੀ ਦੀ ਬੇਰੁਖੀ ਦੇ ਹੱਥੋਂ ਤਿੜਕ ਰਹੇ ਹਨ।

ਅਸਲ ਵਿਚ ਅਸੀਂ ਜਿਹੜੇ ਲੋਕ ਉਮਰ ਦਾ ਅੱਧ ਟਪਾ ਕੇ ਪਰਾਏ ਦੇਸ਼ਾਂ ਵਿਚ ਵਸੇਬਾ ਕਰਦੇ ਹਾਂ, ਆਪਣੀ ਜੜ੍ਹ ਨਾਲ ਬੱਝੇ ਰਹਿੰਦੇ ਹਾਂ। ਅਸੀਂ ਆਪਣੇ ਸਭਿਆਚਾਰ, ਆਪਣੀਆਂ ਮਾਨਤਾਵਾਂ, ਮਰਿਆਦਾ ਨੂੰ ਦੂਸਰੇ ਲੋਕਾਂ ਨਾਲੋਂ ਉਤਮ ਹੋਣ ਦਾ ਭਰਮ ਪਾਲੀ ਬੈਠੇ ਹਾਂ। ਇਹ ਭਲੇਖਾ ਹੀ ਸਾਡਾ ਖਹਿੜਾ ਨਹੀਂ ਛੱਡ ਰਿਹਾ। ਬੱਚਿਆ ਦੀ ਜੜ੍ਹ ਆਪਣੇ ਰੀਤੀ ਰਿਵਾਜ਼ਾਂ ਨਾਲ ਨਹੀਂ ਜੁੜ ਰਹੀ। ਉਹ ਜਿਸ ਸਭਿਆਚਾਰ ਵਿਚ ਪਲ ਰਹੇ ਹਨ, ਉਸ ਦੀ ਖੁੱਲ੍ਹ ਉਨ੍ਹਾਂ ਨੂੰ ਸੁਖਾਵੀਂ ਲੱਗਦੀ ਹੈ। ਹਰ ਇੱਕ ਦਾ ਆਪਣੇ ਆਪ 'ਤੇ ਨਿਰਭਰ ਹੋਣਾ ਵੀ ਨਿੱਜੀ ਫੈਸਲੇ ਲੈਣ ਵਿਚ ਸਹਾਈ ਹੁੰਦਾ ਹੈ।

ਕਦੇ ਕਦੇ ਮੈਂ ਸੋਚਦਾਂ, ਮੇਰੀ ਬੀਵੀ ਨੇ ਫੈਸਲਾ ਠੀਕ ਕੀਤਾ ਜਾਂ ਗਲਤ, ਜੋ ਬੱਚਿਆਂ ਨੂੰ ਲੈ ਕੇ ਵਾਪਸ ਚਲੀ ਗਈ। ਮੈਂ ਇਸ ਨਿਰਨੇ 'ਤੇ ਅਜੇ ਤੱਕ ਫੈਸਲਾ ਨਹੀਂ ਕਰ ਸਕਿਆ; ਪਰ ਡਰ ਜ਼ਰੂਰ ਲੱਗਦਾ ਕਿ ਕਿਤੇ ਮੇਰੇ ਘਰ ਦੀ ਕਹਾਣੀ ਵੀ ਇਨ੍ਹਾਂ ਕਹਾਣੀਆਂ ਵਿਚ ਸ਼ਾਮਲ ਨਾ ਹੋ ਜਾਵੇ।

## ਨਵਿਆਂ ਸਾਲਾ

ਨਵਿਆਂ ਸਾਲਾ ਖੈਰ ਦਾ ਆਵੀਂ
ਖੈਰ ਦਾ ਆਵੀਂ ਠੰਡ ਵਰਤਾਵੀਂ।
ਜਖਮ ਪੁਰਾਣੇ ਰਿਸਦੇ ਪਏ ਨੇ
ਤੈਨੂੰ ਵੀ ਸਭ ਦਿੱਸਦੇ ਪਏ ਨੇ
ਕੀ ਜਾਣੇ ਕਿੰਨੀ ਪੀੜ ਹੰਢਾਈ
ਭਰ ਭਰ ਛਾਲੇ ਫਿੱਸਦੇ ਰਹੇ ਨੇ
ਆਵੀਂ ਨਾਲ ਸ਼ਫਾ ਲਿਆਵੀਂ
ਨਵਿਆਂ ਸਾਲਾ ਖੈਰ ਦਾ ਆਵੀਂ।

ਕਿਸਾਨ ਕਿਰਤੀ ਮਜ਼ਦੂਰ ਵਿਚਾਰੇ
ਜੂਝ ਰਹੇ ਨੇ ਹੱਕਾਂ ਲਈ ਸਾਰੇ
ਲਾਈ ਬੈਠੇ ਸਿਰ ਧੜ ਦੀ ਬਾਜ਼ੀ
ਜਿੰਦਗੀ, ਮੌਤ ਦੇ ਬਣ ਵਣਜਾਰੇ
ਇਨ੍ਹਾਂ ਨਾਲ ਵਫਾ ਨਿਭਾਵੀਂ
ਨਵਿਆਂ ਸਾਲਾ ਖੈਰ ਦਾ ਆਵੀਂ।

ਭੁੱਖ, ਨੰਗ, ਗਰੀਬੀ, ਮਹਾਂਮਾਰੀ
ਬੇਵੱਸ ਕੀਤੀ ਏ ਦੁਨੀਆਂ ਸਾਰੀ
ਨਫਰਤ ਦਾ ਜ਼ਹਿਰ ਵੇਚਣ ਵਾਲੇ
ਮੌਤ ਦੇ ਫਿਰਕਾਪ੍ਰਸਤ ਵਪਾਰੀ
ਇਨ੍ਹਾਂ ਦੇ ਖਾਨੇ ਅਕਲ ਪਾਵੀਂ
ਨਵਿਆਂ ਸਾਲਾ ਖੈਰ ਦਾ ਆਵੀਂ।

ਜੇ ਹਾਕਮ ਹੋ ਜਾਏ ਚੋਰ, ਲੁਟੇਰਾ
ਦੁਖ ਫਰਿਆਦ ਸੁਣੇ ਫਿਰ ਕਿਹੜਾ?
ਕਲਾ ਕਲੇਸ਼ ਜਿਸ ਘਰ 'ਚ ਵੱਸੇ
ਉਜੜ ਜਾਂਦਾ ਏ ਉਹ ਵਿਹੜਾ
ਬੇਸਮਝ ਹਾਕਮਾਂ ਨੂੰ ਸਮਝਾਵੀਂ
ਨਵਿਆਂ ਸਾਲਾ ਖੈਰ ਦਾ ਆਵੀਂ।

ਪਿਛਲੀਆਂ ਕੌੜੀਆਂ ਮਿੱਠੀਆਂ ਯਾਦਾਂ
ਤਰਲੇ, ਵਾਅਦੇ, ਲਾਰੇ, ਫਰਿਆਦਾਂ
ਬੇ-ਰੁਜ਼ਗਾਰੀ, ਨਸ਼ੇ, ਮਹਾਮਾਰੀ
ਵਿਛੋੜਾ ਦੇ ਗਿਆਂ ਦੀਆਂ ਯਾਦਾਂ
ਵੇਖੀਂ, ਇਹ ਨਾ ਮਨੋਂ ਭੁਲਾਵੀਂ
ਨਵਿਆਂ ਸਾਲਾ ਖੈਰ ਦਾ ਆਵੀਂ।

ਆ ਕਦੇ ਤਾਂ ਬਣ ਕੇ ਮਹਿਰਮ ਆ
ਤੂੰ ਦਰਦਮੰਦਾਂ ਦੇ ਦਰਦ ਵੰਡਾ
ਜੋ ਇਸ ਆਸ 'ਤੇ ਜਿਉਂਦੇ ਪਏ ਨੇ
ਕਦੇ ਤਾਂ ਆਵੇਗਾ ਸੁਖ ਦਾ ਸਾਹ
ਬੇ-ਕਸਾਂ ਦੀ ਰੀਝ ਪੁਜਾਵੀਂ
ਨਵਿਆਂ ਸਾਲਾ ਖੈਰ ਦਾ ਆਵੀਂ।

ਜੇ ਨਹੀਂ ਸਾਡਾ ਦਰਦ ਵੰਡਾਉਣਾ
ਕਿਸ ਕੰਮ ਫਿਰ ਤੇਰਾ ਆਉਣਾ
ਉਮੀਦਾਂ ਆਸਾਂ ਸਾਡੀਆਂ ਰੋਲ ਕੇ
ਟੁਰ ਜਾਵੇਂਗਾ ਬਣ ਪ੍ਰਾਹੁਣਾ
ਇਸ ਵਾਰੀ ਨਾ ਦਗਾ ਕਮਾਵੀਂ
ਨਵਿਆਂ ਸਾਲਾ ਖੈਰ ਦਾ ਆਵੀਂ
ਖੈਰ ਦਾ ਆਵੀਂ ਠੰਡ ਵਰਤਾਵੀਂ।

*-ਚੰਨ, ਫੋਨ: 908-788-8427*

---

## ਨਵਾਂ ਸਾਲ ਮੁਬਾਰਕ !

ਪਿਛਲੇ ਦਾ ਤਾਂ ਲੇਖਾ-ਜੋਖਾ ਕਰ ਲਓ
ਫਿਰ ਦੇਖਦੇ ਹਾਂ ਆਉਣ ਵਾਲੇ ਵਰ੍ਹੇ ਦਾ
ਹਰ ਜਗ੍ਹਾ ਲੁੱਟ, ਹਰ ਜਗ੍ਹਾ ਮਾਰੋ ਧਾੜ।
ਮੁਨਾਫਾ ਤਾਂ ਵੱਡੇ ਮਗਰਮੱਛ ਲੈ ਗਏ
ਮਿਲਿਆ ਹਮ੍ਹਾਤੜਾਂ ਨੂੰ ਕੀ?
ਜਿਸ ਦਾ ਬਾਪ ਜਾਂ ਭਰਾ ਮੋਇਆ
ਜ਼ੁਲਮ ਦੀ ਲਾਟ ਤਿੱਖੀ ਹੀ ਤਿੱਖੀ।
ਧਰਮਾਂ ਦੇ ਨਾਂ 'ਤੇ ਪਾੜੇ
ਨਹੀਂ ਆਪਣਾ, ਮਾਰ ਸਿੱਟੋ ਪਿਛਵਾੜੇ
ਲੋੜ ਨਹੀਂ ਸੁਣਵਾਈ ਅਦਾਲਤਾਂ 'ਚ
ਬਣਾ ਮੁਕਾਬਲਾ ਫੈਸਲਾ ਕਰਦੀ ਪੁਲਿਸ
ਇਕ ਪਾਸੇ ਮੱਥੇ ਰਗੜਦੇ
ਦੂਜੇ ਪਾਸੇ ਡੇਰੇ ਪੁਨਰ ਜਨਮ ਦਾ
ਰਾਹ ਦਿਖਾਉਂਦੇ।
ਆਰਥਕ ਪੱਧਰ ਗਿਰ ਗਿਆ
ਹਰ ਸਬਜੀ, ਹਰ ਦਾਲ 'ਚ ਮਿਲਾਵਟ
ਮਰੇ ਕੋਈ ਜੀਵੇ ਜਾਂ ਖੇਹ ਖਾਵੇ
ਜਿਸ ਦੀ ਲਾਠੀ, ਉਸ ਦੀ ਭੈਂਸ।
ਆਈ ਕੁਰਸੀ ਹੱਥ ਜਿਸ ਦੇ
ਉਸ ਤੋਂ ਬਾਅਦ ਦੂਜਾ ਕਾਨੂੰਨ ਬਣਾਵੇ
ਬੋਲਦਾ ਜੇ ਕੋਈ ਹੱਕ ਲਈ
ਬੰਨ ਛਿੱਕਲੀ ਮੂੰਹ 'ਤੇ
ਜ਼ੁਬਾਨ ਹੀ ਬੰਦ ਕਰ ਦੇਵੇ।
ਘੱਟਗਿਣਤੀਆਂ ਲਈ ਜਹਾਲਤ
ਇਹੀ ਪਿਛਲਾ ਵਰ੍ਹਾ ਸੀ
ਆਉਣ ਵਾਲਾ ਵੀ ਲੱਗਦਾ ਇੰਜ ਹੀ ਹੈ
ਜੋ ਆਕਾਸ਼ ਅਰਾਈਆਂ ਦਿਸ ਰਹੀਆਂ
ਜਨੂੰਨ ਅਤੇ ਕਰੂਰਤਾ ਹੈ ਭਾਰੂ ਹੋ ਰਹੀ
ਨਵਾਂ ਵਰ੍ਹਾ ਮੁਬਾਰਕ ਤਾਹੀਂਓਂ ਹੋਊ
ਛੱਡ ਜਾਤਾਂ, ਧਰਮ ਸਿਰਫ ਇਕੋ ਹੈ ਇਨਸਾਨ
ਦੀ ਧਾਰਨਾ ਪ੍ਰਬਲ ਹੋਊ।
ਹੋਵਣ ਇਕੱਠੇ ਜੇ ਸਾਰੇ ਇਕ ਮਰਕਜ਼ 'ਤੇ
ਤਾਹੀਂਓਂ ਆਖਾਂਗੇ ਨਵਾਂ ਵਰ੍ਹਾ ਮੁਬਾਰਕ!

***-ਦਰਸ਼ਨਪਾਲ ਦੋਸਾਂਝ***

## ਲਓ ਔਹ ਗਿਆ ਵੀਹ !

ਵੀਹ ਵੀਹ ਛਿੰਨ ਛਿੰਨ ਪਲ ਪਲ ਹੈ ਬੀਤੀ ਜਾ ਰਿਹਾ
ਵੀਹ ਇੱਕੀ ਨੂੰ ਕਰ ਕੇ ਸੈਨਤਾਂ ਪਾਸ ਹੈ ਬੁਲਾ ਰਿਹਾ।
ਇੱਕ ਕੁਰਸੀ ਛੱਡੇਗਾ ਤੇ ਦੂਜਾ ਸੰਭਾਲਣ ਹੈ ਜਾ ਰਿਹਾ
ਬੀਤੇ ਦੇ ਪੈਸੇ ਪੈਸੇ ਦੇ ਹਿਸਾਬ ਦਾ ਵੇਲਾ ਹੈ ਆ ਰਿਹਾ।

ਮੁਬਾਰਕ ਹੋਵੇ ਉਨ੍ਹਾਂ ਨੂੰ ਵਿਛੜੇ ਜਿਨ੍ਹਾਂ ਦੇ ਮਿਲ ਗਏ
ਅਫਸੋਸ ਹੈ ਜਿਨ੍ਹਾਂ ਦੇ ਕਿ ਅਤੀ ਪਿਆਰੇ ਵਿਛੜ ਗਏ।
ਮਨ ਝੂਰਦਾ ਹੈ ਅੱਜ ਜੋ ਅਲਵਿਦਾ ਕਹਿ ਟੁਰ ਗਏ
ਉਡੀਕ 'ਚ ਬੇਚੈਨ ਦਿਲ, ਨੈਣ ਜੋ ਲਾਰਾ ਲਾ ਟੁਰ ਗਏ।

ਚੀਨ ਤੋਂ ਕਰੋਨਾ ਚੰਦਰੇ ਆਣ ਕੇ ਵੀਹ ਪੂਰਾ ਖਾ ਲਿਆ
ਰੋਲ ਦਿੱਤੇ ਘੜੰਮ ਚੌਧਰੀ ਦੁਨੀਆਂ ਨੂੰ ਪੁੱਠਾ ਪਾ ਲਿਆ।
ਡਰਦੇ ਮੌਤ ਤੋਂ ਖੱਬੀ ਖਾਨ ਵੀ ਜਾ ਕੇ ਅੰਦਰੀਂ ਲੁਕ ਗਏ
ਛੱਡ ਕੇ ਸਭ ਨਜ਼ਦੀਕੀਆਂ ਉਹ ਜਾਣੋ ਜਿਉਂਦੇ ਮੁੱਕ ਗਏ।

ਕਰੋਨਾ ਦੀ ਆੜ 'ਚ ਸਿਆਸਤ ਲਿਆਈ ਕਾਲੇ ਕਾਨੂੰਨ
ਆਕਿਆਂ ਦੀ ਸੇਵਾ ਕਰਨ ਦਾ ਚੜ੍ਹਿਆ ਹੈ ਸਿਰ ਜਨੂੰਨ।

ਕਿਸਾਨ ਕਿਰਤੀਆਂ ਦੀ ਸਮਝੋ ਇਨ੍ਹਾਂ ਫੱਟੀ ਦਿੱਤੀ ਮੇਸ
ਬੇਚਾਰੇ ਘਰ ਘਾਟ ਛੱਡ ਕੇ ਦਿੱਲੀ ਪਹੁੰਚੇ ਨੇ ਲੈ ਕੇ ਖੇਸ।

ਕੜਕਦੀ ਠੰਢ ਵਿਚ ਬੈਠੇ ਨੇ ਇੱਕ ਮਹੀਨੇ ਤੋਂ ਸੜਕਾਂ ਉੱਤੇ
ਸੁਣਦਾ ਨਾ ਬੋਲਾ ਹਾਕਮ ਪਰ ਨਿੱਤ ਭੌਂਕਦੇ ਨੇ ਪਿਆਦੇ ਕੁੱਤੇ।
ਪੈਗਾਮ ਲੈ ਕੇ ਖੁਸ਼ੀ ਦੇ ਵੈਸੇ ਹਰ ਸਾਲ ਆਉਂਦਾ ਹੈ ਜਨਾਬ
ਚਾਹੁੰਦਾ ਹਾਂ ਇੱਕੀ ਅਮਨ ਸ਼ਾਂਤੀ ਦਾ ਸੁਨੇਹਾ ਸੁਣਾਵੇ ਪੰਜਾਬ।

ਗਰੀਬ ਨੂੰ ਦੱਸੋ ਨਵਾਂ ਸਾਲ ਕੀ ਹੈ ਬਦਲਾਅ ਲਿਆਂਵਦਾ?
ਭੁੱਖੇ ਪੇਟ ਤਨ ਪਾਟੀਆਂ ਲੀਰਾਂ ਕੀ ਨਵੇਂ ਲੀੜੇ ਸਿਆਂਵਦਾ?
ਫਿਰਕਾਪ੍ਰਸਤੀ ਨਸਲ ਭੇਦ ਦਾ ਕੀ ਹੈ ਫਰਕ ਮਿਟਾਂਵਦਾ?
ਫਿਰ ਦੱਸੋ ਕਿਹੜਾ ਨਵਾਂ ਅਜੂਬਾ ਨਵਾਂ ਸਾਲ ਲਿਆਂਵਦਾ?

ਨਵੇਂ ਸਾਲ ਦੇ ਚਾਅ ਚੋਚਲੇ ਤਾਂ ਸਿਰਫ ਅਮੀਰਾਂ ਦੇ ਨੇ
ਜਾਂ ਕਹਿ ਲਈਏ ਇਹ ਸਾਰੇ ਸੌਦੇ ਬੱਸ ਤਕਦੀਰਾਂ ਦੇ ਨੇ।
ਜਾਂ ਫਿਰ ਵੱਟਸ ਐਪ ਜਾਂ ਕਾਰਡ ਵੱਟਦੇ ਤਸਵੀਰਾਂ ਦੇ ਨੇ
ਦਿਲ ਨੂੰ ਝੂਠੇ ਲਾਰੇ ਆਸਾਂ ਉਮੰਗਾਂ ਤਦਬੀਰਾਂ ਦੇ ਨੇ।

***-ਸੇਵਾ ਸਿੰਘ ਨੂਰਪੁਰੀ***

# ਬਚਪਨ ਦੀ ਬਾਰੀਕ ਨੱਕਾਸ਼ੀ: ਦਿ ਕਿੱਡ

## ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਚਾਰਲੀ ਚੈਪਲਿਨ ਦੀ ਫਿਲਮ 'ਦਿ ਕਿੱਡ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਚਾਰਲੀ ਚੈਪਲਿਨ ਨੇ ਆਪਣੇ ਬਚਪਨ ਦੇ ਬਹਾਨੇ ਸੰਸਾਰ ਭਰ ਦੇ ਬੱਚਿਆਂ ਦੇ ਬਚਪਨ ਦੀਆਂ ਗੱਲਾਂ ਕੀਤੀਆਂ ਹਨ। -ਸੰਪਾਦਕ***



*ਚਾਰਲੀ ਚੈਪਲਿਨ ਦੀ ਫਿਲਮ 'ਦਿ ਕਿੱਡ' ਵਿਚ ਚਾਰਲੀ ਚੈਪਲਨਿ ਅਤੇ ਜੈਕੀ ਕੂਪਰ।*

ਚਾਰਲੀ ਚੈਪਲਿਨ ਦੀ ਫਿਲਮ 'ਦਿ ਕਿੱਡ' ਉਸ ਦੁਆਰਾ ਆਪਣੇ ਅਣ-ਜੀਵੇ ਬਚਪਨ ਨੂੰ ਦਿੱਤੀ ਸ਼ਰਧਾਜਲੀ ਵਾਂਗ ਹੈ। ਇਸ ਫਿਲਮ ਵਿਚ ਉਹ ਗਲੀਆਂ-ਮਹੱਲਿਆਂ ਵਿਚ ਭਿਖਾਰੀਆਂ ਤੇ ਬੇਘਰਾਂ ਦੇ ਰੂਪ ਵਿਚ ਸਾਨੂੰ ਰੋਜ਼ ਟੱਕਰਦੇ ਉਹਨਾਂ ਬਦਨਸੀਬਾਂ ਦੀ ਕਹਾਣੀ ਸੁਣਾਉਂਦਾ ਹੈ ਜਿਹਨਾਂ ਦੀ ਜ਼ਿੰਦਗੀ ਆਪਣੀ ਹੋਂਦ ਬਚਾਉਣ ਤੇ ਜ਼ਿੰਦਾ ਰਹਿਣ ਦੀ ਜੱਦੋ-ਜਹਿਦ ਵਿਚ ਹੀ ਗੁਜ਼ਰ ਜਾਂਦੀ ਹੈ । ਇਹ ਚਾਰਲੀ ਚੈਪਲਿਨ ਦੁਆਰਾ ਲਿਖਿਤ, ਨਿਰਦੇਸ਼ਤ ਕੀਤੀ ਤੇ ਖੁਦ ਹੀ ਨਿਰਮਾਣ ਕੀਤੀ ਛੇ ਰੀਲਾਂ ਦੀ ਫਿਲਮ ਹੈ ਜਿਸਦੀ ਸ਼ੁਰੂਆਤ ਵਿਚ ਉਹ ਲਿੱਖਦਾ ਹੈ, 'ਇਹ ਫਿਲਮ ਅੱਖਾਂ ਵਿਚ ਖੁਸ਼ੀ ਦੇ ਹੰਝੂ ਲਿਆਉਂਦੀ ਹੈ: ਸ਼ਇਦ ਦੁੱਖ ਦੇ ਵੀ'। ਇਸ ਫਿਲਮ ਦੇ ਬਣਨ ਦਾ ਸਮਾਂ 1921 ਦਾ ਹੋਣ ਕਾਰਣ ਫਿਲਮ ਵਿਚ ਆਵਾਜ਼ ਦੀ ਥਾਂ ਸਕਰੀਨ ਉਪਰ ਲਿੱਖੇ ਸ਼ਬਦ ਹੀ ਸੂਤਰ-ਧਾਰ ਦਾ ਕੰਮ ਕਰਦੇ ਹਨ।

ਇਹ ਫਿਲਮ ਚਾਰਲੀ ਚੈਪਲਿਨ ਦੇ ਖੁਦ ਹੰਢਾਏ ਤਜਰਬਿਆਂ ਤੇ ਆਧਾਰਿਤ ਹੈ। ਫਿਲਮ ਵਿਚ ਨਾ ਸਿਰਫ ਇੱਕ ਬੱਚੇ ਦੇ ਨਜ਼ਰੀਏ ਤੋਂ ਦੁਨੀਆਂ ਨੂੰ ਚਿਤਰਿਤ ਕੀਤਾ ਗਿਆ ਹੈ ਸਗੋਂ ਇਹ ਸਵਾਲ ਵੀ ਵਾਰ-ਵਾਰ ਖੜ੍ਹਾ ਕੀਤਾ ਗਿਆ ਹੈ ਕਿ ਆਖਿਰ ਦੁਨੀਆਂ ਬੱਚਿਆਂ ਦੇ ਨਜ਼ਰੀਏ ਤੋਂ ਕਿਉਂ ਨਹੀਂ ਘੜ੍ਹੀ ਗਈ?? ਇਸ ਫਿਲਮ ਰਾਹੀ ਉਹ ਉਹਨਾਂ ਗਲੀਆਂ ਤੇ ਜਨਤਕ ਸਥਾਨਾਂ ਦਾ ਵਾਤਾਵਰਣ ਤੇ ਕਾਰਜ-ਸ਼ੈਲੀ ਦਰਸ਼ਕਾਂ ਅੱਗੇ ਸਾਕਾਰ ਕਰਦਾ ਹੈ ਜਿਹੜੀਆਂ ਕਹਿਣ ਨੂੰ ਤਾਂ ਜਨਤਾ ਦੀ ਭਲਾਈ ਖਾਸ ਕਰਕੇ ਲੋੜਵੰਦਾਂ ਜਿਵੇਂ ਅਨਾਥ ਤੇ ਬੇਘਰ ਬੱਚਿਆਂ, ਬੇਬੱਸ ਔਰਤਾਂ ਤੇ ਬੇਘਰੇ-ਬੇਦਰੇ ਗਰੀਬ ਮਰਦਾਂ ਲਈ ਬਣਾਈਆਂ ਗਈਆਂ ਹਨ ਪਰ ਉਹਨਾਂ ਵਿਚ ਭ੍ਰਿਸ਼ਟਾਚਾਰ ਤੇ ਅਫਸਰਸ਼ਾਹੀ ਦੀ ਗੁੰਡਾ-ਗਰਦੀ ਨੇ ਇੰਨੇ ਡੂੰਘੇ ਪੈਰ ਪਸਾਰ ਲਏ ਹਨ ਕਿ ਉਹ ਉਲਟਾ ਬੇਕਸੂਰਾਂ ਤੇ ਮੁਸੀਬਤ ਮਾਰਿਆਂ ਤੇ ਹੀ ਕਹਿਰ ਬਣਕੇ ਵਰਸਦੀਆਂ ਹਨ। ਇਹਨਾਂ ਸੰਸਥਾਵਾਂ ਦੇ ਕੰਮ ਕਰਨ ਦਾ ਤਰੀਕਾ ਅਜਿਹਾ ਹੈ ਕਿ ਉਹ ਸਾਹਮਣੇ ਪਿਆ ਸੱਚ ਮੰਨਣ ਦੀ ਥਾਂ ਕਾਗਜ਼ ਦੇ ਬੇਜਾਨ ਟੁਕੜਿਆਂ ਦੇ ਆਧਾਰ ਤੇ ਲੋਕਾਂ ਦੀ ਕਿਸਮਤ ਦੇ ਫੈਸਲੇ ਲਿਖ ਧਰਦੀਆਂ ਹਨ।

ਇਸ ਫਿਲਮ ਵਿਚ ਚਾਰ਼ਲੀ ਚੈਪਲਿਨ ਦਾ ਕਿਰਦਾਰ ਟਰੈਂਪ ਖੁਦ ਇੱਕ ਗੰਦੀ ਬਸਤੀ ਵਿਚ ਇੱਕ ਜ਼ਰਜ਼ਰ ਹੋਏ ਮਕਾਨ ਵਿਚ ਰਹਿੰਦਾ ਹੈ ਜਿਸ ਦੀ ਖੁਦ ਦੀ ਰੋਜ਼ੀ-ਰੋਟੀ ਦਾ ਕੋਈ ਟਿਕਾਣਾ ਨਹੀਂ। ਇਹਨਾਂ ਦਿਨਾਂ ਵਿਚ ਹੀ ਉਸ ਨੂੰ ਇੱਕ ਖਾਲੀ ਪਏ ਪੁਰਾਣੇ ਗੁਦਾਮ ਲਾਗਿਉਂ ਇੱਕ ਅਨਾਥ ਰੋ ਰਿਹਾ ਬੱਚਾ ਮਿਲਦਾ ਹੈ। ਉਹ ਤਰਸ ਮਾਰਿਆ ਉਸ ਨੂੰ ਚੁੱਕ ਤਾਂ ਲੈਂਦਾ ਹੈ ਪਰ ਆਪਣੀ ਹਾਲਤ ਦੇਖਦਿਆਂ ਉਹ ਉਸ ਤੋਂ ਕਿਸੇ ਤਰੀਕੇ ਲਗਾਤਾਰ ਖਹਿੜ੍ਹਾ ਛੁਡਾਉਣ ਦਾ ਸੋਚਦਾ ਹੈ। ਬੱਚਾ ਵਾਰ-ਵਾਰ ਕਿਸੇ ਨਾ ਕਿਸੇ ਬਹਾਨੇ ਉਸ ਕੋਲ ਹੀ ਵਾਪਿਸ ਪਹੁੰਚਦਾ ਹੈ। ਉਹ ਉਸ ਨੂੰ ਘਰ ਲਿਆਕੇ ਪਾਲਣ ਦੀ ਕੋਸ਼ਿਸ਼ਾਂ ਵਿਚ ਰੁਝ ਜਾਂਦਾ ਹੈ ਤੇ ਇੱਦਾਂ ਹੀ ਪੰਜ ਸਾਲ ਗੁਜ਼ਰ ਜਾਂਦੇ ਹਨ। ਉਸ ਕੋਲ ਉਸ ਬੱਚੇ ਨਾਲ ਸਬੰਧਿਤ ਸਿਰਫ ਇੱਕ ਕਾਗਜ਼ ਦਾ ਛੋਟਾ ਟੁਕੜਾ ਹੈ ਜਿਸ ਵਿਚ ਲਿਖਿਆ ਹੈ ਕਿ ਇਸ ਅਨਾਥ ਬੱਚੇ ਨੂੰ ਪਿਆਰ ਤੇ ਸੰਭਾਲ ਦੀ ਜ਼ਰੂਰਤ ਹੈ। ਇਹ ਉਸਦੀ ਮਾਂ ਦੁਆਰਾ ਲਿਖਿਆ ਰੁੱਕਾ ਹੈ ਜੋ ਉਸ ਨੂੰ ਗਰੀਬੀ ਤੇ ਬੇਬੱਸੀ ਦੀ ਹਾਲਤ ਵਿਚ ਇੱਕ ਅਮੀਰ ਘਰਾਣੇ ਦੀ ਬੱਘੀ ਵਿਚ ਰੱਖਕੇ ਫਿਰ ਉਸ ਦੇ ਗਮ ਵਿਚ ਝੁਰਦੀ ਰਹਿੰਦੀ ਹੈ। ਗਰੀਬ ਟਰੈਂਪ ਉਸ ਬੱਚੇ ਨੂੰ ਨਾ ਸਿਰਫ ਜ਼ਿੰਦਾ ਰੱਖਦਾ ਹੈ ਸਗੋਂ ਉਸ ਨੂੰ ਇਸ ਦੁਨੀਆਂ ਵਿਚ ਇੱਕ 'ਗਰੀਬ' ਵੱਜੋਂ ਜ਼ਿੰਦਾ ਰਹਿਣ ਦੀਆਂ ਜ਼ਰੂਰੀ ਜੁਗਤਾਂ ਸਿਖਾਉਂਦਾ ਹੈ। ਉਹ ਦੋਵੇਂ ਇੱਕ ਟੀਮ ਵੱਜੋਂ ਟੁੱਟੇ ਸ਼ੀਸ਼ਿਆਂ ਦੀ ਮੁਰੰਮਤ ਦਾ ਕੰਮ ਕਰਦੇ ਹਨ ਜਿਸ ਵਿਚ ਬੱਚਾ ਹੀ ਪਹਿਲਾ ਘਰਾਂ ਦੇ ਸ਼ੀਸ਼ੇ ਭੰਨ ਦਿੰਦਾ ਹੈ ਅਤੇ ਫਿਰ ਟਰੈਂਪ ਉਹਨਾਂ ਨੂੰ ਠੀਕ ਕਰਣ ਦਾ ਠੇਕਾ ਲੈ ਲੈਂਦਾ ਹੈ। ਪੁਲਿਸ ਦੇ ਅਧਿਕਾਰੀਆਂ ਨੂੰ ਉਹਨਾਂ ਤੇ ਸ਼ੱਕ ਹੈ। ਉਹ ਉਹਨਾਂ ਦੀ ਲਗਾਤਾਰ ਨਿਗਰਾਨੀ ਤੇ ਪਿੱਛਾ ਕਰਦੇ ਹਨ। ਉਹ ਇਸ ਨੂੰ ਅਮਨ -ਕਾਨੂੰਨ ਭੰਗ ਕਰਨ ਤੇ ਸੰਪਤੀ ਦਾ ਨੁਕਸਾਨ ਕਰਨ ਦੇ ਜੁਰਮ ਤੇ ਤੌਰ ਤੇ ਦਰਜ ਕਰਦੇ ਹਨ ਤੇ ਇਸ ਸਾਰੇ ਘਟਨਾ-ਕ੍ਰਮ ਦੀ ਜੜ੍ਹ 'ਗਰੀਬੀ' ਨੂੰ ਦਰਕਿਨਾਰ ਕਰ ਦਿੰਦੇ ਹਨ। ਇੱਥੇ ਫਿਲਮ ਵਿਚ ਅਮੀਰ ਵਰਗ ਤੇ ਉਸ ਦੀ ਸੇਵਾ ਵਿਚ ਲੱਗੀ ਸਰਕਾਰੀ ਮਸ਼ੀਨਰੀ ਤੇ ਅਹੁਦੇਦਾਰਾਂ ਦੀ ਸਮਾਜਿਕ-ਪ੍ਰਬੰਧ ਬਾਰੇ ਬੇਲਾਗਤਾ ਅਤੇ ਗੈਰ-ਜ਼ਿੰਮੇਵਾਰੀ ਦੀਆਂ ਬਹੁਤ ਸਾਰੀਆਂ ਮਿਸਾਲਾਂ ਪੈਦਾ ਹੁੰਦੀਆਂ ਹਨ ਜਿਹੜੀਆਂ ਉੱਪਰੋਂ ਦੇਖਿਆ ਹਾਸੋ-ਹੀਣੀਆਂ ਨਜ਼ਰ ਆਉਂਦੀਆਂ ਹਨ ਪਰ ਉਹਨਾਂ ਵਿਚ ਸਮਾਜਿਕ ਵਿਤਕਰੇ ਤੇ ਸਮਾਜਿਕ ਅਸਮਾਨਤਾ ਦੇ ਜ਼ਰੂਰੀ ਸਬਕ ਪਏ ਹਨ। ਅਮੀਰ ਕਿਵੇਂ ਗਰੀਬਾਂ ਨੂੰ ਅੰਦਰੋਂ ਨਫਰਤ ਕਰਦੇ ਹਨ ਪਰ ਇਹ ਵੀ ਸਮਝਦੇ ਹਨ ਕਿ ਇਹਨਾਂ ਦੇ ਹੱਥਾਂ ਦੀ ਕਿਰਤ ਬਿਨਾਂ ਸਾਡਾ ਗੁਜ਼ਾਰਾ ਨਹੀਂ। ਫਿਲਮ ਵਿਚ ਸਰਕਾਰੀ ਅਧਿਕਾਰੀ ਕਾਨੂੰਨਾਂ ਦੇ ਬੱਧੇ-ਬੰਧਾਏ ਅਨਾਥ ਬੱਚੇ ਨੂੰ ਜ਼ਬਰਦਸਤੀ ਅਨਾਥ-ਆਸ਼ਰਮ ਵਿਚ ਛੱਡਣ ਦੀ ਜ਼ਿੱਦ ਕਰਦੇ ਹਨ ਤਾਂ ਕਿ ਬੱਚੇ ਨੂੰ ਜ਼ਰੂਰੀ ਸਹੂਲਤਾਂ ਮਿਲ ਸਕਣ ਪਰ ਉਸ ਬੱਚੇ ਦੀ ਗੱਲ ਸੁਣਨ ਲਈ ਤਿਆਰ ਨਹੀਂ । ਉਹਨਾਂ ਨੂੰ ਲੱਗਦਾ ਹੈ ਕਿ ਨਾਗਰਿਕ ਆਪਣੇ ਖੁਦ ਦੇ ਦਿਮਾਗ ਨਾਲ ਸਹੀ ਫੈਸਲੇ ਲੈ ਹੀ ਨਹੀਂ ਸਕਦਾ। ਉਹਨਾਂ ਦਾ ਵਿਚਾਰ ਹੈ ਕਿ ਦਾਨ ਤੇ ਪਲਣ ਵਾਲੇ ਮਨੁੱਖਾਂ ਦੀ ਕੀ ਜ਼ਮੀਰ ਹੋ ਸਕਦੀ ਹੈ। ਉਹ ਇਹ ਗੱਲ ਸਮਝਣਾ ਹੀ ਨਹੀਂ ਚਾਹੁੰਦੇ ਕਿ ਅਸਲ ਸਮੱਸਿਆ ਗਰੀਬੀ ਨੂੰ ਪੈਦਾ ਕਰਨ ਵਾਲੀਆਂ ਸਿਆਸੀ ਤੇ ਸਮਾਜਿਕ ਨੀਤੀਆਂ ਅਤੇ ਉਹਨਾਂ ਨੂੰ ਲਾਗੂ ਕਰਦੇ ਅਧਿਕਾਰੀਆਂ ਦੀ ਹੈ ਜਿਹਨਾਂ ਲਈ ਨਾਗਰਿਕ ਮਹਿਜ਼ ਵੋਟ ਜਾਂ ਸਰਕਾਰੀ ਭਲਾਈ ਸਕੀਮਾਂ ਦੀ ਝਾਕ ਵਿਚ ਖੜ੍ਹਾ ਬੰਦਾ ਨਿਠੱਲਾ ਹੈ। ਇੱਥੇ ਵਿਕਸਿਤ ਮੁਲਕਾਂ ਵਿਚ ਮਹਾਂ-ਮੂੰਹੀ ਵਿਕਾਸ ਹੋਣ ਦੇ ਬਾਵਜੂਦ 'ਲੁਪਤ' ਗਰੀਬੀ, ਬੇਰੁਜ਼ਗਾਰੀ ਤੇ ਅਸਮਾਨਤਾ ਦਾ ਨੁਕਤਾ ਵੀ ਸਾਹਮਣੇ ਆਉਂਦਾ ਹੈ। ਚਾਰ਼ਲੀ ਚੈਪਲਿਨ ਦੀ ਨਿਰਦੇਸ਼ਕ ਵੱਜੋਂ ਖੂਬੀ ਹੈ ਕਿ ਉਹ ਗਰੀਬੀ ਨੂੰ ਤਰਾਸਦੀ ਦੀ ਤਰ੍ਹਾਂ ਨਹੀਂ ਸਗੋਂ ਇੱਕ ਹਾਸੋ-ਹੀਣੀ ਸਥਿਤੀ ਵੱਜੋਂ ਪੇਸ਼ ਕਰਦਾ ਹੈ ਪਰ ਇਸ ਦੇ ਨਾਲ-ਨਾਲ ਉਸਦੀ ਖਾਸੀਅਤ ਹੈ ਕਿ ਉਹ ਅਮੀਰਾਂ ਦੀ ਖੋਖਲੀ ਤੇ ਥੋਥੀ ਜ਼ਿੰਦਗੀ, ਉਹਨਾਂ ਦੇ ਡਰਾਵਣੇ ਥੁਲ-ਥੁੱਲ ਕਰਦੇ ਚਿਹਰਿਆਂ, ਕੱਪੜ੍ਹਿਆਂ ਦੇ ਵਜ਼ਨ ਥੱਲੇ ਦੱਬੀਆਂ ਬੇਰੰਗ ਰੂਹਾਂ ਅਤੇ ਪੈਸੇ ਦੇ ਘੁਮੰਡ ਨਾਲ ਚਿਹਰੇ ਤੇ ਥੱਪੇ ਮੇਕਅੱਪਾਂ ਦੇ ਥੱਲੇ ਕਤਲ ਹੋਈਆਂ ਮੁਸਕਾਨਾਂ ਨੂੰ ਕੈਮਰੇ ਦੇ ਲੈੱਨਜ਼ਾਂ ਰਾਹੀ ਜਿਉਂ ਦਾ ਤਿਉਂ ਅੱਖਾਂ ਅੱਗੇ ਲਿਆ ਧਰਦਾ ਹੈ। ਉਸਦੀ ਸਾਦ-ਮੁਰਾਦੀ ਦੁਨੀਆਂ ਆਪਣੀ ਗਰੀਬੀ ਤੇ ਮਾੜ੍ਹੀਆਂ ਹਾਲਤਾਂ ਵਿਚ ਵੀ ਆਪਣੀ ਮਾਨਵਤਾ, ਮਮਤਾ ਤੇ ਮੁਸਕੁਰਾਹਟ ਤਿਆਗਣ ਲਈ ਤਿਆਰ ਨਹੀਂ। ਉਹ ਦੱਸਦਾ ਹੈ ਕਿ ਪੈਸਾ ਸਾਰਾ ਕੁਝ ਨਹੀਂ ਖਰੀਦ ਸਕਦਾ ਤੇ ਗਰੀਬ ਦਾ ਦਿਲ ਤਾਂ ਬਿਲਕੁੱਲ ਹੀ ਨਹੀਂ।



*ਚਾਰਲੀ ਚੈਪਲਿਨ ਦਾ ਅਸਲ ਰੂਪ।*




*ਫਿਲਮ 'ਦਿ ਕਿੱਡ' ਦਾ ਪੋਸਟਰ।*



*ਚਾਰਲੀ ਚੈਪਲਿਨ ਦੀ ਫਿਲਮ 'ਦਿ ਕਿੱਡ' ਦਾ ਇਕ ਦ੍ਰਿਸ਼।*

# ਅਦਾਕਾਰਾ ਕੀਰਤੀ ਕੁਲਹਾਰੀ ਦਾ ਕ੍ਰਿਸ਼ਮਾ



ਅਦਾਕਾਰਾ ਕੀਰਤੀ ਕੁਲਹਾਰੀ ਛੁੱਟੀਆਂ ਮਨਾਉਣ ਚੰਡੀਗੜ੍ਹ ਆਈ ਤਾਂ ਉਸ ਨੇ ਪੰਜਾਬ ਦੀ ਵੀ ਗੇੜੀ ਲਾਈ। ਉਹ 'ਸਿਫਤੀ ਦੇ ਘਰ' ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਆਪਣੇ ਇੰਸਟਾਗ੍ਰਾਮ ਖਾਤੇ 'ਤੇ ਸ੍ਰੀ ਦਰਬਾਰ ਸਾਹਿਬ ਵਿਖੇ ਖਿੱਚੀਆਂ ਫੋਟੋਆਂ ਸਾਂਝੀਆਂ ਕਰਦਿਆਂ ਕੀਰਤੀ ਨੇ ਲਿਖਿਆ, "ਵਾਹਿਗੁਰੂ ਸਭ ਨੂੰ ਮੁਆਫ ਕਰੇ ਅਤੇ ਸਭ ਦਾ ਭਲਾ ਕਰੇ। ਮੈਂ ਇਸੇ ਪ੍ਰਾਰਥਨਾ ਨਾਲ 2020 ਨੂੰ ਅਲਵਿਦਾ ਆਖ ਰਹੀ ਹਾਂ।" ਉਸ ਨੇ ਫੋਟੋ ਨਾਲ ਹੈਸ਼ਟੈਗ ਗੋਲਡਨ ਟੈਂਪਲ, ਅੰਮ੍ਰਿਤਸਰ ਅਤੇ ਪੰਜਾਬ ਲਿਖਿਆ। ਕੀਰਤੀ ਕੁਲਹਾਰੀ ਨੇ ਸਭ ਨੂੰ ਨਵੇਂ ਸਾਲ 2021 ਦੀ ਵਧਾਈ ਦਿੱਤੀ ਹੈ।

ਇਸੇ ਦੌਰਾਨ ਅਦਾਕਾਰਾ ਯਾਮੀ ਗੌਤਮ ਨੇ ਫੋਟੋ ਦੇ ਹੇਠਾਂ ਟਿੱਪਣੀ ਕਰਦਿਆਂ ਲਾਲ ਰੰਗ ਦਾ ਦਿਲ ਵਾਲਾ ਚਿੰਨ੍ਹ ਭੇਜਿਆ ਹੈ। ਦੱਸਣਯੋਗ ਹੈ ਕਿ ਕੁਲਹਾਰੀ ਦਾ ਸ਼ੋਅ 'ਕ੍ਰਿਮੀਨਲ ਜਸਟਿਸ: ਬਿਹਾਈਂਡ ਕਲੋਜ਼ਡ ਡੋਰਜ਼' ਹੁਣ ਦਰਸ਼ਕਾਂ ਲਈ ਤਿਆਰ ਹੈ। ਇਸ ਸੀਰੀਜ਼ ਵਿਚ ਉਹ ਅਨੂ ਚੰਦਰਾ ਦਾ ਕਿਰਦਾਰ ਨਿਭਾ ਰਹੀ ਹੈ ਅਤੇ ਉਹ ਬਿਨਾਂ ਮੇਕਅੱਪ ਤੋਂ ਨਜ਼ਰ ਆਵੇਗੀ।

ਕੀਰਤੀ ਕੁਲਹਾਰੀ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਉੜੀਆ ਫਿਲਮ 'ਧਾਰੀਨੀ' ਨਾਲ 2002 ਵਿਚ ਕੀਤਾ ਸੀ। ਹਿੰਦੀ ਫਿਲਮ ਵਿਚ ਉਹ ਇਸ ਤੋਂ ਅੱਠ ਸਾਲ ਬਾਅਦ 2010 ਵਿਚ ਫਿਲਮ 'ਖਿਚੜੀ: ਇ ਮੂਵੀ' ਵਿਚ ਨਜ਼ਰ ਆਈ। ਇਸ ਤੋਂ ਬਾਅਦ ਉਸ ਨੂੰ ਫਿਲਮ 'ਸ਼ੈਤਾਨ' (2011) ਵਿਚ ਕੰਮ ਕਰਨ ਦਾ ਮੌਕਾ ਮਿਲਿਆ ਪਰ ਸਾਲ 2016 ਵਿਚ ਆਈ ਫਿਲਮ 'ਪਿੰਕ' ਨਾਲ ਉਸ ਦੀ ਵਧੀਆ ਅਦਾਕਾਰੀ ਦਾ ਡੰਕਾ ਵੱਜ ਗਿਆ। ਇਸ ਤੋਂ ਬਾਅਦ ਉਹਦੀਆਂ ਦੋ ਫਿਲਮ 'ਉੜੀ: ਏ ਸਰਜੀਕਲ ਸਟ੍ਰਾਈਕ' ਅਤੇ 'ਮਿਸ਼ਨ ਮੰਗਲ' ਆਈਆਂ ਅਤੇ ਕੀਰਤੀ ਕੁਲਹਾਰੀ ਫਿਲਮ ਜਗਤ ਵਿਚ ਛਾ ਗਈ। ਕਮਾਈ ਵਾਲੇ ਪੱਖ ਤੋਂ ਇਹ ਦੋਵੇਂ ਫਿਲਮਾਂ ਸਾਲ 2019 ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਫਿਲਮਾਂ ਵਿਚ ਸ਼ਾਮਿਲ ਹੋਈਆਂ।

ਕੀਰਤੀ ਦਾ ਜਨਮ ਮੁੰਬਈ ਦਾ ਹੈ। ਉਂਜ, ਉਸ ਦਾ ਪਿਛੋਕੜ ਰਾਜਸਥਾਨ ਨਾਲ ਜੁੜਿਆ ਹੋਇਆ ਹੈ। ਸਾਲ 2016 ਵਿਚ ਉਸ ਨੇ ਸਾਹਿਲ ਸਹਿਗਲ ਨਾਲ ਵਿਆਹ ਕਰਵਾ ਲਿਆ। ਫਿਲਮਾਂ ਵਿਚ ਆਉਣ ਤੋਂ ਪਹਿਲਾਂ ਉਸ ਨੇ ਥੀਏਟਰ ਅਤੇ ਕੁਝ ਕੁ ਟੈਲੀਵਿਜ਼ਨ ਲੜੀਵਾਰਾਂ ਵਿਚ ਵੀ ਕੰਮ ਕੀਤਾ।

ਹੁਣ ਉਸ ਦਾ ਨਿਸ਼ਾਨਾ ਵੈੱਬ ਸੀਰੀਜ਼ ਦਾ ਹੈ। ਉਸ ਦਾ ਕਹਿਣਾ ਹੈ ਕਿ ਫਿਲਮ ਜਗਤ ਵਿਚ ਹੁਣ ਵਾਹਵਾ ਤਬਦੀਲੀਆਂ ਵਾਲਾ ਦੌਰ ਚੱਲ ਰਿਹਾ ਹੈ ਅਤੇ ਨਵੇਂ-ਨਵੇਂ ਰਾਹ ਖੁੱਲ੍ਹ ਰਹੇ ਹਨ। ਵੈੱਬ ਸੀਰੀਜ਼ ਅਜਿਹਾ ਹੀ ਇਕ ਖੇਤਰ ਹੈ ਜੋ ਸਭ ਨੂੰ ਆਪਣੇ ਵੱਲ ਖਿੱਚ ਰਿਹਾ ਹੈ। ***-ਆਮਨਾ***

*Happy New Year 2021*

# ਨਵਾਂ ਵਰ੍ਹਾ 2021 ਸਭਨਾਂ ਨੂੰ ਮੁਬਾਰਕ

*Happy New Year 2021*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**
Call us before visiting new model homes to save big time.

**Time to buy new home in Tracy, Manteca, Lothrop and Stockton**

## Hot Listing in San Jose, CA

288 S 12th Street,
San Jose, CA 95112
3 Bedrooms 3 Bathrooms
Living Area: 1602 Sq. Ft.
Lot Size 6560 Sq. Ft.
**Asking: $1,199,000**



ਪਿਛਲੇ 33 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019

*Call for Listing Special 2021*

## Ph: 510-304-9292 or 408-666-8279



**Anmol Singh Gill**
REALTOR
Bre. # 02062952



**Jaswinder (Jassi) Gill**
M.Sc (PAU)
CA BRE# 00966763
Broker/Owner/Notary



**Harjot Singh Gill**
REALTOR
Bre. # 02036421
Ph: 408.413.8350



**Rakesh Pabla**
REALTOR
Lic no: 01507068
Ph: 408.531.5464

**Fremont Office: 86 Pilgrim Loop, Fremont CA 94539**
**Tel: 510-440-9292**

Visit us @ www.jassigill.com for hot listings

## Recent Sales

1. 83 Shenado Place, San Jose, CA 95136
2. 273 Granville Ct. San Jose, CA 95139
3. 139 Vivid Lane, Hayward, CA 94544
4. 315 Crest Dr. San Jose, CA 95127
5. 27471 Ponderosa Ct. Hayward, CA 94545
6. 27659 Persimmon Dr. Hayward, CA 94544
7. 3121 Jerrold Zanzi Ln., Tracy, CA 95377
8. 188 Briarwood Dr., Hayward, CA 94544
9. 13028 Water Street, San Jose, CA 95111
10. 4563 Wheeler Dr., Fremont, CA 94538
11. 8804 Bryden Way, Sacramento, CA 95826
12. 4096 Partridge Dr., San Jose, CA 95121

## Purchase Loan and Refinance

15 & 30 Yr Fixed Rates Are Still Better!!! Refinance Now At Zero Cost

**Call Sukhveer (Sukhi) Gill** **Ph: 510-207-9067**
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ

